ਕੌਮਾਂਤਰੀ www.amritsartimes.live
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 22 | Issue 182| 2 July to 8 July, 2025 | Ph.: (510) 240-5949 | Email: asrtimes@gmail.com

# ਮਜੀਠੀਆ ਮਾਮਲਾ: ਕਾਨੂੰਨੀ ਕਾਰਵਾਈ ਜਾਂ ਸਿਆਸੀ ਕਿੜ . . .

## ਵਿਜੀਲੈਂਸ ਵੱਲੋਂ ਬਿਕਰਮ ਮਜੀਠੀਆ ਵਿਰੁੱਧ ਕਾਰਵਾਈ ਨਾਲ ਗਰਮਾਈ ਪੰਜਾਬ ਦੀ ਸਿਆਸਤ

**ਸੱਤਾਧਾਰੀ ਧਿਰ ਵੱਲੋਂ ਵਿਰੋਧੀ ਧਿਰ ਦੇ ਕਿਸੇ ਆਗੂ ਵਿਰੁੱਧ ਕਾਰਵਾਈ ਕਰਨ ਦਾ ਇਹ ਪਹਿਲਾ ਮਾਮਲਾ ਨਹੀਂ ਹੈ। ਕਈ ਸਾਲ ਪਹਿਲਾਂ ਉਸ ਸਮੇਂ ਦੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਵੱਲੋਂ ਵਿਰੋਧੀ ਸਿਆਸੀ ਆਗੂ ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਨੂੰ ਭ੍ਰਿਸ਼ਟਾਚਾਰ ਦੇ ਦੋਸ਼ ਲਗਾ ਕੇ ਜੇਲ੍ਹ ਵਿੱਚ ਭੇਜ ਦਿੱਤਾ ਗਿਆ ਸੀ। ਉਸ ਸਮੇਂ ਵੀ ਸਿਆਸੀ ਬਦਲਾਖੋਰੀ ਦਾ ਮੁੱਦਾ ਕਾਫ਼ੀ ਭੜਕਿਆ ਸੀ। ਹੁਣ ਬਾਦਲ ਅਕਾਲੀ ਦਲ ਅਤੇ ਕੁਝ ਕਾਂਗਰਸੀ ਤੇ ਭਾਜਪਾ ਆਗੂਆਂ ਵੱਲੋਂ ਮਜੀਠੀਆ ਵਿਰੁੱਧ ਵਿਜੀਲੈਂਸ ਦੀ ਕਾਰਵਾਈ ਨੂੰ ਸੱਤਾਧਾਰੀ ਆਮ ਆਦਮੀ ਪਾਰਟੀ ਦੀ ਸਿਆਸੀ ਬਦਲਾਖੋਰੀ ਕਾਰਵਾਈ ਕਿਹਾ ਜਾ ਰਿਹਾ ਹੈ।**




ਅਕਾਲੀ ਦਲ ਬਾਦਲ ਦੇ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਵਿਰੁੱਧ ਵਿਜੀਲੈਂਸ ਦੀ ਕਾਰਵਾਈ ਨਾਲ ਪੰਜਾਬ ਦੀ ਸਿਆਸਤ ਗਰਮਾਅ ਗਈ ਹੈ। ਬਾਦਲ ਦਲ, ਕਾਂਗਰਸ ਤੇ ਭਾਜਪਾ ਦੇ ਆਗੂਆਂ ਵੱਲੋਂ ਇਸ ਕਾਰਵਾਈ ਨੂੰ ਸਿਆਸੀ ਬਦਲਾਖੋਰੀ ਕਿਹਾ ਜਾ ਰਿਹਾ ਹੈ, ਜਦੋਂ ਕਿ ਆਮ ਆਦਮੀ ਪਾਰਟੀ ਦੇ ਆਗੂ ਦਾਅਵਾ ਕਰ ਰਹੇ ਹਨ ਕਿ ਮਜੀਠੀਆ ਵਿਰੁੱਧ ਕਾਰਵਾਈ ਕਾਨੂੰਨ ਅਨੁਸਾਰ ਕੀਤੀ ਗਈ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪਿਛਲੇ ਕਈ ਸਾਲਾਂ ਤੋਂ ਬਿਕਰਮ ਸਿੰਘ ਮਜੀਠੀਆ ਦਾ ਨਾਮ ਚਿੱਟੇ ਦੇ ਮਾਮਲੇ ਵਿੱਚ ਚਰਚਾ ਵਿੱਚ ਆਉਂਦਾ ਰਿਹਾ ਹੈ ਪਰ ਵਿਜੀਲੈਂਸ ਵੱਲੋਂ ਬਿਕਰਮ ਮਜੀਠੀਆ ਦੀ ਗ੍ਰਿਫ਼ਤਾਰੀ ਆਮਦਨ ਤੋਂ ਵਧੇਰੇ ਜਾਇਦਾਦ ਬਣਾਉਣ ਦੇ ਮਾਮਲੇ ਵਿੱਚ ਕੀਤੀ ਗਈ ਹੈ, ਨਾ ਕਿ ਨਸ਼ੇ ਦੇ ਕਿਸੇ ਮਾਮਲੇ ਵਿੱਚ। ਹੁਣ ਸੇਵਾਮੁਕਤ ਡੀ.ਜੀ.ਪੀ. ਚਟੋਪਾਧਿਆਏ ਵੱਲੋਂ ਬਿਕਰਮ ਮਜੀਠੀਆ ਮਾਮਲੇ ਵਿੱਚ ਆਪਣੇ ਬਿਆਨ ਵਿਜੀਲੈਂਸ ਕੋਲ ਦਰਜ ਕਰਵਾਉਣ ਤੋਂ ਬਾਅਦ ਬਿਕਰਮ ਮਜੀਠੀਆ ਦੀਆਂ ਮੁਸ਼ਕਿਲ ਹੋਰ ਵੱਧ ਗਈਆਂ ਹਨ। ਸੇਵਾਮੁਕਤ ਡੀਜੀਪੀ ਚਟੋਪਾਧਿਆਏ ਨੇ ਦਾਅਵਾ ਕੀਤਾ ਹੈ ਕਿ ਬਿਕਰਮ ਮਜੀਠੀਆ ਦੇ ਡਰੱਗ ਤਸਕਰਾਂ ਨਾਲ ਸਬੰਧ ਹਨ ਅਤੇ ਮਜੀਠੀਆ ਖ਼ਿਲਾਫ਼ ਸਬੂਤ 2012 ਤੋਂ ਫਾਈਲ ਵਿੱਚ ਹਨ। ਜ਼ਿਕਰਯੋਗ ਹੈ ਕਿ ਚਟੋਪਾਧਿਆਏ ਦੇ ਨਿਰਦੇਸ਼ 'ਤੇ ਹੀ ਦਸੰਬਰ 2021 ਵਿੱਚ ਬਿਕਰਮ ਮਜੀਠੀਆ ਖ਼ਿਲਾਫ਼ ਐਨ.ਡੀ.ਪੀ.ਐਸ. ਐਕਟ ਦਾ ਮਾਮਲਾ ਦਰਜ ਕੀਤਾ ਗਿਆ ਸੀ। ਇਸ ਤਰ੍ਹਾਂ ਬਿਕਰਮ ਮਜੀਠੀਆ ਦੀਆਂ ਮੁਸ਼ਕਿਲਾਂ ਹੋਰ ਵੱਧ ਗਈਆਂ ਹਨ। ਇਸ ਤੋਂ ਬਾਅਦ ਕੁਝ ਹੋਰ ਸਾਬਕਾ ਅਧਿਕਾਰੀਆਂ ਅਤੇ ਸਿਆਸੀ ਆਗੂਆਂ ਨੇ ਮਜੀਠੀਆ ਮਾਮਲੇ 'ਚ ਆਪਣੇ ਬਿਆਨ ਦਰਜ਼ ਕਰਵਾਏ ਹਨ। ਆਮ ਆਦਮੀ ਪਾਰਟੀ ਦੇ ਆਗੂ ਦਾਅਵਾ ਕਰ ਰਹੇ ਹਨ ਕਿ ਬਿਕਰਮ ਮਜੀਠੀਆ ਮਾਮਲੇ ਦੀ ਜਾਂਚ ਡੂੰਘਾਈ ਨਾਲ ਕੀਤੀ ਜਾ ਰਹੀ ਹੈ, ਕਿਉਂਕਿ ਜਿਥੋਂ ਨਸ਼ਾ ਆਉਂਦਾ ਹੈ, ਉਥੋਂ ਹੀ ਹਥਿਆਰ ਆਉਂਦੇ ਹਨ। ਜਾਂਚ ਤੋਂ ਬਾਅਦ ਅਹਿਮ ਖ਼ੁਲਾਸੇ ਹੋ ਸਕਦੇ ਹਨ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਵੱਲੋਂ ਯੁੱਧ ਨਸ਼ੇ ਵਿਰੁੱਧ ਮੁਹਿੰਮ ਸ਼ੁਰੂ ਕੀਤੀ ਗਈ ਹੈ, ਜਿਸ ਦੇ ਚੰਗੇ ਨਤੀਜੇ ਨਿਕਲ ਰਹੇ ਹਨ। ਉਹਨਾਂ ਕਿਹਾ ਕਿ ਇਸ ਮੁਹਿੰਮ ਤਹਿਤ ਜਿੱਥੇ ਛੋਟੇ ਨਸ਼ਾ ਤਸਕਰਾਂ ਨੂੰ ਕਾਬੂ ਕੀਤਾ ਗਿਆ ਹੈ, ਉਥੇ ਹੁਣ ਵੱਡੇ ਮਗਰਮੱਛਾਂ ਨੂੰ ਵੀ ਕਾਬੂ ਕੀਤਾ ਜਾ ਰਿਹਾ ਹੈ। ਉਹਨਾਂ ਦਾਅਵਾ ਕੀਤਾ ਕਿ ਜਲਦੀ ਹੀ ਨਸ਼ੇ ਦੇ ਵਪਾਰ ਨਾਲ ਸਬੰਧਿਤ ਹੋਰ ਵੱਡੇ ਸਿਆਸੀ ਆਗੂਆਂ ਤੇ ਅਧਿਕਾਰੀਆਂ ਨੂੰ ਵੀ ਕਾਬੂ ਕੀਤਾ ਜਾਵੇਗਾ। ਮੁੱਖ ਮੰਤਰੀ ਭਗਵੰਤ ਮਾਨ ਦਾ ਕਹਿਣਾ ਹੈ ਕਿ ਜਿਹੜੇ ਸਿਆਸੀ ਆਗੂ ਬਿਕਰਮ ਮਜੀਠੀਆ ਦੇ ਹੱਕ ਵਿੱਚ ਬਿਆਨ ਦੇ ਰਹੇ ਹਨ, ਉਹਨਾਂ ਤੋਂ ਇਹਨਾਂ ਸਿਆਸੀ ਆਗੂਆਂ ਦੇ ਆਪਸੀ ਸਬੰਧਾਂ ਅਤੇ ਇਹਨਾਂ ਦੇ ਨਸ਼ਾ ਤਸਕਰਾਂ ਨਾਲ ਗਠਜੋੜ ਦਾ ਪਤਾ ਚੱਲ ਜਾਂਦਾ ਹੈ। ਮੁੱਖ ਮੰਤਰੀ ਭਗਵੰਤ ਮਾਨ ਦਾ ਤਾਂ ਇਹ ਵੀ ਕਹਿਣਾ ਹੈ ਕਿ ਅਕਾਲੀ ਦਲ, ਭਾਜਪਾ ਅਤੇ ਕਾਂਗਰਸ ਆਪਸ ਵਿੱਚ ਰਲੇ ਹੋਏ ਹਨ ਅਤੇ ਪੰਜਾਬ ਵਿੱਚ ਵਾਰੋ ਵਾਰੀ ਰਾਜ ਕਰਦੇ ਰਹੇ ਹਨ, ਪਰ ਹੁਣ ਪੰਜਾਬ ਦੇ ਲੋਕਾਂ ਨੇ ਆਮ ਆਦਮੀ ਪਾਰਟੀ ਨੂੰ ਸੱਤਾ ਸੌਂਪ ਕੇ ਪੰਜਾਬ ਵਿੱਚ ਬਦਲਾਓ ਲਿਆਂਦਾ ਹੈ। ਮੁੱਖ ਮੰਤਰੀ ਮਾਨ ਦਾਅਵਾ ਕਰ ਰਹੇ ਹਨ ਕਿ ਪੰਜਾਬ ਵਿੱਚ ਨਸ਼ੇ ਵਿਰੁੱਧ ਮੁਹਿੰਮ ਤਹਿਤ ਹੋਰ ਵੀ ਵੱਡੇ ਸਿਆਸੀ ਆਗੂਆਂ, ਅਧਿਕਾਰੀਆਂ ਤੇ ਨਸ਼ਾ ਤਸਕਰਾਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ। ਮੁੱਖ ਮੰਤਰੀ ਮਾਨ ਦੇ ਇਸ ਬਿਆਨ ਤੋਂ ਬਾਅਦ ਅੰਦਾਜ਼ੇ ਲਗਾਏ ਜਾ ਰਹੇ ਹਨ ਕਿ ਅਗਲੀ ਵਾਰੀ ਕਿਸ ਸਿਆਸੀ ਆਗੂ ਦੀ ਹੋਵੇਗੀ।

ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਬਾਦਲ ਦਾ ਕਹਿਣਾ ਹੈ ਕਿ ਡੇਢ ਸਾਲ ਬਾਅਦ ਭਗਵੰਤ ਮਾਨ ਤੋਂ ਹਰ ਗੱਲ ਦਾ ਹਿਸਾਬ ਲਿਆ ਜਾਵੇਗਾ। ਸਾਂਸਦ ਹਰਸਿਮਰਤ ਕੌਰ ਬਾਦਲ ਦਾ ਕਹਿਣਾ ਹੈ ਕਿ ਜਦੋਂ ਪੰਜਾਬ ਵਿੱਚ ਅਕਾਲੀ ਸਰਕਾਰ ਦਾ ਗਠਨ ਹੋਇਆ ਤਾਂ ਭਗਵੰਤ ਮਾਨ ਨੂੰ ਸਖ਼ਤ ਸਜ਼ਾ ਦਿੱਤੀ ਜਾਵੇਗੀ। ਉਸ ਸਮੇਂ ਜੇ ਭਗਵੰਤ ਮਾਨ ਵਿਦੇਸ਼ ਵਿੱਚ ਵੀ ਹੋਇਆ ਤਾਂ ਉਸ ਨੂੰ ਵਿਦੇਸ਼ ਤੋਂ ਪੰਜਾਬ ਲਿਆ ਕੇ ਸਖ਼ਤ ਸਜ਼ਾ ਦਿੱਤੀ ਜਾਵੇਗੀ। ਆਪਣੀ ਗ੍ਰਿਫ਼ਤਾਰੀ ਤੋਂ ਪਹਿਲਾਂ ਬਿਕਰਮ ਮਜੀਠੀਆ ਨੇ ਵੀ ਮੁੱਖ ਮੰਤਰੀ ਭਗਵੰਤ ਮਾਨ ਨੂੰ ਧਮਕੀ ਦਿੰਦਿਆਂ ਕਿਹਾ ਸੀ ਕਿ ਅਕਾਲੀ ਸਰਕਾਰ ਬਣਨ 'ਤੇ ਉਹ ਭਗਵੰਤ ਮਾਨ ਦੀਆਂ ਚੀਕਾਂ ਕਢਵਾ ਦੇਵੇਗਾ। ਜਿਸ ਤਰੀਕੇ ਨਾਲ ਬਾਦਲ ਦਲ ਦੇ ਆਗੂ ਮੁੱਖ ਮੰਤਰੀ ਭਗਵੰਤ ਮਾਨ ਨੂੰ ਧਮਕੀਆਂ ਦੇ ਰਹੇ ਹਨ, ਉਹ ਬਾਦਲ ਦਲ ਦੇ ਵਿਰੁੱਧ ਹੀ ਜਾ ਸਕਦੀਆਂ ਹਨ ਕਿਉਂਕਿ ਪੰਜਾਬ ਦੇ ਲੋਕ ਕਿਸੇ ਵੀ ਧਮਕੀਆਂ ਦੇਣ ਵਾਲੇ ਆਗੂ ਨੂੰ ਵੋਟਾਂ ਨਹੀਂ ਪਾਉਂਦੇ।

(**ਬਾਕੀ ਸਫ਼ਾ** 30 'ਤੇ)

### 'ਆਪ' ਵੱਲੋਂ 2027 ਚੋਣਾਂ ਲਈ ਨਵੀਂ ਰਣਨੀਤੀ

ਸਾਲ 2027 'ਚ ਪੰਜਾਬ ਵਿਧਾਨ ਸਭਾ ਚੋਣਾਂ ਹੋਣ ਵਾਲੀਆਂ ਹਨ। ਪੰਜਾਬ ਦੀ 'ਆਪ' ਸਰਕਾਰ ਵੱਲੋਂ ਪਿਛਲੀਆਂ ਚੋਣਾਂ ਦੌਰਾਨ ਕੀਤੇ ਗਏ ਵਾਅਦਿਆਂ ਨੂੰ ਪੂਰਾ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਪੰਜਾਬ ਦੀ ਆਪ ਸਰਕਾਰ ਦੀ ਨਸ਼ੇ ਵਿਰੁੱਧ ਮੁਹਿੰਮ ਵੀ ਇਸੇ ਲੜੀ ਦਾ ਹਿੱਸਾ ਹੈ। ਇਸ ਦੇ ਨਾਲ ਹੀ ਆਪ ਸਰਕਾਰ ਵੱਲੋਂ ਭ੍ਰਿਸ਼ਟਾਚਾਰ ਵਿਰੁੱਧ ਮੁਹਿੰਮ ਵੀ ਸ਼ੁਰੂ ਕੀਤੀ ਹੋਈ ਹੈ। ਹਰ ਦਿਨ ਵਾਂਗ ਹੀ ਭ੍ਰਿਸ਼ਟ ਅਧਿਕਾਰੀਆਂ, ਨੇਤਾਵਾਂ ਅਤੇ ਮੁਲਾਜ਼ਮਾਂ ਵਿਰੁੱਧ ਕਾਰਵਾਈ ਕਰਨ ਦੀਆਂ ਖ਼ਬਰਾਂ ਮੀਡੀਆ 'ਚ ਆਉਂਦੀਆਂ ਹਨ। ਨਸ਼ੇ ਜਾਂ ਭ੍ਰਿਸ਼ਟਾਚਾਰ ਕਾਰਨ ਮੁਅਤਲ ਕੀਤੇ ਗਏ ਅਧਿਕਾਰੀਆਂ, ਕਰਮਚਾਰੀਆਂ ਦਾ ਬਾਅਦ ਵਿੱਚ ਕੀ ਬਣਦਾ ਹੈ ?, ਇਸ ਦਾ ਕੁਝ ਪਤਾ ਨਹੀਂ ਚੱਲਦਾ ਪਰ ਸਰਕਾਰੀ ਕਾਗ਼ਜ਼ਾਂ ਦੇ ਢਿੱਡ ਜ਼ਰੂਰ ਭਰ ਜਾਂਦੇ ਹਨ। ਅਸਲ ਵਿੱਚ ਆਮ ਆਦਮੀ ਪਾਰਟੀ ਨੇ ਅਗਲੀਆਂ ਵਿਧਾਨ ਸਭਾ ਚੋਣਾਂ ਜਿੱਤਣ ਲਈ ਵਿਛਾਤ ਹੁਣੇ ਤੋਂ ਵਿਛਾਉਣੀ ਸ਼ੁਰੂ ਕਰ ਦਿੱਤੀ ਹੈ।

# ਮਜੀਠੀਆ ਦੇ ਵਿਜੀਲੈਂਸ ਰਿਮਾਂਡ 'ਚ 4 ਦਿਨ ਦਾ ਵਾਧਾ

## ਵਿਜੀਲੈਂਸ ਵੱਲੋਂ ਮਜੀਠੀਆ ਖ਼ਿਲਾਫ਼ ਆਮਦਨ ਤੋਂ ਵੱਧ ਜਾਇਦਾਦ ਹੋਣ ਸਬੰਧੀ ਸਬੂਤ ਹੋਣ ਦਾ ਦਾਅਵਾ

ਮੋਹਾਲੀ/ਏ.ਟੀ.ਨਿਊਜ਼: ਮੋਹਾਲੀ ਕੋਰਟ ਨੇ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਦੇ ਵਿਜੀਲੈਂਸ ਰਿਮਾਂਡ ਵਿੱਚ ਚਾਰ ਦਿਨਾ ਦਾ ਵਾਧਾ ਕਰ ਦਿੱਤਾ ਹੈ। ਮਜੀਠੀਆ ਨੂੰ ਆਮਦਨ ਤੋਂ ਵੱਧ ਜਾਇਦਾਦ ਮਾਮਲੇ 'ਚ ਸੱਤ ਦਿਨਾਂ ਦੇ ਰਿਮਾਂਡ ਦੀ ਮਿਆਦ ਮੁੱਕਣ ਮਗਰੋਂ ਅੱਜ ਮੋਹਾਲੀ ਕੋਰਟ ਵਿੱਚ ਪੇਸ਼ ਕੀਤਾ ਗਿਆ ਸੀ। ਦੋਵਾਂ ਧਿਰਾਂ ਵਿਚਾਲੇ ਚਾਰ ਘੰਟੇ ਦੇ ਕਰੀਬ ਬਹਿਸ ਚੱਲੀ। ਵਿਜੀਲੈਂਸ ਨੇ ਮਜੀਠੀਆ ਖ਼ਿਲਾਫ਼ ਆਮਦਨ ਤੋਂ ਵੱਧ ਜਾਇਦਾਦ ਹੋਣ ਸੰਬੰਧੀ ਸਬੂਤ ਹੋਣ ਦਾ ਦਾਅਵਾ ਕੀਤਾ ਹੈ। ਮੋਹਾਲੀ ਕੋਰਟ ਤੋਂ ਬਾਹਰ ਆਏ ਸਰਕਾਰੀ ਵਕੀਲ ਪ੍ਰੀਤਇੰਦਰ ਸਿਘ ਦਾ ਕਹਿਣਾ ਹੈ ਕਿ ਮਜੀਠੀਆ ਨੇ ਜਾਂਚ ਵਿੱਚ ਸਹਿਯੋਗ ਨਹੀਂ ਕੀਤਾ। ਮਜੀਠੀਆ ਨੇ ਜਾਂਚ ਦੌਰਾਨ ਗੁੰਮਰਾਹ ਕੀਤਾ। ਉਨ੍ਹਾਂ ਕਿਹਾ ਕਿ ਇਹ ਕੇਸ ਡਰੱਗਜ਼ ਨਾਲ ਜੁੜਿਆ ਹੈ। ਇਸ ਤੋਂ ਇਲਾਵਾ ਸਰਕਾਰੀ ਵਕੀਲ ਨੇ ਕਿਹਾ ਕਿ ਮਜੀਠੀਆ ਨੂੰ ਗੋਰਖਪੁਰ ਲਿਜਾਇਆ ਜਾ ਸਕਦਾ ਹੈ। ਉੱਥੇ ਹੀ, ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਐਡਵੋਕੇਟ ਅਰਸ਼ਦੀਪ ਕਲੇਰ ਨੇ ਸਰਕਾਰੀ ਖਿਲਾਫ਼ ਗੁੱਸਾ ਜ਼ਾਹਿਰ ਕਰਦਿਆਂ ਕਿਹਾ ਕਿ ਮਜੀਠੀਆ ਕਦੀ ਗੋਰਖਪੁਰ ਗਏ ਹੀ ਨਹੀਂ।

ਜ਼ਿਕਰਯੋਗ ਹੈ ਕਿ ਮਜੀਠੀਆ ਨੂੰ 25 ਜੂਨ ਨੂੰ ਆਮਦਨ ਤੋਂ ਵੱਧ ਜਾਇਦਾਦ ਮਾਮਲੇ 'ਚ ਗ੍ਰਿਫ਼ਤਾਰ ਕੀਤਾ ਗਿਆ ਸੀ। ਅਦਾਲਤ ਨੇ ਪਹਿਲਾਂ 26 ਜੂਨ ਨੂੰ 7 ਦਿਨਾਂ ਦਾ ਵਿਜੀਲੈਂਸ ਰਿਮਾਂਡ ਦਿੱਤਾ ਸੀ ਜੋ 2 ਜੁਲਾਈ ਨੂੰ ਖਤਮ ਹੋ ਗਿਆ ਤੇ ਅੱਜ ਉਨ੍ਹਾਂ ਨੂੰ ਮੁੜ ਅਦਾਲਤ 'ਚ ਪੇਸ਼ ਕੀਤਾ ਗਿਆ। ਵਿਜੀਲੈਂਸ ਬਿਊਰੋ ਨੇ ਮਜੀਠੀਆ ਵੱਲੋਂ ਸਹਿਯੋਗ ਦੀ ਘਾਟ ਤੇ ਹੋਰ ਜਾਂਚ ਦੀ ਜ਼ਰੂਰਤ ਦਾ ਹਵਾਲਾ ਦਿੰਦੇ ਹੋਏ ਉਨ੍ਹਾਂ ਦੂਜੇ ਸੂਬਿਆਂ 'ਚ ਲਿਜਾਣ ਲਈ ਰਿਮਾਂਡ ਹੋਰ ਵਧਾਉਣ ਦੀ ਮੰਗ ਕੀਤੀ ਸੀ। ਮਜੀਠੀਆ ਦੀ ਪੇਸ਼ੀ ਮੌਕੇ ਮੋਹਾਲੀ ਕੋਰਟ ਦੇ ਬਾਹਰ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ।

ਇਸੇ ਦੌਰਾਨ ਪੁਲਿਸ ਨੇ ਅੰਬ ਸਾਹਿਬ ਤੋਂ ਪੁਲਿਸ ਨਾਕੇ ਤੋੜ ਕੇ ਵਿਜੀਲੈਂਸ ਭਵਨ ਵੱਲ ਮਾਰਚ ਕਰਦੇ ਹੋਏ ਅਕਾਲੀ ਆਗੂਆਂ, ਦਰਬਾਰਾ ਸਿੰਘ ਗੁਰੂ, ਪਰਵਿੰਦਰ ਸਿੰਘ ਸੋਹਾਣਾ, ਯੂਥ ਅਕਾਲੀ ਦਲ ਦੇ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਅਤੇ ਦਰਜਨਾਂ ਵਰਕਰਾਂ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ। ਸੁਖਬੀਰ ਸਣੇ ਬਾਕੀ ਆਗੂਆਂ ਨੂੰ ਫੇਜ਼ 11 ਦੇ ਥਾਣੇ ਵਿੱਚ ਲਿਜਾਣ ਤੋਂ ਕੁਝ ਦੇਰ ਬਾਅਦ ਛੱਡ ਦਿੱਤਾ ਗਿਆ।

ਜਾਣਕਾਰੀ ਅਨੁਸਾਰ ਸੁਖਬੀਰ ਬਾਦਲ ਅੱਜ ਜਿਵੇਂ ਹੀ ਚੰਡੀਗੜ੍ਹ-ਮੋਹਾਲੀ ਸਰਹੱਦ ਨੇੜੇ ਪੁੱਜੇ ਤਾਂ ਪੁਲਿਸ ਨੇ ਉਨ੍ਹਾਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਸੁਖਬੀਰ ਬਾਦਲ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੇ ਇੱਕ ਮਾਮਲੇ ਵਿੱਚ ਅਕਾਲੀ ਆਗੂ ਬਿਕਰਮ ਮਜੀਠੀਆ ਦੀ ਗ੍ਰਿਫ਼ਤਾਰੀ ਵਿਰੁੱਧ 'ਸ਼ਾਂਤਮਈ ਵਿਰੋਧ ਪ੍ਰਦਰਸ਼ਨ' ਲਈ ਮੋਹਾਲੀ ਦੇ ਫੇਜ਼ 8 ਵਿਚਲੇ ਗੁਰਦੁਆਰਾ ਅੰਬ ਸਾਹਿਬ ਜਾ ਰਹੇ ਸਨ, ਜਿੱਥੇ ਉਨ੍ਹਾਂ ਅਕਾਲੀ ਆਗੂਆਂ ਤੇ ਵਰਕਰਾਂ ਨੂੰ ਇਕੱਠੇ ਹੋਣ ਦਾ ਸੱਦਾ ਦਿੱਤਾ ਸੀ। ਮੁਹਾਲੀ ਦੇ ਐਸਪੀ (ਦਿਹਾਤੀ) ਮਨਪ੍ਰੀਤ ਸਿੰਘ ਨੇ ਕਿਹਾ ਕਿ ਸੁਖਬੀਰ ਬਾਦਲ ਅਤੇ ਹੋਰ ਅਕਾਲੀ ਵਰਕਰਾਂ ਨੂੰ ਇੱਕ ਬੱਸ ਵਿੱਚ ਮੋਹਾਲੀ ਪੁਲੀਸ ਥਾਣੇ ਲਿਜਾਇਆ ਗਿਆ।

### ਪੁਲਿਸ ਨੇ ਸੁਖਬੀਰ ਬਾਦਲ ਤੇ ਹੋਰ ਅਕਾਲੀ ਆਗੂ ਹਿਰਾਸਤ 'ਚ ਲੈਣ ਮਗਰੋਂ ਛੱਡੇ


#### ਮਾਨ ਸਰਕਾਰ ਨੇ ਸੂਬੇ ਵਿੱਚ ਅਣਐਲਾਨੀ ਐਮਰਜੈਂਸੀ ਲਾਈ: ਸੁਖਬੀਰ ਬਾਦਲ



ਚੰਡੀਗੜ੍ਹ/ਏ. ਟੀ. ਨਿਊਜ਼ ਸੁਖਬੀਰ ਬਾਦਲ ਅੱਜ ਗੁਰਦੁਆਰਾ ਅੰਬ ਸਾਹਿਬ ਫ਼ੇਜ਼ 8 ਮੋਹਾਲੀ ਵਿਖੇ ਅਕਾਲੀ ਲੀਡਰਸ਼ਿਪ ਦੁਆਰਾ ਕਰਵਾਏ ਇੱਕ ਧਰਨੇ ਵਿੱਚ ਸ਼ਾਮਿਲ ਹੋਣ ਲਈ ਜਾ ਰਹੇ ਸਨ ਕਿ ਪੁਲਿਸ ਨੇ ਸੁਖਬੀਰ ਬਾਦਲ ਨੂੰ ਰਸਤੇ ਵਿੱਚ ਹੀ ਹਿਰਾਸਤ ਵਿੱਚ ਲੈ ਲਿਆ। ਇਸ ਤੋਂ ਮਗਰੋਂ ਪੁਲਿਸ ਨੇ ਸੁਖਬੀਰ ਬਾਦਲ ਤੇ ਹੋਰ ਅਕਾਲੀ ਆਗੂਆਂ ਨੂੰ ਰਿਹਾਅ ਕਰ ਦਿੱਤਾ। ਉਹ ਲਗਪਗ 2 ਘੰਟੇ ਹਿਰਾਸਤ ਵਿੱਚ ਰਹੇ।

ਸੁਖਬੀਰ ਬਾਦਲ ਨੇ ਦੋਸ਼ ਲਾਇਆ ਹੈ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੇ ਸੂਬੇ ਵਿੱਚ ਅਣਐਲਾਨੀ ਐਮਰਜੈਂਸੀ ਲਾ ਦਿੱਤੀ ਹੈ। ਬਾਦਲ ਨੇ ਕਿਹਾ ਕਿ ਉਹ ਅੰਬ ਸਾਹਿਬ ਗੁਰਦੁਆਰੇ ਵਿਖੇ ਮੱਥਾ ਟੇਕਣ ਲਈ ਜਾ ਰਹੇ ਸਨ। ਉਨ੍ਹਾਂ ਨੇ ਪੰਜਾਬੀਆਂ ਦੇ ਜਮਹੂਰੀ ਹੱਕਾਂ ਦਾ ਕਤਲ ਕਰਨ ਲਈ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਦੀਆਂ ਅਜਿਹੀਆਂ ਦਮਨਕਾਰੀ ਕਾਰਵਾਈਆਂ ਨਾਲ ਅਕਾਲੀ ਵਰਕਰ ਡਰਨ ਵਾਲੇ ਨਹੀਂ ਹਨ ਅਤੇ ਉਹ ਇਸ ਦਾ ਲੋਕ ਲਹਿਰ ਬਣਾ ਕੇ ਡਟ ਕੇ ਜਵਾਬ ਦੇਣਗੇ। ਇਸ ਤੋਂ ਪਹਿਲਾਂ ਅੱਜ ਦਿਨੇਂ ਸੁਖਬੀਰ ਬਾਦਲ ਨੇ ਆਪਣੇ ਫੇਸਬੁੱਕ ਅਕਾਊਂਟ ਉੱਤੇ ਲੋਧੀ ਨੰਗਲ ਖੇਤਰ ਦੇ ਅਕਾਲੀ ਵਰਕਰਾਂ ਦੀ ਇੱਕ ਵੀਡੀਓ ਕਲਿੱਪ ਸ਼ੇਅਰ ਕਰਦਿਆਂ ਉਨ੍ਹਾਂ ਲਿਖਿਆ ਕਿ ਅੱਜ ਮੋਹਾਲੀ ਕੋਰਟ ਵਿੱਚ ਬਿਕਰਮ ਸਿੰਘ ਮਜੀਠੀਆ ਦੀ ਪੇਸ਼ੀ ਮੌਕੇ ਉਨ੍ਹਾਂ ਨਾਲ ਇਕਜੁੱਟਤਾ ਪ੍ਰਗਟ ਕਰਨ ਆ ਰਹੇ ਅਕਾਲੀ ਵਰਕਰਾਂ ਨੂੰ ਨਾਕਾਬੰਦੀ ਕਰਕੇ ਰਸਤਿਆਂ ਵਿੱਚ ਰੋਕਿਆ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਮੋਹਾਲੀ ਨਹੀਂ ਆਉਣ ਦਿੱਤਾ ਜਾ ਰਿਹਾ।

# ਸਿੱਖ ਪਛਾਣ ਦਾ ਸੰਕਟ: ਪੱਛਮੀ ਪ੍ਰਭਾਵ, ਫ਼ੈਸ਼ਨ ਅਤੇ ਸਮਕਾਲੀ ਚੁਣੌਤੀਆਂ


ਬਲਵਿੰਦਰ ਪਾਲ ਸਿੰਘ ਪ੍ਰੋਫ਼ੈਸਰ
9815700916

ਸਿੱਖੀ, ਜਿਹੜੀ ਗੁਰੂ ਨਾਨਕ ਦੇਵ ਜੀ ਦੀ ਚਾਨਣ-ਮੁਨਾਰੀ ਸਿੱਖਿਆ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਪੰਜ ਕਕਾਰਾਂ ਦੀ ਅਮਰ ਦੇਣ ਹੈ, ਅੱਜ ਗਲੋਬਲੀਕਰਨ ਦੀਆਂ ਤੂਫ਼ਾਨੀ ਲਹਿਰਾਂ ਅਤੇ ਪੱਛਮੀ ਸੱਭਿਆਚਾਰ ਦੀ ਚਮਕ-ਦਮਕ ਵਿੱਚ ਆਪਣੀ ਚਮਕ ਗੁਆ ਰਹੀ ਹੈ। ਸਿੱਖ ਪਛਾਣ ਵੀ ਪੱਛਮੀ ਫ਼ੈਸ਼ਨ, ਨੌਜਵਾਨਾਂ ਦੀ ਅਗਿਆਨਤਾ ਅਤੇ ਭਾਸ਼ਾਈ ਅਣਦੇਖੀ ਦੀਆਂ ਧੁੰਦਲੀਆਂ ਪਰਤਾਂ ਵਿੱਚ ਲੁਕਦੀ ਜਾ ਰਹੀ ਹੈ। ਪੱਛਮੀ ਸੱਭਿਆਚਾਰ ਦੀਆਂ ਲਹਿਰਾਂ ਸਿੱਖ ਨੌਜਵਾਨਾਂ ਦੀ ਸੁਰਤ ਤੇ ਵਿਚਾਰ ਨੂੰ ਨਿਗਲ ਰਹੀਆਂ ਹਨ। ਸੋਸ਼ਲ ਮੀਡੀਆ ਦੀਆਂ ਚਮਕਦਾਰ ਸਕਰੀਨਾਂ, ਜਿੱਥੇ ਫ਼ੈਸ਼ਨ ਦੇ ਰੁਝਾਨ ਅਤੇ ਟੈਟੂਆਂ ਦੀਆਂ ਸਿਆਹੀਆਂ ਨੌਜਵਾਨਾਂ ਦੇ ਦਿਮਾਗਾਂ 'ਤੇ ਰਾਜ ਕਰ ਰਹੀਆਂ ਹਨ, ਸਿੱਖੀ ਦੀ ਸਾਦਗੀ ਨੂੰ ਚੁਣੌਤੀ ਦੇ ਰਹੀਆਂ ਹਨ।





ਪੰਜਾਬ ਦੀ ਹਰੀ ਕ੍ਰਾਂਤੀ, ਜਿਸ ਨੇ ਖੇਤੀ ਨੂੰ ਸੁਨਹਿਰੀ ਰੰਗ ਦਿੱਤਾ, ਨਾਲ ਹੀ ਇੱਕ ਸੱਭਿਆਚਾਰਕ ਸੰਕਟ ਦਾ ਤੂਫ਼ਾਨ ਵੀ ਲਿਆਂਦਾ। ਇਹ ਤੂਫ਼ਾਨ ਅਸ਼ਲੀਲ ਫ਼ਿਲਮਾਂ, ਲੱਚਰ ਗੀਤਾਂ ਅਤੇ ਸ਼ਰਾਬ-ਸਿਗਰਟ ਤੇ ਨਸ਼ਿਆਂ ਦੀਆਂ ਲੱਤਾਂ ਦਾ ਰੂਪ ਧਾਰ ਗਿਆ ਜੋ ਹੁਣ ਤੱਕ ਆਧੁਨਿਕਤਾ ਦੇ ਰੂਪ ਵਿੱਚ ਜਾਰੀ ਹੈ ਤੇ ਅਜਗਰ ਵਾਂਗ ਸਿੱਖ ਯੂਥ ਨੂੰ ਨਿਗਲ ਰਿਹਾ ਹੈ। ਪੇਂਡੂ ਜਿੰਮੀਦਾਰ ਸਿੱਖ ਪਰਿਵਾਰਾਂ ਦੇ ਨੌਜਵਾਨ, ਜੋ ਪਹਿਲਾਂ ਗੁਰੂ ਦੀ ਬਖਸ਼ੀ ਸੁਰਤ ਦੇ ਮਾਣਕ ਸਨ, ਅੱਜ ਇਹ ਪਤਿਤਪੁਣੇ ਅਤੇ ਸ਼ੋਸ਼ਲ ਮੀਡੀਆ ਦੇ ਲੁੱਚੇ ,ਅਸ਼ਲੀਲ ਰੁਝਾਨ ਵਿੱਚ ਡੁੱਬ ਰਹੇ ਹਨ। 'ਸਿੰਘ' ਅਤੇ 'ਕੌਰ' ਨਾਮਾਂ ਨੂੰ ਛੱਡ ਕੇ, ਉਹ ਆਪਣੇ ਆਪ ਨੂੰ 'ਅਗਾਂਹਵਧੂ' ਸਮਝ ਰਹੇ ਹਨ, ਪਰ ਇਹ ਅਖੌਤੀ ਆਧੁਨਿਕਤਾਵਾਦ ਸਿਰਫ਼ ਬਾਹਰੀ ਚਮਕ ਹੈ, ਜਿਵੇਂ ਬਿਨਾਂ ਜੜ੍ਹਾਂ ਦੇ ਰੁੱਖ ਦੀ ਛਾਂ। ਵਿਦੇਸ਼ਾਂ ਵਿੱਚ ਵੱਸਦੇ ਸਿੱਖ ਨੌਜਵਾਨ ਸਮਾਜਿਕ ਦਬਾਅ ਅਤੇ ਨਸਲਵਾਦ ਦੀ ਮਾਰ ਹੇਠ ਕੇਸ ਕਟ ਰਹੇ ਹਨ। ਪੱਛਮੀ ਫ਼ੈਸ਼ਨ ਦੀ ਇਸ ਲਹਿਰ ਨੇ ਸਿਰਫ਼ ਸਿੱਖੀ ਦੀ ਸੂਰਤ ਨੂੰ ਨਹੀਂ, ਸਗੋਂ ਇਸ ਦੀ ਰੂਹ ਨੂੰ ਵੀ ਚੁਣੌਤੀ ਦਿੱਤੀ ਹੈ।

ਪੰਜਾਬੀ ਭਾਸ਼ਾ ਸਿੱਖੀ ਦੀ ਜਾਨ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ, ਜੋ ਗੁਰਮੁਖੀ ਦੀ ਸਰਗਮ ਵਿੱਚ ਸੁਰੀਲੀ ਹੁੰਦੀ ਹੈ, ਸਿੱਖਾਂ ਦੇ ਦਿਲਾਂ ਨੂੰ ਜੋੜਦੀ ਹੈ। ਪਰ ਅੱਜ, ਜਿਵੇਂ ਝਰਨੇ ਦਾ ਪਾਣੀ ਸੁੱਕ ਜਾਂਦਾ ਹੈ, ਤਿਵੇਂ ਪੰਜਾਬੀ ਭਾਸ਼ਾ ਸੁੱਕ ਰਹੀ ਹੈ। ਅਸੀਂ ਆਪਣੇ ਵਜੂਦ ਪੰਜਾਬੀ ਭਾਸ਼ਾ ਤੋਂ ਵਿਛੜ ਰਹੇ ਹਾਂ।ਸ਼ਹਿਰੀ ਸਿੱਖ ਨੌਜਵਾਨ ਅੰਗਰੇਜ਼ੀ,ਹਿੰਦੀ ਨੂੰ ਰੁਤਬੇ ਦੀ ਨਿਸ਼ਾਨੀ ਮੰਨਦੇ ਹਨ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਅਧਿਐਨ ਅਨੁਸਾਰ, ਸ਼ਹਿਰੀ ਖੇਤਰਾਂ ਵਿੱਚ ਪੰਜਾਬੀ ਨੌਜਵਾਨ ਪੰਜਾਬੀ ਬੋਲਣ ਵਿਚ ਸ਼ਰਮ ਮਹਿਸੂਸ ਕਰਦੇ ਹਨ। ਪ੍ਰੋਫ਼ੈਸਰ ਪੂਰਨ ਸਿੰਘ ਨੇ ਕਿਹਾ ਸੀ, ਪੰਜਾਬੀ ਉਹ ਸਰਗਮ ਹੈ, ਜਿਸ ਵਿੱਚ ਗੁਰੂਆਂ ਦੀ ਬਾਣੀ ਦਾ ਸੁਰ ਸੁਣਾਈ ਦਿੰਦਾ ਹੈ। ਜੇਕਰ ਇਹ ਸਰਗਮ ਹੀ ਖਤਮ ਹੋ ਜਾਵੇ, ਤਾਂ ਸਿੱਖੀ ਦਾ ਸੁਰ ਕਿਵੇਂ ਜੀਵੇਗਾ ? ਪੰਜਾਬੀ ਭਾਸ਼ਾ ਦੀ ਅਣਦੇਖੀ ਸਿੱਖੀ ਦੀ ਰੂਹ ਨੂੰ ਕਮਜ਼ੋਰ ਕਰ ਰਹੀ ਹੈ। ਜਦੋਂ ਨੌਜਵਾਨ ਆਪਣੀ ਮਾਂ-ਬੋਲੀ ਨੂੰ ਛੱਡਦੇ ਹਨ, ਤਾਂ ਉਹ ਗੁਰਬਾਣੀ ਦੇ ਫ਼ਲਸਫ਼ੇ ਤੇ ਸਿਧਾਂਤ ਤੋਂ ਵੀ ਦੂਰ ਹੁੰਦੇ ਜਾਂਦੇ ਹਨ।



ਗੁਰਦੁਆਰੇ ਸਿੱਖੀ ਦਾ ਸੋਮਾ ਹਨ ਪਰ ਸਿੱਖ ਨੌਜਵਾਨ ਗੁਰਦੁਆਰਿਆਂ ਦੀ ਸੰਗਤ ਤੋਂ ਮੂੰਹ ਮੋੜ ਰਹੇ ਹਨ। ਇਸ ਦਾ ਕਾਰਨ ਸਿਰਫ਼ ਪੰਜਾਬੀ ਪੌਪ ਸੱਭਿਆਚਾਰ ਦੀ ਚਮਕ ਨਹੀਂ, ਸਗੋਂ ਉਹ ਗਾਣੇ ਵੀ ਹਨ, ਜੋ ਨਸ਼ਿਆਂ, ਹਿੰਸਾ ਅਤੇ ਭੌਤਿਕਵਾਦ ਨੂੰ ਪ੍ਰਮੋਟ ਕਰਕੇ ਸਿੱਖ ਯੂਥ ਦੀਆਂ ਰੂਹਾਂ ਨੂੰ ਮਾਲੀਨ ਕਰ ਰਹੇ ਹਨ। ਸਿੱਖੀ ਦੇ ਸਿਧਾਂਤ—ਸੇਵਾ, ਸਿਮਰਨ, ਸੰਗਤ— ਇਸ ਜਹਿਰ ਅੱਗੇ ਫ਼ਿੱਕੇ ਪੈ ਰਹੇ ਹਨ।



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਵੀ ਇਸ ਸੰਕਟ ਦੇ ਹੱਲ ਦੀ ਜ਼ਿੰਮੇਵਾਰੀ ਆਉਂਦੀ ਹੈ। ਉਹ ਸਿੱਖ ਸਕੂਲਾਂ ਵਿੱਚ ਗੁਰਮਤ ਸਿੱਖਿਆ ਨੂੰ ਪ੍ਰਮੁੱਖਤਾ ਨਹੀਂ ਦੇ ਸਕੀ, ਨਾ ਹੀ ਸਿੱਖ ਗਿਆਨ ਸਿਲੇਬਸਾਂ ਵਾਲੇ ਉੱਚ ਪੱਧਰ ਦੇ ਸਕੂਲ ਖੋਲ ਸਕੀ ਹੈ। ਸ਼੍ਰੋਮਣੀ ਕਮੇਟੀ ਨੂੰ ਸੋਸ਼ਲ ਮੀਡੀਆ ਅਤੇ ਡਿਜੀਟਲ ਪਲੇਟਫ਼ਾਰਮਾਂ ਦੀ ਵਰਤੋਂ ਕਰਕੇ ਨੌਜਵਾਨਾਂ ਨੂੰ ਸਿੱਖੀ ਦੇ ਸੁਨੇਹੇ ਨਾਲ ਜੋੜਨ ਦੀ ਲੋੜ ਹੈ। ਜੇਕਰ ਗੁਰਦੁਆਰੇ ਸਿਰਫ਼ ਸਿੱਖ ਯੂਥ ਦੀ ਸ਼ਮੂਲੀਅਤ ਨਾ ਰਹੀ ਤਾਂ ਸਿੱਖੀ ਦੀ ਰੌਣਕ ਕਿਵੇਂ ਪਰਤੇਗੀ ?

ਸਿੱਖ ਪੰਥ ਨੇ ਮੁਗਲਾਂ ਦੀ ਰਾਜਨੀਤਕ ਗੁਲਾਮੀ ਤੋਂ ਤਾਂ ਛੁਟਕਾਰਾ ਪਾ ਲਿਆ, ਪਰ ਬ੍ਰਾਹਮਣੀ ਸੱਭਿਆਚਾਰਕ ਗੁਲਾਮੀ ਅਤੇ ਅੰਗਰੇਜ਼ੀ ਸਾਮਰਾਜ ਦੀ ਨਵੀਂ ਰਾਜਨੀਤਕ ਗੁਲਾਮੀ ਨੇ ਸਿੱਖ ਪਛਾਣ ਨੂੰ ਜਕੜ ਲਿਆ। ਜਿਵੇਂ ਪੰਛੀ ਦੇ ਪੰਜੇ ਵਿੱਚ ਨਾਗ ਲਿਪਟ ਜਾਵੇ, ਤਿਵੇਂ ਸਿੱਖ ਸਿਆਸਤ ਵਕਤੀ ਲੋੜਾਂ ਦੇ ਚੱਕਰ ਵਿੱਚ ਫ਼ਸ ਗਈ ਹੈ। ਸਿੱਖ ਸੰਸਥਾਵਾਂ 'ਤੇ ਰਾਜਨੀਤਕ ਕੰਟਰੋਲ ਨੇ ਸਿੱਖੀ ਦੀ ਵਿਚਾਰਧਾਰਕ ਅਤੇ ਰੂਹਾਨੀ ਤਾਕਤ ਨੂੰ ਕਮਜ਼ੋਰ ਕਰ ਦਿੱਤਾ ਹੈ। ਸਰਕਾਰੀ ਕਬਜ਼ੇ ਸਿੱਖ ਸੰਸਥਾਵਾਂ ਉਪਰ ਹੋ ਰਹੇ ਹਨ। ਸਿੱਖ ਇਤਿਹਾਸ ਨੂੰ ਸਰਕਾਰਾਂ ਵੱਲੋਂ ਤੇ ਪੰਥ ਵਿਰੋਧੀਆਂ ਵੱਲੋਂ ਵਿਗਾੜਿਆ ਜਾ ਰਿਹਾ ਹੈ। ਕੁਝ ਸਿੱਖ ਡੇਰੇ ਇਸ ਵਿੱਚ ਸਿੱਖ ਵਿਰੋਧੀ ਭੂਮਿਕਾ ਨਿਭਾ ਰਹੇ ਹਨ। ਮੂਲ ਮੰਤਰ ਤੇ ਗੁਟਕਿਆਂ ਦੀ ਬਾਣੀ ਵਿੱਚ ਰਲਾਵਟ ਕਰ ਰਹੇ ਹਨ।ਸ਼੍ਰੋਮਣੀ ਕਮੇਟੀ ਕੋਈ ਨੋਟਿਸ ਨਹੀਂ ਲੈ ਰਹੀ।ਆਦਰਸ਼ ਸਿੱਖ ਰਾਜਨੀਤੀ ਦਾ ਖੁਰਨਾ ਇਸ ਸੰਕਟ ਦਾ ਕਾਰਨ ਹੈ।ਰਾਜਨੀਤਕ ਸਿੱਖ ਲੀਡਰਸ਼ਿਪ ਦੀ ਇੱਛਾ ਸਿਰਫ਼ ਸੱਤਾ ਤੱਕ ਸੀਮਤ ਹੈ।ਸਿੱਖ ਸੰਕਟ ਨਾਲ ਉਹਨਾਂ ਦਾ ਕੋਈ ਵਾਸਤਾ ਨਹੀਂ।

ਖਾਲਸਾ ਰਾਜ ਦੀ ਹਾਰ ਤੋਂ ਬਾਅਦ ਸਿੱਖਾਂ ਦੇ ਦਿਲਾਂ ਵਿੱਚ ਰਾਜਸੀ ਡਰ ਨੇ ਨਿਘਾਰ ਲਿਆਂਦਾ ਹੈ। ਖਾੜਕੂ ਲਹਿਰ ਦੀ ਅਸਫ਼ਲਤਾ ਨੇ ਇਸ ਨਿਘਾਰ ਨੂੰ ਹੋਰ ਡੂੰਘਾ ਕਰ ਦਿੱਤਾ ਹੈ। ਪਰ ਸਿੱਖ ਇਤਿਹਾਸ ਸਾਖੀ ਹੈ ਕਿ ਜਦੋਂ ਵੀ ਸਿੱਖਾਂ ਨੇ ਇਸ ਡਰ ਨੂੰ ਚੁਣੌਤੀ ਦਿੱਤੀ ਹੈ, ਉਹਨਾਂ ਦੀ ਪਛਾਣ ਦੀ ਜੋਤ ਜਗਮਗਾਈ ਹੈ। ਸਿੱਖੀ ਦੀ ਸੁਰਤ ਨੂੰ ਕਾਇਮ ਰੱਖਣ ਦੀ ਪਹਿਲੀ ਸ਼ਰਤ ਇਹ ਹੈ ਕਿ ਸਿੱਖ ਨਾ ਕਿਸੇ ਦੇ ਗੁਲਾਮ ਹੋਣ, ਨਾ ਹੀ ਕੋਈ ਤਾਕਤ ਉਹਨਾਂ ਨੂੰ ਗੁਲਾਮ ਬਣਾ ਸਕੇ।

ਸਿੱਖ ਪਛਾਣ ਦਾ ਸਵਾਲ ਸਿਰਫ਼ ਬਾਹਰੀ ਪ੍ਰਤੀਕਾਂ ਜਾਂ ਭਾਸ਼ਾ ਦਾ ਨਹੀਂ, ਸਗੋਂ ਵਿਚਾਰਧਾਰਕ ਅਤੇ ਰੂਹਾਨੀ ਆਧਾਰ ਦਾ ਹੈ। ਸਿੱਖੀ ਇੱਕ ਅਜਿਹੀ ਸਭਿਅਤਾ ਹੈ, ਜਿਸ ਦੀਆਂ ਜੜ੍ਹਾਂ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਸੇਵਾ,ਨਿਆਂ, ਸਾਂਝੀਵਾਲਤਾ, ਸਮਾਨਤਾ ਅਤੇ ਸੱਚਾਈ ਵਿੱਚ ਹਨ। ਇਹ ਸੱਭਿਅਤਾ ਸਮੁੱਚੀ ਮਨੁੱਖਤਾ ਨੂੰ ਆਪਣੇ ਕਲਾਵੇ ਵਿੱਚ ਲੈ ਸਕਦੀ ਹੈ। ਪਰ ਇਸ ਲਈ ਸਿੱਖ ਪੰਥ ਨੂੰ ਸੰਗਠਿਤ ਯਤਨ ਕਰਨੇ ਪੈਣਗੇ।ਸਿੱਖੀ ਦੇ ਸਿਧਾਂਤਾਂ ਨੂੰ ਅੱਜ ਦੇ ਸਮੇਂ ਦੀਆਂ ਲੋੜਾਂ ਮੁਤਾਬਕ ਪੁਨਰ-ਵਿਆਖਿਆ ਕਰਨ ਦੀ ਜ਼ਰੂਰਤ ਹੈ। ਸੋਸ਼ਲ ਮੀਡੀਆ ਦੀ ਵਰਤੋਂ, ਸਿੱਖ ਸਕੂਲਾਂ ਵਿੱਚ ਗੁਰਮਤਿ ਸਿੱਖਿਆ ਅਤੇ ਨੌਜਵਾਨਾਂ ਨੂੰ ਜੋੜਨ ਲਈ ਸਮਾਜਿਕ ਜਾਗਰੂਕਤਾ ਦੀ ਲੋੜ ਹੈ। ਸਿੱਖਾਂ ਨੂੰ ਮਿਸਲਾਂ ਦੇ ਸਮੇਂ ਵਾਂਗ ਇਕੱਠੇ ਹੋ ਕੇ ਗੁਰਮਤੇ ਕਰਨੇ ਚਾਹੀਦੇ ਹਨ, ਜਿਵੇਂ ਪੁਰਾਣੇ ਸਮੇਂ ਵਿੱਚ ਸਿੱਖ ਇਕਜੁਟਤਾ ਨਾਲ ਚੁਣੌਤੀਆਂ ਦਾ ਮੁਕਾਬਲਾ ਕਰਦੇ ਸਨ। ਸਿੱਖੀ ਦੀ ਸੁੱਚੀ ਰੂਹ ਨੂੰ ਜੀਵਤ ਰੱਖਣ ਲਈ ਸਿੱਖ ਸਮਾਜ ਨੂੰ ਆਪਸ ਵਿੱਚ ਮਦਦ ਕਰਨੀ ਪਵੇਗੀ।ਸਿੱਖ ਪਛਾਣ ਦਾ ਸੰਕਟ ਕੋਈ ਨਵਾਂ ਨਹੀਂ, ਪਰ ਇਸ ਦਾ ਹੱਲ ਸਿੱਖੀ ਦੀ ਰੂਹ ਅਰਥਾਤ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤ ਵਿੱਚ ਹੀ ਲੁਕਿਆ ਹੈ। ਸਿੱਖ ਪੰਥ ਨੂੰ ਵੀ ਵਿਚਾਰਧਾਰਕ ਅਤੇ ਰੂਹਾਨੀ ਜਾਗਰੂਕਤਾ ਨਾਲ ਇਸ ਸੰਕਟ ਵਿਚੋਂ ਨਿਕਲਣਾ ਹੋਵੇਗਾ। ਸਿੱਖੀ ਦੀ ਸੂਰਤ ਅਤੇ ਸੁੱਚੀ ਰੂਹ ਨੂੰ ਜੀਵਤ ਰੱਖਣ ਲਈ ਸਿੱਖਾਂ ਨੂੰ ਆਪਣੀ ਮਾਂ-ਬੋਲੀ, ਗੁਰਦੁਆਰਿਆਂ ਦੀ ਸੰਗਤ ਅਤੇ ਗੁਰੂ ਦੀਆਂ ਸਿੱਖਿਆਵਾਂ ਨਾਲ ਜੁੜਨਾ ਪਵੇਗਾ। ਜੇ ਸਿੱਖ ਆਪਣੇ ਸਿਧਾਂਤਾਂ ਮੁਤਾਬਕ ਸੱਚਾ ਜੀਵਨ ਜੀਅ ਸਕੇ, ਤਾਂ ਸਿੱਖ ਸਰੂਪ ਦੁਨੀਆ ਲਈ ਫ਼ੈਸ਼ਨ ਵੀ ਬਣ ਸਕਦਾ ਹੈ। ਇਹ ਸਮਾਂ ਸਿੱਖ ਪੰਥ ਲਈ ਚੁਣੌਤੀਆਂ ਦੇ ਨਾਲ-ਨਾਲ ਸੰਭਾਵਨਾਵਾਂ ਦਾ ਵੀ ਹੈ।

# ਅਮਰੀਕੀ ਅਦਾਲਤ 'ਚ ਪੇਸ਼ ਨਵੇਂ ਦਸਤਾਵੇਜ਼ਾਂ ਨੇ ਨਿੱਝਰ ਦੇ ਕਤਲ ਤੇ ਪੰਨੂ ਕਤਲ ਦੀ ਸਾਜ਼ਿਸ਼ ਵਿਚਾਲੇ ਸਬੰਧ ਦੇ ਭੇਦ ਖੋਲੇ

## ਦਸਤਾਵੇਜ਼ਾਂ ਅਨੁਸਾਰ ਹੋਰ ਕਈ ਕੈਨੇਡੀਅਨ ਸਿੱਖ ਆਗੂਆਂ ਨੂੰ ਵੀ ਨਿਸ਼ਾਨਾ ਬਣਾਉਣ ਦੀ ਸੀ ਯੋਜਨਾ

ਅਮਰੀਕੀ ਅਦਾਲਤ ਦੇ ਨਵੇਂ ਖੁੱਲ੍ਹੇ ਦਸਤਾਵੇਜ਼ਾਂ ਨੇ ਹਰਦੀਪ ਸਿੰਘ ਨਿੱਝਰ ਦੇ 2023 ਦੌਰਾਨ ਹੋਏ ਕਤਲ ਅਤੇ ਸਿੱਖਸ ਫ਼ਾਰ ਜਸਟਿਸ ਦੇ ਆਗੂ ਗੁਰਪਤਵੰਤ ਸਿੰਘ ਪੰਨੂ 'ਤੇ ਨਿਊਯਾਰਕ ਵਿੱਚ ਕਤਲ ਦੀ ਸਾਜ਼ਿਸ਼ ਦਰਮਿਆਨ ਸਬੰਧ ਨੂੰ ਉਜਾਗਰ ਕੀਤਾ ਹੈ। ਇਸ ਮਾਮਲੇ ਵਿੱਚ ਭਾਰਤ ਸਰਕਾਰ ਦੇ ਕਰਮਚਾਰੀ ਵਿਕਾਸ਼ ਯਾਦਵ ਦਾ ਨਾਂ ਸਾਹਮਣੇ ਆਇਆ ਹੈ, ਜੋ ਹੁਣ ਐਫ਼.ਬੀ.ਆਈ. ਦੀ ਮੋਸਟ ਵਾਂਟਡ ਸੂਚੀ ਵਿੱਚ ਸ਼ਾਮਲ ਹੈ। 18 ਜੂਨ 2023 ਨੂੰ ਸਰੀ ਦੇ ਗੁਰੂ ਨਾਨਕ ਸਿੱਖ ਗੁਰਦੁਆਰੇ ਦੇ ਪਾਰਕਿੰਗ ਲਾਟ ਵਿੱਚ ਭਾਈ ਹਰਦੀਪ ਸਿੰਘ ਨਿੱਝਰ (45) ਨੂੰ ਦੋ ਨਕਾਬਪੋਸ਼ ਹਮਲਾਵਰਾਂ ਨੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ। ਭਾਈ ਨਿੱਝਰ, ਜੋ ਖਾਲਿਸਤਾਨ ਲਹਿਰ ਦੇ ਪ੍ਰਮੁੱਖ ਸਮਰਥਕ ਅਤੇ ਗੁਰਦੁਆਰੇ ਦੇ ਪ੍ਰਧਾਨ ਸਨ, ਆਪਣੇ ਟਰੱਕ ਵਿੱਚ ਮ੍ਰਿਤਕ ਹਾਲਤ ਵਿੱਚ ਮਿਲੇ। ਅਮਰੀਕੀ ਅਦਾਲਤ ਦੇ ਦਸਤਾਵੇਜ਼ਾਂ ਅਨੁਸਾਰ, ਪੰਨੂ ਦੇ ਕਤਲ ਦੀ ਸਾਜ਼ਿਸ਼, ਜੋ ਸਿੱਖ ਫ਼ਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਹਨ, ਦਾ ਸਿੱਧਾ ਸਬੰਧ ਭਾਈ ਨਿੱਝਰ ਦੇ ਕਤਲ ਨਾਲ ਹੈ। ਦਸਤਾਵੇਜ਼ਾਂ ਵਿੱਚ ਦੱਸਿਆ ਗਿਆ ਹੈ ਕਿ ਵਿਕਾਸ਼ ਯਾਦਵ, ਜੋ ਭਾਰਤ ਸਰਕਾਰ ਦਾ ਸੀਨੀਅਰ ਅਧਿਕਾਰੀ ਸੀ, ਨੇ ਨਿਖਿਲ ਗੁਪਤਾ ਨੂੰ ਪੰਨੂ ਦੇ ਕਤਲ ਲਈ ਭਰਤੀ ਕੀਤਾ ਸੀ। ਮਈ 2023 ਵਿੱਚ, ਯਾਦਵ ਨੇ ਗੁਪਤਾ ਨੂੰ ਇੱਕ ਅਪਰਾਧੀ ਸਾਥੀ ਸਮਝ ਕੇ ਸੰਪਰਕ ਕੀਤਾ, ਜੋ ਅਸਲ ਵਿੱਚ ਅਮਰੀਕੀ ਖੁਫ਼ੀਆ ਏਜੰਸੀ ਦਾ ਗੁਪਤ ਏਜੰਟ ਸੀ। ਗੁਪਤਾ ਨੇ 100,000 ਡਾਲਰ ਦੀ ਸੁਪਾਰੀ ਦੀ ਗੱਲ ਕੀਤੀ ਸੀ, ਜਿਸ ਵਿੱਚ 15,000 ਡਾਲਰ ਅਗਾਊਂ ਅਦਾ ਕੀਤੇ ਗਏ। ਗੁਪਤਾ ਨੇ ਏਜੰਟ ਨੂੰ ਕਿਹਾ ਸੀ ਕਿ ਨਿੱਝਰ ਵੀ 'ਟਾਰਗੇਟ' ਸੀ, ਜਿਸ ਨਾਲ ਨਿੱਝਰ ਦੇ ਕਤਲ ਦੀ ਸਾਜ਼ਿਸ਼ ਦਾ ਸ਼ੱਕ ਪੁਖਤਾ ਹੁੰਦਾ ਹੈ। ਗੁਪਤਾ ਨੂੰ ਜੂਨ 2023 ਵਿੱਚ ਚੈੱਕ ਗਣਰਾਜ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਹੁਣ ਉਹ ਨਿਊਯਾਰਕ ਵਿੱਚ 3 ਨਵੰਬਰ 2025 ਨੂੰ ਮੁਕੱਦਮੇ ਦਾ ਸਾਹਮਣਾ ਕਰੇਗਾ।

ਦਸਤਾਵੇਜ਼ਾਂ ਵਿੱਚ ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਹੋਰ ਕਈ ਕੈਨੇਡੀਅਨ ਸਿੱਖ ਆਗੂਆਂ ਨੂੰ ਵੀ ਨਿਸ਼ਾਨਾ ਬਣਾਉਣ ਦੀ ਯੋਜਨਾ ਸੀ। ਨਿੱਝਰ ਦੇ ਕਤਲ ਵਿੱਚ ਚਾਰ ਭਾਰਤੀ ਨਾਗਰਿਕਾਂ—ਅਮਨਦੀਪ ਸਿੰਘ, ਕਰਨ ਬਰਾੜ, ਕਮਲਪ੍ਰੀਤ ਸਿੰਘ ਅਤੇ ਕਰਨਪ੍ਰੀਤ ਸਿੰਘ—'ਤੇ ਪਹਿਲੇ ਦਰਜੇ ਦੇ ਕਤਲ ਅਤੇ ਸਾਜ਼ਿਸ਼ ਦੇ ਦੋਸ਼ ਹਨ। ਇਹਨਾਂ ਦੀ ਅਗਲੀ ਅਦਾਲਤੀ ਸੁਣਵਾਈ 14 ਅਗਸਤ ਨੂੰ ਹੋਵੇਗੀ। ਹਾਲਾਂਕਿ, ਇਹਨਾਂ ਨੂੰ ਸੁਪਾਰੀ ਦੇਣ ਵਾਲੇ ਦੀ ਪਛਾਣ ਅਜੇ ਨਹੀਂ ਹੋਈ। ਪੰਨੂ ਅਤੇ ਸਿੱਖ ਫ਼ਾਰ ਜਸਟਿਸ ਨੇ ਦਾਅਵਾ ਕੀਤਾ ਹੈ ਕਿ ਇਹ ਸਾਜ਼ਿਸ਼ਾਂ ਭਾਰਤ ਸਰਕਾਰ ਦੀ 'ਅੰਤਰਰਾਸ਼ਟਰੀ ਦਮਨ' ਨੀਤੀ ਦਾ ਹਿੱਸਾ ਹਨ। ਪੰਨੂ ਨੇ ਕਿਹਾ ਕਿ ਕੈਨੇਡਾ ਵਿੱਚ 100 ਤੋਂ ਵੱਧ ਸਿੱਖ ਆਗੂ ਭਾਰਤੀ ਕੌਂਸਲੇਟਾਂ ਦੀ ਨਿਗਰਾਨੀ ਹੇਠ ਹਿਟ ਲਿਸਟ 'ਤੇ ਹਨ। ਕੈਨੇਡੀਅਨ ਅਤੇ ਅਮਰੀਕੀ ਖੁਫ਼ੀਆ ਏਜੰਸੀਆਂ ਇਸ ਮਾਮਲੇ ਦੀ ਸਾਂਝੀ ਜਾਂਚ ਕਰ ਰਹੀਆਂ ਹਨ।

(ਬਾਕੀ ਸਫ਼ਾ 30 'ਤੇ)

## ਰਾਸ਼ਟਰਪਤੀ ਟਰੰਪ ਤੇ ਮਸਕ ਵਿਚਾਲੇ ਖਿੱਚੀ ਗਈ ਲਕੀਰ

# ਟਰੰਪ ਵੱਲੋਂ ਮਸਕ ਦੀਆਂ ਕੰਪਨੀਆਂ ਨੂੰ ਮਿਲਦੀ ਸਬਸਿਡੀ ਦੀ ਸਮੀਖਿਆ ਦਾ ਸੁਝਾਅ

ਵਾਸ਼ਿੰਗਟਨ/ਏ.ਟੀ.ਨਿਊਜ਼ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਸੁਝਾਅ ਦਿੱਤਾ ਹੈ ਕਿ ਸਰਕਾਰੀ ਸਮਰੱਥਾ ਵਿਭਾਗ ਨੂੰ ਪੈਸਾ ਬਚਾਉਣ ਲਈ ਟੈਸਲਾ ਦੇ ਸੀਈਓ ਐਲਨ ਮਸਕ ਦੀਆਂ ਕੰਪਨੀਆਂ ਨੂੰ ਮਿਲਣ ਵਾਲੀ ਸਬਸਿਡੀ ਦੀ ਸਮੀਖਿਆ ਕਰਨੀ ਚਾਹੀਦੀ ਹੈ ਜਿਸ ਨਾਲ ਦੁਨੀਆ ਦੇ ਸਭ ਤੋਂ ਸ਼ਕਤੀਸ਼ਾਲੀ ਵਿਅਕਤੀ ਤੇ ਸਭ ਤੋਂ ਅਮੀਰ ਵਿਅਕਤੀ ਵਿਚਾਲੇ ਸ਼ਬਦੀ ਜੰਗ ਮੁੜ ਤੋਂ ਸ਼ੁਰੂ ਹੋ ਗਈ ਹੈ। ਟਰੰਪ ਦੀ ਇਹ ਟਿੱਪਣੀ ਮਸਕ ਵੱਲੋਂ ਵਿਆਪਕ ਟੈਕਸ ਕਟੌਤੀ ਤੇ ਖਰਚ ਬਿੱਲ ਦੀ ਆਲੋਚਨਾ ਕੀਤੇ ਜਾਣ ਤੋਂ ਬਾਅਦ ਆਈ ਹੈ, ਜਿਸ 'ਚ ਉਨ੍ਹਾਂ ਸਰਕਾਰੀ ਖਰਚ ਨੂੰ ਸੀਮਤ ਕਰਨ ਦੀ ਮੁਹਿੰਮ ਮਗਰੋਂ ਇਸ ਦੀ ਹਮਾਇਤ ਕਰਨ ਵਾਲੇ ਸੰਸਦ ਮੈਂਬਰਾਂ ਨੂੰ ਹਟਾਉਣ ਦੀ ਸਹੁੰ ਖਾਧੀ ਹੈ। ਪ੍ਰੀ-ਮਾਰਕੀਟ ਕਾਰੋਬਾਰ 'ਚ ਟੈਸਲਾ ਦੇ ਸ਼ੇਅਰਾਂ 'ਚ ਤਕਰੀਬਨ 5 ਫੀਸਦ ਦੀ ਗਿਰਾਵਟ ਆਈ ਹੈ। ਟਰੰਪ ਨਾਲ ਵਿਵਾਦ ਟੈਸਲਾ ਤੇ ਮਸਕ ਦੇ ਬਾਕੀ ਕਾਰੋਬਾਰ ਲਈ ਅੜਿੱਕੇ ਪੈਦਾ ਕਰ ਸਕਦਾ ਹੈ।ਇਸੇ ਦੌਰਾਨ ਮਸਕ ਨੇ ਇਕ ਪੋਸਟ ਜਾਰੀ





ਕਰਕੇ ਦਾਅਵਾ ਕੀਤਾ ਕਿ ਜੇ ਬਿੱਲ ਪਾਸ ਹੋ ਗਿਆ ਤਾਂ ਉਹ ਇੱਕ ਨਵੀਂ ਸਿਆਸੀ ਪਾਰਟੀ (ਅਮਰੀਕਾ ਪਾਰਟੀ) ਬਣਾਉਣਗੇ। ਦੂਜੇ ਪਾਸੇ ਟਰੰਪ ਨੇ ਟਰੁੱਥ ਸੋਸ਼ਲ 'ਤੇ ਇੱਕ ਪੋਸਟ 'ਚ ਕਿਹਾ, 'ਇਤਿਹਾਸ 'ਚ ਹੁਣ ਤੱਕ ਕਿਸੇ ਵੀ ਵਿਅਕਤੀ ਮੁਕਾਬਲੇ ਐਲਨ ਨੂੰ ਸਭ ਤੋਂ ਵੱਧ ਸਬਸਿਡੀ ਮਿਲੀ ਹੈ ਅਤੇ ਸਬਸਿਡੀ ਤੋਂ ਬਿਨਾਂ ਸ਼ਾਇਦ ਐਲਨ ਨੂੰ ਆਪਣੀ ਦੁਕਾਨ ਬੰਦ ਕਰਨੀ ਪੈਂਦੀ ਤੇ ਦੱਖਣੀ ਅਫਰੀਕਾ ਵਾਪਸ ਜਾਣਾ ਪੈਂਦਾ।' ਉਨ੍ਹਾਂ ਕਿਹਾ ਕਿ ਇਸ ਤੋਂ ਦੇਸ਼ ਨੂੰ ਕੁਝ ਬਚਤ ਹੋ ਸਕਦੀ ਹੈ। ਉਨ੍ਹਾਂ ਕਿਹਾ, 'ਹੁਣ ਕੋਈ ਰਾਕੇਟ ਲਾਂਚਿੰਗ, ਉਪਗ੍ਰਹਿ ਜਾਂ ਇਲੈਕਟ੍ਰਿਕ ਕਾਰ ਦਾ ਉਤਪਾਦਨ ਨਹੀਂ ਹੋਵੇਗਾ ਅਤੇ ਸਾਡਾ ਦੇਸ਼ ਬਹੁਤ ਸਾਰਾ ਪੈਸਾ ਬਚਾ ਲਵੇਗਾ। ਸ਼ਾਇਦ ਸਾਡੇ ਸਰਕਾਰੀ ਸਮਰੱਥਾ ਵਿਭਾਗ ਨੂੰ ਇਸ 'ਤੇ ਚੰਗੀ ਤਰ੍ਹਾਂ ਵਿਚਾਰ ਕਰਨਾ ਚਾਹੀਦਾ ਹੈ।'

## ਮੈਗਾਬਿੱਲ ਦੇ ਹੱਕ 'ਚ ਵੋਟ ਪਾਉਣ ਵਾਲੇ ਹਰ ਰਿਪਬਲੀਕਨ ਸਾਂਸਦ ਦਾ ਮੁੱਢਲੀ ਚੋਣ ਵਿੱਚ ਕਰਾਂਗਾ ਵਿਰੋਧ: ਮਸਕ

ਸੈਕਰਾਮੈਂਟੋ, ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ: ਰਾਸ਼ਟਰਪਤੀ ਡੋਨਾਲਡ ਟਰੰਪ ਤੇ ਅਰਬਪਤੀ ਕਾਰੋਬਾਰੀ ਐਲਨ ਮਸਕ ਵਿਚਾਲੇ ਇੱਕ ਵਾਰ ਫ਼ਿਰ ਮੱਤਭੇਦ ਡੂੰਘੇ ਹੋ ਗਏ ਹਨ।ਮਸਕ ਨੇ ਟਰੰਪ ਦੁਆਰਾ ਪੇਸ਼ ਮੈਗਾਬਿੱਲ ਦਾ ਵਿਰੋਧ ਕਰਦਿਆਂ ਐਲਾਨ ਕੀਤਾ ਹੈ ਕਿ ਜੋ ਵੀ ਕੋਈ ਸੈਨੇਟ ਮੈਂਬਰ ਬਿੱਲ ਦੇ ਹੱਕ ਵਿੱਚ ਵੋਟ ਪਾਵੇਗਾ, ਉਸ ਨੂੰ ਪਾਰਟੀ ਦੀ ਮੁੱਢਲੀ ਚੋਣ ਵਿੱਚ ਚੁਣੌਤੀ ਦਾ ਸਾਹਮਣਾ ਕਰਨਾ ਪਵੇਗਾ, ਮੈਂ ਉਸ ਦਾ ਵਿਰੋਧ ਕਰਾਂਗਾ।ਵਾਇਟ ਹਾਊਸ ਦੇ ਸਾਬਕਾ ਚੋਟੀ ਦੇ ਸਲਾਹਕਾਰ ਮਸਕ ਨੇ ਐਕਸ ਉੱਪਰ ਬਿਲ ਦਾ ਵਿਰੋਧ ਕਰਦਿਆਂ ਲਿੱਖਿਆ ਹੈ ਕਿ ਚਿੰਤਾ ਵਾਲੀ ਗੱਲ ਇਹ ਹੈ ਕਿ ਬਿਲ ਰਾਸ਼ਟਰੀ ਕਰਜ਼ਾ ਵਧਾਉਣ ਦਾ ਕੰਮ ਕਰੇਗਾ।

ਮਸਕ ਨੇ ਲਿੱਖਿਆ ਹੈ ਕਿ ਕਾਂਗਰਸ ਦੇ ਹਰੇਕ ਮੈਂਬਰ, ਜਿਸ ਨੇ ਸਰਕਾਰੀ ਖਰਚ ਘਟਾਉਣ ਲਈ ਮੁਹਿੰਮ ਚਲਾਈ ਸੀ, ਜੇਕਰ ਹੁਣ ਉਹ ਇਤਿਹਾਸਕ ਕਰਜ਼ਾ ਵਧਾਉਣ ਵਾਲੇ ਬਿਲ ਦੇ ਹੱਕ ਵਿੱਚ ਵੋਟ ਪਾਉਂਦਾ ਹੈ ਤਾਂ ਉਸ ਨੂੰ ਆਪਣਾ ਸਿਰ ਸ਼ਰਮ ਨਾਲ ਝੁਕਾਅ ਲੈਣਾ ਚਾਹੀਦਾ ਹੈ।ਉਸ ਨੂੰ ਅਗਲੇ ਸਾਲ ਮੁੱਢਲੀ ਚੋਣ ਵਿੱਚ ਹਾਰ ਦਾ ਸਾਹਮਣਾ ਕਰਨਾ ਪਵੇਗਾ। ਇਹ ਮੇਰੀ ਇਸ ਧਰਤੀ ਉੱਪਰ ਆਖਰੀ ਚੀਜ ਹੋਵੇਗੀ ਜੋ ਮੈਂ ਕਰਨ ਜਾ ਰਿਹਾ ਹਾਂ। ਇਥੇ ਜ਼ਿਕਰਯੋਗ ਹੈ ਕਿ ਸਲਾਹਕਾਰ ਵਜੋਂ ਵਾਇਟ ਹਾਊਸ ਛੱਡਣ ਤੋਂ ਬਾਅਦ ਮਸਕ ਨੇ ਟਰੰਪ ਦੀ ਸਖ਼ਤ ਆਲੋਚਨਾ ਕੀਤੀ ਸੀ ਤੇ ਇਥੋਂ ਤੱਕ ਕਹਿ ਦਿੱਤਾ ਸੀ ਕਿ ਮਿਸਟਰ ਟਰੰਪ ਮੈਂ ਤੇਰੀ ਹਮਾਇਤ ਨਾ ਕਰਦਾ ਤਾਂ ਤੂੰ ਹਾਰ ਜਾਂਦਾ।

# ਸ਼ਹੀਦ ਭਾਈ ਖਾਲੜਾ ਦੀ ਸ਼ਹਾਦਤ ਅਤੇ ਵਿਰਾਸਤ ਬਾਰੇ ਸੈਮੀਨਾਰ ਅਤੇ ਕਿਤਾਬ ਲੋਕ ਅਰਪਣ ਕੀਤੀ

ਸਰੀ/ਏ.ਟੀ.ਨਿਊਜ਼: ਮਨੁੱਖੀ ਹੱਕਾਂ ਦੇ ਅਲੰਬਰਦਾਰ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਸ਼ਹਾਦਤ ਤੋਂ ਤਿੰਨ ਦਹਾਕਿਆਂ ਤੇ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਦੀ ਸ਼ਹਾਦਤ ਦੇ ਦੋ ਸਾਲਾਂ ਬਾਅਦ, ਉਨ੍ਹਾਂ ਦੀ ਸਦੀਵੀ ਵਿਰਾਸਤ ਦੇ ਸਬੰਧ ਵਿੱਚ ਵਿਸ਼ੇਸ਼ ਸੈਮੀਨਾਰ, ਵਿਸ਼ਵ ਸਿੱਖ ਸੰਸਥਾ ਵੱਲੋਂ ਪੰਥਕ ਅਲਾਇੰਸ ਨਾਲ ਮਿਲ ਕੇ ਸਰੀ ਦੇ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਹਾਲ, ਗੁਰੂ ਨਾਨਕ ਗੁਰਦੁਆਰਾ ਸਾਹਿਬ ਸਰੀ ਵਿਖੇ ਕਰਵਾਇਆ ਗਿਆ।









ਇਸ ਮੌਕੇ 'ਤੇ ਸੰਗਤਾਂ ਨੇ ਭਾਰੀ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ। ਵਿਸ਼ੇਸ਼ ਮਹਿਮਾਨ ਬੁਲਾਰਿਆਂ ਵਿੱਚ ਭਾਈ ਅਮਰਜੀਤ ਸਿੰਘ ਖਾਲੜਾ (ਭਾਈ ਜਸਵੰਤ ਸਿੰਘ ਖਾਲੜਾ ਦੇ ਭਰਾ) ਨੇ ਵਿਸਥਾਰ ਵਿੱਚ ਸ਼ਹੀਦ ਖਾਲੜਾ ਦੀ ਸ਼ਹਾਦਤ ਦੇ ਇਤਿਹਾਸ ਨੂੰ ਬਿਆਨ ਕਰਦਿਆਂ, ਮੌਜੂਦਾ ਪੰਥਕ ਚੁਣੌਤੀਆਂ ਬਾਰੇ ਵੀ ਗੱਲਬਾਤ ਕੀਤੀ।

ਪ੍ਰੋਗਰਾਮ ਦਾ ਸੰਚਾਲਨ ਕਰਦਿਆਂ ਡਾ. ਗੁਰਵਿੰਦਰ ਸਿੰਘ ਨੇ ਸਿੱਖ ਮਿਸਲਾਂ ਤੋਂ ਲੈ ਕੇ ਵਰਤਮਾਨ ਸਮੇਂ ਤੱਕ ਦੇ ਕੌਮੀ ਚੁਣੌਤੀਆਂ ਅਤੇ ਪੰਥਕ ਮਸਲਿਆਂ ਦੀ ਹੱਲ ਬਾਰੇ ਵਿਚਾਰ ਸਾਂਝੇ ਕੀਤੇ।ਉਹਨਾਂ ਪ੍ਰਸਿੱਧ ਕਿਤਾਬ 'ਰਿਡਿਊਸ ਟੂ ਐਸ਼ਜ' (ਸੁਆਹ ਕਰ ਦਿੱਤੇ ਲੋਕ) ਦਾ ਵਿਸ਼ੇਸ਼ ਹਵਾਲਾ ਦਿੰਦਿਆਂ ਲਿਖਤਾਂ ਪ੍ਰਤੀ ਜਾਗਰੂਕਤਾ ਪੈਦਾ ਕੀਤੀ।

ਇਸ ਮੌਕੇ 'ਤੇ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਜੀਵਨੀ ਬਾਰੇ ਸਿੱਖ ਚਿੰਤਕ ਅਤੇ ਇਤਿਹਾਸਕਾਰ ਸਿਰਦਾਰ ਅਜਮੇਰ ਸਿੰਘ ਵੱਲੋਂ ਲਿਖੀ ਕਿਤਾਬ 'ਸ਼ਹੀਦ ਜਸਵੰਤ ਸਿੰਘ ਖਾਲੜਾ : ਸੋਚ, ਸੰਘਰਸ਼ ਅਤੇ ਸ਼ਹਾਦਤ' ਦਾ ਅੰਗਰੇਜ਼ੀ ਐਡੀਸ਼ਨ ਰਿਲੀਜ਼ ਕੀਤਾ ਗਿਆ।

ਵਰਲਡ ਸਿੱਖ ਆਰਗਨਾਈਜੇਸ਼ਨ ਵੱਲੋਂ ਪੰਥਕ ਅਲਾਇੰਸ ਆਫ ਬੀ ਸੀ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਇਸ ਸਮਾਗਮ ਵਿੱਚ, ਵਿਸ਼ਵ ਸਿੱਖ ਸੰਸਥਾ ਦੇ ਮੁੱਖ ਸੇਵਾਦਾਰ ਭਾਈ ਦਾਨਿਸ਼ ਸਿੰਘ ਅਤੇ ਪੰਥਕ ਅਲਾਇੰਸ ਦੇ ਮੁੱਖ ਸੇਵਾਦਾਰ ਭਾਈ ਭਵਨੀਤ ਸਿੰਘ ਨੇ ਸੰਗਤਾਂ ਨੂੰ 'ਜੀ ਆਇਆਂ ਨੂੰ' ਆਖਦਿਆਂ ਧੰਨਵਾਦ ਕੀਤਾ।ਇੱਥੇ ਜ਼ਿਕਰਯੋਗ ਹੈ ਕਿ ਗੁਰੂ ਨਾਨਕ ਜਹਾਜ਼ ਦੀ ਅਗਵਾਈ ਕਰਨ ਵਾਲੀ ਪੰਜ ਮੈਂਬਰੀ ਕਮੇਟੀ ਵਿੱਚ ਖਾਲੜਾ ਸਾਹਿਬ ਦੇ ਦਾਦਾ ਜੀ ਭਾਈ ਹਰਨਾਮ ਸਿੰਘ ਖਾਲੜਾ ਦੀ ਵਿਸ਼ੇਸ਼ ਭੂਮਿਕਾ ਸੀ।

## ਫ਼ਰਿਜ਼ਨੋ 'ਚ 'ਜਸਵੰਤ ਸਿੰਘ ਖਾਲੜਾ ਸਕੂਲ' ਦਾ ਇਤਿਹਾਸਕ ਉਦਘਾਟਨ



ਫ਼ਰਿਜ਼ਨੋ (ਕੈਲੀਫ਼ੋਰਨੀਆ)/ ਏ.ਟੀ.ਨਿਊਜ਼: ਪਿਛਲੇ ਦਿਨੀਂ ਫ਼ਰਿਜ਼ਨੋ ਵਿਖੇ ਉਸ ਵਕਤ ਇਤਿਹਾਸਕ ਪਲ ਦਰਜ ਕੀਤਾ ਗਿਆ, ਜਦੋਂ ਮਨੁੱਖੀ ਅਧਿਕਾਰਾਂ ਲਈ ਆਪਣੀ ਜਾਨ ਕੁਰਬਾਨ ਕਰਨ ਵਾਲੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਯਾਦ ਵਿੱਚ ਇੱਕ ਨਵੇਂ ਐਲੀਮੈਂਟਰੀ ਸਕੂਲ ਦਾ ਉਦਘਾਟਨ ਕੀਤਾ ਗਿਆ।

ਇਸ ਸਕੂਲ ਨੂੰ ਜਸਵੰਤ ਸਿੰਘ ਖਾਲੜਾ ਅਕੈਡਮੀ ਦਾ ਨਾਮ ਦਿੱਤਾ ਗਿਆ ਹੈ।ਉਦਘਾਟਨੀ ਸਮਾਰੋਹ ਵਿੱਚ ਸਥਾਨਕ ਪੰਜਾਬੀ ਭਾਈਚਾਰੇ, ਕਮਿਊਨਿਟੀ ਆਗੂਆਂ, ਸਿੱਖ ਸੰਗਤਾਂ ਅਤੇ ਸਕੂਲ ਬੋਰਡ ਦੇ ਮੈਂਬਰਾਂ ਨੇ ਭਰਪੂਰ ਸ਼ਿਰਕਤ ਕੀਤੀ। ਸਮਾਰੋਹ ਦੌਰਾਨ ਖਾਲੜਾ ਸਾਹਿਬ ਦੀ ਜ਼ਿੰਦਗੀ, ਉਨ੍ਹਾਂ ਦੀਆਂ ਇਨਸਾਫ਼ ਲਈ ਕੀਤੀਆਂ ਕੋਸ਼ਿਸ਼ਾਂ ਅਤੇ 1995 ਵਿੱਚ ਹੋਈ ਉਨ੍ਹਾਂ ਦੀ ਬੇਰਹਿਮੀ ਨਾਲ ਹੱਤਿਆ ਨੂੰ ਯਾਦ ਕੀਤਾ ਗਿਆ।

ਇਸ ਮੌਕੇ ਰਿਬਨ ਕੱਟ ਸਮਾਰੋਹ ਵਿੱਚ ਖਾਲੜਾ ਸਾਹਿਬ ਦਾ ਪਰਿਵਾਰ, ਉਨ੍ਹਾਂ ਦੀ ਧੀ ਨਵਕਿਰਨ ਕੌਰ ਖਾਲੜਾ ਅਤੇ ਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਵੀ ਮੌਜੂਦ ਰਹੇ।

ਸਕੂਲ ਡਿਸਟ੍ਰਿਕਟ ਵੱਲੋਂ ਖਾਲੜਾ ਪਰਿਵਾਰ ਨੂੰ ਸਨਮਾਨ ਚਿੰਨ੍ਹ ਦਿੱਤਾ ਗਿਆ ਅਤੇ ਬੀਬੀ ਪਰਮਜੀਤ ਕੌਰ ਖਾਲੜਾ ਨੇ ਆਪਣੇ ਕਰ ਕਮਲਾਂ ਨਾਲ ਸਕੂਲ ਦਾ ਉਦਘਾਟਨ ਕੀਤਾ। ਇਸ ਮੌਕੇ ਸਕੂਲ ਦੇ ਪੰਜਾਬੀ ਬੱਚਿਆਂ ਨੇ ਭੰਗੜੇ ਦੇ ਜੌਹਰ ਵੀ ਵਿਖਾਏ, ਨਾਲ ਹੀ ਸ਼ਪੈਨਸ਼ ਬੱਚਿਆ ਵੱਲੋਂ ਡਾਂਸ ਕੀਤਾ ਗਿਆ। ਸਕੂਲ ਜਸਵੰਤ ਸਿੰਘ ਖਾਲੜਾ ਅਕੈਡਮੀ ਵਿੱਚ 600 ਤੋਂ ਵੱਧ ਟੀ.ਕੇ. ਤੋਂ 6ਵੀਂ ਕਲਾਸ ਤੱਕ ਦੇ ਵਿਦਿਆਰਥੀ ਹੋਣਗੇ, ਜੋ "ਰੇਇਲਸ" ਕਹਾਉਣਗੇ ਅਤੇ ਸਿੰਘ (ਲਾਇਨ) ਉਨ੍ਹਾਂ ਦਾ ਚਿੰਨ੍ਹ ਹੋਵੇਗਾ।

ਪ੍ਰਿੰਸੀਪਲ ਰਾਊਲ ਡੀਅਜ਼ ਨੇ ਕਿਹਾ ਕਿ ਸਕੂਲ ਬੱਚਿਆਂ ਨੂੰ ਪੜ੍ਹਾਈ ਦੇ ਨਾਲ ਨਾਲ ਹਿੰਮਤ, ਇਨਸਾਫ਼ ਅਤੇ ਇਨਸਾਨੀ ਕਦਰਾਂ ਕੀਮਤਾਂ ਲਈ ਲੜਨਾ ਸਿਖਾਏਗਾ।

(ਬਾਕੀ ਸਫ਼ਾ 30 'ਤੇ)

## ਰੋਪੜ ਦੇ 6 ਸਾਲਾ ਤੇਗਬੀਰ ਨੇ ਯੂਰਪ ਦੀ ਸਭ ਤੋਂ ਉੱਚੀ ਚੋਟੀ ਫ਼ਤਹਿ ਕਰਕੇ ਬਣਾਇਆ ਨਵਾਂ ਵਿਸ਼ਵ ਰਿਕਾਰਡ

ਰੂਪਨਗਰ/ਏ.ਟੀ.ਨਿਊਜ਼: ਰੋਪੜ (ਰੂਪਨਗਰ) ਦੇ 6 ਸਾਲਾ ਤੇਗਬੀਰ ਸਿੰਘ ਨੇ ਰੂਸ ਵਿੱਚ 18510 ਫੁੱਟ (5642 ਮੀਟਰ) ਉੱਚੀ ਚੋਟੀ ਮਾਊਂਟ ਐਲਬਰਸ 'ਤੇ ਚੜ੍ਹ ਕੇ ਵਿਸ਼ਵ ਰਿਕਾਰਡ ਬਣਾਇਆ ਹੈ। ਤੇਗਬੀਰ ਦੇ ਪਿਤਾ ਨੇ ਕਿਹਾ ਕਿ ਉਸ ਨੇ 20 ਜੂਨ ਨੂੰ ਮਾਊਂਟ ਐਲਬਰਸ ਵੱਲ ਚੜ੍ਹਾਈ ਸ਼ੁਰੂ ਕੀਤੀ ਸੀ ਤੇ 28 ਜੂਨ ਨੂੰ ਚੋਟੀ ਦੀ ਸਿਖਰ 'ਤੇ ਪਹੁੰਚ ਗਿਆ।

ਰੂਸ ਦੇ ਬਲਕਾਰੀਅਨ ਗਣਰਾਜ ਦੇ ਕਬਾਰਡੀਨੋ ਦੇ ਮਾਊਂਟੇਨੀਅਰਿੰਗ, ਰੌਕ ਕਲਾਈਬਿੰਗ ਅਤੇ ਸਪੋਰਟਸ ਟੂਰਿਜ਼ਮ ਫੈਡਰੇਸ਼ਨ ਵੱਲੋਂ ਤੇਗਬੀਰ ਨੂੰ ਸਰਟੀਫਿਕੇਟ ਜਾਰੀ ਕੀਤਾ ਗਿਆ ਹੈ, ਜੋ ਇਹ ਪ੍ਰਮਾਣਤ ਕਰਦਾ ਹੈ ਕਿ ਤੇਗਬੀਰ ਇਸ ਚੋਟੀ ਨੂੰ ਸਰ ਕਰਨ ਵਾਲਾ ਸਭ ਤੋਂ ਛੋਟੀ ਉਮਰ ਦਾ ਸੀ। ਸਰਟੀਫਿਕੇਟ ਵਿੱਚ ਤੇਗਬੀਰ ਸਿੰਘ ਵੱਲੋਂ ਇਹ ਮਾਅਰਕਾ ਹਾਸਲ ਕਰਨ ਮੌਕੇ ਉਸ ਦੀ ਉਮਰ 6 ਸਾਲ, 9 ਮਹੀਨੇ ਤੇ 4 ਦਿਨ ਦਰਸਾਈ ਗਈ ਹੈ।







ਇਸ ਪ੍ਰਾਪਤੀ ਤੋਂ ਖੁਸ਼ ਤੇਗਬੀਰ ਨੇ ਵਟਸਐਪ ਕਾਲ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ, "ਮੈਨੂੰ ਪਤਾ ਸੀ ਕਿ ਮੈਂ ਕਿੱਥੇ ਪੈਰ ਰੱਖਾਂਗਾ। ਮੈਂ ਪਹਾੜ ਦੀ ਚੋਟੀ 'ਤੇ ਪਹੁੰਚਿਆ ਅਤੇ ਉੱਥੇ ਆਪਣੇ ਪਿਤਾ ਨਾਲ ਇੱਕ ਤਸਵੀਰ ਖਿਚਵਾਈ। ਮੈਂ ਪਹਿਲੀ ਵਾਰ ਬਰਫ਼ 'ਤੇ ਤੁਰ ਰਿਹਾ ਸੀ, ਮੇਰੇ ਜੁੱਤੇ ਭਾਰੀ ਸਨ ਪਰ ਮੈਂ ਇਸ ਦਾ ਅਭਿਆਸ ਕੀਤਾ ਸੀ।" ਤੇਗਬੀਰ ਸ਼ਿਵਾਲਿਕ ਪਬਲਿਕ ਸਕੂਲ, ਰੋਪੜ ਦਾ ਦੂਜੀ ਜਮਾਤ ਦਾ ਵਿਦਿਆਰਥੀ ਹੈ। ਤੇਗਬੀਰ ਨੇ ਇਸ ਪ੍ਰਾਪਤੀ ਨਾਲ 6 ਸਾਲ ਤੇ 9 ਮਹੀਨੇ ਦੀ ਉਮਰ ਵਿੱਚ ਮਾਊਂਟ ਐਲਬਰਸ ਦੀ ਚੜ੍ਹਾਈ ਦਾ ਨਵਾਂ ਵਿਸ਼ਵ ਰਿਕਾਰਡ ਕਾਇਮ ਕੀਤਾ ਹੈ। ਪਹਿਲਾਂ ਇਹ ਰਿਕਾਰਡ ਮਹਾਰਾਸ਼ਟਰ ਦੇ ਵਸਨੀਕ ਦੇ ਨਾਂ ਸੀ, ਜਿਸ ਨੇ ਪਿਛਲੇ ਸਾਲ 7 ਸਾਲ ਅਤੇ 3 ਮਹੀਨੇ ਦੀ ਉਮਰ ਵਿੱਚ ਵਿਸ਼ਵ ਰਿਕਾਰਡ ਬਣਾਇਆ ਸੀ।ਤੇਗਬੀਰ ਅਗਸਤ 2024 ਵਿੱਚ ਅਫ਼ਰੀਕੀ ਮਹਾਂਦੀਪ ਦੀ ਸਭ ਤੋਂ ਉੱਚੀ ਚੋਟੀ ਮਾਊਂਟ ਕਿਲੀਮੰਜਾਰੋ ਨੂੰ ਸਰ ਕਰਨ ਵਾਲਾ ਸਭ ਤੋਂ ਘੱਟ ਉਮਰ ਦਾ ਏਸ਼ਿਆਈ ਬਣਿਆ। ਇਸ ਲਈ ਉਸ ਦਾ ਨਾਮ ਏਸ਼ੀਆ ਬੁੱਕ ਆਫ਼ ਰਿਕਾਰਡਜ਼ ਅਤੇ ਇੰਡੀਆ ਬੁੱਕ ਆਫ਼ ਰਿਕਾਰਡਜ਼ ਵਿੱਚ ਸ਼ਾਮਲ ਹੈ

(ਬਾਕੀ ਸਫ਼ਾ 30 'ਤੇ)

# ਅਮਰੀਕਾ ਦਾ ਵੀਜ਼ਾ ਲੈਣਾ ਹੋਇਆ ਹੋਰ ਮੁਸ਼ਕਿਲ

## ਅਮਰੀਕਾ ਦਾ ਵੀਜ਼ਾ ਲੈਣ ਲਈ ਬਿਨੈਕਾਰਾਂ ਨੂੰ ਦੇਣੀ ਪਵੇਗੀ ਸੋਸ਼ਲ ਮੀਡੀਆ ਖਾਤਿਆਂ ਦੀ ਜਾਣਕਾਰੀ

ਨਵੀਂ ਦਿੱਲੀ/ਏ.ਟੀ.ਨਿਊਜ਼ः ਕੌਮੀ ਸੁਰੱਖਿਆ ਦਾ ਹਵਾਲਾ ਦਿੰਦੇ ਹੋਏ ਅਮਰੀਕਾ ਨੇ ਵੀਜ਼ਾ ਬਿਨੈਕਾਰਾਂ ਨੂੰ ਪਿਛਲੇ ਪੰਜ ਸਾਲਾਂ ਵਿੱਚ ਵਰਤੇ ਗਏ ਹਰੇਕ ਸੋਸ਼ਲ ਮੀਡੀਆ ਪਲੇਟਫਾਰਮ ਦੇ ਆਪਣੇ ਯੂਜ਼ਰਨੇਮ ਜਾਂ ਹੈਂਡਲ ਦਾ ਖੁਲਾਸਾ ਕਰਨ ਲਈ ਕਿਹਾ ਹੈ। ਭਾਰਤ ਵਿੱਚ ਅਮਰੀਕੀ ਦੂਤਾਵਾਸ ਨੇ ਪਿਛਲੇ ਦਿਨੀਂ ਜਾਰੀ ਇੱਕ ਸੰਖੇਪ ਬਿਆਨ ਵਿੱਚ ਇਹ ਜਾਣਕਾਰੀ ਸਾਂਝੀ ਕੀਤੀ, ਜਿਸ ਵਿੱਚ ਸੋਸ਼ਲ ਮੀਡੀਆ ਜਾਣਕਾਰੀ ਨੂੰ ਖਾਲੀ ਛੱਡਣ ਵਿਰੁੱਧ ਵੀ ਚਿਤਾਵਨੀ ਦਿੱਤੀ ਗਈ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਜਾਣਕਾਰੀ ਸਾਂਝੀ ਨਾ ਕੀਤੇ ਜਾਣ ’ਤੇ ਵੀਜ਼ਾ ਰੱਦ ਹੋ ਸਕਦਾ ਹੈ ਅਤੇ ਭਵਿੱਖ ਦੇ ਵੀਜ਼ਿਆਂ ਨੂੰ ਅਯੋਗ ਕੀਤਾ ਜਾ ਸਕਦਾ ਹੈ।

ਇਸ ਸਬੰਧੀ ਐਕਸ ’ਤੇ ਪੋਸਟ ਕੀਤੇ ਗਏ ਬਿਆਨ ਵਿੱਚ ਲਿਖਿਆ, “ਵੀਜ਼ਾ ਬਿਨੈਕਾਰਾਂ ਨੂੰ ਡੀ.ਐਸ-160 ਵੀਜ਼ਾ ਬਿਨੈ-ਪੱਤਰ ਫਾਰਮ ’ਤੇ ਪਿਛਲੇ 5 ਸਾਲਾਂ ਤੋਂ ਵਰਤੇ ਗਏ ਹਰੇਕ ਪਲੇਟਫਾਰਮ ਦੇ ਸਾਰੇ ਸੋਸ਼ਲ ਮੀਡੀਆ ਯੂਜ਼ਰਨੇਮ ਜਾਂ ਹੈਂਡਲ ਸੂਚੀਬੱਧ ਕਰਨ ਦੀ ਲੋੜ ਹੈ। ਬਿਨੈਕਾਰ ਦਸਤਖ਼ਤ ਕਰਨ ਅਤੇ ਜਮ੍ਹਾਂ ਕਰਾਉਣ ਤੋਂ ਪਹਿਲਾਂ ਪ੍ਰਮਾਣਿਤ ਕਰਨਗੇ ਕਿ ਉਨ੍ਹਾਂ ਦੇ ਵੀਜ਼ਾ ਬਿਨੈ-ਪੱਤਰ ਵਿੱਚ ਦਿੱਤੀ ਗਈ ਜਾਣਕਾਰੀ ਸਹੀ ਅਤੇ ਸੱਚੀ ਹੈ।” ਪੋਸਟ ਵਿੱਚ ਅੱਗੇ ਕਿਹਾ ਗਿਆ ਹੈ ਕਿ ਸੋਸ਼ਲ ਮੀਡੀਆ ਜਾਣਕਾਰੀ ਛੱਡਣ ਨਾਲ ਵੀਜ਼ਾ ਰੱਦ ਹੋ ਸਕਦਾ ਹੈ ਅਤੇ ਭਵਿੱਖ ਦੇ ਵੀਜ਼ਿਆਂ ਲਈ ਅਯੋਗ ਕਰਾਰ ਦਿੱਤਾ ਜਾ ਸਕਦਾ ਹੈ।

23 ਜੂਨ ਨੂੰ ਅਮਰੀਕੀ ਦੂਤਾਵਾਸ ਨੇ ਐਫ.ਐਮ.ਜਾਂ ਜੇ. ਗ਼ੈਰ-ਪਰਵਾਸੀ ਵੀਜ਼ਾ ਲਈ ਅਰਜ਼ੀ ਦੇਣ ਵਾਲਿਆਂ ਨੂੰ ਉਨ੍ਹਾਂ ਦੇ ਸੋਸ਼ਲ ਮੀਡੀਆ ਖਾਤਿਆਂ ਦੀ ਪੜਦਾਦਾਰੀ ਸੈਟਿੰਗਾਂ ਨੂੰ ਜਨਤਕ ਕਰਨ ਲਈ ਕਿਹਾ ਸੀ ਤਾਂ ਜੋ ਜਾਂਚ ਵਿੱਚ ਸਹੂਲਤ ਹੋ ਸਕੇ। ਇਸ ਨੂੰ ਕਾਨੂੰਨ ਅਧੀਨ ਅਮਰੀਕਾ ਵਿੱਚ ਉਨ੍ਹਾਂ ਦੀ ਪਛਾਣ ਪੱਕੀ ਕਰਨ ਅਤੇ ਦਾਖਲੇ ਲਈ ਜ਼ਰੂਰੀ ਦੱਸਿਆ ਗਿਆ ਹੈ।




ਦੂਤਾਵਾਸ ਨੇ ਇਹ ਵੀ ਕਿਹਾ ਸੀ ਕਿ 2019 ਤੋਂ ਅਮਰੀਕਾ ਨੇ ਵੀਜ਼ਾ ਬਿਨੈਕਾਰਾਂ ਨੂੰ ਪਰਵਾਸੀ ਅਤੇ ਗੈਰ-ਪਰਵਾਸੀ ਵੀਜ਼ਾ ਬਿਨੈ-ਪੱਤਰ ਫਾਰਮਾਂ ’ਤੇ ਸੋਸ਼ਲ ਮੀਡੀਆ ਪ੍ਰਦਾਨ ਕਰਨ ਦੀ ਲੋੜ ਹੈ। ਐਫ ਜਾਂ ਐਮ ਸ਼੍ਰੇਣੀ ਵਿਦਿਆਰਥੀ ਵੀਜ਼ਾ ਲਈ ਹੈ ਅਤੇ ਜੇ ਸ਼੍ਰੇਣੀ ਐਕਸਚੇਂਜ ਵਿਜ਼ਟਰ ਵੀਜ਼ਾ ਲਈ ਹੈ।

ਦੂਤਾਵਾਸ ਨੇ ਦੋ ਸਬੰਧਿਤ ਡਿਜੀਟਲ ਪੋਸਟਰ ਵੀ ਨੱਥੀ ਕੀਤੇ। “ਹਰੇਕ ਯੂ.ਐੱਸ. ਵੀਜ਼ਾ ਫੈਸਲਾ ਇੱਕ ਕੌਮੀ ਸੁਰੱਖਿਆ ਫੈਸਲਾ ਹੈ, ਇੱਕ ਪੋਸਟਰ ਦੇ ਸਿਖਰ ’ਤੇ ਇੱਕ ਨੋਟ ਦੇ ਬਾਅਦ ਕੈਪਸ਼ਨ ਲਿਖਿਆ ਸੀ। ਨੋਟ ਵਿੱਚ ਲਿਖਿਆ ਸੀ, ਸੰਯੁਕਤ ਰਾਜ ਅਮਰੀਕਾ ਵੀਜ਼ਾ ਬਿਨੈਕਾਰਾਂ ਨੂੰ ਵੀਜ਼ਾ ਬਿਨੈ-ਪੱਤਰ ਫਾਰਮਾਂ ‘ਤੇ ਸੋਸ਼ਲ ਮੀਡੀਆ ਪਛਾਣਕਰਤਾ ਪ੍ਰਦਾਨ ਕਰਨ ਦੀ ਮੰਗ ਕਰਦਾ ਹੈ। ਅਸੀਂ ਆਪਣੀ ਵੀਜ਼ਾ ਸਕ੍ਰੀਨਿੰਗ ਅਤੇ ਜਾਂਚ ਵਿੱਚ ਉਪਲਬਧ ਸਾਰੀ ਜਾਣਕਾਰੀ ਦੀ ਵਰਤੋਂ ਕਰਦੇ ਹਾਂ।” ਇਸ ਤੋਂ ਪਹਿਲਾਂ ਦੂਤਾਵਾਸ ਦੇ ਬਿਆਨ ਵਿੱਚ ਕਿਹਾ ਗਿਆ ਸੀ ਕਿ ਅਮਰੀਕਾ ਨੇ ਇਮੀਗ੍ਰੇਸ਼ਨ ਕਾਨੂੰਨਾਂ ਦੇ ਲਾਗੂਕਰਨ ਨੂੰ ਵਧਾ ਦਿੱਤਾ ਹੈ ਅਤੇ ਉਲੰਘਣਾ ਕਰਨ ਵਾਲਿਆਂ ਨੂੰ ਭਵਿੱਖ ਦੇ ਵੀਜ਼ਾ ਯੋਗਤਾ ਲਈ ਨਜ਼ਰਬੰਦੀ, ਦੇਸ਼ ਨਿਕਾਲੇ ਅਤੇ ਸਥਾਈ ਨਤੀਜਿਆਂ ਦਾ ਸਾਹਮਣਾ ਕਰਨਾ ਪਵੇਗਾ।

# ਟਰੰਪ ਨੇ ਵੀਜ਼ਾ-ਗਰੀਨ ਕਾਰਡ ’ਤੇ ਸਖ਼ਤ ਰੁੱਖ ਅਪਨਾਇਆ, ਭਾਰਤੀਆਂ ਦੀ ਵਧੀ ਚਿੰਤਾ !

## ਹਿੰਸਾ ਤੇ ਗੰਭੀਰ ਅਪਰਾਧ ਕਰਨ ਵਾਲਿਆਂ ਦੇ ਵੀਜ਼ੇ ਹੋਣਗੇ ਰੱਦ

## ਸ਼ੋਸ਼ਲ ਮੀਡੀਆ ਅਕਾਊਂਟ ਦੀ ਜਾਣਕਾਰੀ ਦੇਣੀ ਹੋਵੇਗੀ ਜ਼ਰੂਰੀ

ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਨੇ ਇੱਕ ਵਾਰ ਫ਼ਿਰ ਪਰਵਾਸੀਆਂ ਨੂੰ ਸਖ਼ਤ ਸੁਨੇਹਾ ਦਿੱਤਾ ਹੈ। ਵੀਜ਼ਾ ਅਤੇ ਗਰੀਨ ਕਾਰਡ ਨੂੰ ਸਿਰਫ਼ ਇੱਕ ਸਨਮਾਨ ਮੰਨਦਿਆਂ, ਅਮਰੀਕੀ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸਰਵਿਸ ਨੇ ਸਾਫ਼ ਕਰ ਦਿੱਤਾ ਕਿ ਜੇਕਰ ਕੋਈ ਵੀ ਵਿਦੇਸ਼ੀ ਨਾਗਰਿਕ ਅਮਰੀਕੀ ਕਾਨੂੰਨਾਂ ਦੀ ਉਲੰਘਣਾ ਕਰਦਾ ਹੈ, ਜਿਵੇਂ ਕਿ ਹਿੰਸਾ ਨੂੰ ਉਤਸ਼ਾਹਿਤ ਕਰਦਾ, ਅੱਤਵਾਦ ਦਾ ਸਮਰਥਨ ਕਰਦਾ ਜਾਂ ਗੰਭੀਰ ਅਪਰਾਧਾਂ ਵਿੱਚ ਸ਼ਾਮਲ ਹੁੰਦਾ ਹੈ, ਤਾਂ ਉਸ ਦਾ ਵੀਜ਼ਾ ਜਾਂ ਗਰੀਨ ਕਾਰਡ ਤੁਰੰਤ ਰੱਦ ਕਰ ਦਿੱਤਾ ਜਾਵੇਗਾ। ਇਹ ਚਿਤਾਵਨੀ ਖਾਸ ਕਰਕੇ ਭਾਰਤੀਆਂ ਲਈ ਵੀ ਚਿੰਤਾ ਦਾ ਵਿਸ਼ਾ ਬਣ ਸਕਦੀ ਹੈ, ਜਿਹੜੇ ਵੱਡੀ ਗਿਣਤੀ ਵਿੱਚ ਅਮਰੀਕਾ ਜਾਣ ਦੀ ਉਮੀਦ ਰੱਖਦੇ ਹਨ।ਅਮਰੀਕੀ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸਰਵਿਸ ਨੇ ਆਪਣੀ ‘ਐਕਸ’ ਪੋਸਟ ਵਿੱਚ ਸਪਸ਼ਟ ਸ਼ਬਦਾਂ ਵਿੱਚ ਕਿਹਾ, ‘ਅਮਰੀਕਾ ਆਉਣਾ ਤੇ ਵੀਜ਼ਾ ਜਾਂ ਗਰੀਨ ਕਾਰਡ ਹਾਸਲ ਕਰਨਾ ਕੋਈ ਹੱਕ ਨਹੀਂ, ਸਗੋਂ ਸਨਮਾਨ ਹੈ। ਜੇਕਰ ਤੁਸੀਂ ਅਮਰੀਕੀ ਕਾਨੂੰਨਾਂ ਦਾ ਸਤਿਕਾਰ ਨਹੀਂ ਕਰਦੇ, ਹਿੰਸਾ ਜਾਂ ਅੱਤਵਾਦ ਨੂੰ ਸਮਰਥਨ ਦਿੰਦੇ ਹੋ, ਤਾਂ ਤੁਹਾਡਾ ਅਮਰੀਕਾ ਵਿੱਚ ਰਹਿਣ ਦਾ ਕੋਈ ਹੱਕ ਨਹੀਂ।’ ਇਸ ਨੀਤੀ ਨੂੰ ‘ਕੈਚ ਐਂਡ ਰਿਵੋਕ’ ਨੀਤੀ ਦੇ ਨਾਂਅ ਨਾਲ ਜਾਰੀ ਕੀਤਾ ਗਿਆ ਹੈ, ਜਿਸ ਦਾ ਮਕਸਦ ਕਾਨੂੰਨ ਤੋੜਨ ਵਾਲੇ ਪਰਵਾਸੀਆਂ ’ਤੇ ਸਖਤੀ ਕਰਨਾ ਹੈ।

ਸੋਸ਼ਲ ਮੀਡੀਆ ਪ੍ਰੋਫ਼ਾਈਲ ਦੀ ਜਾਣਕਾਰੀ ਜ਼ਰੂਰੀ:

ਅਮਰੀਕੀ ਵੀਜ਼ਾ ਲਈ ਅਰਜ਼ੀ ਦੇਣ ਵਾਲਿਆਂ ਨੂੰ ਹੁਣ ਪਿਛਲੇ ਪੰਜ ਸਾਲਾਂ ਦੌਰਾਨ ਵਰਤੇ ਗਏ ਸੋਸ਼ਲ ਮੀਡੀਆ ਅਕਾਊਂਟਸ ਦੇ ਯੂਜ਼ਰਨੇਮ ਅਤੇ ਹੈਂਡਲ ਦੀ ਪੂਰੀ ਜਾਣਕਾਰੀ ਦੇਣੀ ਪਵੇਗੀ।ਸੋਸ਼ਲ ਮੀਡੀਆ ਵਿੱਚ ਫ਼ੇਸਬੁੱਕ, ਐਕਸ, ਲਿੰਕਡਇਨ ਅਤੇ ਟਿੱਕਟਾਕ ਵਰਗੇ ਪਲੇਟ.ਫਾਰਮ ਸ਼ਾਮਲ ਹਨ। ਟਰੰਪ ਪ੍ਰਸ਼ਾਸਨ ਨੇ ਹੋਰ ਵੀ ਸਖ਼ਤ ਕਦਮ ਚੁੱਕਣੇ ਸ਼ੁਰੂ ਕਰ ਦਿੱਤੇ ਹਨ, ਖ਼ਾਸ ਕਰਕੇ ਅਮਰੀਕੀ ਯੂਨੀਵਰਸਿਟੀਆਂ ਵਿੱਚ ਫ਼ਲਸਤੀਨ ਪੱਖੀ ਵਿਰੋਧ ਪ੍ਰਦਰਸ਼ਨਾਂ ਵਿੱਚ ਵਾਧੇ ਤੋਂ ਬਾਅਦ।ਭਾਰਤ ਸਥਿਤ ਅਮਰੀਕੀ ਦੂਤਘਰ ਨੇ ਸਪਸ਼ਟ ਕੀਤਾ ਹੈ ਕਿ ਜੇਕਰ ਕੋਈ ਅਰਜ਼ੀਕਾਰ ਇਹ ਜਾਣਕਾਰੀ ਨਹੀਂ ਦਿੰਦਾ ਜਾਂ ਗਲਤ ਜਾਣਕਾਰੀ ਦਿੰਦਾ ਹੈ, ਤਾਂ ਉਸ ਦੀ ਵੀਜ਼ਾ ਅਰਜ਼ੀ ਰੱਦ ਹੋ ਸਕਦੀ ਹੈ, ਸਗੋਂ ਭਵਿੱਖ ਵਿੱਚ ਅਮਰੀਕੀ ਵੀਜ਼ਾ ਲਈ ਪਾਬੰਦੀ ਵੀ ਲੱਗ ਸਕਦੀ ਹੈ।ਪਿਛਲੇ ਦਿਨੀਂ ਅਮਰੀਕੀ ਦੂਤਘਰ ਨੇ ਐਫ਼, ਐਮ ਅਤੇ ਜੇ ਵੀਜ਼ਾ ਅਰਜ਼ੀਕਾਰਾਂ ਨੂੰ ਸੋਸ਼ਲ ਮੀਡੀਆ ਅਕਾਊਂਟਸ ਦੀ ਪ੍ਰਾਈਵੇਸੀ ਸੈਟਿੰਗ ਨੂੰ ‘ਪਬਲਿਕ’ ਕਰਨ ਦੀ



ਸਲਾਹ ਦਿੱਤੀ, ਤਾਂ ਜੋ ਜਾਂਚ ਪ੍ਰਕਿਰਿਆ ਵਿੱਚ ਅਸਾਨੀ ਹੋ ਸਕੇ। ਇਹ ਨਿਯਮ ਵਿਦਿਆਰਥੀ ਵੀਜ਼ਿਆਂ (ਐਫ਼, ਐਮ) ਅਤੇ ਐਕਸਚੇਂਜ ਵਿਜ਼ਿਟਰ ਵੀਜ਼ਿਆਂ (ਜੇ) ਲਈ ਖਾਸ ਤੌਰ ’ਤੇ ਲਾਗੂ ਹੁੰਦੇ ਹਨ।

ਦੂਤਘਰ ਨੇ ਸਪਸ਼ਟ ਕੀਤਾ ਕਿ ਵੀਜ਼ਾ ਅਰਜ਼ੀਆਂ ’ਤੇ ਦਿੱਤੀ ਸਾਰੀ ਜਾਣਕਾਰੀ, ਖਾਸਕਰ ਸੋਸ਼ਲ ਮੀਡੀਆ ਸਬੰਧੀ, ਨੂੰ ਰਾਸ਼ਟਰੀ ਸੁਰੱਖਿਆ ਦੇ ਮੱਦੇਨਜ਼ਰ ਜਾਂਚਿਆ ਜਾਵੇਗਾ। ਅਮਰੀਕੀ ਮੀਡੀਆ, ਜਿਵੇਂ ਕਿ ਨਿਊਯਾਰਕ ਟਾਈਮਜ਼, ਸੀ.ਐਨ.ਐਨ., ਵਾਸ਼ਿੰਗਟਨ ਪੋਸਟ ਅਤੇ ਰਾਇਟਰਜ਼ ਨੇ ਇਸ ਸਖ਼ਤ ਨੀਤੀ ਨੂੰ ਪ੍ਰਮੁੱਖਤਾ ਨਾਲ ਵਿਸ਼ਲੇਸ਼ਣ ਕੀਤਾ ਹੈ। ਨਿਊਯਾਰਕ ਟਾਈਮਜ਼ ਨੇ ਰਿਪੋਰਟ ਕੀਤਾ ਕਿ ਟਰੰਪ ਪ੍ਰਸ਼ਾਸਨ ਦੀ ‘ਕੈਚ ਐਂਡ ਰਿਵੋਕ’ ਨੀਤੀ ਦਾ ਮਕਸਦ ਅਮਰੀਕੀ ਸੁਰੱਖਿਆ ਨੂੰ ਮਜ਼ਬੂਤ ਕਰਨਾ ਹੈ, ਪਰ ਇਸ ਨਾਲ ਪਰਵਾਸੀਆਂ, ਖਾਸਕਰ ਭਾਰਤੀਆਂ, ਵਿੱਚ ਅਸੁਰੱਖਿਆ ਦੀ ਭਾਵਨਾ ਵਧ ਸਕਦੀ ਹੈ। ਸੀ.ਐਨ.ਐਨ. ਨੇ ਜ਼ੋਰ ਦੇ ਕੇ ਕਿਹਾ ਕਿ ਸੋਸ਼ਲ ਮੀਡੀਆ ਜਾਣਕਾਰੀ ਦੀ ਮੰਗ ਪਰਵਾਸੀਆਂ ਦੀ ਨਿੱਜਤਾ ’ਤੇ ਸਵਾਲ ਖੜ੍ਹੇ ਕਰ ਸਕਦੀ ਹੈ। ਵਾਸ਼ਿੰਗਟਨ ਪੋਸਟ ਨੇ ਲਿਖਿਆ ਕਿ ਇਹ ਨੀਤੀਆਂ ਅਮਰੀਕੀ ਕਾਨੂੰਨਾਂ ਦੀ ਪਾਲਣਾ ਨੂੰ ਸਖਤੀ ਨਾਲ ਲਾਗੂ ਕਰਨ ਦੀ ਕੋਸ਼ਿਸ਼ ਹਨ, ਪਰ ਇਸ ਨਾਲ ਵੀਜ਼ਾ ਅਰਜ਼ੀਕਾਰਾਂ ਦੀ ਪ੍ਰਕਿਰਿਆ ਹੋਰ ਜਟਿਲ ਹੋ ਜਾਵੇਗੀ। ਰਾਇਟਰਜ਼ ਨੇ ਚਿਤਾਵਨੀ ਦਿੱਤੀ ਕਿ ਭਾਰਤੀ ਵਿਦਿਆਰਥੀਆਂ ਅਤੇ ਪੇਸ਼ੇਵਰਾਂ, ਜੋ ਅਮਰੀਕਾ ਵਿੱਚ ਪੜ੍ਹਾਈ ਜਾਂ ਨੌਕਰੀ ਲਈ ਜਾਂਦੇ ਹਨ, ਨੂੰ (ਬਾਕੀ ਸਫ਼ਾ 30 ’ਤੇ)

# ਗ੍ਰਿਫ਼ਤਾਰ ਪਰਵਾਸੀ ਸੂਡਾਨ ਵਰਗੇ ਗੜਬੜਗ੍ਰਸਤ ਦੇਸ਼ਾਂ ਵਿੱਚ ਭੇਜੇ ਜਾਣਗੇ

ਸੈਕਰਾਮੈਂਟੋ, ਕੈਲੀਫ਼ੋਰਨੀਆ/ ਹਸਨ ਲੜੋਆ ਬੰਗਾ: ਸੁਪਰੀਮ ਕੋਰਟ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਹੰਗਾਮੀ ਹਾਲਤ ਵਿੱਚ ਕੀਤੀ ਗਈ ਬੇਨਤੀ ਨੂੰ ਸਵਿਕਾਰ ਕਰਦਿਆਂ ਗ੍ਰਿਫ਼ਤਾਰ ਪਰਵਾਸੀਆਂ ਨੂੰ ਉਨ੍ਹਾਂ ਦੇ ਮੂਲ ਦੇਸ਼ਾਂ ਵਿੱਚ ਭੇਜਣ ਦੀ ਬਜਾਏ ਦੱਖਣੀ ਸੂਡਾਨ ਵਰਗੇ ਗੜਬੜਗ੍ਰਸਤ ਦੇਸ਼ਾਂ ਵਿੱਚ ਭੇਜਣ ਦੀ ਇਜਾਜ਼ਤ ਦੇ ਦਿੱਤੀ ਹੈ। ਸੁਪਰੀਮ ਕੋਰਟ ਨੇ ਕਿਹਾ ਹੈ ਕਿ ਇਸ ਵਾਸਤੇ ਘੱਟੋ ਘੱਟ ਸਮੇਂ ਲਈ ਨੋਟਿਸ ਦੇਣ ਦੀ ਲੋੜ ਹੈ। ਟਰੰਪ ਪ੍ਰਸ਼ਾਸਨ ਲਈ ਇਹ ਨਿਰਨਾ ਇੱਕ ਵੱਡੀ ਪ੍ਰਾਪਤੀ ਮੰਨਿਆ ਜਾ ਰਿਹਾ ਹੈ। ਟਰੰਪ ਪ੍ਰਸ਼ਾਸਨ ਨੇ ਦਲੀਲ ਦਿੱਤੀ ਹੈ ਕਿ ਇੱਕ ਹੇਠਲੀ ਅਦਾਲਤ ਨੇ ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਉਰਿਟੀ ਨੂੰ ਇਹ ਆਦੇਸ਼ ਦੇ ਕੇ ਕਿ ਪਰਵਾਸੀਆਂ ਨੂੰ ਪਹਿਲਾਂ ਲਿਖਤੀ ਨੋਟਿਸ ਵਿੱਚ ਇਹ ਦੱਸਣਾ ਪਵੇਗਾ ਕਿ ਉਨਾਂ ਨੂੰ ਕਿੱਥੇ ਭੇਜਿਆ ਜਾ ਰਿਹਾ ਹੈ, ਉਸ ਦੀ ਅਥਾਰਿਟੀ ਨੂੰ ਹੜੱਪ ਲਿਆ ਹੈ। ਇਸ ਦੇ ਨਾਲ ਹੀ ਹੇਠਲੀ ਅਦਾਲਤ ਨੇ ਪਰਵਾਸੀਆਂ ਨੂੰ ਤਸ਼ੱਦਦ ਦੇ ਡਰ ਦੇ ਆਧਾਰ ’ਤੇ ਦੇਸ਼ ਨਿਕਾਲੇ ਨੂੰ ਚੁਣੌਤੀ ਦੇਣ ਦਾ ਅਵਸਰ ਦੇ ਕੇ ਗਲਤ ਕੀਤਾ ਹੈ। ਸੁਪਰੀਮ ਕੋਰਟ ਦੇ 3 ਲਿਬਰਲ ਜੱਜਾਂ ਸੋਨੀਆ ਸੋਟੋਮੇਅਰ, ਏਲੇਨਾ ਕਾਗਨ ਤੇ ਕੇਟਾਂਜੀ ਬਰਾਊਨ ਜੈਕਸਨ ਨੇ ਫ਼ੈਸਲੇ ਨਾਲ ਅਸਹਿਮਤੀ ਪ੍ਰਗਟਾਈ ਹੈ। ਜੱਜ ਸੋਟੋਮੇਅਰ ਨੇ ਫ਼ੈਸਲੇ ਨਾਲ ਅਸਹਿਮਤੀ ਪ੍ਰਗਟਾਉਂਦਿਆਂ ਕਿਹਾ ਕਿ ਉਸ ਦੇ ਸਾਥੀ ਜੋ ਬਹੁਗਿਣਤੀ ਵਿੱਚ ਹਨ, ਆਪਣੇ ਫ਼ੈਸਲੇ ਨਾਲ ਅਰਾਜਕਤਾ ਫ਼ੈਲਾਉਣ ਲਈ ਇਨਾਮ ਦੇ ਰਹੇ ਹਨ ਕਿਉਂਕਿ ਟਰੰਪ ਪ੍ਰਸ਼ਾਸਨ ਨੇ ਪਹਿਲੇ ਅਦਾਲਤੀ ਆਦੇਸ਼ਾਂ ਦੀ ਖੁਲੇਆਮ ਅਵਗਿਆ ਕੀਤੀ ਹੈ। ਇਥੇ ਜ਼ਿਕਰਯੋਗ ਹੈ ਕਿ ਹਾਈਕੋਰਟ ਨੇ ਯੂ.ਐਸ. ਡਿਸਟ੍ਰਿਕਟ ਜੱਜ ਬਰੀਅਨ ਮਰਫ਼ੀ ਦੇ ਉਸ ਨਿਰਨੇ ਉਪਰ ਰੋਕ ਲਾ ਦਿੱਤੀ ਸੀ ਜਿਸ ਵਿੱਚ ਉਸ ਨੇ ਕਿਹਾ ਸੀ ਕਿ ਸਰਕਾਰ ਦੁਆਰਾ ਲੋੜੀਂਦੀ ਪ੍ਰਕ੍ਰਿਆ ਪੂਰੀ ਕੀਤੇ ਬਿਨਾਂ ਪ੍ਰਵਾਸੀਆਂ ਨੂੰ ਕਿਸੇ ਤੀਸਰੇ ਦੇਸ਼ ਵਿੱਚ ਭੇਜਣਾ ਬਿਨਾਂ ਸ਼ੱਕ ਸੰਵਿਧਾਨ ਦੀ ਉਲੰਘਣਾ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

**Manager: Pardeep Singh   Sub: Editor: Balwinderpal Singh, Dr. Sarbjeet Kaur Jang   Online Interview Host: Balraj Pannu**

**Designer: A.K.V.   Content Composer: S. Jagmohan Singh   US Distributor: Amritsar Times Inc.   Owner: Amritsar Times Pvt Ltd.**

**Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.**

**All legal disputes must be handled in the courts of State of Punjab in India.**

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਕੈਨੇਡਾ ਦਾ ਕਿਰਤ ਬਾਜ਼ਾਰ ਮੰਦੀ ਦੀਆਂ ਲਹਿਰਾਂ ਵਿੱਚ

## ➢ ਬੇਰੁਜ਼ਗਾਰੀ ਵਿੱਚ ਭਾਰੀ ਵਾਧਾ ➢ ਪਰਵਾਸੀਆਂ ਦੇ ਸੁਪਨੇ ਤਾਰ-ਤਾਰ: ਭਾਰਤੀ ਵਿਦਿਆਰਥੀਆਂ ਨੂੰ ਘਰਾਂ ਅਤੇ ਨੌਕਰੀ ਦੀ ਘਾਟ







ਕੈਨੇਡਾ, ਜੋ ਕਦੇ ਸੁਪਨਿਆਂ ਦੀ ਧਰਤੀ ਸਮਝਿਆ ਜਾਂਦਾ ਸੀ, ਅੱਜ ਆਰਥਿਕ ਮੰਦੀ ਦੇ ਤੂਫ਼ਾਨ ਵਿੱਚ ਘਿਰਿਆ ਹੋਇਆ ਹੈ। ਮਹਿੰਗਾਈ ਦੀਆਂ ਉੱਚੀਆਂ ਲਹਿਰਾਂ, ਬੇਰੁਜ਼ਗਾਰੀ ਦਾ ਵਾਧਾ ਅਤੇ ਘਰਾਂ ਦੀ ਘਾਟ ਨੇ ਨਾ ਸਿਰਫ਼ ਸਥਾਨਕ ਲੋਕਾਂ, ਸਗੋਂ ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਪਰਵਾਸੀਆਂ ਦੇ ਸੁਪਨਿਆਂ ਨੂੰ ਵੀ ਚਕਨਾਚੂਰ ਕਰ ਦਿੱਤਾ। ਕੰਜ਼ਰਵੇਟਿਵ ਪਾਰਟੀ ਦੇ ਨੇਤਾ ਪੀਅਰ ਪੋਲੀਵਰ ਦੀ ਅੰਤਰਰਾਸ਼ਟਰੀ ਵਿਦਿਆਰਥੀਆਂ ’ਤੇ ਇਸੇ ਕਰਕੇ ਪਾਬੰਦੀ ਦੀ ਮੰਗ ਕਰ ਦਿੱਤੀ ਹੈ।

ਕੈਨੇਡਾ ਦਾ ਕਿਰਤ ਬਾਜ਼ਾਰ ਅੱਜ ਤੂਫ਼ਾਨ ਵਾਲੇ ਸਮੁੰਦਰ ਵਿੱਚ ਡੋਲ੍ਹਦੀ ਕਿਸ਼ਤੀ ਵਾਂਗ ਹੈ। ਸਟੈਟਿਸਟਿਕਸ ਕੈਨੇਡਾ ਦੀ ਮਈ 2025 ਦੀ ਰਿਪੋਰਟ ਅਨੁਸਾਰ, ਬੇਰੁਜ਼ਗਾਰੀ ਦਰ 2024 ਦੇ 6.6% ਤੋਂ ਵਧ ਕੇ 7.7% ’ਤੇ ਪਹੁੰਚ ਗਈ, ਜੋ 2016 ਤੋਂ ਬਾਅਦ ਸਭ ਤੋਂ ਉੱਚੀ ਹੈ। ਮਈ 2025 ਵਿੱਚ ਸਿਰਫ਼ 8,800 ਨਵੀਆਂ ਨੌਕਰੀਆਂ ਸਿਰਜੀਆਂ ਗਈਆਂ, ਜੋ ਆਬਾਦੀ ਦੇ ਵਾਧੇ ਦੇ ਮੁਕਾਬਲੇ ਬਹੁਤ ਘੱਟ ਸਨ। ਜਨਵਰੀ 2025 ਤੋਂ ਰੁਜ਼ਗਾਰ ਵਾਧੇ ਵਿੱਚ ਲਗਭਗ ਸਥਿਰਤਾ ਹੈ, ਜਿਸ ਨੇ ਅਰਥਸ਼ਾਸਤਰੀਆਂ ਦੀਆਂ ਚਿੰਤਾਵਾਂ ਨੂੰ ਭਖਾ ਦਿੱਤਾ ਹੈ।ਮਈ 2025 ਵਿੱਚ ਨਿਰਮਾਣ ਖੇਤਰ ਵਿੱਚ 12,200 ਨੌਕਰੀਆਂ ਘਟੀਆਂ ਸਨ, ਜਦਕਿ ਆਵਾਜਾਈ ਅਤੇ ਵੇਅਰਹਾਊਸਿੰਗ ਸੈਕਟਰ ਵੀ ਲੜਖੜਾ ਗਿਆ।

ਸਟੈਟਕੈਨ ਦੇ ਅੰਕੜਿਆਂ ਮੁਤਾਬਕ, ਮਈ 2025 ਵਿੱਚ ਬੇਰੁਜ਼ਗਾਰ ਲੋਕਾਂ ਨੇ ਨੌਕਰੀ ਲੱਭਣ ’ਚ ਔਸਤਨ 21.8 ਹਫ਼ਤੇ ਬਿਤਾਏ, ਜੋ 2024 ਦੇ 18.4 ਹਫ਼ਤਿਆਂ ਨਾਲੋਂ ਬਹੁਤ ਵੱਧ ਹੈ। ਕੈਨੇਡੀਅਨ ਡਾਲਰ ਦੀ ਕਮਜ਼ੋਰੀ ਨੇ ਆਯਾਤ ਨੂੰ ਮਹਿੰਗਾ ਕਰ ਦਿੱਤਾ, ਜਿਸ ਨਾਲ ਮਹਿੰਗਾਈ ਵਧੀ ਹੈ। ਬੈਂਕ ਆਫ਼ ਕੈਨੇਡਾ ਨੇ ਜੂਨ 2025 ਵਿੱਚ ਵਿਆਜ ਦਰਾਂ 4.75% ’ਤੇ ਸਥਿਰ ਰੱਖੀਆਂ, ਪਰ ਮਾਹਿਰਾਂ ਦਾ ਮੰਨਣਾ ਹੈ ਕਿ ਜੁਲਾਈ 2025 ਵਿੱਚ ਵਿਆਜ ਦਰਾਂ ਵਿੱਚ ਕਟੌਤੀ ਹੋ ਸਕਦੀ ਹੈ। ਫ਼ਿਰ ਵੀ, ਮੰਦੀ ਦਾ ਇਹ ਦੌਰ 2026 ਦੇ ਮੱਧ ਤੱਕ ਜਾਰੀ ਰਹਿਣ ਦੀ ਸੰਭਾਵਨਾ ਹੈ।

ਕੈਨੇਡਾ ਵਿੱਚ ਨਵੇਂ ਪਰਵਾਸੀਆਂ, ਖਾਸ ਤੌਰ ’ਤੇ ਅੰਤਰਰਾਸ਼ਟਰੀ ਵਿਦਿਆਰਥੀਆਂ, ਲਈ ਜੀਵਨ ਇੱਕ ਜੰਗ ਦਾ ਰੂਪ ਧਾਰ ਗਿਆ। ਮਹਿੰਗਾਈ, ਨੌਕਰੀਆਂ ਦੀ ਘਾਟ ਅਤੇ ਘਰਾਂ ਦੀ ਕਮੀ ਨੇ ਉਨ੍ਹਾਂ ਦੇ ਸੁਪਨਿਆਂ ਨੂੰ ਤਾਰ-ਤਾਰ ਕਰ ਦਿੱਤਾ। 2024 ਵਿੱਚ ਜਸਟਿਨ ਟਰੂਡੋ ਸਰਕਾਰ ਨੇ ਸਟੂਡੈਂਟ ਵੀਜ਼ਾ ਪ੍ਰੋਗਰਾਮ ਵਿੱਚ ਸਖਤੀਆਂ ਕੀਤੀਆਂ, ਜਿਸ ਨਾਲ ਵਿਦਿਆਰਥੀਆਂ ਦੀ ਆਮਦ ’ਚ 35% ਦੀ ਕਮੀ ਆਈ। ਸਟੈਟਕੈਨ ਦੇ ਅੰਕੜਿਆਂ ਅਨੁਸਾਰ, 2023 ਵਿੱਚ 6,82,889 ਸਟੱਡੀ ਪਰਮਿਟ ਜਾਰੀ ਹੋਏ, ਜੋ 2024 ਵਿੱਚ ਘਟ ਕੇ 4,43,000 ਰਹਿ ਗਏ। ਜੁਲਾਈ 2025 ਤੱਕ ਇਹ ਅੰਕੜਾ ਹੋਰ ਘਟਣ ਦੀ ਸੰਭਾਵਨਾ ਹੈ।ਭਾਰਤੀ ਵਿਦਿਆਰਥੀ, ਖਾਸ ਤੌਰ ’ਤੇ ਪੰਜਾਬ, ਗੁਜਰਾਤ, ਹਰਿਆਣਾ ਅਤੇ ਕੇਰਲਾ ਤੋਂ, ਚੰਗੇ ਭਵਿੱਖ ਦੀ ਉਮੀਦ ਨਾਲ ਕੈਨੇਡਾ ਪਹੁੰਚੇ ਸਨ। ਪਰ ਵਰਕ ਪਰਮਿਟ ਦੀ ਸਮਾਪਤੀ ਅਤੇ ਪੀ.ਆਰ. ਨਿਯਮਾਂ ਵਿੱਚ ਸਖ਼ਤੀ ਨੇ ਉਨ੍ਹਾਂ ਦੇ ਸੁਪਨਿਆਂ ’ਤੇ ਪਾਣੀ ਫ਼ੇਰ ਦਿੱਤਾ। 2024 ਵਿੱਚ 25,605 ਵਿਦਿਆਰਥੀਆਂ ਨੂੰ ਪੀਆਰ ਮਿਲੀ, ਜੋ 2023 ਨਾਲੋਂ 30% ਵੱਧ ਸੀ, ਪਰ 2025 ’ਚ ਨਵੀਂ ਸਰਕਾਰ ਦੀਆਂ ਸਖ਼ਤ ਨੀਤੀਆਂ ਕਾਰਨ ਇਹ ਅੰਕੜਾ ਘਟਣ ਦੀ ਉਮੀਦ ਹੈ।ਕਈ ਵਿਦਿਆਰਥੀ ਅਤੇ ਪੀ.ਆਰ. ਧਾਰਕ, ਜਿਨ੍ਹਾਂ ਦੀਆਂ ਨੌਕਰੀਆਂ ਖੁੱਸ ਗਈਆਂ, ਵਾਪਸ ਭਾਰਤ ਪਰਤ ਰਹੇ ਹਨ। ਸਟੈਟਕੈਨ ਦੀ 2024 ਦੀ ਰਿਪੋਰਟ ਮੁਤਾਬਕ, ਲਗਭਗ 15,000 ਭਾਰਤੀ ਪਰਵਾਸੀਆਂ ਨੇ ਕੈਨੇਡਾ ਛੱਡਿਆ, ਜਿਨ੍ਹਾਂ ਵਿੱਚ 60% ਵਿਦਿਆਰਥੀ ਸਨ। ਘਰਾਂ ਦੀਆਂ ਕੀਮਤਾਂ ਅਤੇ ਕਿਰਾਏ ਦੀ ਮਾਰ ਨੇ ਵੀ ਮੁਸੀਬਤਾਂ ਵਧਾਈਆਂ ਹਨ। ਜਿੱਥੇ ਕਦੇ ਬੇਸਮੈਂਟ ਦਾ ਕਿਰਾਇਆ 300 ਡਾਲਰ ਸੀ, ਉੱਥੇ 2024 ਵਿੱਚ ਇਹ 1500-2000 ਡਾਲਰ ’ਤੇ ਪਹੁੰਚ ਗਿਆ।ਘਰਾਂ ਦੀਆਂ ਕੀਮਤਾਂ 15-20% ਵਧੀਆਂ ਹਨ, ਪਰ ਵਿਦਿਆਰਥੀਆਂ ਦੀ ਘਟਦੀ ਗਿਣਤੀ ਕਾਰਨ ਰੈਂਟ ਮਾਰਕੀਟ ’ਚ ਕਿਰਾਏ ਥੱਲੇ ਆਏ ਹਨ। ਨਿਵੇਸ਼ਕ, ਜਿਨ੍ਹਾਂ ਨੇ ਘਰ ਖਰੀਦੇ ਸਨ, ਹੁਣ ਉਹਨਾਂ ਲਈ ਕਿਸ਼ਤਾਂ ਭਰਨੀਆਂ ਔਖੀਆਂ ਹੋ ਰਹੀਆਂ ਹਨ।ਮਾਹਿਰਾਂ ਦਾ ਅੰਦਾਜ਼ਾ ਹੈ ਕਿ 2026 ਦੇ ਅਖੀਰ ਤੱਕ ਇਹ ਸੰਕਟ ਜਾਰੀ ਰਹਿ ਸਕਦਾ ਹੈ, ਜਿਸ ਨਾਲ ਬੇਰੁਜ਼ਗਾਰੀ 8% ਨੂੰ ਪਾਰ ਕਰ ਸਕਦੀ ਹੈ।ਕੈਨੇਡਾ ਵੱਲੋਂ ਅਮਰੀਕਾ ’ਤੇ ਡਿਜੀਟਲ ਸੇਵਾ ਟੈਕਸ ਲਗਾਉਣ ਦੀ ਯੋਜਨਾ ਰੱਦ, ਦੋਵਾਂ ਮੁਲਕਾਂ ਵਿੱਚ ਗੱਲਬਾਤ ਫ਼ਿਰ ਚਲੇਗੀਆਰਥਿਕ ਸੰਕਟ ਨੂੰ ਦੇਖਦਿਆਂ (ਬਾਕੀ ਸਫ਼ਾ 30 ’ਤੇ)

# ਕੈਨੇਡਾ ’ਚ ਇੱਕ ਨੌਕਰੀ ਲੈਣ ਲਈ ਲੱਗ ਗਈ ਬੇਰੁਜ਼ਗਾਰਾਂ ਦੀ ਭੀੜ





ਟੋਰਂਟੋ/ਏ.ਟੀ.ਨਿਊਜ਼: ਕੁਝ ਸਾਲ ਪਹਿਲਾਂ ਆਈ ਕੋਵਿਡ ਮਹਾਮਾਰੀ ਮਗਰੋਂ ਕੈਨੇਡਾ ’ਚ ਬੇਰੁਜ਼ਗਾਰੀ ਦੀਆਂ ਕਈ ਖ਼ਬਰਾਂ ਸਾਹਮਣੇ ਆ ਚੁੱਕੀਆਂ ਹਨ। ਇਹ ਵੀ ਦੱਸਿਆ ਗਿਆ ਸੀ ਕਿ ਉੱਥੇ ਲੋਕਾਂ ਨੂੰ ਕਮਾਈ ਕਰਨਾ ਤਾਂ ਦੂਰ, ਆਪਣੀਆਂ ਫ਼ੀਸਾਂ ਤੇ ਨਿੱਜੀ ਖਰਚੇ ਕੱਢਣਾ ਵੀ ਔਖਾ ਹੋ ਰਿਹਾ ਹੈ।

ਹੁਣ ਉੱਥੋਂ ਦੀ ਇਕ ਹੋਰ ਵੀਡੀਓ ਬੜੀ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ, ਜਿਸ ਨੂੰ ਦੇਖ ਕੇ ਕੈਨੇਡਾ ਜਾ ਕੇ ਵਸਣ ਦਾ ਸੁਫ਼ਨਾ ਦੇਖਣ ਵਾਲੇ ਲੋਕਾਂ ਨੂੰ ਕਰਾਰਾ ਝਟਕਾ ਲੱਗਾ ਹੈ। ਇਸ ਵੀਡੀਓ ’ਚ ਇੱਕ ਕੁੜੀ, ਜੋ ਕਿ ਕੈਨੇਡਾ ’ਚ ਸੜਕ ਤੋਂ ਲੰਘ ਰਹੀ ਹੈ ਤੇ ਦਿਖਾ ਰਹੀ ਹੈ ਕਿ ਕਿਵੇਂ ਉੱਥੇ ਇੱਕ ਛੋਟੀ-ਮੋਟੀ ਨੌਕਰੀ ਲਈ ਲੋਕ ਲੰਬੀ ਲਾਈਨ ਬਣਾ ਕੇ ਖੜ੍ਹੇ ਹਨ।

ਵੀਡੀਓ ਦੀ ਸ਼ੁਰੂਆਤ ’ਚ ਕੁੜੀ ਦੱਸਦੀ ਹੈ ਕਿ ਕੁਝ ਲੋਕ ਕਹਿੰਦੇ ਹਨ ਕਿ ਕੈਨੇਡਾ ’ਚ ਤਾਂ ਬਹੁਤ ਕੰਮ ਹੈ ਤਾਂ ਉਹ ਇਹ ਵੀਡੀਓ ਉਨ੍ਹਾਂ ਲੋਕਾਂ ਲਈ ਹੀ ਬਣਾ ਰਹੀ ਹੈ। ਕੁੜੀ ਨੇ ਦੱਸਿਆ ਕਿ ਇਹ ਕੋਈ ਗੂਗਲ ਜਾਂ ਐਪਲ ਵਰਗੀ ਕੰਪਨੀ ’ਚ ਨੌਕਰੀ ਲਈ ਨਹੀਂ, ਸਗੋਂ ਇੱਕ ਬਹੁਤ ਹੀ ਸਾਧਾਰਨ ਜਿਹੀ ਨੌਕਰੀ ਲਈ ਇੰਟਰਵਿਊ ਹੈ, ਜਿੱਥੇ ਸਿਰਫ਼ 4-5 ਲੋਕਾਂ ਨੂੰ ਰੱਖਿਆ ਜਾਵੇਗਾ, ਪਰ ਇੱਥੇ ਨੌਕਰੀ ਦੀ ਭਾਲ ’ਚ ਸੈਂਕੜੇ ਲੋਕ ਪਹੁੰਚੇ ਹੋਏ ਹਨ।

ਉਸ ਨੇ ਦੱਸਿਆ ਕਿ ਕਈ ਲੋਕਾਂ ਨੂੰ ਤਾਂ ਲੱਗਦਾ ਹੈ ਕਿ ਕੈਨੇਡਾ ਜਾ ਕੇ ਕੰਮ ਕਰਾਂਗੇ ਤੇ ਜਲਦੀ ਸੈਟਲ ਹੋ ਜਾਵਾਂਗੇ, ਪਰ ਇੱਥੇ ਅਜਿਹਾ ਕੁਝ ਵੀ ਨਹੀਂ ਹੈ। ਇੱਥੇ ਨੌਕਰੀ ਲੱਭਣਾ ਹੀ ਬੜਾ ਮੁਸ਼ਕਿਲ ਹੈ। ਉਸ ਨੇ ਕਿਹਾ ਕਿ ਜੋ ਲੋਕ ਇੱਥੇ ਆ ਕੇ ਇਨ੍ਹਾਂ ਲਾਈਨਾਂ ’ਚ ਲੱਗਣਾ ਚਾਹੁੰਦੇ ਹਨ, ਉਹ ਇਹ ਵੀਡੀਓ ਧਿਆਨ ਨਾਲ ਦੇਖ ਲੈਣ ਕਿ ਆਪਣਾ ਦੇਸ਼ ਭਾਰਤ ਹੀ ਸਭ ਤੋਂ ਵਧੀਆ ਹੈ।

# ਸੈਨੇਟ ਦਾ ਨਵਾਂ ਖਰੜਾ ਬਿੱਲ ਅਮਰੀਕਾ ਵਿੱਚ ਲੱਖਾਂ ਨੌਕਰੀਆਂ ਖ਼ਤਮ ਕਰ ਦੇਵੇਗਾ : ਐਲਨ ਮਸਕ



ਵਾਸ਼ਿੰਗਟਨ/ਏ.ਟੀ.ਨਿਊਜ਼: ਉਦਯੋਗਪਤੀ ਐਲਨ ਮਸਕ ਨੇ ਪਿਛਲੇ ਦਿਨੀਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਵਿਆਪਕ ਟੈਕਸ ਤੇ ਖਰਚ ਕਟੌਤੀ ਬਿੱਲ ਨੂੰ ਲੈ ਕੇ ਮੁੜ ਨਾਰਾਜ਼ਗੀ ਜਤਾਉਂਦਿਆਂ ਕਿਹਾ ਕਿ ਜਿਸ ਬਿੱਲ ਨੂੰ ਲੈ ਕੇ ਰਿਪਬਲਿਕਨ ਪਾਰਟੀ ਦੇ ਸੰਸਦ ਮੈਂਬਰ ਤਰਲੋ ਮੱਛੀ ਹੋ ਰਹੇ ਹਨ, ਉਸ ਨਾਲ ਨੌਕਰੀਆਂ ਖ਼ਤਮ ਤੇ ਉਭਰਦੀਆਂ ਸਨਅਤਾਂ ਠੱਪ ਹੋ ਜਾਣਗੀਆਂ।

ਮਸਕ ਨੇ ‘ਐਕਸ’ ਉੱਤੇ ਲਿਖਿਆ, “ਸੈਨੇਟ ਦਾ ਨਵਾਂ ਖਰੜਾ ਬਿੱਲ ਅਮਰੀਕਾ ਵਿੱਚ ਲੱਖਾਂ ਨੌਕਰੀਆਂ ਖ਼ਤਮ ਕਰ ਦੇਵੇਗਾ ਤੇ ਸਾਡੇ ਦੇਸ਼ ਨੂੰ ਵੱਡਾ ਰਣਨੀਤਕ ਨੁਕਸਾਨ ਪੁੱਜੇਗਾ।” ਮਸਕ ਨੇ ਇਹ ਗੱਲ ਅਜਿਹੇ ਮੌਕੇ ਕਹੀ ਹੈ ਜਦੋਂ ਸੈਨੇਟ ਨੇ ਕਰੀਬ 1000 ਸਫ਼ਿਆਂ ਵਾਲੇ ਬਿੱਲ ’ਤੇ ਖੁੱਲ੍ਹੀ ਬਹਿਸ ਲਈ ਵੋਟਿੰਗ ਕਰਵਾਉਣੀ ਸੀ। ਉਨ੍ਹਾਂ ਕਿਹਾ, “ਇਸ ਨਾਲ ਪੁਰਾਣੇ ਉਦਯੋਗਾਂ ਨੂੰ ਤਾਂ ਲਾਭ ਹੋਵੇਗਾ, ਪਰ ਇਸ ਨਾਲ ਨਵੇਂ ਤੇ ਉਭਰਦੇ ਉਦਯੋਗਾਂ ਨੂੰ ਗੰਭੀਰ ਨੁਕਸਾਨ ਪਹੁੰਚੇਗਾ।”

ਟੈਸਲਾ ਤੇ ਸਪੇਸਐਕਸ ਦੇ ਸੀ.ਈ.ਓ. ਨੇ ਮਗਰੋਂ ਇੱਕ ਪੋਸਟ ਵਿੱਚ ਲਿਖਿਆ ਕਿ ਇਹ ਬਿੱਲ ‘ਰਿਪਬਲਿਕਨ ਪਾਰਟੀ ਲਈ ਸਿਆਸੀ ਖ਼ੁਦਕੁਸ਼ੀ’ ਹੋਵੇਗੀ। ਮਸਕ ਨੇ ਟਰੰਪ ’ਤੇ ਨਵੇਂ ਸਿਰੇ ਤੋਂ ਹੱਲਾ ਬੋਲਿਆ ਹੈ। ਹਾਲ ਹੀ ਵਿੱਚ ਮਸਕ ਨੇ ਟਰੰਪ ਪ੍ਰਸ਼ਾਸਨ ਦੇ ਸਕਿੱਲ ਵਿਭਾਗ ਨੂੰ ਛੱਡਦਿਆਂ ਉਨ੍ਹਾਂ ਉੱਤੇ ਗੰਭੀਰ ਦੋਸ਼ ਲਾਏ ਸਨ। ਅਮਰੀਕੀ ਸੰਸਦ ਦੇ ਉਪਰਲੇ ਸਦਨ ਸੈਨੇਟ ਵਿੱਚ ਟੈਕਸ ਛੋਟ, ਖਰਚਿਆਂ ’ਚ ਕਟੌਤੀ ਤੇ ਡਿਪੋਰਟੇਸ਼ਨ ਫੰਡ ਵਿੱਚ ਵਾਧੇ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਬਿੱਲ ਨੇ ਇੱਕ ਅਹਿਮ ਅਮਲੀ ਪੜਾਅ ਨੂੰ ਪੂਰਾ ਕਰ ਲਿਆ ਹੈ। ਪਿਛਲੇ ਦਿਨੀਂ ਦੇਰ ਰਾਤ ਤੱਕ ਚੱਲੀ ਸੈਨੇਟ ਦੀ ਬੈਠਕ ਦੌਰਾਨ ਅਮਲੀ ਪੜਾਅ ਵਿੱਚ ਹੋਈ ਵੋਟਿੰਗ ’ਚ ਬਿੱਲ ਦੇ ਪੱਖ ਵਿੱਚ 51 ਤੇ ਵਿਰੋਧ ’ਚ 49 ਵੋਟ ਪਏ।

ਦੋਵੇਂ ਵੋਟ ਬਰਾਬਰ ਰਹਿਣ ਦੀ ਸੂਰਤ ਵਿੱਚ ‘ਟਾਈਬ੍ਰੇਕ’ ਲਈ ਉਪ ਰਾਸ਼ਟਰਪਤੀ ਜੇਡੀ ਵਾਂਸ ਸਦਨ ਵਿੱਚ ਮੌਜੂਦ ਸਨ। ਵਿਰੋਧੀ ਧਿਰ ਦੇ ਸੰਸਦ ਮੈਂਬਰ ਗੱਲਬਾਤ ਲਈ ਇਕੱਠੇ ਹੋਏ ਤਾਂ ਸਦਨ ਵਿੱਚ ਤਣਾਅ ਵਾਲੀ ਸਥਿਤੀ ਬਣ ਗਈ ਤੇ ਜਮੂਦ ਬਣਨ ਕਰਕੇ ਘੰਟਿਆਂਬੱਧੀ ਵੋਟਿੰਗ ਰੁਕੀ ਰਹੀ।

# ਕੈਨੇਡਾ ਸਰਕਾਰ ਨੇ 178 .ਗੈਰ-ਡਿਗਰੀ ਪ੍ਰੋਗਰਾਮਾਂ ਲਈ ਵਰਕ ਪਰਮਿਟ ਕੀਤਾ ਬੰਦ

## ਭਾਰਤੀ ਵਿਦਿਆਰਥੀਆਂ ਦਾ ਪੀ.ਆਰ. ਦਾ ਰਾਹ ਮੁਸ਼ਕਿਲ, ਸਖ਼ਤ ਵੀਜ਼ਾ ਨਿਯਮ ਲਾਗੂ

ਕੈਨੇਡਾ, ਜੋ ਕਦੀ ਵਿਦੇਸ਼ੀ ਵਿਦਿਆਰਥੀਆਂ, ਖਾਸ ਕਰਕੇ ਭਾਰਤੀ ਨੌਜਵਾਨਾਂ, ਲਈ ਸੁਪਨਿਆਂ ਦਾ ਮੁਲਕ ਸੀ, ਹੁਣ ਉਨ੍ਹਾਂ ਲਈ ਚੁਣੌਤੀਆਂ ਦਾ ਪਹਾੜ ਖੜ੍ਹਾ ਕਰ ਰਿਹਾ ਹੈ। ਕੈਨੇਡਾ ਸਰਕਾਰ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਇਮੀਗ੍ਰੇਸ਼ਨ ਨਿਯਮਾਂ ਵਿੱਚ ਵੱਡੇ ਬਦਲਾਅ ਕਰਦਿਆਂ ਪੀ.ਆਰ. ਦੇ ਨਿਯਮ ਹੋਰ ਸਖ਼ਤ ਕਰ ਦਿੱਤੇ ਹਨ। 178 ਗੈਰ-ਡਿਗਰੀ ਅਧਿਐਨ ਸ਼੍ਰੇਣੀਆਂ ਵਾਲੇ ਵਿਦਿਆਰਥੀਆਂ ਲਈ ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ ਬੰਦ ਕਰ ਦਿੱਤਾ ਗਿਆ ਹੈ, ਜਿਸ ਨਾਲ ਉਨ੍ਹਾਂ ਦਾ ਕੈਨੇਡਾ ਵਿੱਚ ਸੈਟਲ ਹੋਣ ਦਾ ਸੁਪਨਾ ਖ਼ਤਰੇ ਵਿੱਚ ਪੈ ਗਿਆ ਹੈ। ਇਸ ਫੈਸਲੇ ਦਾ ਸਭ ਤੋਂ ਵੱਡਾ ਅਸਰ ਭਾਰਤੀ ਵਿਦਿਆਰਥੀਆਂ, ਖਾਸ ਕਰਕੇ ਪੰਜਾਬ ਅਤੇ ਹਰਿਆਣਾ ਦੇ ਨੌਜਵਾਨਾਂ ’ਤੇ ਪੈ ਰਿਹਾ ਹੈ, ਜੋ ਵੱਡੀ ਗਿਣਤੀ ਵਿੱਚ ਉੱਚ ਸਿੱਖਿਆ ਅਤੇ ਸਥਾਈ ਨਿਵਾਸ ਦੀ ਉਮੀਦ ਨਾਲ ਕੈਨੇਡਾ ਜਾਂਦੇ ਹਨ।

### ਗੈਰ-ਡਿਗਰੀ ਵਿਦਿਆਰਥੀਆਂ ਲਈ ਰਸਤੇ ਬੰਦ

ਕੈਨੇਡਾ ਦੇ ਇਮੀਗ੍ਰੇਸ਼ਨ, ਰਫਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ ਨੇ 25 ਜੂਨ, 2025 ਤੋਂ ਬਾਅਦ ਅਧਿਐਨ ਪਰਮਿਟ ਲਈ ਅਰਜ਼ੀ ਦੇਣ ਵਾਲੇ 178 ਗੈਰ-ਡਿਗਰੀ ਪ੍ਰੋਗਰਾਮਾਂ ਦੇ ਵਿਦਿਆਰਥੀਆਂ ਲਈ ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ ਬੰਦ ਕਰ ਦਿੱਤਾ ਹੈ। ਇਹ ਪ੍ਰੋਗਰਾਮ ਉਹ ਹਨ, ਜੋ ਸਰਕਾਰ ਦੇ ਮੁਤਾਬਕ ‘ਲੰਬੇ ਸਮੇਂ ਦੇ ਕਿਰਤ ਘਾਟ ਵਾਲੇ ਕਿੱਤਿਆਂ’ ਨਾਲ ਸਬੰਧਤ ਨਹੀਂ ਹਨ। ਇਸ ਦਾ ਮਤਲਬ ਹੈ ਕਿ ਜਿਹੜੇ ਵਿਦਿਆਰਥੀ ਡਿਪਲੋਮਾ ਜਾਂ ਸਰਟੀਫਿਕੇਟ ਕੋਰਸ ਕਰਦੇ ਹਨ, ਜਿਵੇਂ ਕਿ ਕੁਝ ਵੋਕੇਸ਼ਨਲ ਜਾਂ ਟੈਕਨੀਕਲ ਪ੍ਰੋਗਰਾਮ, ਉਹ ਹੁਣ ਪੜ੍ਹਾਈ ਤੋਂ ਬਾਅਦ ਕੰਮ ਕਰਨ ਦਾ ਮੌਕਾ ਨਹੀਂ ਪ੍ਰਾਪਤ ਕਰ ਸਕਣਗੇ। ਪਹਿਲਾਂ ਇਹ ਵਰਕ ਪਰਮਿਟ ਵਿਦਿਆਰਥੀਆਂ ਨੂੰ ਤਿੰਨ ਸਾਲ ਤੱਕ ਕੈਨੇਡਾ ਵਿੱਚ ਕੰਮ ਕਰਨ ਅਤੇ ਪੀਆਰ ਲਈ ਅਪਲਾਈ ਕਰਨ ਦਾ ਰਾਹ ਪੱਧਰਾ ਕਰਦਾ ਸੀ। ਇਸ ਦੇ ਨਾਲ ਹੀ, ਸਰਕਾਰ ਨੇ 119 ਅਧਿਐਨ ਸ਼੍ਰੇਣੀਆਂ ਨੂੰ ਵਰਕ ਪਰਮਿਟ ਲਈ ਯੋਗ ਰੱਖਿਆ ਹੈ, ਜਿਨ੍ਹਾਂ ਵਿੱਚ ਸਿਹਤ ਸੰਭਾਲ, ਸਮਾਜਿਕ ਸੇਵਾਵਾਂ, ਸਿੱਖਿਆ ਅਤੇ ਵਪਾਰ ਖੇਤਰ ਸ਼ਾਮਲ ਹਨ।

ਪਰ ਇਹ ਬਦਲਾਅ ਸਿਰਫ਼ 1 ਨਵੰਬਰ, 2024 ਤੋਂ ਬਾਅਦ ਅਪਲਾਈ ਕਰਨ ਵਾਲੇ ਗੈਰ-ਡਿਗਰੀ ਵਿਦਿਆਰਥੀਆਂ ’ਤੇ ਲਾਗੂ ਹੋਣਗੇ। ਬੈਚਲਰ, ਮਾਸਟਰ ਜਾਂ ਡਾਕਟਰੇਟ ਪ੍ਰੋਗਰਾਮਾਂ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ’ਤੇ ਇਸ ਦਾ ਕੋਈ ਅਸਰ ਨਹੀਂ ਹੋਵੇਗਾ। ਇਸ ਤਰ੍ਹਾਂ, ਭਾਰਤੀ ਵਿਦਿਆਰਥੀ ਜੋ ਸਸਤੇ ਅਤੇ ਛੋਟੇ ਡਿਪਲੋਮਾ ਕੋਰਸਾਂ ਦੀ ਚੋਣ ਕਰਦੇ ਸਨ, ਉਨ੍ਹਾਂ ਦੀਆਂ ਮੁਸ਼ਕਿਲਾਂ ਵਧਣਗੀਆਂ। ਪੰਜਾਬ ਅਤੇ ਹਰਿਆਣਾ ਦੇ ਵਿਦਿਆਰਥੀ, ਜੋ ਅਕਸਰ ਇਨ੍ਹਾਂ ਗੈਰ-ਡਿਗਰੀ ਪ੍ਰੋਗਰਾਮਾਂ ਵਿੱਚ ਦਾਖਲ ਹੁੰਦੇ ਹਨ, ਹੁਣ ਵਰਕ ਪਰਮਿਟ ਦੀ ਅਣਹੋਂਦ ਕਾਰਨ (ਬਾਕੀ ਸਫ਼ਾ 30 ’ਤੇ)



# ਹੜ੍ਹਾਂ ਦਾ ਕਹਿਰ ਜ਼ਿੰਮੇਵਾਰ ਕੌਣ?

## ਰਿਮ-ਝਿਮ ਦੇ ਗੀਤ ਗਾਉਣ ਵਾਲੀ ਮਾਨਸੂਨ ਕਿਵੇਂ ਬਣ ਜਾਂਦੀ ਹੈ ਵੱਡੀ ਆਫ਼ਤ

**ਜਗਮੋਹਨ ਸਿੰਘ**

ਪੰਜਾਬ 'ਚ ਮਾਨਸੂਨ ਦੀ ਆਮਦ ਦੇ ਨਾਲ ਹੀ ਭਰਵੀਂ ਬਰਸਾਤ ਪੈ ਰਹੀ ਹੈ, ਜਿਸ ਕਾਰਨ ਹਰ ਪਾਸੇ ਜਲ- ਥਲ ਹੋ ਗਈ ਹੈ। ਇਹ ਮਾਨਸੂਨ ਜਿੱਥੇ ਇਸ ਸਮੇਂ 'ਰਿਮ ਝਿਮ ਦੇ ਗੀਤ' ਗਾ ਰਹੀ ਹੈ, ਉਥੇ ਪੰਜਾਬ ਦੇ ਵੱਡੀ ਗਿਣਤੀ ਲੋਕ 'ਸੋਹਾਵਣੇ ਮੌਸਮ' ਦਾ ਆਨੰਦ ਉਠਾ ਰਹੇ ਹਨ। ਭਰਵੀਂ ਬਰਸਾਤ ਪੈਣ ਕਾਰਨ ਪੰਜਾਬ ਦੇ ਵੱਖ -ਵੱਖ ਇਲਾਕਿਆਂ 'ਚ ਬਰਸਾਤੀ ਪਾਣੀ ਇਕੱਠਾ ਹੋ ਰਿਹਾ ਹੈ, ਜਿਸ ਦੀ ਨਿਕਾਸੀ ਵੱਡੀ ਸਮੱਸਿਆ ਬਣ ਰਹੀ ਹੈ। ਦੂਜੇ ਪਾਸੇ ਹਿਮਾਚਲ ਪ੍ਰਦੇਸ਼ ਦੇ ਪਹਾੜੀ ਇਲਾਕਿਆਂ 'ਚ ਭਰਵੇਂ ਮੀਂਹ ਪੈਣ ਕਾਰਨ ਉਥੇ ਹੜ੍ਹਾਂ ਵਰਗੇ ਹਾਲਾਤ ਬਣੇ ਹੋਏ ਹਨ, ਜਿਸ ਕਾਰਨ ਦਰਿਆਵਾਂ ਰਾਹੀਂ ਪਹਾੜੀ ਇਲਾਕਿਆਂ 'ਚ ਪਈ ਬਰਸਾਤ ਦਾ ਪਾਣੀ ਪੰਜਾਬ ਵਿੱਚ ਆ ਰਿਹਾ ਹੈ, ਜੋ ਕਿ ਕਿਸੇ ਵੀ ਸਮੇਂ ਵੱਡੀ ਆਫ਼ਤ ਬਣ ਸਕਦਾ ਹੈ। ਪੰਜਾਬ ਦੀ ਧਰਤੀ ਬਹੁਤ ਉਪਜਾਊ ਹੈ, ਸਤਲੁਜ, ਬਿਆਸ ਤੇ ਰਾਵੀ ਦਰਿਆ ਇਸ ਦੀ ਜਿੰਦ ਜਾਨ ਹਨ ਪਰ ਜਦੋਂ ਹਿਮਾਚਲ ਪ੍ਰਦੇਸ਼ ਦੇ ਪਹਾੜੀ ਖੇਤਰਾਂ ਵਿੱਚ ਜ਼ੋਰਦਾਰ ਬਰਸਾਤ ਪੈਂਦੀ ਹੈ ਤਾਂ ਪੰਜਾਬ 'ਚ ਵਗਦੇ ਦਰਿਆਵਾਂ 'ਚ ਵੀ ਪਹਾੜਾਂ 'ਤੇ ਪਈ ਭਰਵੀਂ ਬਰਸਾਤ ਦਾ ਪਾਣੀ ਆ ਜਾਂਦਾ ਹੈ, ਜਿਸ ਕਾਰਨ ਪੰਜਾਬ 'ਚ ਵੀ ਹੜ੍ਹਾਂ ਵਰਗੇ ਹਾਲਾਤ ਪੈਦਾ ਹੋ ਜਾਂਦੇ ਹਨ। ਇਸ ਤੋਂ ਪਤਾ ਚੱਲ ਜਾਂਦਾ ਹੈ ਕਿ ਪਹਾੜਾਂ 'ਚ ਮਾਨਸੂਨ ਦੇ ਪਏ ਭਰਵੇਂ ਮੀਂਹ ਦਾ ਅਸਰ ਪੰਜਾਬ ਦੇ ਮੈਦਾਨੀ ਇਲਾਕਿਆਂ ਵਿੱਚ ਵੀ ਵੱਡੇ ਪੱਧਰ 'ਤੇ ਹੁੰਦਾ ਹੈ। ਪੰਜਾਬ ਦੇ ਵੱਡੀ ਗਿਣਤੀ ਇਲਾਕਿਆਂ 'ਚ ਇਸ ਸਮੇਂ ਝੋਨੇ ਦੀ ਫ਼ਸਲ ਬੀਜੀ ਹੋਈ ਹੈ, ਇਹ ਠੀਕ ਹੈ ਕਿ ਝੋਨੇ ਦੀ ਫ਼ਸਲ ਨੂੰ ਵਧੇਰੇ ਪਾਣੀ ਦੀ ਲੋੜ ਹੁੰਦੀ ਹੈ ਪਰ ਇਸ ਸਮੇਂ ਤਾਂ ਪੰਜਾਬ ਦੇ ਕਈ ਇਲਾਕਿਆਂ 'ਚ ਭਰਵੀਂ ਬਰਸਾਤ ਪੈਣ ਕਾਰਨ ਝੋਨੇ ਦੀ ਫ਼ਸਲ ਪਾਣੀ ਵਿੱਚ ਡੁੱਬ ਗਈ ਹੈ, ਜਿਸ ਕਾਰਨ ਇਹ ਫ਼ਸਲ ਖਰਾਬ ਹੁੰਦੀ ਜਾ ਰਹੀ ਹੈ। ਪੰਜਾਬ ਦੇ ਪ੍ਰਸਿੱਧ ਕਵੀਸ਼ਰ ਬਾਬੂ ਰਜਬ ਅਲੀ ਨੇ ਆਪਣੀ ਰਚਨਾ ਵਿੱਚ ਕਈ ਸਾਲ ਪਹਿਲਾਂ ਲਿਖਿਆ ਸੀ

"ਆਲੂ ਨਿਰੇ ਉਬਾਲਣ ਵੇ, ਜਿਨ੍ਹਾਂ ਦੀ ਫ਼ਸਲ ਹੜ੍ਹਾਂ 'ਚ ਹੜ੍ਹ ਗਈ।"

ਇਹ ਗੱਲ ਹੈ ਵੀ ਠੀਕ, ਕਿਉਂਕਿ ਜਿਹੜੇ ਕਿਸਾਨਾਂ ਦੀ ਫ਼ਸਲ ਹੜ੍ਹਾਂ 'ਚ ਡੁੱਬ ਜਾਂਦੀ ਹੈ, ਉਹ ਤਾਂ ਸਿਰਫ਼ ਆਲੂ ਉਬਾਲ ਕੇ ਖਾਣ ਜੋਗੇ ਹੀ ਰਹਿ ਜਾਂਦੇ ਹਨ ਕਿਉਂਕਿ ਹੜ੍ਹਾਂ ਕਾਰਨ ਸਬਜ਼ੀਆਂ ਦੀ ਫ਼ਸਲ ਵੀ ਖ਼ਰਾਬ ਹੋ ਜਾਂਦੀ ਹੈ।

ਪੰਜਾਬ ਦੇ ਸ਼ਾਹੀ ਸ਼ਹਿਰ ਪਟਿਆਲਾ, ਸੰਗਰੂਰ, ਰੂਪਨਗਰ, ਜਲੰਧਰ, ਫ਼ਿਰੋਜ਼ਪੁਰ, ਤਰਨ ਤਾਰਨ ਜ਼ਿਲ੍ਹਿਆਂ ਸਮੇਤ ਵੱਡੀ ਗਿਣਤੀ ਇਲਾਕਿਆਂ 'ਚ 1988, 1993, 2010, 2019 ਅਤੇ 2023 ਦੌਰਾਨ ਹੜ੍ਹਾਂ ਵੱਲੋਂ ਮਚਾਈ ਗਈ ਭਿਆਨਕ ਤਬਾਹੀ ਤੋਂ ਬਾਅਦ ਵੀ ਪੰਜਾਬ ਦੀਆਂ ਸਮੇਂ ਦੀਆਂ ਸਰਕਾਰਾਂ ਨੇ ਕੋਈ ਸਬਕ ਨਹੀਂ ਲਿਆ, ਜਿਸ ਕਾਰਨ ਇਸ ਸਮੇਂ ਵੀ ਪੰਜਾਬ ਦੇ ਅਨੇਕਾਂ ਇਲਾਕਿਆਂ 'ਚ ਹੜ੍ਹ ਆਉਣ ਦਾ ਖ਼ਤਰਾ ਬਣਿਆ ਹੋਇਆ ਹੈ। ਪੰਜਾਬ 'ਚ ਹੜ੍ਹਾਂ ਦੀ ਮਾਰ ਨੂੰ ਘੱਟ ਕਰਨ ਲਈ ਸੂਬਾ ਸਰਕਾਰ ਵੱਲੋਂ ਉਚੇਚੇ ਯਤਨ ਕੀਤੇ ਜਾ ਰਹੇ ਹਨ ਤਾਂ ਕਿ ਪੰਜਾਬ ਅਤੇ ਪੰਜਾਬੀਆਂ ਦਾ ਸੰਭਾਵੀ ਹੜ੍ਹਾਂ ਤੋਂ ਬਚਾਓ ਹੋ ਸਕੇ।

**ਮਾਨਸੂਨ ਨੂੰ ਭਾਰਤ ਦੀ 'ਆਰਥਿਕਤਾ ਦਾ ਧੁਰਾ' ਮੰਨਿਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਭਾਰਤ ਵਿੱਚ ਮਾਨਸੂਨ ਜਿੰਨੀ ਮਜ਼ਬੂਤ ਹੋਵੇਗੀ, ਦੇਸ਼ ਦੀ ਆਰਥਿਕਤਾ ਵੀ ਓਨੀ ਜ਼ਿਆਦਾ ਹੀ ਮਜ਼ਬੂਤ ਹੋਵੇਗੀ ਪਰ ਪੰਜਾਬ 'ਚ ਸਮੇਂ ਤੋਂ ਪਹਿਲਾਂ ਆਈ ਮਾਨਸੂਨ ਅਤੇ ਲੋੜ ਤੋਂ ਵਧੇਰੇ ਪੈਂਦੀ ਬਰਸਾਤ ਖੇਤੀਬਾੜੀ ਨੂੰ ਨੁਕਸਾਨ ਪਹੁੰਚਾਉਂਦੀ ਹੈ, ਜਿਸ ਕਾਰਨ ਮਾਨਸੂਨ ਨਾਲ ਆਰਥਿਕਤਾ ਡਾਵਾਂਡੋਲ ਵੀ ਹੋ ਜਾਂਦੀ ਹੈ। ਇਹ ਠੀਕ ਹੈ ਕਿ ਭਾਰਤ ਖੇਤੀਬਾੜੀ ਪ੍ਰਧਾਨ ਸੂਬਾ ਹੈ। ਇੱਥੇ ਵੱਡੀ ਗਿਣਤੀ ਉਦਯੋਗ ਵੀ ਖੇਤੀਬਾੜੀ 'ਤੇ ਹੀ ਆਧਾਰਿਤ ਹਨ। ਸਮੇਂ ਤੋਂ ਪਹਿਲਾਂ ਆਈ ਮਾਨਸੂਨ ਇਸ ਸਮੇਂ ਪੂਰੇ ਦੇਸ਼ 'ਚ ਫ਼ੈਲ ਕੇ ਭਰਵੇਂ ਮੀਂਹ ਪਾ ਰਹੀ ਹੈ, ਜਿਸ ਕਾਰਨ ਵੱਡੀ ਗਿਣਤੀ ਇਲਾਕਿਆਂ 'ਚ ਆਮ ਜਨ ਜੀਵਨ ਅਸਤ-ਵਿਅਸਤ ਹੋ ਗਿਆ ਹੈ। ਉੱਤਰ ਪ੍ਰਦੇਸ਼, ਬਿਹਾਰ, ਝਾਰਖੰਡ ਅਤੇ ਓਡਿਸ਼ਾ ਸਮੇਤ ਕਈ ਸੂਬਿਆਂ 'ਚ ਇਸ ਸਮੇਂ ਹੜ੍ਹਾਂ ਵਰਗੇ ਹਾਲਾਤ ਬਣੇ ਹੋਏ ਹਨ। ਪੰਜਾਬ ਅਤੇ ਹਰਿਆਣਾ 'ਚ ਵੀ ਹੜ੍ਹ ਆਉਣ ਦਾ ਖਤਰਾ ਦੱਸਿਆ ਜਾ ਰਿਹਾ ਹੈ।**





ਦੂਜੇ ਪਾਸੇ ਸਵਾਲ ਇਹ ਵੀ ਉੱਠਦਾ ਹੈ ਕਿ ਜਿੰਨੀ ਚੁਸਤੀ-ਫ਼ੁਰਤੀ ਹੁਣ ਸਰਕਾਰ ਤੇ ਪ੍ਰਸ਼ਾਸਨ ਵੱਲੋਂ ਦਿਖਾਈ ਜਾ ਰਹੀ ਹੈ, ਜੇ ਬਰਸਾਤਾਂ ਆਉਣ ਤੋਂ ਪਹਿਲਾਂ ਹੀ ਦਿਖਾਈ ਜਾਂਦੀ ਤਾਂ ਪੰਜਾਬ ਵਿੱਚ ਹੜ੍ਹਾਂ ਵਾਲੇ ਹਾਲਤ ਨਹੀਂ ਬਣਨੇ ਸਨ। ਪੰਜਾਬ 'ਚ ਹੜ੍ਹਾਂ ਦੀ ਮੌਜੂਦਾ ਸਥਿਤੀ ਲਈ ਸਰਕਾਰ ਦੇ ਨਾਲ- ਨਾਲ ਪ੍ਰਸ਼ਾਸਨ ਅਤੇ ਸਮਾਜ ਵੀ ਜਿੰਮੇਵਾਰ ਹਨ ਕਿਉਂਕਿ ਇਹਨਾਂ ਵਿਚੋਂ ਕਿਸੇ ਵੱਲੋਂ ਵੀ ਕਰੀਬ ਹਰ ਸਾਲ ਆਉਂਦੇ ਹੜ੍ਹਾਂ ਤੋਂ ਬਚਾਓ ਲਈ ਕੋਈ ਪੁਖ਼ਤਾ ਪ੍ਰਬੰਧ ਨਹੀਂ ਕੀਤੇ ਗਏ। ਇਸ ਤਰ੍ਹਾਂ ਰਿਮ-ਝਿਮ ਦੇ ਗੀਤ ਗਾਉਣ ਵਾਲੀ ਮਾਨਸੂਨ ਪੰਜਾਬ ਸਮੇਤ ਹੋਰਨਾਂ ਸੂਬਿਆਂ 'ਚ ਵੱਡੀ ਆਫ਼ਤ ਬਣ ਜਾਂਦੀ ਹੈ।

ਇਸ ਸਮੇਂ ਸਾਡੀ ਸੁੰਦਰਤਾ ਤੇ ਸਿਆਣਪ ਕੰਕਰੀਟ ਦੀਆਂ ਆਲੀਸ਼ਾਨ ਇਮਾਰਤਾਂ, ਨਕਲੀ ਪੌਦਿਆਂ/ ਦਰਖਤਾਂ ਅਤੇ ਬਿਜਲੀ ਦੀਆਂ ਜਗਮਗ ਕਰਦੀਆਂ ਲੜੀਆਂ ਤਕ ਸੀਮਿਤ ਹੋ ਕੇ ਰਹਿ ਗਈ ਹੈ, ਪਰ ਅਸਲੀ ਪੌਦੇ ਲਗਾਉਣ ਅਤੇ ਹੜ੍ਹਾਂ ਵਰਗੀਆਂ ਕੁਦਰਤੀ ਕਰੋਪੀਆਂ ਤੋਂ ਬਚਾਓ ਲਈ ਢੁਕਵੇਂ ਪ੍ਰਬੰਧ ਕਰਨ ਵਿੱਚ ਮਨੁੱਖ ਪੂਰੀ ਤਰ੍ਹਾਂ ਫ਼ੇਲ੍ਹ ਹੋ ਗਿਆ ਹੈ। ਜੇ ਸਰਕਾਰ ਅਤੇ ਪ੍ਰਸ਼ਾਸਨ ਹੜ੍ਹਾਂ ਤੋਂ ਬਚਾਓ ਲਈ ਗੰਭੀਰ ਹੁੰਦਾ ਤਾਂ ਬਰਸਾਤ ਦੇ ਪਾਣੀ ਦੀ ਧਰਤੀ ਹੇਠ ਨਿਕਾਸੀ ਲਈ ਬਰਸਾਤ ਦੇ ਮੌਸਮ ਤੋਂ ਪਹਿਲਾਂ ਹੀ ਢੁਕਵੇਂ ਪ੍ਰਬੰਧ ਕਰ ਲਏ ਜਾਂਦੇ। ਜੇ ਅੱਜ ਦੇ ਆਧੁਨਿਕ ਕਹਾਉਂਦੇ ਮਨੁੱਖ ਵੱਲੋਂ ਆਪਣੇ ਬਜ਼ੁਰਗਾਂ ਵੱਲੋਂ ਦਿੱਤੇ ਗਏ ਗਿਆਨ 'ਤੇ ਧਿਆਨ ਦਿੱਤਾ ਜਾਂਦਾ ਅਤੇ ਬਰਸਾਤੀ ਪਾਣੀ ਨੂੰ ਧਰਤੀ ਹੇਠਾਂ ਭੇਜਣ, ਟੋਭਿਆਂ ਤੇ ਛੱਪੜਾਂ ਵਿੱਚ ਸੰਭਾਲਣ ਦੇ ਯਤਨ ਕੀਤੇ ਜਾਂਦੇ ਤਾਂ ਸਥਿਤੀ ਏਨੀ ਭਿਅੰਕਰ ਨਹੀਂ ਸੀ ਹੋਣੀ। ਅਸਲ ਵਿੱਚ ਹਰ ਸਾਲ ਗਰਮੀਆਂ, ਬਰਸਾਤ ਅਤੇ ਠੰਡ ਵਿੱਚ ਵੀ 'ਮਰਨਾ' ਆਮ ਭਾਰਤੀਆਂ ਦੀ 'ਹੋਣੀ' ਬਣ ਗਿਆ ਹੈ। ਭਾਵੇਂ ਪੰਜਾਬ ਦੀ ਮੌਜੂਦਾ 'ਆਪ' ਸਰਕਾਰ ਵੱਲੋਂ ਪੰਜਾਬ ਦੇ ਅਨੇਕਾਂ ਪਿੰਡਾਂ 'ਚ ਅਨੇਕਾਂ ਛੱਪੜਾਂ ਦੀ ਬਰਸਾਤਾਂ ਤੋਂ ਪਹਿਲਾਂ ਸਫ਼ਾਈ ਕਰਵਾਈ ਗਈ ਹੈ ਅਤੇ ਅਨੇਕਾਂ ਛੱਪੜਾਂ ਦੀ ਮੁੜ ਉਸਾਰੀ/ ਖੁਦਾਈ ਕਰਵਾਈ ਗਈ ਹੈ, ਪਰ ਇਹ ਉਪਰਾਲੇ ਵੀ ਭਰਵੀਂ ਬਰਸਾਤ ਅਤੇ ਪਹਾੜਾਂ ਤੋਂ ਦਰਿਆਵਾਂ ਰਾਹੀਂ ਆਉਂਦੇ ਬਰਸਾਤੀ ਪਾਣੀ ਅੱਗੇ ਅਜੇ ਘੱਟ ਹਨ। ਇਸ ਸਮੇਂ ਸਿਰਫ਼ ਪੰਜਾਬ ਹੀ ਨਹੀਂ ਸਗੋਂ ਜੰਮੂ-ਕਸ਼ਮੀਰ ਤੋਂ ਲੈ ਕੇ ਕੇਰਲ ਤੱਕ ਦੇਸ਼ ਦੇ ਕਈ ਰਾਜਾਂ 'ਚ ਭਰਵੀਂ ਬਰਸਾਤ ਹੋ ਰਹੀ ਹੈ। ਕਈ ਇਲਾਕਿਆਂ 'ਚ ਪਈ ਬਰਸਾਤ ਪਿਛਲੇ ਸਾਰੇ ਰਿਕਾਰਡ ਤੋੜ ਰਹੀ ਹੈ। ਦੇਸ਼ ਦੇ ਵੱਖ- ਵੱਖ ਪ੍ਰਸਿੱਧ ਸ਼ਹਿਰਾਂ ਦੀਆਂ ਸੜਕਾਂ ਅਤੇ ਮੰਨੇ-ਪ੍ਰਮੰਨੇ ਆਲੀਸ਼ਾਨ ਰਿਹਾਇਸ਼ੀ ਇਲਾਕਿਆਂ ਵਿੱਚ ਬੇਨਾਮ ਨਦੀਆਂ ਵਹਿਣ ਲੱਗ ਪਈਆਂ। ਦਿੱਲੀ ਹੀ ਨਹੀਂ, ਦੇਸ਼ ਦੇ ਬਾਕੀ ਸਾਰੇ ਸ਼ਹਿਰਾਂ 'ਚ ਜਿੱਥੇ ਬਹੁਤ ਬਰਸਾਤ ਹੋਈ ਹੈ, ਉੱਥੇ ਇਸ ਸਮੇਂ ਸਿਰਫ਼ ਨਦੀਆਂ, ਝੀਲਾਂ ਅਤੇ ਨਹਿਰਾਂ ਵਾਲੇ ਸ਼ਹਿਰ ਹੀ ਨਜ਼ਰ ਆ ਰਹੇ ਹਨ (**ਬਾਕੀ ਸਫ਼ਾ 30 'ਤੇ**)

## ਕਿਵੇਂ ਪਾਣੀ 'ਚ ਡੁੱਬ ਜਾਂਦੇ ਨੇ ਪਿਆਸੇ ਸ਼ਹਿਰ ?

ਪੰਜਾਬ ਦੇ ਵੱਡੀ ਗਿਣਤੀ ਸ਼ਹਿਰਾਂ 'ਚ ਗਰਮੀ ਦੇ ਮੌਸਮ ਦੌਰਾਨ ਪੀਣ ਵਾਲੇ ਪਾਣੀ ਦੀ ਭਾਰੀ ਘਾਟ ਪੈਦਾ ਹੋ ਜਾਂਦੀ ਹੈ, ਜਿਸ ਕਾਰਨ ਆਮ ਲੋਕਾਂ ਨੂੰ ਬਹੁਤ ਪ੍ਰੇਸ਼ਾਨ ਹੋਣਾ ਪੈਂਦਾ ਹੈ। ਅਜਿਹੇ ਪਿਆਸੇ ਸ਼ਹਿਰ ਅਕਸਰ ਬਰਸਾਤ ਦੇ ਮੌਸਮ ਵਿੱਚ ਪਾਣੀ ਵਿੱਚ ਹੀ ਡੁੱਬ ਜਾਂਦੇ ਹਨ, ਪਰ ਇਸ ਦੇ ਬਾਵਜੂਦ ਧਰਤੀ ਦੀ ਪਿਆਸ ਨਹੀਂ ਬੁੱਝਦੀ ਅਤੇ ਦਰਖਤਾਂ 'ਚ ਵੀ ਉਦਾਸੀ ਛਾ ਜਾਂਦੀ ਹੈ। ਜਿਹੜੇ ਸ਼ਹਿਰ ਗਰਮੀ ਦੀ ਰੁੱਤ ਵਿੱਚ ਪੀਣ ਵਾਲੇ ਸਾਫ਼ ਪਾਣੀ ਦੀ ਘਾਟ ਕਾਰਨ ਪਿਆਸੇ ਰਹਿੰਦੇ ਹਨ, ਬਰਸਾਤਾਂ ਵਿੱਚ ਉਹਨਾਂ ਸ਼ਹਿਰਾਂ 'ਚ ਹਰ ਪਾਸੇ ਪਾਣੀ ਹੀ ਪਾਣੀ ਹੁੰਦਾ ਹੈ ਪਰ ਇਹਨਾਂ ਸ਼ਹਿਰਾਂ ਦੇ ਲੋਕ ਧਰਤੀ ਵਾਂਗ ਹੀ ਪਿਆਸੇ ਰਹਿੰਦੇ ਹਨ। ਅਸਲ ਵਿੱਚ ਪਿਆਸੇ ਸ਼ਹਿਰਾਂ ਦੇ ਬਰਸਾਤ ਦੌਰਾਨ ਪਾਣੀ ਵਿੱਚ ਡੁੱਬਣ ਲਈ ਸਰਕਾਰ, ਪ੍ਰਸ਼ਾਸਨ ਅਤੇ ਸਮਾਜ ਹੀ ਪੂਰੀ ਤਰ੍ਹਾਂ ਜਿੰਮੇਵਾਰ ਹਨ, ਜਿਨ੍ਹਾਂ ਵੱਲੋਂ ਬਰਸਾਤੀ ਪਾਣੀ ਦੀ ਸੰਭਾਲ ਲਈ ਕੋਈ ਠੋਸ ਉਪਰਾਲਾ ਨਹੀਂ ਕੀਤਾ ਜਾਂਦਾ।

## ਮੌਸਮ ਬਨਾਮ ਭੁੱਖ



ਸਰਕਾਰ, ਪ੍ਰਸ਼ਾਸਨ ਅਤੇ ਡਾਕਟਰਾਂ ਨੇ ਆਮ ਲੋਕਾਂ ਨੂੰ ਬਰਸਾਤ ਦੌਰਾਨ ਘਰਾਂ ਤੋਂ ਬਾਹਰ ਨਿਕਲਣ ਤੋਂ ਗੁਰੇਜ਼ ਕਰਨ ਦੀ ਅਪੀਲ ਕੀਤੀ ਹੈ, ਪਰ ਆਮ ਲੋਕਾਂ ਨੂੰ ਰੁਜ਼ਗਾਰ ਲਈ ਘਰਾਂ ਤੋਂ ਬਾਹਰ ਜਾਣਾ ਪੈਂਦਾ ਹੈ। ਅਸੰਗਠਿਤ ਖੇਤਰ 'ਚ ਕੰਮ ਕਰਨ ਵਾਲੇ ਲੱਖਾਂ ਮਜ਼ਦੂਰਾਂ ਲਈ ਮੌਸਮ ਨੂੰ ਦੇਖਣਾ ਅਤੇ ਆਰਾਮ ਨਾਲ ਕੰਮ ਕਰਨਾ ਕਿਸੇ ਰਾਹਤ ਤੋਂ ਘੱਟ ਨਹੀਂ ਹੈ। ਜੇ ਕਿਰਤੀ ਲੋਕ ਮੌਸਮ ਤੋਂ ਬਚਣਗੇ, ਤਾਂ ਉਹ ਭੁੱਖੇ ਮਰਨਗੇ। ਇਸ ਲਈ ਗਰਮੀ ਹੋਵੇ ਜਾਂ ਬਰਸਾਤ ਉਨ੍ਹਾਂ ਨੂੰ ਘਰਾਂ ਤੋਂ ਬਾਹਰ ਆਉਣਾ ਹੀ ਪੈਂਦਾ ਹੈ। ਇਹੀ ਗੱਲ ਕਿਸਾਨਾਂ 'ਤੇ ਲਾਗੂ ਹੁੰਦੀ ਹੈ। ਮੌਸਮ ਦੀ ਪਰਵਾਹ ਕੀਤੇ ਬਿਨਾਂ ਕਿਸਾਨਾਂ ਨੂੰ ਰੋਜ਼ੀ-ਰੋਟੀ ਕਮਾਉਣ ਲਈ ਖੇਤਾਂ ਵਿੱਚ ਜਾਣਾ ਪੈਂਦਾ ਹੈ। ਜਿਹੜੇ ਲੋਕਾਂ ਨੇ ਹਰ ਦਿਨ ਕਮਾ ਕੇ ਖਾਣਾ ਹੈ, ਉਹਨਾਂ 'ਤੇ ਮੌਸਮ ਦੀ ਦੋਹਰੀ ਮਾਰ ਪੈਂਦੀ ਹੈ। ਮੌਸਮ ਨੂੰ ਦੇਖਦੇ ਹੋਏ ਘਰੋਂ ਬਾਹਰ ਨਾ ਨਿਕਲਣ ਨਾਲ ਕੁਝ ਸਮੇਂ ਲਈ ਰਾਹਤ ਮਿਲ ਸਕਦੀ ਹੈ ਪਰ ਇਹ ਕਦੇ ਵੀ ਸਮੱਸਿਆ ਦਾ ਹੱਲ ਨਹੀਂ ਹੈ, ਜਿਸ ਕਾਰਨ ਕਰੋੜਾਂ ਲੋਕ ਦੁਖੀ ਹਨ। ਹੁਣ ਮੀਂਹ ਪੈ ਰਿਹਾ ਹੈ, ਇਹ ਮੌਸਮ ਦਾ ਆਮ ਪੈਟਰਨ ਹੈ। ਮੌਜੂਦਾ ਸਮੇਂ ਵਿੱਚ ਇਸ ਲਈ ਜਲਵਾਯੂ ਤਬਦੀਲੀ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ। ਦੇਸ਼ ਦੇ ਕੁਝ ਇਲਾਕਿਆਂ 'ਚ ਹੁਣ ਜੋ ਮੌਤਾਂ ਬਰਸਾਤ ਵਿੱਚ ਹੋ ਰਹੀਆਂ ਹਨ, ਉਹ ਬਿਜਲੀ ਦਾ ਕਰੰਟ, ਕੱਚੀਆਂ ਉਸਾਰੀਆਂ ਦੇ ਟੁੱਟਣ ਜਾਂ ਅਚਾਨਕ ਹੜ੍ਹਾਂ ਵਰਗੇ ਕਾਰਨਾਂ ਕਰਕੇ ਹੋ ਰਹੀਆਂ ਹਨ। ਇਸ ਲਈ ਸਰਕਾਰ ਅਤੇ ਪ੍ਰਸ਼ਾਸਨ ਜ਼ਿੰਮੇਵਾਰ ਹੈ। ਕਰੋੜਾਂ-ਅਰਬਾਂ ਖਰਚ ਕੇ ਵੀ ਉਹ ਅਜਿਹਾ ਢਾਂਚਾ ਵਿਕਸਤ ਨਹੀਂ ਕਰ ਸਕਿਆ, ਜਿਸ ਵਿੱਚ ਮੀਂਹ ਦਾ ਪਾਣੀ ਧਰਤੀ ਹੇਠ ਚਲਾ ਜਾਵੇ। ਜੇਕਰ ਬਰਸਾਤ ਦੀ ਹਰ ਬੂੰਦ ਨੂੰ ਬਚਾ ਲਿਆ ਜਾਵੇ ਤਾਂ ਗਰਮੀਆਂ ਵਿੱਚ ਇਸ ਦੀ ਭਰਪੂਰ ਵਰਤੋਂ ਕੀਤੀ ਜਾ ਸਕਦੀ ਹੈ। ਜਿਸ ਤਰ੍ਹਾਂ ਘਰ 'ਚ ਪੈਸਾ ਲੰਬੇ ਸਮੇਂ ਤੱਕ ਰੱਖਿਆ ਜਾਂਦਾ ਹੈ, ਉਸੇ ਤਰ੍ਹਾਂ ਮੀਂਹ ਦੀਆਂ ਬੂੰਦਾਂ ਨੂੰ ਵੀ ਇਕੱਠੇ ਰੱਖਣ ਦੀ ਜ਼ਰੂਰਤ ਹੁੰਦੀ ਹੈ।

ਜੀ-20 ਦੀ ਮੀਟਿੰਗ ਹੋਵੇ ਜਾਂ ਕੋਈ ਹੋਰ ਅੰਤਰਰਾਸ਼ਟਰੀ ਸਮਾਗਮ, ਜਿੱਥੇ ਵੀ ਵਾਤਾਵਰਣ ਸੁਰੱਖਿਆ ਦੀ ਗੱਲ ਆਉਂਦੀ ਹੈ, ਭਾਰਤ ਸਰਕਾਰ ਦੇ ਵੱਡੇ-ਵੱਡੇ ਦਾਅਵੇ ਸੁਣਨ ਨੂੰ ਮਿਲਣ ਲੱਗ ਪੈਂਦੇ ਹਨ ਪਰ ਬਰਸਾਤ ਜਾਂ ਗਰਮੀ ਕਾਰਨ ਮੌਸਮ ਥੋੜ੍ਹਾ ਬਦਲ ਜਾਣ 'ਤੇ ਬੇਲੋੜੇ ਮਰਨ ਵਾਲਿਆਂ ਦੇ ਅੰਕੜੇ ਇਨ੍ਹਾਂ ਦਾਅਵਿਆਂ ਦੀ ਪੋਲ ਖੋਲ੍ਹਦੇ ਹਨ। ਵਿਕਾਸ ਦੇ ਨਾਂਅ 'ਤੇ ਵਧ ਰਹੇ ਭ੍ਰਿਸ਼ਟਾਚਾਰ ਕਾਰਨ ਜੇਕਰ ਸਰਕਾਰ ਸਾਡੇ ਜੰਗਲਾਂ, ਪਹਾੜਾਂ, ਦਰਿਆਵਾਂ ਅਤੇ ਝੀਲਾਂ ਦੇ ਹੋ ਰਹੇ ਨੁਕਸਾਨ ਵੱਲ ਧਿਆਨ ਦੇਣ ਲੱਗ ਜਾਵੇ ਤਾਂ ਕੌਮਾਂਤਰੀ ਮੰਚਾਂ 'ਤੇ ਸ਼ਬਦਾਂ ਦੀ ਜਾਦੂਗਰੀ ਖੇਡਣ ਦੀ ਲੋੜ ਨਹੀਂ ਰਹੇਗੀ, ਦੁਨੀਆ ਭਾਰਤ ਦੀਆਂ ਤਸਵੀਰਾਂ ਰਾਹੀਂ ਸੱਚਾਈ ਵੇਖ ਲਵੇਗੀ।

# ਕੀ ਇਰਾਨ-ਇਜ਼ਰਾਇਲ ਦੁਬਾਰਾ ਛਿੜੇਗਾ ਯੁੱਧ?

## ਇਜ਼ਰਾਇਲ ਵੱਲੋਂ ਲੇਜ਼ਰ ਹਥਿਆਰਾਂ ਤੋਂ ਗੁਪਤ ਸ਼ਸਤਰਾਂ ਦੀ ਤਿਆਰੀ

## ਕੀ ਇਰਾਨ ਅਜੇ ਵੀ ਬਣਾ ਸਕਦਾ ਹੈ ਐਟਮ ਬੰਬ ?

ਅੰਤਰਰਾਸ਼ਟਰੀ ਮੀਡੀਆ ਦੀਆਂ ਰਿਪੋਰਟਾਂ ਅਨੁਸਾਰ ਇੱਕ ਵਾਰ ਫਿਰ ਇਰਾਨ ਅਤੇ ਇਜ਼ਰਾਇਲ ਦੀ ਤਣਾਅਪੂਰਨ ਸਥਿਤੀ ਗੂੰਜ ਰਹੀ ਹੈ। ਇਰਾਨ ਦੇ ਸੈਨਿਕ ਕਮਾਂਡਰ ਅਬਦੁਲ ਰਹੀਮ ਮੌਸਵੀ ਨੇ ਚਿਤਾਵਨੀ ਦਿੱਤੀ ਹੈ ਕਿ ਇਜ਼ਰਾਇਲ ਕਿਸੇ ਵੀ ਪਲ ਸੀਜ਼ਫਾਇਰ ਨੂੰ ਤੋੜ ਸਕਦਾ ਹੈ। ਸਾਡੀਆਂ ਫ਼ੌਜਾਂ ਤਿਆਰ ਹਨ, ਜੇ ਇਜ਼ਰਾਇਲ ਨੇ ਹਮਲਾ ਕੀਤਾ ਤਾਂ ਅਸੀਂ ਮੂੰਹ ਤੋੜ ਜਵਾਬ ਦੇਵਾਂਗੇ।

ਇਸ ਦੌਰਾਨ, ਇਰਾਨ ਦੇ ਪਰਮਾਣੂ ਠਿਕਾਣਿਆਂ ’ਤੇ ਮੁੜ ਸ਼ੁਰੂ ਹੋਏ ਕੰਮ ਨੇ ਅਮਰੀਕਾ ਅਤੇ ਇਜ਼ਰਾਇਲ ਦੀਆਂ ਨੀਂਦਾਂ ਉਡਾ ਦਿੱਤੀਆਂ ਹਨ। ਸੈਟੇਲਾਈਟ ਤਸਵੀਰਾਂ ਵਿੱਚ ਫੋਰਡੋ ਅਤੇ ਇਸਫਹਾਨ ’ਤੇ ਬੁਲਡੋਜ਼ਰਾਂ ਦੀ ਹਰਕਤ ਅਤੇ ਨਵੀਆਂ ਸੁਰੰਗਾਂ ਦੀ ਉਸਾਰੀ ਦੀਆਂ ਖ਼ਬਰਾਂ ਨੇ ਸੰਕੇਤ ਦਿੱਤਾ ਹੈ ਕਿ ਇਰਾਨ ਆਪਣੀ ਪਰਮਾਣੂ ਤਾਕਤ ਨੂੰ ਹੋਰ ਮਜ਼ਬੂਤ ਕਰਨ ਦੀ ਤਿਆਰੀ ਵਿੱਚ ਹੈ। ਨਿਊਯਾਰਕ ਟਾਈਮਜ਼ ਅਤੇ ਰਾਇਟਰਜ਼ ਦੀਆਂ ਰਿਪੋਰਟਾਂ ਮੁਤਾਬਕ, ਇਰਾਨ ਦੀਆਂ ਇਹ ਗਤੀਵਿਧੀਆਂ ਸਿਰਫ਼ ਮਲਬੇ ਨੂੰ ਹਟਾਉਣ ਤੱਕ ਸੀਮਤ ਨਹੀਂ, ਸਗੋਂ ਨਵੀਆਂ ਕਿਲ੍ਹੇਬੰਦੀਆਂ ਅਤੇ ਗੁਪਤ ਸੁਰੰਗਾਂ ਦੀ ਸੰਭਾਵਨਾ ਵੀ ਦਿਖਾਈ ਦਿੰਦੀਆਂ ਹਨ। ਯਾਦ ਰਹੇ ਕਿ ਕੁਝ ਸਮਾਂ ਪਹਿਲਾਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਰਾਨ ਦੇ ਪਰਮਾਣੂ ਠਿਕਾਣਿਆਂ ’ਤੇ ਹਵਾਈ ਹਮਲੇ ਕਰਕੇ ਸਥਿਤੀ ਨੂੰ ਹੋਰ ਗੰਭੀਰ ਕਰ ਦਿੱਤਾ ਸੀ। ਪਰ ਇਰਾਨ ਦੇ ਸੁਪਰੀਮ ਲੀਡਰ ਅਲੀ ਖਾਮੇਨੀ ਨੇ ਕਤਰ ਵਿੱਚ ਅਮਰੀਕੀ ਫੌਜੀ ਅੱਡੇ ’ਤੇ ਹਮਲੇ ਕਰਕੇ ਸਖ਼ਤ ਚਿਤਾਵਨੀ ਦਿੱਤੀ ਸੀ। ਪਰ ਇਸ ਤੋਂ ਬਾਅਦ ਟਰੰਪ ਨੇ ਯੁੱਧ ਰੁਕਵਾ ਦਿੱਤਾ ਸੀ।

### ਇਜ਼ਰਾਇਲ ਦੀ ਮੁੜ ਜੰਗੀ ਤਿਆਰੀ

ਇਜ਼ਰਾਇਲ, ਜਿਸ ਨੂੰ ਇਰਾਨ ਦੀਆਂ ਮਿਜ਼ਾਇਲਾਂ ਨੇ ਖੰਡਰਾਂ ਵਿੱਚ ਬਦਲ ਦਿੱਤਾ ਸੀ, ਹੁਣ ਆਪਣੇ ਹਥਿਆਰ ਭੰਡਾਰਾਂ ਨੂੰ ਮੁੜ ਭਰਨ ਵਿੱਚ ਜੁਟਿਆ ਹੋਇਆ ਹੈ। ਕੈਲਕੇਲਿਸਟੈਕ ਦੀ ਰਿਪੋਰਟ ਮੁਤਾਬਕ, ਇਜ਼ਰਾਇਲ ਨੇ ਇਰਾਨ ਨਾਲ 12 ਦਿਨਾਂ ਦੀ ਜੰਗ ਵਿੱਚ ਆਪਣੇ ਗੁਪਤ ਹਥਿਆਰਾਂ ਦੀ ਝਲਕ ਦੁਨੀਆ ਨੂੰ ਦਿਖਾਈ ਸੀ। ਇਨ੍ਹਾਂ ਵਿੱਚ ਆਇਰਨ ਬੀਮ ਲੇਜ਼ਰ ਹਥਿਆਰ, ਸਟੈਂਡ-ਆਫ ਵੈਪਨਜ਼ ਅਤੇ ਡਰੋਨ ਸ਼ਾਮਲ ਸਨ, ਜਿਨ੍ਹਾਂ ਨੇ ਇਰਾਨ ਵਿੱਚ ਕਾਫੀ ਤਬਾਹੀ ਮਚਾਈ ਸੀ। ਪੌਪੂਲਰ ਮਕੈਨਿਕਸ ਦੀ ਰਿਪੋਰਟ ਅਨੁਸਾਰ, ਆਇਰਨ ਬੀਮ ਇੱਕ 100 ਕਿਲੋਵਾਟ ਦਾ ਹਾਈ-ਐਨਰਜੀ ਲੇਜ਼ਰ ਸਿਸਟਮ ਹੈ, ਜੋ ਰਾਕੇਟਾਂ ਅਤੇ ਵਿਸਫੋਟਕ ਵਾਰਹੈੱਡਾਂ ਨੂੰ ਹਵਾ ਵਿੱਚ ਹੀ ਨਸ਼ਟ ਕਰ ਸਕਦਾ ਹੈ। ਇਹ ਸਿਸਟਮ ਆਇਰਨ ਡੋਮ ਨਾਲੋਂ ਵੀ ਜ਼ਿਆਦਾ ਕੁਸ਼ਲ ਅਤੇ ਖਰਚੇ ਵਿੱਚ ਕਿਫਾਇਤੀ ਹੈ। ਇਜ਼ਰਾਇਲ ਦੀਆਂ ਰੱਖਿਆ ਕੰਪਨੀਆਂ—ਆਈ.ਏ.ਆਈ., ਰਾਫੇਲ ਅਤੇ ਐਲਬਿਟ ਸਿਸਟਮ—ਹੁਣ ਪੂਰੀ ਸਮਰੱਥਾ ਨਾਲ ਕੰਮ ਕਰ ਰਹੀਆਂ ਹਨ। 2025 ਦੀ ਪਹਿਲੀ ਤਿਮਾਹੀ ਵਿੱਚ ਇਨ੍ਹਾਂ ਕੰਪਨੀਆਂ ਨੇ 235 ਅਰਬ ਸ਼ੇਕਲ ਦੇ ਆਰਡਰ ਬੈਕਲਾਗ ਦੀ ਸੂਚਨਾ ਦਿੱਤੀ ਹੈ। ਪਰ ਇਸ ਜੰਗ ਨੇ ਇਜ਼ਰਾਇਲ ਦੇ ਹਥਿਆਰ ਭੰਡਾਰਾਂ ਨੂੰ ਕਾਫੀ ਖੋਰਾ ਲਾਇਆ ਹੈ। ਸੈਂਕੜੇ ਜਹਾਜ਼ਾਂ ਨੂੰ ਮੁਰੰਮਤ ਦੀ ਲੋੜ ਹੈ, ਅਤੇ ਨਵੇਂ ਹਥਿਆਰਾਂ ਦੀ ਖਰੀਦ ਵਿੱਚ ਦੇਰੀ ਕਾਰਨ ਰੱਖਿਆ ਮੰਤਰਾਲੇ ’ਤੇ ਦਬਾਅ ਵਧ ਰਿਹਾ ਹੈ। ਸੀ.ਐਨ.ਬੀ.ਸੀ. ਦੀ ਰਿਪੋਰਟ ਮੁਤਾਬਕ, ਇਜ਼ਰਾਇਲ ਅਰਬਾਂ ਡਾਲਰ ਖਰਚ ਕਰਕੇ ਆਪਣੇ ਹਥਿਆਰ ਭੰਡਾਰਾਂ ਨੂੰ ਮੁੜ ਤਿਆਰ ਕਰ ਰਿਹਾ ਹੈ, ਜਿਸ ਵਿੱਚ ਨਵੇਂ ਗੁਪਤ ਹਥਿਆਰ ਵੀ ਸ਼ਾਮਲ ਹਨ।



### ਕੀ ਇਰਾਨ ਅਜੇ ਵੀ ਬਣਾ ਸਕਦਾ ਹੈ ਪਰਮਾਣੂ ਬੰਬ ?

ਇਰਾਨ ਦੇ ਪਰਮਾਣੂ ਪ੍ਰੋਗਰਾਮ ਨੂੰ ਅਮਰੀਕੀ ਅਤੇ ਇਜ਼ਰਾਇਲੀ ਹਮਲਿਆਂ ਨੇ ਕਾਫੀ ਨੁਕਸਾਨ ਪਹੁੰਚਾਇਆ ਹੈ। ਨਤਾਨਜ਼, ਫੋਰਡੋ ਅਤੇ ਇਸਫਹਾਨ ਦੇ ਪਰਮਾਣੂ ਠਿਕਾਣਿਆਂ ’ਤੇ ਹੋਏ ਹਮਲਿਆਂ ਨੇ ਇਰਾਨ ਦੀਆਂ ਉਮੀਦਾਂ ਨੂੰ ਝਟਕਾ ਦਿੱਤਾ। ਪਰ ਮਿਡਲਬਰੀ ਇੰਸਟੀਟਿਊਟ ਦੇ ਹਥਿਆਰ ਨਿਯੰਤਰਣ ਮਾਹਿਰ ਜੈਫਰੀ ਲੁਈਸ ਨੇ ਐਨ.ਬੀ.ਸੀ. ਨਿਊਜ਼ ਨੂੰ ਦੱਸਿਆ ਕਿ ਇਰਾਨ ਕੋਲ ਅਜੇ ਵੀ ਮਹੱਤਵਪੂਰਨ ਟੈਕਨਾਲੋਜੀ ਅਤੇ ਸਮਰੱਥ ਯੂਰੇਨੀਅਮ ਦਾ ਭੰਡਾਰ ਹੋ ਸਕਦਾ ਹੈ। ਅਮਰੀਕਾ ਨੇ ਵੀ ਮੰਨਿਆ ਹੈ ਕਿ ਫੋਰਡੋ ਪਲਾਂਟ ਤੋਂ 400 ਕਿਲੋ ਯੂਰੇਨੀਅਮ ਦੀ ਚੋਰੀ ਹੋਈ ਹੈ। ਪਰ ਸਵਾਲ ਇਹ ਹੈ ਕਿ ਕੀ ਇਰਾਨ ਅਜੇ ਵੀ ਪਰਮਾਣੂ ਬੰਬ ਬਣਾ ਸਕਦਾ ਹੈ ? ਇਸਫਹਾਨ ਦੀ ਇੱਕੋ-ਇੱਕ ਜਾਣੀ-ਪਛਾਣੀ ਫੈਕਟਰੀ, ਜੋ ਯੂਰੇਨੀਅਮ ਨੂੰ ਠੋਸ ਮੈਟਲ ਵਿੱਚ ਬਦਲ ਸਕਦੀ ਸੀ, ਇਜ਼ਰਾਇਲੀ ਹਮਲੇ ਵਿੱਚ ਤਬਾਹ ਹੋ ਚੁੱਕੀ ਹੈ। ਜੇਕਰ ਇਰਾਨ ਕੋਲ ਕੋਈ ਗੁਪਤ ਪਲਾਂਟ ਨਹੀਂ, ਤਾਂ ਐਟਮ ਬੰਬ ਬਣਾਉਣਾ ਉਸ ਲਈ ਔਖਾ ਹੋਵੇਗਾ। ਫਿਰ ਵੀ, ਸੈਟੇਲਾਈਟ ਤਸਵੀਰਾਂ ਵਿੱਚ ਫੋਰਡੋ ਅਤੇ ਇਸਫਹਾਨ ’ਤੇ ਮੁੜ ਸ਼ੁਰੂ ਹੋਏ ਨਿਰਮਾਣ ਕਾਰਜਾਂ ਨੇ ਅਮਰੀਕਾ ਅਤੇ ਇਜ਼ਰਾਇਲ ਦੀਆਂ ਚਿੰਤਾਵਾਂ ਵਧਾ ਦਿੱਤੀਆਂ ਹਨ। ਗਲੋਬਲ ਟਾਈਮਜ਼ ਦੀ ਰਿਪੋਰਟ ਮੁਤਾਬਕ, ਇਰਾਨ ਦੀ ਇਹ ਤਿਆਰੀ ਸਿਰਫ਼ ਰੱਖਿਆਤਮਕ ਨਹੀਂ, ਸਗੋਂ ਇੱਕ ਵੱਡੇ ਪਰਮਾਣੂ ਪ੍ਰੋਗਰਾਮ ਦੀ ਸੰਭਾਵਨਾ ਵੱਲ ਇਸ਼ਾਰਾ ਕਰਦੀ ਹੈ।

### ਜੰਗ ਵਿੱਚ ਇਜ਼ਰਾਇਲ ਇਰਾਨ ਦੀ ਕਿੰਨੀ ਹੋਈ ਆਰਥਿਕ ਤਬਾਹੀ

ਇਰਾਨ ਅਤੇ ਇਜ਼ਰਾਇਲ ਵਿਚਕਾਰ 13 ਜੂਨ ਤੋਂ ਸ਼ੁਰੂ ਹੋਈ ਜੰਗ ਨੇ ਦੋਹਾਂ ਦੇਸ਼ਾਂ ਵਿੱਚ ਕਾਫੀ ਤਬਾਹੀ ਮਚਾਈ ਸੀ। ਇਜ਼ਰਾਇਲੀ ਮੀਡੀਆ ਅਨੁਸਾਰ, ਇਰਾਨ ਦੀਆਂ ਮਿਜ਼ਾਇਲਾਂ ਨੇ ਇਜ਼ਰਾਇਲ ਵਿੱਚ 30,000 ਤੋਂ ਵੱਧ ਇਮਾਰਤਾਂ ਨੂੰ ਨੁਕਸਾਨ ਪਹੁੰਚਾਇਆ ਸੀ। ਤਲ ਅਵੀਵ ਅਤੇ ਅਸ਼ਕਲੋਨ ਸ਼ਹਿਰ ਸਭ ਤੋਂ ਵੱਧ ਪ੍ਰਭਾਵਿਤ ਹੋਏ ਸਨ, ਜਿੱਥੇ 24,932 ਅਤੇ 10,793 ਮੁਆਵਜ਼ੇ ਦੇ ਦਾਅਵੇ ਦਰਜ ਕੀਤੇ ਗਏ ਹਨ। ਇਜ਼ਰਾਇਲੀ ਟੈਕਸ ਅਥਾਰਟੀ ਨੂੰ 38,700 ਦਾਅਵੇ ਮਿਲੇ ਸਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਮਕਾਨਾਂ, ਵਾਹਨਾਂ ਅਤੇ ਮਸ਼ੀਨਰੀ ਦੇ ਨੁਕਸਾਨ ਨਾਲ ਜੁੜੇ ਹਨ। ਵਾਸ਼ਿੰਗਟਨ ਟਾਈਮਜ਼ ਦੀ ਰਿਪੋਰਟ ਮੁਤਾਬਕ, ਇਸ ਤਬਾਹੀ ਦਾ ਆਰਥਿਕ ਬੋਝ ਇਜ਼ਰਾਇਲ ’ਤੇ ਭਾਰੀ ਪੈਣ ਵਾਲਾ ਹੈ।

ਇਰਾਨ ਵੀ ਇਸ ਜੰਗ ਦੀ ਮਾਰ ਤੋਂ ਬਚਿਆ ਨਹੀਂ। ਅਮਰੀਕੀ ਅਤੇ ਇਜ਼ਰਾਇਲੀ ਹਮਲਿਆਂ ਨੇ ਇਰਾਨ ਦੇ ਪਰਮਾਣੂ ਠਿਕਾਣਿਆਂ ਨੂੰ ਤਬਾਹ ਕਰ ਦਿੱਤਾ, ਜਿਸ ਨਾਲ ਉਸ ਦੀ ਪਰਮਾਣੂ ਸਮਰੱਥਾ ਨੂੰ ਵੱਡਾ ਝਟਕਾ ਲੱਗਾ। ਪਰ ਇਰਾਨ ਦੀ ਸਰਕਾਰ ਨੇ ਇਸ ਨੁਕਸਾਨ ਦੀ ਸਹੀ ਜਾਣਕਾਰੀ ਜਨਤਕ ਨਹੀਂ ਕੀਤੀ। ਬਿਜ਼ਨਸ ਇਨਸਾਈਡਰ ਦੀ ਰਿਪੋਰਟ ਮੁਤਾਬਕ, ਇਰਾਨ ਦੀਆਂ ਆਰਥਿਕ ਮੁਸ਼ਕਿਲਾਂ ਵਧ ਸਕਦੀਆਂ ਹਨ, ਕਿਉਂਕਿ ਪਰਮਾਣੂ ਠਿਕਾਣਿਆਂ ਦੀ ਮੁਰੰਮਤ ਅਤੇ ਮੁੜ ਨਿਰਮਾਣ ’ਤੇ ਅਰਬਾਂ ਡਾਲਰ ਦਾ ਖਰਚ ਆਵੇਗਾ। ਇਸ ਦੌਰਾਨ, ਇਰਾਨ ਦੇ ਸ਼ੀਆ ਮੁਸਲਮਾਨਾਂ ਦੇ ਪ੍ਰਮੁੱਖ ਧਰਮਗੁਰੂ ਮੁਫਤੀ ਆਇਤੁੱਲਾ ਮਕਾਰਮ ਸ਼ੀਰਾਜ਼ੀ ਨੇ ਟਰੰਪ ਅਤੇ ਨੇਤਨਯਾਹੂ ਨੂੰ ‘ਦੁਸ਼ਮਣ’ ਐਲਾਨ ਦੇ ਹੋਏ ਫਤਵਾ ਜਾਰੀ ਕੀਤਾ ਹੈ, ਜਿਸ ਵਿੱਚ ਮੁਸਲਮਾਨਾਂ ਨੂੰ ਇਨ੍ਹਾਂ ਨੇਤਾਵਾਂ ਦਾ ਸਮਰਥਨ ਕਰਨ ਤੋਂ ਮਨ੍ਹਾ ਕੀਤਾ ਗਿਆ ਹੈ।

### ਅਮਰੀਕੀ ਸੰਸਦ ਵਿੱਚ ਟਰੰਪ ਨੂੰ ਇਰਾਨ ’ਤੇ ਹਮਲੇ ਦੀ ਖੁੱਲ੍ਹ ਮਿਲੀ

ਅਮਰੀਕੀ ਸੰਸਦ ਵਿੱਚ ਟਰੰਪ ਨੂੰ ਇਰਾਨ ’ਤੇ ਹਮਲੇ ਦੀ ਖੁੱਲ੍ਹ ਮਿਲਣ ਦੀ ਖ਼ਬਰ ਨੇ ਸਥਿਤੀ ਨੂੰ ਹੋਰ ਗੁੰਝਲਦਾਰ ਕਰ ਦਿੱਤਾ। ਡੈਮੋਕ੍ਰੈਟਿਕ ਪਾਰਟੀ ਦੇ ਸੈਨੇਟਰ ਟਿਮ ਕੇਨ ਦਾ ਪ੍ਰਸਤਾਵ, ਜਿਸ ਵਿੱਚ ਟਰੰਪ ਨੂੰ ਇਰਾਨ ’ਤੇ ਹਮਲੇ ਲਈ ਸੰਸਦ ਦੀ ਮੰਜ਼ੂਰੀ ਲੈਣ ਦੀ ਸ਼ਰਤ ਸੀ, ਸੈਨੇਟ ਵਿੱਚ ਖਾਰਜ ਹੋ ਗਿਆ। ਰਿਪਬਲੀਕਨ ਪਾਰਟੀ ਦੇ ਜ਼ਿਆਦਾਤਰ ਸੰਸਦ ਮੈਂਬਰਾਂ ਨੇ ਇਸ ਦਾ ਵਿਰੋਧ ਕੀਤਾ, ਜਿਨ੍ਹਾਂ ਦਾ ਮੰਨਣਾ ਹੈ ਕਿ ਇਰਾਨ ਇੱਕ ‘ਵੱਡਾ ਖਤਰਾ’ ਹੈ। ਨਿਊਯਾਰਕ ਟਾਈਮਜ਼ ਦੀ ਰਿਪੋਰਟ ਮੁਤਾਬਕ, ਇਸ ਫੈਸਲੇ ਨੇ ਟਰੰਪ ਨੂੰ ਇਰਾਨ ਵਿਰੁੱਧ ਅਗਲੀ ਸੈਨਿਕ ਕਾਰਵਾਈ ਲਈ ਖੁੱਲ੍ਹੀ ਛੋਟ ਦੇ ਦਿੱਤੀ ਹੈ। ਪਰ ਇਰਾਨ ਨੇ ਅਮਰੀਕਾ ਨਾਲ ਪਰਮਾਣੂ ਮੁੱਦੇ ’ਤੇ ਗੱਲਬਾਤ ਦੀ ਸੰਭਾਵਨਾ ਨੂੰ ਸਿਰੇ ਤੋਂ ਨਕਾਰਿਆ ਨਹੀਂ। ਇਰਾਨ ਦੇ ਵਿਦੇਸ਼ ਮੰਤਰੀ ਅਰਾਘਚੀ ਨੇ ਸਰਕਾਰੀ ਟੀ.ਵੀ. ’ਤੇ ਕਿਹਾ, ‘ਅਸੀਂ ਗੱਲਬਾਤ ਲਈ ਖੁੱਲ੍ਹੇ ਹਾਂ, ਪਰ ਅਮਰੀਕਾ ਦੀਆਂ ਸ਼ਰਤਾਂ ਨਾਲ ਨਹੀਂ।’ ਦੂਜੇ ਪਾਸੇ, ਅਮਰੀਕਾ ਨੇ ਸਪੱਸ਼ਟ ਕੀਤਾ ਹੈ ਕਿ ਉਹ ਇਰਾਨ ਨਾਲ ਸਿੱਧੀ ਗੱਲਬਾਤ ਨਹੀਂ ਕਰੇਗਾ।

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ

ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ’ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ ’ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

**ਈ ਮੇਲ : asrtimes@gmail.com**


CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL

ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.

Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us



ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸ਼ੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS





Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com




# ਪੰਜਾਬ ਵਿੱਚ ਗੈਂਗਵਾਰ ਦੇ ਖ਼ੂਨੀ ਸੰਘਰਸ਼ ਦਾ ਮਾਮਲਾ

## ਜੱਗੂ ਭਗਵਾਨਪੁਰੀਆ ਦੀ ਮਾਂ ਦੇ ਕਤਲ ਨੇ ਮਚਾਈ ਦਹਿਸ਼ਤ

## ਜੱਗੂ ਤੇ ਬੰਬੀਹਾ ਗੈਂਗ ਵਿਚਾਲੇ ਹੋ ਸਕਦੀਆਂ ਨੇ ਖ਼ੂਨੀ ਝੜਪਾਂ

ਪੰਜਾਬ, ਜਿਹੜਾ ਕਦੇ ਸਿੱਖ ਸੱਭਿਆਚਾਰ, ਸੰਗੀਤ ਅਤੇ ਹਰਿਆਵਲ ਦੀਆਂ ਖੁਸ਼ਬੂਆਂ ਨਾਲ ਮਹਿਕਦਾ ਸੀ, ਅੱਜ ਗੈਂਗਵਾਰ ਦੀ ਅੱਗ ਵਿੱਚ ਸੜ ਰਿਹਾ ਹੈ। ਬਟਾਲਾ ਵਿੱਚ ਬੀਤੇ ਹਫਤੇ ਰਾਤ ਦੌਰਾਨ ਸਕਾਰਪੀਓ ਵਿੱਚ ਬੈਠੇ ਗੈਂਗਸਟਰ ਜੱਗੂ ਭਗਵਾਨਪੁਰੀਆ ਦੀ ਮਾਂ ਹਰਜੀਤ ਕੌਰ ਅਤੇ ਉਸ ਦੇ ਰਿਸ਼ਤੇਦਾਰ ਕਰਨਵੀਰ ਸਿੰਘ ਦਾ ਦੋ ਮੋਟਰਸਾਈਕਲ ਸਵਾਰ ਨੌਜਵਾਨਾਂ ਵੱਲੋਂ ਬੇਰਹਿਮੀ ਨਾਲ ਕਤਲ ਕੀਤਾ ਗਿਆ। ਇਹ ਖ਼ੂਨੀ ਖੇਡ ਦਵਿੰਦਰ ਬੰਬੀਹਾ ਗੈਂਗ ਨੇ ਮਈ ਵਿੱਚ ਗੁਰਪ੍ਰੀਤ ਸਿੰਘ ਉਰਫ਼ ਗੋਰਾ ਬਰਿਆਰ ਦੇ ਕਤਲ ਦਾ ਬਦਲਾ ਲੈਣ ਲਈ ਖੇਡੀ। ਪਰ ਇਸ ਘਟਨਾ ਨੇ ਇਹ ਸਪੱਸ਼ਟ ਕਰ ਦਿੱਤਾ ਕਿ ਗੈਂਗਵਾਰ ਹੁਣ ਸਿਰਫ਼ ਗੈਂਗਸਟਰਾਂ ਤੱਕ ਸੀਮਤ ਨਹੀਂ, ਸਗੋਂ ਪਰਿਵਾਰਾਂ ਦੇ ਘਰਾਂ ਦੀਆਂ ਸੀਮਾਵਾਂ ਉਲੰਘ ਗਈ ਹੈ। 128 ਤੋਂ ਵੱਧ ਮੁਕੱਦਮਿਆਂ ਦਾ ਸਾਹਮਣਾ ਕਰ ਰਹੇ ਜੱਗੂ ਭਗਵਾਨਪੁਰੀਆ, ਜਿਸ ਦੀ ਪੰਜਾਬ ਦੀ ਅਪਰਾਧਿਕ ਦੁਨੀਆਂ ਵਿੱਚ ਦਹਿਸ਼ਤ ਹੈ, ਅਸਾਮ ਦੀ ਸਿਲਚਰ ਜੇਲ੍ਹ ਵਿੱਚ ਬੰਦ ਹੈ। ਜੱਗੂ ਦੀ ਮਾਂ ਹਰਜੀਤ ਕੌਰ, ਜੋ ਭਗਵਾਨਪੁਰ ਪਿੰਡ ਦੀ ਸਾਬਕਾ ਸਰਪੰਚ ਸੀ। ਪਿੰਡ ਵਾਸੀਆਂ ਅਨੁਸਾਰ ਉਹ ਗਰੀਬ ਲੜਕੀਆਂ ਦੇ ਵਿਆਹ ਕਰਵਾਉਂਦੀ, ਝਗੜੇ ਸੁਲਝਾਉਂਦੀ ਸੀ। ਪਰ ਗੈਂਗਵਾਰ ਦੀ ਇਸ ਅੱਗ ਨੇ ਉਸ ਦੀ ਜ਼ਿੰਦਗੀ ਦੀ ਲੋਅ ਨੂੰ ਹਮੇਸ਼ਾ ਲਈ ਬੁਝਾ ਦਿੱਤਾ।

ਬੰਬੀਹਾ ਗੈਂਗ ਦੇ ਮੈਂਬਰਾਂ ਡੋਨੀ ਬਲ, ਬਿੱਲਾ ਮਾਂਗਾ, ਪ੍ਰਭ ਦਾਸੂਵਾਲ ਅਤੇ ਕੌਸ਼ਲ ਚੌਧਰੀ ਨੇ ਸੋਸ਼ਲ ਮੀਡੀਆ ’ਤੇ ਕਤਲ ਦੀ ਜ਼ਿੰਮੇਵਾਰੀ ਲੈਂਦਿਆਂ ਕਿਹਾ ਕਿ ਕਰਨਵੀਰ ਸਿੰਘ ਜੱਗੂ ਦਾ ਸੱਜਾ ਹੱਥ ਸੀ, ਜੋ ਉਸ ਦੇ ਸਾਰੇ ਅਪਰਾਧਿਕ ਕੰਮ ਸੰਭਾਲਦਾ ਸੀ। ਉਨ੍ਹਾਂ ਨੇ ਇਸ ਨੂੰ ਗੋਰਾ ਬਰਿਆਰ ਦੇ ਕਤਲ ਦਾ ਬਦਲਾ ਦੱਸਿਆ। ਪਰ ਅਗਲੇ ਦਿਨ ਬੰਬੀਹਾ ਗੈਂਗ ਦੀ ਇੱਕ ਹੋਰ ਪੋਸਟ ਨੇ ਸਭ ਨੂੰ ਹੈਰਾਨ ਕਰ ਦਿੱਤਾ, ਜਿਸ ਵਿੱਚ ਉਨ੍ਹਾਂ ਨੇ ਹਰਜੀਤ ਕੌਰ ਦੇ ਕਤਲ ਨੂੰ ‘ਗਲਤੀ’ ਕਰਾਰ ਦਿੱਤਾ। ਉਨ੍ਹਾਂ ਮੁਤਾਬਕ, ਉਹ ਸਿਰਫ਼ ਕਰਨਵੀਰ ਨੂੰ ਨਿਸ਼ਾਨਾ ਬਣਾਉਣਾ ਚਾਹੁੰਦੇ ਸਨ, ਪਰ ਹਰਜੀਤ ਕੌਰ ਦੀ




ਮੌਜੂਦਗੀ ਦਾ ਉਨ੍ਹਾਂ ਨੂੰ ਪਤਾ ਨਹੀਂ ਸੀ। ਇਸ ਪੋਸਟ ਵਿੱਚ ਉਨ੍ਹਾਂ ਨੇ ਮੁਆਫੀ ਮੰਗਦਿਆਂ ਕਿਹਾ, ਮਾਵਾਂ ਸਭ ਦੀਆਂ ਸਾਂਝੀਆਂ ਹੁੰਦੀਆਂ ਨੇ।

ਇਸ ਦੇ ਜਵਾਬ ਵਿੱਚ ਜੱਗੂ ਭਗਵਾਨਪੁਰੀਆ ਦੀ ਟੀਮ ਨੇ ਵੀ ਸੋਸ਼ਲ ਮੀਡੀਆ ’ਤੇ ਆਪਣਾ ਗੁੱਸਾ ਜ਼ਾਹਰ ਕੀਤਾ। ਉਨ੍ਹਾਂ ਦੀ ਪੋਸਟ ਵਿੱਚ ਲਿਖਿਆ ਕਿ ਸਾਡੀ ਦੁਸ਼ਮਣੀ ਸਾਡੇ ਵਿਚਕਾਰ ਹੈ, ਪਰਿਵਾਰਾਂ ਨਾਲ ਨਹੀਂ। ਹਰਜੀਤ ਕੌਰ ਨੇ ਮੇਰੇ ਲਈ ਵਿੱਤੀ ਮੁਸ਼ਕਲਾਂ ਸਹੀਆਂ, ਉਸ ਦਾ ਕਤਲ ਗਲਤ ਸੀ। ਹੁਣ ਹੱਦਾਂ ਪਾਰ ਹੋ ਜਾਣਗੀਆਂ। ਇਸ ਤਰ੍ਹਾਂ ਦੋਵੇਂ ਗਰੁੱਪਾਂ ਦੀਆਂ ਸੋਸ਼ਲ ਮੀਡੀਆ ਪੋਸਟਾਂ ਨੇ ਪੰਜਾਬ ਵਿੱਚ ਗੈਂਗਵਾਰ ਦੇ ਹੋਰ ਤੇਜ਼ ਹੋਣ ਦੀ ਸੰਭਾਵਨਾ ਨੂੰ ਹਵਾ ਦੇ ਦਿੱਤੀ ਹੈ।

**ਕਾਂਗਰਸ ਆਗੂ ’ਤੇ ਗੰਭੀਰ ਦੋਸ਼**

ਇਸ ਖ਼ੂਨੀ ਖੇਡ ਵਿੱਚ ਇੱਕ ਨਵਾਂ ਮੋੜ ਉਦੋਂ ਆਇਆ ਜਦੋਂ ਜੱਗੂ ਦੀ ਚਾਚੀ ਰਾਜਵਿੰਦਰ ਕੌਰ ਨੇ ਕਾਂਗਰਸ ਦੇ ਸੰਸਦ ਮੈਂਬਰ ਅਤੇ ਸਾਬਕਾ ਡਿਪਟੀ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ’ਤੇ ਕਤਲ ਦਾ ਦੋਸ਼ ਲਗਾਇਆ। ਰਾਜਵਿੰਦਰ ਮੁਤਾਬਕ, ਇਹ ਕਤਲ ਸਿਆਸੀ ਅਤੇ ਵਪਾਰਕ ਰੰਜਿਸ਼ ਕਾਰਨ ਕੀਤਾ ਗਿਆ। ਉਨ੍ਹਾਂ ਨੇ ਰੰਧਾਵਾ, ਉਸ ਦੇ ਪੁੱਤਰ ਉਦੈਵੀਰ ਸਿੰਘ, ਅਮਨਦੀਪ ਸਿੰਘ ਜੰਟੀਪੁਰੀਆ, ਰਵਿੰਦਰ ਸਿੰਘ ਅਤੇ ਨਿਰਮਲ ਸਿੰਘ ’ਤੇ ਵੀ ਸ਼ਾਮਲ ਹੋਣ ਦਾ ਇਲਜ਼ਾਮ ਲਗਾਇਆ। ਰਾਜਵਿੰਦਰ ਨੇ ਦਾਅਵਾ ਕੀਤਾ ਕਿ ਹਮਲਾਵਰਾਂ ਨੇ ਕਤਲ ਤੋਂ ਬਾਅਦ ਰੰਧਾਵਾ ਨੂੰ ਫੋਨ ਕਰਕੇ ਕਿਹਾ ਕਿ ਅਸੀਂ ਕੰਮ ਕਰ ਦਿੱਤਾ। ਬਟਾਲਾ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਗਈ ਹੈ, ਪਰ ਰੰਧਾਵਾ ਨੇ ਇਸ ਮਾਮਲੇ ’ਤੇ ਚੁੱਪੀ ਸਾਧੀ ਹੋਈ ਹੈ, ਸਿਰਫ਼ ਇਹ ਕਹਿ ਕੇ ਕਿ ਜਾਂਚ ਤੋਂ ਬਾਅਦ ਹੀ ਕੁਝ ਕਹਿਣਗੇ। ਇਸ ਨੇ ਪੰਜਾਬ ਦੀ ਸਿਆਸਤ ਵਿੱਚ ਵੀ ਹਲਚਲ ਮਚਾ ਦਿੱਤੀ ਹੈ, ਜਿਸ ਨਾਲ ਗੈਂਗਵਾਰ ਦਾ ਮਸਲਾ ਸਿਆਸੀ ਰੰਗ ਵੀ ਲੈ ਰਿਹਾ ਹੈ।

**ਪੰਜਾਬ ਵਿੱਚ ਗੈਂਗਸਟਰਾਂ ਦਾ ਜਾਲ, ਸਰਕਾਰ ਦੀ ਨਾਕਾਮੀ ?**

ਪੰਜਾਬ ਵਿੱਚ ਗੈਂਗਵਾਰ ਦਾ ਇਹ ਨਵਾਂ ਰੂਪ, ਜਿੱਥੇ ਪਰਿਵਾਰਕ ਮੈਂਬਰਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਸਮਾਜ ਲਈ ਵੱਡੀ ਚੁਣੌਤੀ ਬਣ ਗਿਆ ਹੈ। ਸੂਬੇ ਵਿੱਚ ਵਿੱਕੀ ਗੌਂਡਰ, ਲਾਰੈਂਸ ਬਿਸ਼ਨੋਈ, ਪ੍ਰੇਮਾ ਲਾਹੌਰੀਆ, ਗੋਲਡੀ ਬਰਾੜ ਅਤੇ ਦਵਿੰਦਰ ਬੰਬੀਹਾ ਵਰਗੇ ਗੈਂਗਸਟਰਾਂ ਦੀ ਲੰਬੀ ਸੂਚੀ ਹੈ। ਅੰਕੜਿਆਂ ਮੁਤਾਬਕ, ਪੰਜਾਬ ਵਿੱਚ 30 ਤੋਂ ਵੱਧ ਸੰਗਠਿਤ ਗੈਂਗ ਸਰਗਰਮ ਹਨ, ਜੋ ਨਸ਼ੀਲੇ ਪਦਾਰਥਾਂ ਦੀ ਤਸਕਰੀ, ਫਿਰੌਤੀ, ਕਤਲ ਅਤੇ ਹਥਿਆਰਾਂ ਦੇ ਗੈਰ-ਕਾਨੂੰਨੀ ਵਪਾਰ ਵਿੱਚ ਸ਼ਾਮਲ ਹਨ। ਸਰਕਾਰ ਅਤੇ ਪੁਲਿਸ ਨੇ ਨਸ਼ਿਆਂ ਅਤੇ ਗੈਂਗਵਾਰ ਨੂੰ ਰੋਕਣ ਲਈ ਕਈ ਦਾਅਵੇ ਕੀਤੇ, ਪਰ ਹਰਜੀਤ ਕੌਰ ਦਾ ਕਤਲ ਸਪੱਸ਼ਟ ਕਰਦਾ ਹੈ ਕਿ ਸਥਿਤੀ ਹੱਥੋਂ ਨਿਕਲ ਰਹੀ ਹੈ। ਹੁਣ ਸਰਕਾਰ ਵੱਲੋਂ ਸਖ਼ਤ ਨੀਤੀਆਂ ਅਤੇ ਵੱਡੀਆਂ ਕਾਰਵਾਈਆਂ ਦੀ ਲੋੜ ਹੈ। ਪੁਲਿਸ ਦੀ ਚੁੱਪੀ ਅਤੇ ਸੋਸ਼ਲ ਮੀਡੀਆ ’ਤੇ ਗੈਂਗਸਟਰਾਂ ਦੀਆਂ ਧਮਕੀਆਂ ਨੇ ਲੋਕਾਂ ਵਿੱਚ ਡਰ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਪੁਲਿਸ ਨੂੰ ਸਖ਼ਤੀ ਕਰਨ ਦੀ ਜ਼ਰੂਰਤ ਹੈ, ਨਹੀਂ ਤਾਂ ਇਹ ਖ਼ੂਨੀ ਖੇਡ ਸੂਬੇ ਦੀ ਸ਼ਾਂਤੀ ਨੂੰ ਹਮੇਸ਼ਾ ਲਈ ਨਿਗਲ ਜਾਵੇਗੀ।

# ਪੰਥਕ ਧਿਰਾਂ ਵੱਲੋਂ ਸਾਂਝਾ ਪੰਥਕ ਮੰਚ ਬਣਾਉਣ ਬਾਰੇ ਵਿਚਾਰ ਚਰਚਾ



ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਅਕਾਲੀ ਦਲ ਦੇ ਗਠਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਬਣੀ ਭਰਤੀ ਕਮੇਟੀ ਅਤੇ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਜਥੇਬੰਦੀ ‘ਅਕਾਲੀ ਦਲ ਵਾਰਸ ਪੰਜਾਬ ਦੇ’ ਦੇ ਆਗੂਆਂ ਵਿਚਾਲੇ ਪਿਛਲੇ ਦਿਨੀਂ ਇੱਕ ਅਹਿਮ ਮੀਟਿੰਗ ਹੋਈ, ਜਿਸ ਵਿੱਚ ਸਾਂਝਾ ਪੰਥਕ ਮੰਚ ਬਣਾਉਣ ਬਾਰੇ ਵਿਚਾਰ ਚਰਚਾ ਕੀਤੀ ਗਈ ਹੈ।

ਇਹ ਮੀਟਿੰਗ ਜੱਲੂਪੁਰ ਖੇੜਾ ਵਿਖੇ ਅੰਮ੍ਰਿਤਪਾਲ ਸਿੰਘ ਦੇ ਘਰ ਵਿੱਚ ਹੋਈ। ਮੀਟਿੰਗ ਵਿੱਚ ਭਰਤੀ ਕਮੇਟੀ ਦੀ ਮੈਂਬਰ ਬੀਬੀ ਸਤਵੰਤ ਕੌਰ, ਮਨਪ੍ਰੀਤ ਸਿੰਘ ਇਆਲੀ, ਜਥੇਦਾਰ ਸੰਤਾ ਸਿੰਘ ਉਮੈਦਪੁਰੀ, ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ, ਇਕਬਾਲ ਸਿੰਘ ਝੂੰਦਾ ਸ਼ਾਮਿਲ ਸਨ। ਇਨ੍ਹਾਂ ਦੇ ਨਾਲ ਭਾਈ ਦਇਆ ਸਿੰਘ ਲਹੌਰੀਆ ਨੇ ਵੀ ਸ਼ਿਰਕਤ ਕੀਤੀ।

ਇਸ ਮੌਕੇ ‘ਅਕਾਲੀ ਦਲ ਵਾਰਿਸ ਪੰਜਾਬ ਦੇ’ ਦੇ ਆਗੂਆਂ ਨੇ ਭਰਤੀ ਕਮੇਟੀ ਵੱਲੋਂ ਪੰਥਕ ਏਕਤਾ ਦੇ ਕੀਤੇ ਜਾ ਰਹੇ ਯਤਨਾਂ ਦਾ ਸਵਾਗਤ ਕੀਤਾ। ਇਸ ਮੌਕੇ ਭਰਤੀ ਕਮੇਟੀ ਅਤੇ ਅਕਾਲੀ ਦਲ ਵਾਰਿਸ ਪੰਜਾਬ ਵੱਲੋਂ ਇਹ ਫੈਸਲਾ ਹੋਇਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਪੰਥਕ ਧਿਰਾਂ ਨਾਲ ਤਾਲਮੇਲ ਕਰ ਕੇ ਸਮੁੱਚੀਆਂ ਪੰਥਕ ਧਿਰਾਂ ਨੂੰ ਇੱਕ ਪਲੇਟਫਾਰਮ ’ਤੇ ਇਕੱਠੇ ਕਰਨ ਦੇ ਸਾਂਝੇ ਯਤਨ ਕੀਤੇ ਜਾਣਗੇ ਤਾਂ ਕਿ ਕੌਮ ਨੂੰ ਪੰਥਕ ਸੰਕਟ ’ਚੋਂ ਕੱਢ ਕੇ ਚੜ੍ਹਦੀ ਕਲਾ ਵੱਲ ਲਿਜਾਇਆ ਜਾ ਸਕੇ।

# ਗਿਆਨੀ ਰਘਬੀਰ ਸਿੰਘ ਵੱਲੋਂ ਸ਼੍ਰੋਮਣੀ ਕਮੇਟੀ ਖ਼ਿਲਾਫ਼ ਪਟੀਸ਼ਨ ਵਾਪਸ ਲੈਣ ਦਾ ਐਲਾਨ

ਅੰਮ੍ਰਿਤਸਰ/ ਏ.ਟੀ.ਨਿਊਜ਼: ਪੰਥਕ ਸੰਸਥਾਵਾਂ ਦੇ ਦਬਾਅ ਅਤੇ ਆਲੋਚਨਾ ਮਗਰੋਂ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਅਤੇ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਰਘਬੀਰ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਖ਼ਿਲਾਫ਼ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਦਾਇਰ ਕੀਤੀ ਪਟੀਸ਼ਨ ਵਾਪਸ ਲੈਣ ਦਾ ਫ਼ੈਸਲਾ ਕੀਤਾ ਹੈ। ਇਸ ਪਟੀਸ਼ਨ ਰਾਹੀਂ ਉਨ੍ਹਾਂ ਖਦਸ਼ਾ ਪ੍ਰਗਟਾਇਆ ਸੀ ਕਿ ਸ਼੍ਰੋਮਣੀ ਕਮੇਟੀ ਵੱਲੋਂ ਉਨ੍ਹਾਂ ਦੇ ਅਹੁਦੇ ਅਤੇ ਰੁਤਬੇ ਨੂੰ ਨੁਕਸਾਨ ਪਹੁੰਚਾਇਆ ਜਾ ਸਕਦਾ ਹੈ ਜਿਸ ਵਾਸਤੇ ਉਨ੍ਹਾਂ ਅਗਾਊਂ ਕਾਰਵਾਈ ਦੀ ਅਪੀਲ ਕੀਤੀ ਸੀ। ਇਸ ਦਾ ਖੁਲਾਸਾ ਹੋਣ ਮਗਰੋਂ ਸਿੱਖ ਜਗਤ ਵੱਲੋਂ ਉਨ੍ਹਾਂ ਦੀ ਇਹ ਕਹਿ ਕੇ ਆਲੋਚਨਾ ਕੀਤੀ ਜਾ ਰਹੀ ਸੀ ਕਿ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੇ ਅਹੁਦੇ ’ਤੇ ਰਹੇ ਵਿਅਕਤੀ ਵੱਲੋਂ ਦੁਨਿਆਵੀ ਅਦਾਲਤ ਦਾ ਆਸਰਾ ਲਿਆ ਜਾ ਰਿਹਾ ਹੈ।

ਇਸ ਮਾਮਲੇ ਵਿੱਚ ਉਨ੍ਹਾਂ ਆਪਣੀ ਪਟੀਸ਼ਨ ਨੂੰ ਵਾਪਸ ਲੈਣ ਦਾ ਐਲਾਨ ਕੀਤਾ ਹੈ। ਇਸ ਸਬੰਧ ਵਿੱਚ ਜਾਰੀ ਕੀਤੇ ਵੀਡੀਓ



ਸੁਨੇਹੇ ਰਾਹੀਂ ਗਿਆਨੀ ਰਘਬੀਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਅਤੇ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਦੇ ਅਹੁਦੇ ’ਤੇ ਰਹਿੰਦਿਆਂ ਆਪਣੇ ਇਸ ਅਹੁਦੇ ਤੇ ਮਾਣ-ਸਨਮਾਨ ਨੂੰ ਕਾਇਮ ਰੱਖਣ ਲਈ ਹਰ ਸੰਭਵ ਯਤਨ ਕੀਤਾ ਹੈ। ਉਨ੍ਹਾਂ ਕਦੇ ਵੀ ਇਨ੍ਹਾਂ ਅਹੁਦਿਆਂ ਅਤੇ ਸੰਸਥਾਵਾਂ ਦੇ ਮਾਣ-ਸਨਮਾਨ ਨੂੰ ਢਾਹ ਲਾਉਣ ਬਾਰੇ ਨਹੀਂ ਸੋਚਿਆ ਹੈ। ਉਨ੍ਹਾਂ ਕਿਹਾ ਕਿ ਸਿੱਖ ਜਗਤ ਦੀਆਂ ਭਾਵਨਾਵਾਂ ਦੀ ਕਦਰ ਕਰਦਿਆਂ ਉਨ੍ਹਾਂ ਇਹ ਪਟੀਸ਼ਨ ਵਾਪਸ ਲੈਣ ਦਾ ਫ਼ੈਸਲਾ ਕੀਤਾ ਹੈ। ਸਿੱਖ ਸੰਸਥਾਵਾਂ ਤੇ ਅਹਿਮ ਅਹੁਦਿਆਂ ਦੇ ਮਾਣ-ਸਨਮਾਨ ਨੂੰ ਬਚਾਉਣਾ ਹੁਣ ਸਿੱਖ ਜਗਤ ਦੀ ਜ਼ਿੰਮੇਵਾਰੀ ਹੈ। ਉਨ੍ਹਾਂ ਪਟੀਸ਼ਨ ਵਿਚਲੇ ਵੇਰਵੇ ਸਾਂਝੇ ਨਹੀਂ ਕੀਤੇ ਪਰ ਮਿਲੀ ਜਾਣਕਾਰੀ ਮੁਤਾਬਕ ਉਨ੍ਹਾਂ ਪਟੀਸ਼ਨ ਵਿੱਚ ਖਦਸ਼ਾ ਜ਼ਾਹਿਰ ਕੀਤਾ ਸੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਨ੍ਹਾਂ ਨੂੰ ਇਸ ਅਹੁਦੇ ਤੋਂ ਹਟਾਇਆ ਜਾ ਸਕਦਾ ਹੈ ਅਤੇ ਕਿਸੇ ਹੋਰ ਥਾਂ ਤਬਦੀਲ ਕੀਤਾ ਜਾ ਸਕਦਾ ਹੈ। ਇਸ ਦੌਰਾਨ ਗਿਆਨੀ ਰਘਬੀਰ ਸਿੰਘ ਵੱਲੋਂ ਪਟੀਸ਼ਨ ਵਾਪਿਸ ਲੈਣ ਦੇ ਫ਼ੈਸਲੇ ਦਾ ਦਲ ਖ਼ਾਲਸਾ ਨੇ ਸੁਆਗਤ ਕੀਤਾ ਹੈ। ਉਨ੍ਹਾਂ ਆਖਿਆ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਚਾਹੀਦਾ ਹੈ ਕਿ ਉਹ ਸਿੰਘ ਸਾਹਿਬਾਨ ਦੇ ਤੌਖਲਿਆਂ ਦਾ ਸਨਮਾਨਯੋਗ ਤਰੀਕੇ ਨਾਲ ਨਿਬੇੜਾ ਕਰਨ।

# ਕੰਵਰ ਵਿਜੇ ਪ੍ਰਤਾਪ ਸਿੰਘ ਨੂੰ ‘ਆਪ’ ਨੇ ਪੰਜ ਸਾਲ ਲਈ ਪਾਰਟੀ ਵਿਚੋਂ ਕਿਉਂ ਬਾਹਰ ਕੀਤਾ ?

## ਬੇਅਦਬੀ ਮਾਮਲਿਆਂ ਅਤੇ ਸਿਆਸੀ ਗਤੀਵਿਧੀਆਂ ਕਾਰਨ ਆਪ ਉੱਪਰ ਉੱਠੇ ਸਵਾਲ

ਬੀਤੇ ਦਿਨੀਂ ਆਮ ਆਦਮੀ ਪਾਰਟੀ ਨੇ ਅੰਮ੍ਰਿਤਸਰ ਉੱਤਰੀ ਦੇ ਵਿਧਾਇਕ ਅਤੇ ਸਾਬਕਾ ਆਈ.ਪੀ.ਐਸ. ਅਫਸਰ ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ ਪਾਰਟੀ ਵਿੱਚੋਂ 5 ਸਾਲ ਲਈ ਮੁਅੱਤਲ ਕਰ ਦਿੱਤਾ ਸੀ। ਇਹ ਫੈਸਲਾ ਪਾਰਟੀ ਦੀ ਰਾਜਨੀਤਿਕ ਮਾਮਲਿਆਂ ਦੀ ਕਮੇਟੀ ਵੱਲੋਂ ਲਿਆ ਗਿਆ ਸੀ। ਕੁੰਵਰ ’ਤੇ ਪਾਰਟੀ ਵਿਰੋਧੀ ਗਤੀਵਿਧੀਆਂ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਨੇਤਾ ਬਿਕਰਮ ਸਿੰਘ ਮਜੀਠੀਆ ਵਿਰੁੱਧ ਵਿਜੀਲੈਂਸ ਦੀ ਕਾਰਵਾਈ ’ਤੇ ਸਵਾਲ ਉਠਾਉਣ ਦਾ ਦੋਸ਼ ਹੈ। ਪਿਛਲੇ ਦਿਨੀਂ ਕੁੰਵਰ ਨੇ ਕਿਹਾ ਸੀ ਕਿ 2022 ਵਿੱਚ ਮਜੀਠੀਆ ਜਦੋਂ ਜੇਲ੍ਹ ਵਿੱਚ ਸਨ, ਤਾਂ ਭਗਵੰਤ ਮਾਨ ਸਰਕਾਰ ਨੇ ਨਾ ਤਾਂ ਉਹਨਾਂ ਦੀ ਪੁੱਛਗਿੱਛ ਕੀਤੀ ਅਤੇ ਨਾ ਹੀ ਰਿਮਾਂਡ ਮੰਗਿਆ, ਜਿਸ ਕਾਰਨ ਮਜੀਠੀਆ ਨੂੰ ਜ਼ਮਾਨਤ ਮਿਲ ਗਈ ਸੀ। ਉਹਨਾਂ ਨੇ ਇਹ ਵੀ ਕਿਹਾ ਸੀ ਕਿ ਸਵੇਰੇ-ਸਵੇਰੇ ਕਿਸੇ ਦੇ ਘਰ ਛਾਪੇ ਮਾਰਨਾ ਨੈਤਿਕ ਸਿਧਾਂਤਾਂ ਦੇ ਖ਼ਿਲਾਫ਼ ਹੈ।

ਆਮ ਆਦਮੀ ਪਾਰਟੀ ਦੇ ਇਸ ਫੈਸਲੇ ਨੇ ਪੰਜਾਬ ਦੀ ਸਿਆਸਤ ਵਿੱਚ ਹਲਚਲ ਮਚਾ ਦਿੱਤੀ ਹੈ, ਕਿਉਂਕਿ ਕੁੰਵਰ ਵਿਜੇ ਪ੍ਰਤਾਪ ਸਿੰਘ 2015 ਦੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਅਤੇ ਕੋਟਕਪੂਰਾ ਗੋਲ਼ੀਬਾਰੀ ਮਾਮਲਿਆਂ ਦੀ ਜਾਂਚ ਵਿੱਚ ਮੁੱਖ ਭੂਮਿਕਾ ਨਿਭਾਉਣ ਵਾਲੇ ਅਫਸਰ ਸਨ, ਜਿਨ੍ਹਾਂ ਨੇ ‘ਆਪ’ ਦੀ 2022 ਦੀ ਸੱਤਾ ਵਿੱਚ ਵਾਪਸੀ ਦਾ ਰਾਹ ਪੱਧਰਾ ਕੀਤਾ ਸੀ।

ਆਪ ਦੇ ਬੁਲਾਰੇ ਨੀਲ ਗਰਗ ਨੇ ਕਿਹਾ ਕਿ ਕੁੰਵਰ ਨੂੰ ਪਾਰਟੀ ਵਿਰੋਧੀ ਗਤੀਵਿਧੀਆਂ



ਅਤੇ ਜਨਤਕ ਬਿਆਨਬਾਜ਼ੀ ਕਰਕੇ ਰਾਜਨੀਤਿਕ ਮਰਿਆਦਾ ਦੀ ਉਲੰਘਣਾ ਕਰਨ ਦੇ ਦੋਸ਼ ਵਿੱਚ ਮੁਅੱਤਲ ਕੀਤਾ ਗਿਆ ਸੀ। ਗਰਗ ਨੇ ਕਿਹਾ ਕਿ ਮਜੀਠੀਆ ਵਿਰੁੱਧ ਵਿਜੀਲੈਂਸ ਦੀ ਕਾਰਵਾਈ ਨੂੰ ਪੂਰਾ ਪੰਜਾਬ ਸਮਰਥਨ ਕਰਦਾ ਹੈ। ਉਹਨਾਂ ਨੇ ਸਵਾਲ ਉਠਾਇਆ ਕਿ ਜੇਕਰ ਕੁੰਵਰ ਨੂੰ ਇਸ ਬਾਰੇ ਕੋਈ ਇਤਰਾਜ਼ ਸੀ, ਤਾਂ ਉਹ ਪਾਰਟੀ ਦੇ ਅੰਦਰੂਨੀ ਪਲੇਟਫਾਰਮ ’ਤੇ ਆਪਣੇ ਵਿਚਾਰ ਪ੍ਰਗਟ ਕਰ ਸਕਦੇ ਸਨ।

ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਮੁਅੱਤਲੀ ਦੇ ਜਵਾਬ ਵਿੱਚ ਕਿਹਾ ਕਿ ਮੈਂ 5 ਸਾਲ ਬਾਅਦ ਜਵਾਬ ਦਿਆਂਗਾ। ਜੇਕਰ ਪਾਰਟੀ ਦੀ ਕੋਈ ਹੋਂਦ ਹੀ ਨਹੀਂ, ਤਾਂ ਮੈਨੂੰ ਕਿਸ ਨੇ ਕੱਢਿਆ ? ਪਾਰਟੀ ਸੁਪਰੀਮੋ ਕੇਜਰੀਵਾਲ ਸਮੇਤ ਸਾਰੇ ਵੱਡੇ ਨੇਤਾ ਪਹਿਲਾਂ ਹੀ ਚੋਣਾਂ ਹਾਰ ਚੁੱਕੇ ਹਨ। ਪਾਰਟੀ ਤਾਂ ਰਹੀ ਹੀ ਨਹੀਂ। ਉਹਨਾਂ ਨੇ ਦੋਸ਼ ਲਾਇਆ ਕਿ ਪਾਰਟੀ ਨੇ ਮੁਅੱਤਲੀ ਤੋਂ ਪਹਿਲਾਂ ਉਹਨਾਂ ਨੂੰ ਕੋਈ ਨੋਟਿਸ ਜਾਰੀ ਨਹੀਂ ਕੀਤਾ ਅਤੇ ਨਾ ਹੀ ਸਫਾਈ ਦਾ ਮੌਕਾ ਦਿੱਤਾ।

ਕੁੰਵਰ ਵਿਜੇ ਪ੍ਰਤਾਪ ਸਿੰਘ ਦੀ ਮੁਅੱਤਲੀ ਨੇ ਪੰਜਾਬ ਦੀ ਸਿਆਸਤ ਵਿੱਚ ਨਵਾਂ ਤਣਾਅ ਪੈਦਾ ਕੀਤਾ ਹੈ। ਉਨ੍ਹਾਂ ਦੀ ਬੇਅਦਬੀ ਮਾਮਲਿਆਂ ਵਿੱਚ ਭੂਮਿਕਾ ਅਤੇ ਤਤਕਾਲੀ ਸਰਕਾਰ ਵਿਰੁੱਧ ਸਖ਼ਤ ਸਟੈਂਡ ਨੇ ਆਪ ਨੂੰ 2022 ਦੀਆਂ ਚੋਣਾਂ ਵਿੱਚ ਜਿੱਤ ਦਿਵਾਈ ਸੀ, ਪਰ ਹੁਣ ਉਨ੍ਹਾਂ ਦੀ ਮੁਅੱਤਲੀ ਨੇ ਪਾਰਟੀ ਦੀ ਅੰਦਰੂਨੀ ਸਥਿਤੀ ਅਤੇ ਜਨਤਕ ਸਾਖ ’ਤੇ ਸਵਾਲ ਉਠਾਏ ਹਨ। ਬੇਅਦਬੀ ਮਾਮਲਿਆਂ ਦੀ ਹੌਲੀ ਜਾਂਚ ਅਤੇ ਕੁੰਵਰ ਦੇ ਦੋਸ਼ਾਂ ਨੇ ਸਿੱਖ ਪੰਥ ਵਿੱਚ ਨਾਰਾਜ਼ਗੀ ਨੂੰ ਹੋਰ ਵਧਾਇਆ ਹੈ। ਇਸ ਸਥਿਤੀ ਦਾ ਪੰਜਾਬ ਦੀ ਸਿਆਸਤ ’ਤੇ ਲੰਮੇ ਸਮੇਂ ਦਾ ਅਸਰ ਕੀ ਹੋਵੇਗਾ ? ਇਹ ਆਉਣ ਵਾਲਾ ਸਮਾਂ ਹੀ ਦੱਸੇਗਾ।

**ਦਰਪਣ ਝੂਠ ਨਹੀਂ ਬੋਲਦਾ**

# ਹਰਿਆਣਾ ਸਰਕਾਰ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ 'ਵੀਰ ਬੰਦਾ ਬੈਰਾਗੀ' ਕਹਿਕੇ ਸਿੱਖ ਪੰਥ ਨੂੰ ਠੇਸ ਪਹੁੰਚਾਈ

## ਪੰਥਕ ਸੰਸਥਾਵਾਂ ਬਿਆਨ ਦੇਣ ਤੱਕ ਸੀਮਤ, ਕੋਈ ਕਾਨੂੰਨੀ ਕਾਰਵਾਈ ਨਹੀਂ ਕੀਤੀ ਗਈ

ਹਰਿਆਣਾ ਸਰਕਾਰ ਵੱਲੋਂ ਪਿਛਲੇ ਦਿਨੀਂ ਨੂੰ ਬਾਬਾ ਬੰਦਾ ਸਿੰਘ ਬਹਾਦਰ ਦੇ ਸ਼ਹੀਦੀ ਦਿਹਾੜੇ ਮੌਕੇ ਜਾਰੀ ਇਸ਼ਤਿਹਾਰ ਵਿੱਚ ਉਨ੍ਹਾਂ ਨੂੰ 'ਵੀਰ ਬੰਦਾ ਬੈਰਾਗੀ' ਕਹਿਣਾ ਸਿੱਖ ਇਤਿਹਾਸ ਦੀ ਸੱਚਾਈ ਨੂੰ ਤੋੜ-ਮਰੋੜਨ ਦੀ ਇੱਕ ਕੋਸ਼ਿਸ਼ ਹੈ। ਇਸ ਇਸ਼ਤਿਹਾਰ ਨੇ ਸਿੱਖ ਸੰਗਤ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ। ਇਹ ਕੋਈ ਨਵੀਂ ਗੱਲ ਨਹੀਂ, ਇਹ ਸਾਜ਼ਿਸ਼ਾਂ ਸੰਘ ਪਰਿਵਾਰ ਕਾਫ਼ੀ ਸਮੇਂ ਤੋਂ ਘੜ ਰਿਹਾ ਹੈ। ਇਹ ਕੋਸ਼ਿਸ਼ਾਂ ਬਿਪਰਨੀ ਪ੍ਰਬੰਧ ਅਧੀਨ ਹੁੰਦੀਆਂ ਰਹੀਆਂ ਹਨ ਤਾਂ ਜੋ ਸਿੱਖ ਪੰਥ ਨੂੰ ਹਿੰਦੂ ਧਰਮ ਦਾ ਹਿੱਸਾ ਦਰਸਾਇਆ ਜਾ ਸਕੇ।

ਪਰ ਅੱਜ, ਜਦੋਂ ਸਿੱਖ ਪੰਥ ਦੀਆਂ ਸੰਸਥਾਵਾਂ ਅਕਾਲੀ ਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ, ਇਸ ਮਸਲੇ 'ਤੇ ਸਿਰਫ਼ ਬਿਆਨਬਾਜ਼ੀ ਕਰ ਰਹੀਆਂ ਹਨ, ਤਾਂ ਸਵਾਲ ਉੱਠਦਾ ਹੈ ਕਿ ਕੀ ਸਿੱਖ ਇਤਿਹਾਸ ਦੀ ਰਾਖੀ ਲਈ ਸਾਡੀਆਂ ਸੰਸਥਾਵਾਂ ਸਿਰਫ਼ ਬੋਲਣ ਤੱਕ ਸੀਮਤ ਹਨ? ਅਜੇ ਤੱਕ ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਨੇ ਹਰਿਆਣਾ ਸਰਕਾਰ ਨਾਲ ਕੋਈ ਗੱਲਬਾਤ ਨਹੀਂ ਕੀਤੀ।

ਕੀ ਹਰਿਆਣਾ ਸਰਕਾਰ ਨਹੀਂ ਜਾਣਦੀ ਕਿ ਬਾਬਾ ਬੰਦਾ ਸਿੰਘ ਬਹਾਦਰ, ਜਿਨ੍ਹਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਅਨੁਸਾਰ ਅੰਮ੍ਰਿਤ ਛਕ ਕੇ ਖ਼ਾਲਸਾ ਰਾਜ ਦੀ ਸਥਾਪਨਾ ਦੀ ਮਿਸ਼ਾਲ ਜਗਾਈ, ਨੂੰ 'ਬੈਰਾਗੀ' ਦੀ ਪਛਾਣ ਨਾਲ ਜੋੜਨਾ ਸਿੱਖ ਸਿਧਾਂਤਾਂ ਅਤੇ ਉਹਨਾਂ ਦੀ ਮਹਾਨ ਸ਼ਹਾਦਤ ਦਾ ਅਪਮਾਨ ਹੈ?



ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਮੁੱਦੇ ਉੱਪਰ ਬਿਆਨ ਦੇ ਕੇ ਖਾਨਾਪੂਰਤੀ ਕਰ ਲਈ ਹੈ। ਜਦ ਕਿ ਆਪਣਾ ਵਫ਼ਦ ਹਰਿਆਣਾ ਸਰਕਾਰ ਕੋਲ ਭੇਜਣਾ ਚਾਹੀਦਾ ਸੀ। ਜੇਕਰ ਹਰਿਆਣਾ ਸਰਕਾਰ ਮਾਫ਼ੀ ਨਾ ਮੰਗਦੀ,ਇਤਿਹਾਸਕ ਗਲਤੀ ਦੁਰਸਤ ਨਾ ਕਰਦੀ ਤਾਂ ਕਨੂੰਨੀ ਰਸਤਾ ਅਪਨਾਉਣਾ ਚਾਹੀਦਾ ਸੀ।

ਸੁਆਲ ਇਹ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਦੇ ਵੰਸ਼ਜਾਂ ਦਾ ਰਿਆਸੀ ਡੇਰਾ, ਜਿਸ ਦਾ ਮੁਖੀ ਬਾਬਾ ਜਤਿੰਦਰਪਾਲ ਸਿੰਘ ਸੋਢੀ ਹੈ, ਇਸ ਮਸਲੇ 'ਤੇ ਚੁੱਪ ਕਿਉਂ? ਇਹ ਡੇਰਾ, ਜੋ ਬਾਬਾ ਜੀ ਦੀ ਵਿਰਾਸਤ ਦਾ ਦਾਅਵੇਦਾਰ ਹੈ, ਨੇ ਇਸ ਸਾਜ਼ਿਸ਼ ਦੇ ਵਿਰੁੱਧ ਆਵਾਜ਼ ਕਿਉਂ ਨਹੀਂ ਉਠਾਈ? ਕੀ ਇਹ ਡੇਰਾ ਸਿੱਖ ਇਤਿਹਾਸ ਦੀ ਰਾਖੀ ਲਈ ਆਪਣੀ ਜ਼ਿੰਮੇਵਾਰੀ ਤੋਂ ਭੱਜ ਰਿਹਾ ਹੈ? ਇਹ ਸੰਸਥਾਵਾਂ ਆਪਣੇ ਮਹਾਨ ਖ਼ਾਲਸਾ ਵਾਰੀਅਰ ਬਾਬਾ ਬੰਦਾ ਸਿੰਘ ਬਹਾਦਰ ਦੀ ਭਾਜਪਾ ਵੱਲੋਂ ਮਿਥਕ ਧਰਮ ਬਦਲੀ ਤੇ ਬਦਲੀ ਇਤਿਹਾਸਕ ਪਛਾਣ ਉੱਪਰ ਚੁੱਪ ਕਿਉਂ ਹਨ। ਵੈਰਾਗੀ ਮੱਤ, ਜੋ ਸੰਨਿਆਸ ਅਤੇ ਬ੍ਰਹਮਚਾਰੀ ਜੀਵਨ 'ਤੇ ਜ਼ੋਰ ਦਿੰਦਾ ਹੈ, ਨੂੰ ਬਾਬਾ ਜੀ ਨਾਲ ਜੋੜਨਾ ਇਤਿਹਾਸਕ ਸੱਚਾਈ ਤੇ ਗੁਰੂ ਪੰਥ ਦਾ ਅਪਮਾਨ ਹੈ। ਵੈਰਾਗੀਆਂ ਦੇ ਇਤਿਹਾਸ ਵਿੱਚ ਕੋਈ ਅਜਿਹਾ ਜੁਝਾਰੂ ਰਿਕਾਰਡ ਨਹੀਂ, ਜਿਸ ਨੇ ਮੁਗਲ ਸਾਮਰਾਜ ਨਾਲ ਟਾਕਰਾ ਕੀਤਾ ਹੋਵੇ। ਫ਼ਿਰ ਬਾਬਾ ਜੀ ਨੂੰ ਵੈਰਾਗੀ ਕਿਉਂ ਕਿਹਾ ਜਾ ਰਿਹਾ ਹੈ?

# ਲੁਧਿਆਣਾ ਪੱਛਮੀ ਉਪ ਚੋਣ ਦੇ ਨਤੀਜਿਆਂ ਬਾਅਦ 'ਆਪ' ਦੀ ਜਿੱਤ ਨੇ ਸਿਆਸੀ ਸਮੀਕਰਨ ਬਦਲੇ


## ਭਾਜਪਾ-ਅਕਾਲੀ ਦਲ ਗਠਜੋੜ ਦੀਆਂ ਚਰਚਾਵਾਂ ਤੇਜ਼, ਅੜਿੱਕੇ ਬਰਕਰਾਰ

## ਅਕਾਲੀ ਦਲ (ਬਾਦਲ) ਜਾਂ ਨਵਾਂ ਅਕਾਲੀ ਸਮੂਹ: ਭਾਜਪਾ ਦੀ ਪਸੰਦ ਕੀ?

## ਕੀ 2027 ਚੋਣਾਂ ਵਿੱਚ ਤਿਕੋਣੀ ਮੁਕਾਬਲੇ ਦੀ ਸੰਭਾਵਨਾ, ਸਿਆਸਤ ਵਿੱਚ ਨਵਾਂ ਮੋੜ ਆਵੇਗਾ?

ਪੰਜਾਬ ਦੀ ਸਿਆਸਤ ਵਿੱਚ ਲੁਧਿਆਣਾ ਪੱਛਮੀ ਵਿਧਾਨ ਸਭਾ ਸੀਟ ਦੀ ਉਪ ਚੋਣ ਦਾ ਨਤੀਜਾ 23 ਜੂਨ 2025 ਨੂੰ ਐਲਾਨਿਆ ਗਿਆ ਸੀ, ਜਿਸ ਨੇ ਸੂਬੇ ਦੀ ਸਿਆਸੀ ਧਰਾਤਲ 'ਤੇ ਨਵੇਂ ਸਮੀਕਰਨ ਪੈਦਾ ਕਰ ਦਿੱਤੇ ਹਨ। ਇਸ ਸੀਟ 'ਤੇ ਆਮ ਆਦਮੀ ਪਾਰਟੀ (ਆਪ) ਦੇ ਰਾਜ ਸਭਾ ਮੈਂਬਰ ਸੰਜੀਵ ਅਰੋੜਾ ਨੇ 35,000 ਤੋਂ ਵੱਧ ਵੋਟਾਂ ਨਾਲ ਜਿੱਤ ਹਾਸਲ ਕੀਤੀ, ਜਦਕਿ ਕਾਂਗਰਸ ਦੇ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਨੂੰ 24,000 ਤੋਂ ਜ਼ਿਆਦਾ ਵੋਟਾਂ ਮਿਲੀਆਂ ਸਨ। ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਜੀਵਨ ਗੁਪਤਾ 20,323 ਵੋਟਾਂ ਨਾਲ ਤੀਜੇ ਸਥਾਨ 'ਤੇ ਰਹੇ, ਜਦਕਿ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਪਰਉਪਕਾਰ ਸਿੰਘ ਘੁੰਮਣ ਨੂੰ 8,200 ਵੋਟਾਂ ਮਿਲੀਆਂ ਸਨ ਅਤੇ ਉਹ ਚੌਥੇ ਸਥਾਨ 'ਤੇ ਰਹੇ।

ਇਸ ਨਤੀਜੇ ਨੇ ਸਿਆਸਤ ਦੀ ਦਿਸ਼ਾ ਬਦਲਣ ਦੀ ਸੰਭਾਵਨਾ ਪੈਦਾ ਕਰ ਦਿੱਤੀ ਹੈ, ਕਿਉਂਕਿ ਜੇਕਰ ਭਾਜਪਾ ਅਤੇ ਅਕਾਲੀ ਦਲ (ਬਾਦਲ) ਇਸ ਚੋਣ ਵਿੱਚ ਇਕੱਠੇ ਲੜਦੇ, ਤਾਂ ਉਨ੍ਹਾਂ ਦੀਆਂ ਵੋਟਾਂ ਦਾ ਜੋੜ 28,523 ਹੁੰਦਾ, ਜੋ ਕਾਂਗਰਸ ਨੂੰ ਪਛਾੜ ਸਕਦਾ ਸੀ ਅਤੇ ਸੰਭਵ ਤੌਰ 'ਤੇ ਹੋਰ ਸੰਘਰਸ਼ ਕਰਕੇ 'ਆਪ' ਨੂੰ ਸਿਰਫ਼ 7,000 ਵੋਟਾਂ ਦੇ ਫਰਕ ਨਾਲ ਹਰਾਉਣ ਦੀ ਸਥਿਤੀ ਵਿੱਚ ਹੁੰਦੇ। ਇਸ ਨਤੀਜੇ ਨੇ ਇਕ ਵਾਰ ਫਿਰ ਭਾਜਪਾ ਅਤੇ ਅਕਾਲੀ ਦਲ ਦੇ ਸਮਝੌਤੇ ਦੀਆਂ ਚਰਚਾਵਾਂ ਨੂੰ ਹਵਾ ਦੇ ਦਿੱਤੀ ਹੈ। ਪੰਜਾਬ ਦੀ ਸਿਆਸਤ ਵਿੱਚ, ਜਿੱਥੇ 'ਆਪ' ਅਤੇ ਕਾਂਗਰਸ ਦਾ ਦਬਦਬਾ ਵਧਦਾ ਜਾ ਰਿਹਾ ਹੈ, ਅਕਾਲੀ-ਭਾਜਪਾ ਗਠਜੋੜ ਦੀ ਸੰਭਾਵਨਾ ਤਿਕੋਣੀ ਮੁਕਾਬਲੇ ਦੀ ਨੀਂਹ ਰੱਖ ਸਕਦੀ ਹੈ।




ਪੰਜਾਬ ਦੀ ਸਿਆਸਤ ਵਿੱਚ ਅਕਾਲੀ ਦਲ (ਬਾਦਲ) ਅਤੇ ਭਾਜਪਾ ਦਾ ਗਠਜੋੜ ਪਹਿਲਾਂ ਵੀ ਕਈ ਸਾਲਾਂ ਤੱਕ ਸਫਲ ਰਿਹਾ ਹੈ। ਪਰ 2020 ਵਿੱਚ ਕਿਸਾਨ ਅੰਦੋਲਨ ਦੇ ਦੌਰਾਨ ਅਕਾਲੀ ਦਲ ਨੇ ਭਾਜਪਾ ਨਾਲ ਗਠਜੋੜ ਤੋੜ ਦਿੱਤਾ ਸੀ, ਜਿਸ ਨੇ ਸੂਬੇ ਦੀ ਸਿਆਸੀ ਸਥਿਤੀ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ ਸੀ। ਹੁਣ, ਲੁਧਿਆਣਾ ਪੱਛਮੀ ਦੀ ਉਪ ਚੋਣ ਦੇ ਨਤੀਜਿਆਂ ਨੇ ਇਸ ਗਠਜੋੜ ਨੂੰ ਮੁੜ ਜੋੜਨ ਦੀਆਂ ਸੰਭਾਵਨਾਵਾਂ ਨੂੰ ਜਨਮ ਦਿੱਤਾ ਹੈ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਦੋਵੇਂ ਪਾਰਟੀਆਂ ਆਪਸੀ ਸਮਝੌਤੇ ਦਾ ਫਾਰਮੂਲਾ ਤਿਆਰ ਕਰ ਲੈਂਦੀਆਂ ਹਨ, ਤਾਂ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਉਹ 'ਆਪ' ਅਤੇ ਕਾਂਗਰਸ ਨੂੰ ਸਖ਼ਤ ਟੱਕਰ ਦੇ ਸਕਦੀਆਂ ਹਨ। ਪਰ, ਇਸ ਸਮਝੌਤੇ ਦੇ ਰਾਹ ਵਿੱਚ ਕਈ ਅੜਿੱਕੇ ਵੀ ਹਨ। ਭਾਜਪਾ ਹਾਈਕਮਾਂਡ ਦੇ ਸੀਨੀਅਰ ਨੇਤਾ ਇਕਬਾਲ ਸਿੰਘ ਲਾਲਪੁਰਾ ਨੇ ਸਪੱਸ਼ਟ ਕੀਤਾ ਹੈ ਕਿ ਅਕਾਲੀ ਦਲ ਨਾਲ ਸਮਝੌਤੇ ਦੀ ਕੋਈ ਸੰਭਾਵਨਾ ਨਹੀਂ ਹੈ।


ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਭਾਜਪਾ ਹੁਣ ਆਪਣੇ ਆਪ ਨੂੰ ਪੰਜਾਬ ਵਿੱਚ ਤੀਜੇ ਨੰਬਰ ਦੀ ਪਾਰਟੀ ਵਜੋਂ ਦੇਖਦੀ ਹੈ ਅਤੇ ਅਕਾਲੀ ਦਲ ਨਾਲ ਬਰਾਬਰੀ ਦੇ ਅਧਾਰ 'ਤੇ ਸਮਝੌਤਾ ਚਾਹੁੰਦੀ ਹੈ। ਦੂਜੇ ਪਾਸੇ, ਅਕਾਲੀ ਦਲ (ਬਾਦਲ) ਦਾ ਵੋਟ ਬੈਂਕ 9% ਦੇ ਕਰੀਬ ਰਹਿ ਗਿਆ ਹੈ, ਜਿਸ ਕਾਰਨ ਉਹ ਵੀ ਆਪਣੀ ਸਿਆਸੀ ਸਾਖ ਬਚਾਉਣ ਲਈ ਗਠਜੋੜ ਕਰ ਸਕਦੇ ਹਨ। ਸੁਆਲ ਤਾਂ ਇਥੇ ਖੜਾ ਹੈ ਕਿ ਸਮਝੌਤੇ ਵਿੱਚ ਸਭ ਤੋਂ ਵੱਡਾ ਅੜਿੱਕਾ ਇਹ ਹੈ ਕਿ ਵੱਡੀ ਧਿਰ ਕੌਣ ਹੋਵੇਗੀ। ਭਾਜਪਾ, ਜੋ ਪਹਿਲਾਂ ਅਕਾਲੀ ਦਲ ਦੇ ਨਾਲ ਜੂਨੀਅਰ ਸਾਥੀ ਵਜੋਂ ਸੀ, ਹੁਣ ਬਰਾਬਰੀ ਦੀ ਸਾਂਝੇਦਾਰੀ ਚਾਹੁੰਦੀ ਹੈ। ਦੂਜੇ ਪਾਸੇ, ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਆਪਣੀ ਪਾਰਟੀ ਦੀ ਪੰਜਾਬ ਵਿੱਚ ਪੁਰਾਣੀ ਸਿਆਸੀ ਪਕੜ ਨੂੰ ਧਿਆਨ ਵਿੱਚ ਰੱਖਦੇ ਹੋਏ ਵੱਡੀ ਭੂਮਿਕਾ ਦੀ ਮੰਗ ਕਰ ਸਕਦੇ ਹਨ। ਪੰਜਾਬ ਦੀ ਸਿਆਸਤ ਵਿੱਚ ਅਕਾਲੀ ਦਲ ਦੇ ਦੋ ਧੜੇ ਹੋਣ ਦੀ ਸਥਿਤੀ ਵੀ ਗਠਜੋੜ ਦੀਆਂ ਸੰਭਾਵਨਾਵਾਂ ਨੂੰ ਪ੍ਰਭਾਵਿਤ ਕਰ ਸਕਦੀ ਹੈ। ਇੱਕ ਪਾਸੇ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲਾ ਸ਼੍ਰੋਮਣੀ ਅਕਾਲੀ ਦਲ (ਬਾਦਲ) ਹੈ, ਜਿਸ ਦੀ ਪੰਜਾਬ ਵਿੱਚ ਪੁਰਾਣੀਆਂ ਸਿਆਸੀ ਜੜ੍ਹਾਂ ਹਨ।

ਦੂਜੇ ਪਾਸੇ, ਅਕਾਲੀ ਦਲ ਦੇ ਕੁਝ ਸਾਬਕਾ ਨੇਤਾ ਮਤਲਬ ਅਕਾਲ ਤਖਤ ਸਾਹਿਬ ਵਲੋਂ ਬਣਾਈ ਪੰਜ ਮੈਂਬਰੀ ਕਮੇਟੀ ਨਵਾਂ ਅਕਾਲੀ ਦਲ ਬਣਾ ਰਹੀ ਹੈ, ਜੋ ਭਾਜਪਾ ਲਈ ਵੀ ਸੰਭਾਵੀ ਸਾਥੀ ਹੋ ਸਕਦੀ ਹੈ। ਭਾਜਪਾ ਦੀ ਹਾਈਕਮਾਂਡ ਨੂੰ ਹੁਣ ਇਹ ਫੈਸਲਾ ਕਰਨਾ ਹੈ ਕਿ (ਬਾਕੀ ਸਫ਼ਾ 31 'ਤੇ)

# ਕੀ ਭਾਜਪਾ ਤੇ ਸੰਘ ਪਰਿਵਾਰ ਸੰਵਿਧਾਨ ਨੂੰ ਬਦਲਣਾ ਚਾਹੁੰਦੇ ਹਨ?

## ਸਮਾਜਵਾਦ ਅਤੇ ਧਰਮ ਨਿਰਪੇਖਤਾ ਸ਼ਬਦਾਂ ਉੱਪਰ ਕਿਉਂ ਹੈ ਇਤਰਾਜ਼?

ਬੀਤੇ ਦਿਨੀਂ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਦੇ ਮਹਾਸਕੱਤਰ ਦੱਤਾਤ੍ਰੇਅ ਹੋਸਬੋਲੇ ਨੇ ਭਾਰਤ ਦੇ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਸਮਾਜਵਾਦ ਅਤੇ ਧਰਮ ਨਿਰਪੇਖਤਾ ਦੇ ਸ਼ਬਦਾਂ ਨੂੰ ਹਟਾਉਣ ਦੀ ਮੰਗ ਨੇ ਰਾਜਨੀਤਕ ਗਲਿਆਰਿਆਂ ਵਿੱਚ ਹੰਗਾਮਾ ਮਚਾ ਦਿੱਤਾ ਸੀ। ਹੋਸਬੋਲੇ ਨੇ ਐਮਰਜੈਂਸੀ ਦੇ 50 ਸਾਲ ਪੂਰੇ ਹੋਣ 'ਤੇ ਇੱਕ ਪ੍ਰੋਗਰਾਮ ਵਿੱਚ ਬਿਆਨ ਦਿੱਤਾ ਸੀ ਕਿ ਇਹ ਸ਼ਬਦ 1976 ਦੇ 42ਵੇਂ ਸੰਵਿਧਾਨ ਸੋਧ ਦੌਰਾਨ ਜੋੜੇ ਗਏ ਸਨ, ਜੋ ਮੂਲ ਸੰਵਿਧਾਨ ਦਾ ਹਿੱਸਾ ਨਹੀਂ ਸਨ। ਉਨ੍ਹਾਂ ਨੇ ਸਵਾਲ ਚੁੱਕਿਆ ਕਿ ਕੀ ਇਹ ਸ਼ਬਦ ਭਾਰਤ ਦੀ ਸਭਿਅਕ ਸੋਚ ਅਤੇ ਸੰਸਕ੍ਰਿਤੀ ਨਾਲ ਮੇਲ ਖਾਂਦੇ ਹਨ? ਇਸ ਬਿਆਨ ਨੇ ਰਾਜਨੀਤੀ ਵਿੱਚ ਤੂਫ਼ਾਨ ਖੜ੍ਹਾ ਕਰ ਦਿੱਤਾ ਹੈ,



ਜਿਸ ਨਾਲ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਅਤੇ ਸੰਘ ਪਰਿਵਾਰ ਦੇ ਏਜੰਡੇ 'ਤੇ ਸਵਾਲ ਉੱਠਣ ਲੱਗੇ। ਕੀ ਇਹ ਸੰਵਿਧਾਨ ਨੂੰ ਬਦਲਣ ਦੀ ਸਾਜ਼ਿਸ਼ ਹੈ, ਜਾਂ ਸੰਘ ਦੇ ਹਿੰਦੂ ਰਾਸ਼ਟਰ ਦੇ ਸੁਪਨੇ ਵੱਲ ਇੱਕ ਕਦਮ?

ਹੋਸਬੋਲੇ ਦਾ ਬਿਆਨ ਕੋਈ ਨਵੀਂ ਗੱਲ ਨਹੀਂ। ਸੰਘ ਪਰਿਵਾਰ ਅਤੇ ਬੀ.ਜੇ.ਪੀ. ਦੇ ਕਈ ਆਗੂ ਪਹਿਲਾਂ ਵੀ ਸੰਵਿਧਾਨ ਨੂੰ ਬਦਲਣ ਦੀਆਂ ਗੱਲਾਂ ਕਰਦੇ ਰਹੇ ਹਨ। ਪਰ ਇਸ ਵਾਰ ਗੱਲ ਸਿੱਧੀ ਪ੍ਰਸਤਾਵਨਾ 'ਤੇ ਆਈ ਹੈ, ਜੋ ਸੰਵਿਧਾਨ ਦੀ ਰੂਹ ਮੰਨੀ ਜਾਂਦੀ ਹੈ। 1949 ਵਿੱਚ ਸੰਵਿਧਾਨ ਸਭਾ ਨੇ ਪ੍ਰਸਤਾਵਨਾ ਵਿੱਚ ਭਾਰਤ ਨੂੰ 'ਸੰਪ੍ਰਭੂ ਲੋਕਤੰਤਰਕ ਗਣਰਾਜ' ਐਲਾਨਿਆ ਸੀ। 1976 ਵਿੱਚ ਐਮਰਜੈਂਸੀ ਦੌਰਾਨ 42ਵੀਂ ਸੋਧ ਨਾਲ 'ਸਮਾਜਵਾਦੀ' ਅਤੇ 'ਧਰਮ ਨਿਰਪੇਖ' ਸ਼ਬਦ ਜੋੜੇ ਗਏ। ਹੋਸਬੋਲੇ ਦਾ ਤਰਕ ਹੈ ਕਿ ਇਹ ਸ਼ਬਦ ਐਮਰਜੈਂਸੀ ਦੀ ਰਾਜਨੀਤੀ ਦਾ ਨਤੀਜਾ ਸਨ ਅਤੇ ਇਹ ਭਾਰਤ ਦੀ ਸਭਿਅਕ ਸੋਚ ਨਾਲ ਮੇਲ ਨਹੀਂ ਖਾਂਦੇ। ਪਰ ਸਵਾਲ ਇਹ ਹੈ ਕਿ ਕੀ ਸੰਘ ਦੀ ਇਸ ਮੰਗ ਦਾ ਮਕਸਦ ਸਿਰਫ਼ ਸ਼ਬਦਾਂ ਨੂੰ ਹਟਾਉਣਾ ਹੈ, ਜਾਂ ਇਹ ਸੰਵਿਧਾਨ ਦੀ ਮੂਲ ਭਾਵਨਾ ਨੂੰ ਹੀ ਬਦਲਣ ਦੀ ਤਿਆਰੀ ਹੈ?

(ਬਾਕੀ ਸਫ਼ਾ 31 'ਤੇ)

# ਜਸਟਿਸ ਵਰਮਾ ਦੇ ਘਰੋਂ ਨਕਦੀ ਬਰਾਮਦਗੀ ਦਾ ਹੰਗਾਮਾ, ਪੁਲਿਸ ਨੇ ਕਿਉਂ ਨਹੀਂ ਦਰਜ ਕੀਤੀ ਐਫ਼.ਆਈ.ਆਰ.?

## ਸ਼ਾਹ ਤੇ ਚੀਫ਼ ਜਸਟਿਸ ਨੂੰ ਖ਼ਬਰ ਮਿਲੀ, ਫ਼ਿਰ ਵੀ ਨਕਦੀ ਜ਼ਬਤ ਕਿਉਂ ਨਾ ਹੋਈ?

ਜਸਟਿਸ ਯਸ਼ਵੰਤ ਵਰਮਾ ਮਾਮਲੇ ਨੇ ਨਿਆਂਇਕ ਤੇ ਸਿਆਸੀ ਗਲਿਆਰਿਆਂ ਵਿੱਚ ਭੂਚਾਲ ਲਿਆਂਦਾ ਹੋਇਆ ਹੈ। 14 ਮਾਰਚ 2025 ਨੂੰ ਦਿੱਲੀ ਹਾਈ ਕੋਰਟ ਦੇ ਜੱਜ ਜਸਟਿਸ ਵਰਮਾ ਦੇ ਸਰਕਾਰੀ ਨਿਵਾਸ ਦੇ ਸਟੋਰ ਰੂਮ ਵਿੱਚ ਅੱਗ ਲੱਗਣ ਦੀ ਘਟਨਾ ਮਗਰੋਂ ਕਥਿਤ ਤੌਰ 'ਤੇ ਵੱਡੀ ਮਾਤਰਾ ਵਿੱਚ ਨਕਦੀ ਬਰਾਮਦ ਹੋਈ। ਸੁਪਰੀਮ ਕੋਰਟ ਦੀ ਤਿੰਨ ਮੈਂਬਰੀ ਜਾਂਚ ਕਮੇਟੀ ਦੀ ਰਿਪੋਰਟ ਨੇ ਹੁਣ ਸਵਾਲ ਖੜ੍ਹੇ ਕਰ ਦਿੱਤੇ ਹਨ। ਰਿਪੋਰਟ ਮੁਤਾਬਕ, ਨਕਦੀ ਬਰਾਮਦਗੀ ਦੀ ਖ਼ਬਰ ਸਭ ਤੋਂ ਪਹਿਲਾਂ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਤੇ ਫ਼ਿਰ ਚੀਫ਼ ਜਸਟਿਸ ਸੰਜੀਵ ਖੰਨਾ ਨੂੰ ਦਿੱਤੀ ਗਈ। ਪਰ




ਇਹ ਗੱਲ ਹੈਰਾਨੀਜਨਕ ਹੈ ਕਿ ਪੁਲਿਸ ਨੇ ਨਾ ਤਾਂ ਨਕਦੀ ਜ਼ਬਤ ਕੀਤੀ, ਨਾ ਪੰਚਨਾਮਾ ਬਣਾਇਆ, ਤੇ ਨਾ ਹੀ ਕੋਈ ਐਫ਼. ਆਈ. ਆਰ. ਦਰਜ ਕੀਤੀ। ਉਪ ਰਾਸ਼ਟਰਪਤੀ ਜਗਦੀਪ ਧਨਖੜ ਵਾਰ-ਵਾਰ ਪੁੱਛ ਰਹੇ ਹਨ ਕਿ ਇਲਾਹਾਬਾਦ ਹਾਈ ਕੋਰਟ ਦੇ ਜੱਜ ਜਸਟਿਸ ਯਸ਼ਵੰਤ ਵਰਮਾ ਦੇ ਘਰੋਂ ਨੋਟਾਂ ਦੇ ਬੰਡਲ ਮਿਲਣ ਦੇ ਮਾਮਲੇ ਵਿੱਚ ਕੋਈ ਐਫ਼.ਆਈ.ਆਰ. ਕਿਉਂ ਨਹੀਂ ਦਰਜ ਕੀਤੀ ਗਈ? ਹਾਲ ਹੀ ਵਿੱਚ ਪਰਸੋਨਲ, ਕਾਨੂੰਨ ਅਤੇ ਨਿਆਂ ਮੰਤਰਾਲੇ ਦੀ ਸੰਸਦੀ ਕਮੇਟੀ ਦੀ ਮੀਟਿੰਗ ਵਿੱਚ ਵੀ ਮੈਂਬਰਾਂ ਨੇ ਕਾਨੂੰਨ ਸਕੱਤਰ ਤੋਂ ਇਹੀ ਜਾਣਨਾ ਚਾਹਿਆ ਸੀ।

ਹਾਲਾਂਕਿ ਜਸਟਿਸ ਵਰਮਾ ਦਾ ਦਾਅਵਾ ਹੈ ਕਿ ਸਟੋਰ ਰੂਮ ਵਿੱਚ ਕੋਈ ਨਕਦੀ ਨਹੀਂ ਸੀ ਤੇ ਇਹ ਸਾਜ਼ਿਸ਼ ਹੈ। ਪਰ ਜਾਂਚ ਵਿੱਚ 10 ਤੋਂ ਵੱਧ ਪੁਲਿਸ ਅਧਿਕਾਰੀਆਂ ਨੇ ਨਕਦੀ ਦੀ ਹੋਂਦ ਦੀ ਪੁਸ਼ਟੀ ਕੀਤੀ ਸੀ। (ਬਾਕੀ ਸਫ਼ਾ 31 'ਤੇ)

# ਦਿਲਜੀਤ ਦੋਸਾਂਝ ਦੀ ਫ਼ਿਲਮ ‘ਸਰਦਾਰ ਜੀ 3’ ਫ਼ਿਰਕੂਵਾਦ ਦੀ ਭੇਂਟ ਚੜ੍ਹੀ

## ➢ ਪਾਕਿਸਤਾਨੀ ਅਦਾਕਾਰਾ ਦੇ ਫ਼ਿਰਕੂ ਵਿਰੋਧ ਨੇ ਫ਼ਸਾਇਆ ਪੇਚ
## ➢ ਦਿਲਜੀਤ ਦਾ ਫ਼ੈਸਲਾ: ‘ਸਰਦਾਰ ਜੀ 3’ ਭਾਰਤ ਵਿੱਚ ਨਹੀਂ ਹੋਵੇਗੀ ਰਿਲੀਜ਼
## ➢ ਮੀਕਾ ਸਿੰਘ ਦਾ ਦਿਲਜੀਤ ’ਤੇ ਹਮਲਾ: ਕਿਹਾ, ‘ਫ਼ੇਕ ਸਿੰਗਰ, ਦੇਸ਼ ਦੀਆਂ ਭਾਵਨਾਵਾਂ ਨਾਲ ਖਿਲਵਾੜ’

ਪੰਜਾਬੀ ਸਿਨੇਮਾ ਦੇ ਚਮਕਦੇ ਸਿਤਾਰੇ, ਦਿਲਜੀਤ ਦੋਸਾਂਝ, ਜਿਨ੍ਹਾਂ ਦੀ ਗੂੰਜ ਸਿਰਫ਼ ਪੰਜਾਬ ਵਿੱਚ ਨਹੀਂ, ਸਗੋਂ ਸੱਤ ਸਮੁੰਦਰ ਪਾਰ ਵੀ ਸੁਣੀ ਜਾਂਦੀ ਹੈ, ਅੱਜ-ਕੱਲ੍ਹ ਆਪਣੀ ਫ਼ਿਲਮ ‘ਸਰਦਾਰ ਜੀ 3’ ਨੂੰ ਲੈ ਕੇ ਵਿਵਾਦਾਂ ਦੇ ਘੇਰੇ ਵਿੱਚ ਹਨ। ਇਹ ਵਿਵਾਦ ਸਿਰਫ਼ ਇੱਕ ਫ਼ਿਲਮ ਦੀ ਰਿਲੀਜ਼ ਦਾ ਨਹੀਂ, ਸਗੋਂ ਪੰਜਾਬੀ ਸੱਭਿਆਚਾਰ, ਕਲਾ ਦੀ ਆਜ਼ਾਦੀ, ਅਤੇ ਰਾਜਨੀਤਕ ਫ਼ਿਰਕੂ ਸਾਜਿਸ਼ਾਂ ਦੇ ਗੂੜ੍ਹੇ ਤਾਣੇ-ਬਾਣੇ ਨਾਲ ਜੁੜਿਆ ਹੋਇਆ ਹੈ। ਦਿਲਜੀਤ ਨੇ ਫ਼ਿਰਕੂ ਰਾਸ਼ਟਰਵਾਦੀਆਂ ਦੇ ਵਿਰੋਧ ਕਾਰਨ ਫ਼ਿਲਮ ਨੂੰ ਭਾਰਤ ਵਿੱਚ ਰਿਲੀਜ਼ ਨਾ ਕਰਨ ਦਾ ਫ਼ੈਸਲਾ ਲਿਆ ਹੈ। ਇਸ ਫ਼ਿਲਮ ਵਿੱਚ ਪਾਕਿਸਤਾਨੀ ਅਦਾਕਾਰਾ ਹਾਨਿਆ ਆਮਿਰ ਦੀ ਮੌਜੂਦਗੀ ਕਾਰਨ ਭਾਰਤ ਵਿੱਚ ਅਖੌਤੀ ਰਾਸ਼ਟਰਵਾਦੀ ਵਿਰੋਧ ਕਰ ਰਹੇ ਹਨ।

ਦਿਲਜੀਤ ਦੀ ਮੈਨੇਜਰ ਸੋਨਾਲੀ ਸਿੰਘ ਨੇ ਸਪੱਸ਼ਟ ਕੀਤਾ ਕਿ ਦਿਲਜੀਤ ਨੇ ਦੇਸ਼ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਦਿਆਂ ਇਹ ਫ਼ੈਸਲਾ ਲਿਆ, ਭਾਵੇਂ ਇਸ ਨਾਲ ਉਨ੍ਹਾਂ ਨੂੰ ਨਿੱਜੀ ਅਤੇ ਵਪਾਰਕ ਨੁਕਸਾਨ ਸਹਿਣਾ ਪਵੇ। ਪ੍ਰੋਡਿਊਸਰ ਗੁਨਬੀਰ ਸਿੰਘ ਸਿੱਧੂ ਨੇ ਵੀ ਸਪੱਸ਼ਟ ਕੀਤਾ ਕਿ ਫ਼ਿਲਮ ਦੀ ਸ਼ੂਟਿੰਗ ਫ਼ਰਵਰੀ ਵਿੱਚ ਹੋਈ ਸੀ, ਜਦੋਂ ਭਾਰਤ-ਪਾਕਿਸਤਾਨ ਵਿਚਕਾਰ ਕੋਈ ਵੱਡਾ ਸਿਆਸੀ ਤਣਾਅ ਨਹੀਂ ਸੀ। ਉਹਨਾਂ ਨੇ ਕਿਹਾ ਕਿ ਹਾਨਿਆ ਦੇ ਸੀਨ ਨੂੰ ਬਦਲਣ ਦੀ ਕੋਈ ਤਕਨੀਕੀ ਸੰਭਾਵਨਾ ਨਹੀਂ ਸੀ, ਕਿਉਂਕਿ ਸਾਰੀ ਫ਼ਿਲਮ ਵਿੱਚ ਉਸ ਦਾ ਕਿਰਦਾਰ ਮਹੱਤਵਪੂਰਨ ਹੈ। ਇਸ ਲਈ, ਦੇਸ਼ ਦੀਆਂ ਭਾਵਨਾਵਾਂ ਦੀ ਕਦਰ ਕਰਦਿਆਂ, ਉਹਨਾਂ ਨੇ ਫ਼ਿਲਮ ਨੂੰ ਭਾਰਤ ਵਿੱਚ ਰਿਲੀਜ਼ ਨਾ ਕਰਨ ਦਾ ਫ਼ੈਸਲਾ ਲਿਆ।

### ਭਾਰਤੀ ਫ਼ਿਲਮ ਇੰਡਸਟਰੀ ਵਿੱਚ ਵਿਰੋਧ

ਸਭ ਤੋਂ ਵੱਡਾ ਵਿਰੋਧ ਫ਼ਿਲਮ ਵਰਕਰਜ਼ ਯੂਨੀਅਨ, ਮੁੰਬਈ ਫ਼ੈਡਰੇਸ਼ਨ ਆਫ਼ ਵੈਸਟਰਨ ਇੰਡੀਆ ਸਿਨੇ ਇੰਪਲਾਈਜ਼ ਵੱਲੋਂ ਹੈ, ਜਿਨ੍ਹਾਂ ਨੇ ਫ਼ਿਲਮ ਦਾ ਪੂਰਨ ਬਾਈਕਾਟ ਕਰਨ ਦਾ ਐਲਾਨ ਕੀਤਾ। ਯੂਨੀਅਨ ਦੇ ਮੁੱਖ ਸਲਾਹਕਾਰ ਅਸ਼ੋਕ ਪੰਡਿਤ ਨੇ ਦਿਲਜੀਤ ’ਤੇ ਸਿੱਧਾ ਹਮਲਾ ਬੋਲਦਿਆਂ ਕਿਹਾ ਕਿ ਉਹ ਹਮੇਸ਼ਾ ਭਾਰਤੀ ਫ਼ਿਲਮ ਇੰਡਸਟਰੀ ਦੇ ਨਿਯਮਾਂ ਦੀ ਉਲੰਘਣਾ ਕਰਦੇ ਰਹੇ ਹਨ ਅਤੇ ਪਾਕਿਸਤਾਨੀ ਕਲਾਕਾਰਾਂ ਨੂੰ ਪ੍ਰਮੋਟ ਕਰਦੇ ਹਨ। ਉਨ੍ਹਾਂ ਨੇ ਇਸ ਨੂੰ ਰਾਸ਼ਟਰੀ ਹਿੱਤਾਂ ਦੇ ਖ਼ਿਲਾਫ਼ ਦੱਸਿਆ। ਇਸ ਤੋਂ ਇਲਾਵਾ, ਸੋਸ਼ਲ ਮੀਡੀਆ ’ਤੇ ਵੀ ਕਈ ਫ਼ਿਰਕੂ ਰਾਸ਼ਟਰਵਾਦੀ ਗਰੁੱਪਾਂ ਅਤੇ ਵਿਅਕਤੀਆਂ ਨੇ ਦਿਲਜੀਤ ਅਤੇ ਹਾਨਿਆ ਦੇ ਖ਼ਿਲਾਫ਼ ਨਫ਼ਰਤ ਦੀ ਫ਼ਿਰਕੂ ਮੁਹਿੰਮ ਚਲਾਈ। ਕਈਆਂ ਨੇ ਦਿਲਜੀਤ ਨੂੰ ‘ਦੇਸ਼-ਵਿਰੋਧੀ’ ਦੱਸਿਆ।

ਇਸੇ ਤਰ੍ਹਾਂ, ਗਾਇਕ ਮੀਕਾ ਸਿੰਘ ਨੇ ਦਿਲਜੀਤ ਨੂੰ ‘ਫ਼ੇਕ ਸਿੰਗਰ’ ਕਹਿ ਕੇ ਨਿਸ਼ਾਨਾ ਸਾਧਿਆ ਅਤੇ ਕਿਹਾ ਕਿ ਭਾਰਤ-ਪਾਕਿਸਤਾਨ ਦੇ ਤਣਾਅ ਵਾਲੇ ਸਮੇਂ ਵਿੱਚ ਪਾਕਿਸਤਾਨੀ ਅਦਾਕਾਰਾ ਹਾਨਿਆ ਆਮਿਰ ਨੂੰ ਫ਼ਿਲਮ ਵਿੱਚ ਲੈਣਾ ਗੈਰ-ਜ਼ਿੰਮੇਦਾਰਾਨਾ ਹੈ।

ਦੂਜੇ ਪਾਸੇ ਦਿਲਜੀਤ ਦੇ ਹੱਕ ਵਿੱਚ ਬਾਲੀਵੁੱਡ ਦੇ ਕਈ ਨਾਮੀ ਕਲਾਕਾਰ ਵੀ ਖੜ੍ਹੇ ਹੋਏ। ਜਾਵੇਦ ਅਖਤਰ ਨੇ ਕਿਹਾ ਕਿ ਫ਼ਿਲਮ ਨੂੰ ਰਿਲੀਜ਼ ਕਰਨ ਦੀ ਇਜਾਜ਼ਤ ਦੇਣੀ ਚਾਹੀਦੀ ਹੈ, ਕਿਉਂਕਿ ਪੈਸਾ ਪਾਕਿਸਤਾਨੀਆਂ ਦਾ ਨਹੀਂ, ਭਾਰਤੀਆਂ ਦਾ ਡੁੱਬੇਗਾ।

ਇਮਤਿਆਜ਼ ਅਲੀ ਨੇ ਦਿਲਜੀਤ ਦੀ ਦੇਸ਼ ਭਗਤੀ ਦੀ ਤਾਰੀਫ਼ ਕਰਦਿਆਂ ਕਿਹਾ ਕਿ ਕਾਸਟਿੰਗ ਦਾ ਫ਼ੈਸਲਾ ਅਦਾਕਾਰ ਦਾ ਨਹੀਂ ਹੁੰਦਾ। ਰਾਖੀ ਸਾਵੰਤ ਨੇ ਵੀ ਹਾਨੀਆ ਅਮੀਰ ਦੀ ਹਮਾਇਤ ਵਿੱਚ ਆਵਾਜ਼ ਬੁਲੰਦ ਕੀਤੀ।

### ਪਾਕਿਸਤਾਨੀ ਕਲਾਕਾਰਾਂ ਕਾਰਨ ਕਈ ਫ਼ਿਲਮਾਂ ਅਟਕੀਆਂ

ਪੰਜਾਬੀ ਫ਼ਿਲਮ ਲੇਖਕ ਅਤੇ ਨਿਰਦੇਸ਼ਕ ਚੰਦਰ ਕੰਬੋਜ ਨੇ ਦਾਅਵਾ ਕੀਤਾ ਕਿ ‘ਸਰਦਾਰ ਜੀ 3’ ਦੇ ਇਲਾਵਾ ਹੋਰ ਵੀ ਫ਼ਿਲਮਾਂ, ਜਿਵੇਂ ‘ਚੱਲ ਮੇਰਾ ਪੁੱਤ 4’, ਪਾਕਿਸਤਾਨੀ ਕਲਾਕਾਰਾਂ ਦੀ ਮੌਜੂਦਗੀ ਕਾਰਨ ਅਟਕੀਆਂ ਹੋਈਆਂ ਹਨ। ਉਨ੍ਹਾਂ ਨੇ ਕਿਹਾ ਕਿ ਲਗਪਗ 6 ਤਿਆਰ ਫ਼ਿਲਮਾਂ ਅਤੇ ਦਰਜਨ ਤੋਂ ਵੱਧ ਅਧੂਰੀਆਂ ਫ਼ਿਲਮਾਂ ਵਿੱਚ ਪਾਕਿਸਤਾਨੀ ਕਲਾਕਾਰ ਸਾਮਲ ਹਨ, ਜਿਨ੍ਹਾਂ ਨੂੰ ਸੈਂਸਰ ਬੋਰਡ ਦੀ ਮੁਸ਼ਕਿਲ ਦਾ ਸਾਹਮਣਾ ਕਰਨਾ ਪੈ ਸਕਦਾ ਹੈ।



### ਫ਼ਿਲਮ ਰਿਲੀਜ਼ ਨਾ ਹੋਣ ਕਾਰਨ ਨੁਕਸਾਨ

‘ਸਰਦਾਰ ਜੀ 3’ ਦੀ ਭਾਰਤ ਵਿੱਚ ਰਿਲੀਜ਼ ਨਾ ਹੋਣ ਨਾਲ ਵਿੱਤੀ ਅਤੇ ਸੱਭਿਆਚਾਰਕ ਨੁਕਸਾਨ ਦੋਵੇਂ ਹੋਣ ਦੀ ਸੰਭਾਵਨਾ ਹੈ। ਸੋਨਾਲੀ ਸਿੰਘ ਨੇ ਦੱਸਿਆ ਕਿ ਇਹ ਫ਼ਿਲਮ ਕੋਈ ਵੱਡੀ ਕਾਰਪੋਰੇਟ ਫ਼ੰਡਿਡ ਪ੍ਰੋਜੈਕਟ ਨਹੀਂ, ਸਗੋਂ ਪਰਿਵਾਰਾਂ ਦੀ ਜਮ੍ਹਾਂ-ਪੂੰਜੀ ਨਾਲ ਬਣੀ ਹੈ, ਜੋ ਰੀਜਨਲ ਸਿਨੇਮਾ ਨੂੰ ਮਜ਼ਬੂਤ ਕਰਨ ਵਿੱਚ ਯੋਗਦਾਨ ਪਾਉਂਦੇ ਹਨ। ਨਿਰਦੇਸ਼ਕ ਰਾਕੇਸ਼ ਧਵਨ ਨੇ ਅੰਦਾਜ਼ਾ ਲਾਇਆ ਕਿ ਫ਼ਿਲਮ ’ਤੇ ਲਗਪਗ 25 ਕਰੋੜ ਰੁਪਏ ਦਾ ਨਿਵੇਸ਼ ਹੋਇਆ ਹੈ। ਭਾਰਤ ਵਿੱਚ ਰਿਲੀਜ਼ ਨਾ ਹੋਣ ਨਾਲ ਨਿਰਮਾਤਾਵਾਂ, ਕਲਾਕਾਰਾਂ ਅਤੇ ਟੈਕਨੀਕਲ ਟੀਮ ਨੂੰ ਵੱਡਾ ਵਿੱਤੀ ਝਟਕਾ ਲੱਗੇਗਾ। ਇਸ ਦੇ ਨਾਲ ਹੀ, ਸੱਭਿਆਚਾਰਕ ਨੁਕਸਾਨ ਵੀ ਘੱਟ ਨਹੀਂ।

ਪੰਜਾਬੀ ਸਿਨੇਮਾ, ਜੋ ਪਿਛਲੇ ਕੁਝ ਸਾਲਾਂ ਵਿੱਚ ਦਿਲਜੀਤ ਵਰਗੇ ਕਲਾਕਾਰਾਂ ਦੀ ਵਜ੍ਹਾ ਨਾਲ ਵਿਸ਼ਵ ਪੱਧਰ ’ਤੇ ਚਮਕਿਆ ਹੈ, ਨੂੰ ਇਸ ਵਿਰੋਧ ਨਾਲ ਝਟਕਾ ਲੱਗ ਸਕਦਾ ਹੈ। ਪੰਜਾਬੀ ਫ਼ਿਲਮਾਂ ਦੀ ਪਹੁੰਚ ਅਤੇ ਪ੍ਰਭਾਵ ਨੂੰ ਸੀਮਤ ਕਰਨ ਦੀ ਕੋਸ਼ਿਸ਼, ਇੱਕ ਤਰ੍ਹਾਂ ਨਾਲ ਪੰਜਾਬੀ ਸੱਭਿਆਚਾਰ ’ਤੇ ਹਮਲਾ ਹੈ।

### ਕੀ ਦਿਲਜੀਤ ਦਾ ਵਿਰੋਧ ਜਾਇਜ਼ ਹੈ?

ਦਿਲਜੀਤ ਦੀ ਫ਼ਿਲਮ ਦਾ ਵਿਰੋਧ ਸਿਰਫ਼ ਹਾਨਿਆ ਆਮਿਰ ਦੀ ਮੌਜੂਦਗੀ ਨਾਲ ਜੁੜਿਆ ਨਹੀਂ, ਸਗੋਂ ਇਸ ਦੇ ਪਿੱਛੇ ਇੱਕ ਵੱਡੀ ਰਾਜਨੀਤਕ ਅਤੇ ਫ਼ਿਰਕੂ ਸੋਚ ਲੁਕੀ ਹੋਈ ਹੈ। ਕਈ ਫ਼ਿਰਕੂ ਲੋਕ ਦਿਲਜੀਤ ਨੂੰ ਨਿਸ਼ਾਨਾ ਬਣਾ ਰਹੇ ਹਨ, ਕਿਉਂਕਿ ਉਹ ਇੱਕ ਸਿੱਖ, ਪੰਜਾਬੀ ਅਤੇ ਵਿਸ਼ਵ ਪੱਧਰ ’ਤੇ ਸਫ਼ਲ ਕਲਾਕਾਰ ਹੈ। ਉਸ ਦੀ ਸਫ਼ਲਤਾ, ਜੋ ਪੰਜਾਬੀ ਸੱਭਿਆਚਾਰ ਨੂੰ ਨਵੀਆਂ ਉਚਾਈਆਂ ’ਤੇ ਲੈ ਗਈ ਹੈ, ਕੁਝ ਲੋਕਾਂ ਦੀਆਂ ਅੱਖਾਂ ਵਿੱਚ ਖੁੱਭਦੀ ਹੈ। ਪੰਜਾਬੀ ਅਦਾਕਾਰਾ ਸੁਨੀਤਾ ਧੀਰ ਨੇ ਸਪੱਸ਼ਟ ਕਿਹਾ ਕਿ ਜੇ ਭਾਰਤੀ ਕਲਾਕਾਰ ਹਾਲੀਵੁੱਡ ਜਾਂ ਬਾਲੀਵੁੱਡ ਨਾਲ ਕੰਮ ਕਰ ਸਕਦੇ ਹਨ, ਤਾਂ ਪਾਕਿਸਤਾਨੀ ਕਲਾਕਾਰਾਂ ਨਾਲ ਕੰਮ ਕਰਨ ਵਿੱਚ ਕੀ ਹਰਜ ਹੈ? ਹਾਨਿਆ ਆਮਿਰ ਨੇ ਪੰਜਾਬੀ ਸਿਨੇਮਾ ਵਿੱਚ ਕੰਮ ਕਰਨ ਦੀ ਇੱਛਾ ਜ਼ਾਹਰ ਕੀਤੀ ਸੀ, ਅਤੇ ਦਿਲਜੀਤ ਨੇ ਉਸ ਨੂੰ ਮੌਕਾ ਦਿੱਤਾ। ਇਸ ਵਿੱਚ ਗਲਤ ਕੀ ਹੈ?

ਕੁਝ ਸਿੱਖ ਵਿਦਵਾਨ ਅਤੇ ਸਮਾਜਿਕ ਆਗੂ ਮੰਨਦੇ ਹਨ ਕਿ ਦਿਲਜੀਤ ਦਾ ਵਿਰੋਧ ਇੱਕ ਸਿਆਸੀ ਸਾਜਿਸ਼ ਦਾ ਹਿੱਸਾ ਹੈ, ਜਿਸ ਦਾ ਮਕਸਦ ਪੰਜਾਬੀ ਸੱਭਿਆਚਾਰ ਅਤੇ ਸਿੱਖ ਪਛਾਣ ਨੂੰ ਨੁਕਸਾਨ ਪਹੁੰਚਾਉਣਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਦਿਲਜੀਤ, ਜੋ ਸਿੱਖੀ ਦੀ ਪਗੜੀ ਨੂੰ ਮਾਣ ਨਾਲ ਪਹਿਨਦਾ ਹੈ ਅਤੇ ਪੰਜਾਬੀ ਸੱਭਿਆਚਾਰ ਨੂੰ ਵਿਸ਼ਵ ਵਿੱਚ ਫ਼ੈਲਾਉਂਦਾ ਹੈ, ਨੂੰ ਨਿਸ਼ਾਨਾ ਬਣਾਉਣਾ, ਸਿੱਖ ਕੌਮ ਦੀ ਸਾਂਝੀ ਸਫ਼ਲਤਾ ’ਤੇ ਹਮਲਾ ਹੈ।

ਦਲਜੀਤ ਦੋਸਾਂਝ ਦੇ ਹੱਕ ਵਿੱਚ ਬਿਆਨ ਦਿੰਦਿਆਂ ਹੋਇਆਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ, ਦਿਲਜੀਤ ਦੋਸਾਂਝ ਨੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਵਿਸ਼ਵ ਭਰ ਵਿੱਚ ਸਿਰ ਉੱਚਾ ਕੀਤਾ ਹੈ। ਫ਼ਿਰਕੂ ਵਿਰੋਧ ਠੀਕ ਨਹੀਂ।

ਇਸ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਦਿਲਜੀਤ ਸਿੰਘ ਦੋਸਾਂਝ ਦੀ ਫ਼ਿਲਮ ‘ਸਰਦਾਰ ਜੀ 3’ ’ਤੇ ਲੱਗੀ ਰੋਕ ਦੀ ਸਖ਼ਤ ਨਿੰਦਾ ਕੀਤੀ ਹੈ, ਜੋ ਪਾਕਿਸਤਾਨੀ ਅਦਾਕਾਰਾ ਹਾਨੀਆ ਆਮਿਰ ਦੀ ਭੂਮਿਕਾ ਕਾਰਨ ਲਗਾਈ ਗਈ। ਮਾਨ ਨੇ ਕਿਹਾ ਕਿ ਫ਼ਿਲਮਾਂ ਕਲਾ ਅਤੇ ਕਾਰੋਬਾਰ ਦਾ ਹਿੱਸਾ ਹਨ ਅਤੇ ਅਦਾਕਾਰ ਸਿਰਫ਼ ਡਾਇਰੈਕਟਰ ਦੁਆਰਾ ਨਿਰਧਾਰਤ ਰੋਲ ਨਿਭਾਉਂਦੇ ਹਨ, ਨਾ ਕਿ ਰਾਜਨੀਤਿਕ ਜਾਂ ਧਾਰਮਿਕ ਏਜੰਡਾ। ਉਨ੍ਹਾਂ ਨੇ ਦਿਲਜੀਤ ਦੀ ਸਿੱਖੀ, ਪੰਜਾਬੀਅਤ ਅਤੇ ਗੁਰਮੁਖੀ ਲਿਪੀ ਨੂੰ ਵਿਸ਼ਵ ਪੱਧਰ ’ਤੇ ਪ੍ਰਮੋਟ ਕਰਨ ਦੀ ਸ਼ਲਾਘਾ ਕੀਤੀ। ਮਾਨ ਨੇ ਦਿਲਜੀਤ ਦੀ ਫ਼ਿਲਮ ‘ਪੰਜਾਬ 95’ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਸ ਨੇ 1984 ਦੀ ਸਿੱਖ ਨਸਲਕੁਸ਼ੀ ਦੇ ਦਰਦ ਨੂੰ ਵਿਖਾਇਆ ਹੈ। ਮਾਨ ਨੇ ਹਿੰਦੂਵਾਦੀ ਸੋਚ ’ਤੇ ਸਿੱਖੀ ਅਤੇ ਪੰਜਾਬੀ ਸੱਭਿਆਚਾਰ ਨੂੰ ਦਬਾਉਣ ਦਾ ਇਲਜ਼ਾਮ ਲਗਾਇਆ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੰਜਾਬੀ ਦੇ ਮਸ਼ਹੂਰ ਗਾਇਕ ਦਿਲਜੀਤ ਦੋਸਾਂਝ ਦੀ ਫ਼ਿਲਮ ‘ਸਰਦਾਰ ਜੀ 3’ ਨੂੰ ਲੈ ਕੇ ਖੜ੍ਹੇ ਹੋਏ ਵਿਵਾਦ ਦੇ ਮਾਮਲੇ ਵਿੱਚ ਗਾਇਕ ਦੀ ਪਿੱਠ ਥਾਪੜਦਿਆਂ ਕਿਹਾ ਹੈ ਕਿ ਦਸਤਾਰਧਾਰੀ ਗਾਇਕ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਨਹੀਂ ਹੋਣੀ ਚਾਹੀਦੀ। ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਅਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਦਿਲਜੀਤ ਦੋਸਾਂਝ ਨੇ ਦੁਨੀਆ ਭਰ ਵਿੱਚ ਪੰਜਾਬੀਆਂ ਦਾ ਨਾਂ ਉੱਚਾ ਕੀਤਾ ਹੈ। ਉਨ੍ਹਾਂ ਦੇ ਨਾਂ ’ਤੇ ਬੇਲੋੜਾ ਵਿਵਾਦ ਖੜ੍ਹਾ ਨਹੀਂ ਹੋਣਾ ਚਾਹੀਦਾ। ਸ਼੍ਰੋਮਣੀ ਅਕਾਲੀ ਦਲ ਦੇ ਨੇਤਾ ਅਤੇ ਸਾਬਕਾ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ

(ਬਾਕੀ ਸਫ਼ਾ 31 ’ਤੇ)

# ਸੁਖਬੀਰ ਸਿੰਘ ਬਾਦਲ ਵੱਲੋਂ ਅਕਾਲੀ ਦਲ ਦੇ ਨਵੇਂ ਜਥੇਬੰਦਕ ਢਾਂਚੇ ਦਾ ਐਲਾਨ

ਚੰਡੀਗੜ੍ਹ/ਏ.ਟੀ.ਨਿਊਜ਼: ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਦੇ ਨਵੇਂ ਜਥੇਬੰਦਕ ਢਾਂਚੇ ਦਾ ਐਲਾਨ ਕਰ ਦਿੱਤਾ ਹੈ। ਪਹਿਲੇ ਪੜਾਅ ’ਚ ਪਾਰਟੀ ਦੀ ਕੋਰ ਕਮੇਟੀ ਅਤੇ ਅਹੁਦੇਦਾਰਾਂ ਦੀ ਪਹਿਲੀ ਸੂਚੀ ਜਾਰੀ ਕੀਤੀ ਗਈ ਹੈ। ਪਾਰਟੀ ਦੀ 31 ਮੈਂਬਰੀ ਕੋਰ ਕਮੇਟੀ ਐਲਾਨੀ ਗਈ ਹੈ, ਜਿਸ ਵਿੱਚ ਬਿਕਰਮ ਸਿੰਘ ਮਜੀਠੀਆ ਨੂੰ ਵੀ ਥਾਂ ਦਿੱਤੀ ਗਈ ਹੈ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਹ ਐਲਾਨ ਉਸ ਵੇਲੇ ਕੀਤਾ, ਜਦੋਂ ਅਕਾਲ ਤਖ਼ਤ ਸਾਹਿਬ ਵੱਲੋਂ ਕਾਇਮ ਪੰਜ ਮੈਂਬਰੀ ਭਰਤੀ ਕਮੇਟੀ ਨੇ ਸਾਂਝਾ ਪੰਥਕ ਪਲੇਟਫ਼ਾਰਮ ਬਣਾਉਣ ਲਈ ਅਕਾਲੀ ਦਲ ਵਾਰਿਸ ਪੰਜਾਬ ਦੇ ਨਾਲ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਹੈ।



ਪਾਰਟੀ ਵੱਲੋਂ ਪਿਛਲੇ ਦਿਨੀਂ ਐਲਾਨੇ ਗਏ ਅਹੁਦੇਦਾਰਾਂ ਵਿੱਚ ਬਲਵਿੰਦਰ ਸਿੰਘ ਭੂੰਦੜ ਪਾਰਟੀ ਦੇ ਸਕੱਤਰ ਜਨਰਲ, ਡਾ. ਦਲਜੀਤ ਸਿੰਘ ਚੀਮਾ ਸਕੱਤਰ ਅਤੇ ਐਨ.ਕੇ. ਸ਼ਰਮਾ ਖ਼ਜ਼ਾਨਚੀ ਬਣਾਏ ਗਏ ਹਨ। ਇਸੇ ਤਰ੍ਹਾਂ ਸਰਬਜੀਤ ਸਿੰਘ ਝਿੰਜਰ ਨੂੰ ਯੂਥ ਵਿੰਗ ਅਤੇ ਬੀਬੀ ਹਰਗੋਬਿੰਦ ਕੌਰ ਨੂੰ ਇਸਤਰੀ ਅਕਾਲੀ ਦਲ ਦਾ ਪ੍ਰਧਾਨ ਬਣਾਇਆ ਗਿਆ ਹੈ। ਰਣਬੀਰ ਸਿੰਘ ਰਾਣਾ ਢਿੱਲੋਂ ਨੂੰ ਐੱਸਓਆਈ ਦਾ ਪ੍ਰਧਾਨ ਬਣਾਇਆ ਗਿਆ। ਪਾਰਟੀ ਦੀ ਕੋਰ ਕਮੇਟੀ ਵਿੱਚ ਬਿਕਰਮ ਸਿੰਘ ਮਜੀਠੀਆ ਨੂੰ ਵੀ ਥਾਂ ਦਿੱਤੀ ਗਈ ਹੈ ਅਤੇ ਪਾਰਟੀ ਵਿੱਚ ਮੁੜ ਸ਼ਾਮਲ ਹੋਏ ਸਿਕੰਦਰ ਸਿੰਘ ਮਲੂਕਾ ਵੀ ਕੋਰ ਕਮੇਟੀ ਦੇ ਮੈਂਬਰ ਲਏ ਗਏ ਹਨ।

ਸੁਖਬੀਰ ਵੱਲੋਂ ਐਲਾਨੀ ਗਈ ਕੋਰ ਕਮੇਟੀ ’ਚ 31 ਸੀਨੀਅਰ ਆਗੂ ਸ਼ਾਮਲ ਕੀਤੇ ਗਏ ਹਨ, ਜਿਨ੍ਹਾਂ ’ਚ ਬਲਵਿੰਦਰ ਸਿੰਘ ਭੂੰਦੜ, ਹਰਜਿੰਦਰ ਸਿੰਘ ਧਾਮੀ, ਨਰੇਸ਼ ਗੁਜਰਾਲ, ਪਰਮਜੀਤ ਸਿੰਘ ਸਰਨਾ, ਹੀਰਾ ਸਿੰਘ ਗਾਬੜੀਆ, ਗੁਲਜ਼ਾਰ ਸਿੰਘ ਰਣੀਕੇ, ਮਹੇਸ਼ਇੰਦਰ ਸਿੰਘ ਗਰੇਵਾਲ, ਡਾ. ਦਲਜੀਤ ਸਿੰਘ ਚੀਮਾ, ਜਨਮੇਜਾ ਸਿੰਘ ਸੇਖੋਂ, ਸਿਕੰਦਰ ਸਿੰਘ ਮਲੂਕਾ, ਹਰਸਿਮਰਤ ਕੌਰ ਬਾਦਲ, ਮਨਜੀਤ ਸਿੰਘ ਜੀਕੇ, ਸ਼ਰਨਜੀਤ ਸਿੰਘ ਢਿੱਲੋਂ, ਬਿਕਰਮ ਸਿੰਘ ਮਜੀਠੀਆ, ਸੁੱਚਾ ਸਿੰਘ ਲੰਗਾਹ, ਗੁਰਬਚਨ ਸਿੰਘ ਬੱਬੇਹਾਲੀ, ਲਖਬੀਰ ਸਿੰਘ ਲੋਧੀਨੰਗਲ, ਐੱਨ.ਕੇ.ਸ਼ਰਮਾ, ਮਨਤਾਰ ਸਿੰਘ ਬਰਾੜ, ਬਲਦੇਵ ਸਿੰਘ ਖਹਿਰਾ, ਐੱਸਆਰ ਕਲੇਰ, ਜੋਗਿੰਦਰ ਸਿੰਘ ਜਿੰਦੂ, ਤੀਰਥ ਸਿੰਘ ਮਾਹਲਾ, ਰਣਜੀਤ ਸਿੰਘ ਢਿੱਲੋਂ, ਵਰਦੇਵ ਸਿੰਘ ਮਾਨ, ਗੁਰਪ੍ਰੀਤ ਸਿੰਘ ਰਾਜੂ ਖੰਨਾ, ਕਮਲ ਚੇਤਲੀ, ਹਰਪ੍ਰੀਤ ਸਿੰਘ ਕੋਟਭਾਈ, ਸੁਖਦੀਪ ਸਿੰਘ ਅਤੇ ਦਰਬਾਰਾ ਸਿੰਘ ਗੁਰੂ ਦੇ ਨਾਮ ਸ਼ਾਮਲ ਹਨ। ਸ਼੍ਰੋਮਣੀ ਅਕਾਲੀ ਦਲ ਵੱਲੋਂ ਐਲਾਨੀ ਗਈ ਕੋਰ ਕਮੇਟੀ ਵਿੱਚ ਜ਼ਿਆਦਾਤਰ ਆਗੂ ਉਹ ਹਨ, ਜੋ ਪਾਰਟੀ ਪ੍ਰਧਾਨ ਨਾਲ ਡਟ ਕੇ ਖੜ੍ਹੇ ਰਹੇ ਹਨ। ਅਕਾਲ ਤਖ਼ਤ ਸਾਹਿਬ ਵੱਲੋਂ ਗਠਿਤ ਪੰਜ ਮੈਂਬਰੀ ਭਰਤੀ ਕਮੇਟੀ ਹੁਣ ਕਦਮ ਅੱਗੇ ਵਧਾ ਰਹੀ ਹੈ ਅਤੇ ਇਸੇ ਦਰਮਿਆਨ ਸ਼੍ਰੋਮਣੀ ਅਕਾਲੀ ਦਲ ਨੇ ਪਾਰਟੀ ਦੇ ਜਥੇਬੰਦਕ ਢਾਂਚੇ ਨੂੰ ਮੁੜ ਖੜ੍ਹਾ ਕਰਨ ਦਾ ਕੰਮ ਸ਼ੁਰੂ ਕਰ ਦਿੱਤਾ ਹੈ। ਸ਼੍ਰੋਮਣੀ ਅਕਾਲੀ ਦਲ ਨੇ ਪੰਜ ਸੀਨੀਅਰ ਆਗੂਆਂ ਨੂੰ ਕੋਰ ਕਮੇਟੀ ਦਾ ਐਕਸ ਆਫੀਸ਼ੀਓ ਮੈਂਬਰ ਬਣਾਇਆ ਗਿਆ ਹੈ, ਜਿਨ੍ਹਾਂ ਵਿੱਚ ਮੀਡੀਆ ਹੈੱਡ ਹਰਚਰਨ ਸਿੰਘ ਬੈਂਸ, ਯੂਥ ਅਕਾਲੀ ਦਲ ਦੇ ਪ੍ਰਧਾਨ ਸਰਬਜੀਤ ਸਿੰਘ ਝਿੰਜਰ, ਇਸਤਰੀ ਅਕਾਲੀ ਦਲ ਦੀ ਪ੍ਰਧਾਨ ਬੀਬੀ ਹਰਗੋਬਿੰਦ ਕੌਰ, ਐੱਸਓਆਈ ਦੇ ਪ੍ਰਧਾਨ ਰਣਬੀਰ ਸਿੰਘ ਰਾਣਾ ਢਿੱਲੋਂ ਅਤੇ ਪਾਰਟੀ ਦੇ ਮੁੱਖ ਬੁਲਾਰੇ ਅਰਸ਼ਦੀਪ ਸਿੰਘ ਕਲੇਰ ਨੂੰ ਸ਼ਾਮਲ ਕੀਤਾ ਗਿਆ ਹੈ।

# ਮਿਸਲ ਸਤਲੁਜ ਪੰਜਾਬ ਜਥੇਬੰਦੀ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਲਈ ਭਰਤੀ ਮੁਹਿੰਮ ਤਹਿਤ 70 ਹਜ਼ਾਰ ਭਰਤੀ ਦੀਆਂ ਕਾਪੀਆਂ ਜਮ੍ਹਾਂ ਕਰਵਾਈਆਂ

## 10 ਜੁਲਾਈ ਤੱਕ ਹੀ ਜਮਾਂ ਹੋ ਸਕਣਗੀਆਂ ਕਾਪੀਆਂ: ਭਰਤੀ ਕਮੇਟੀ

ਚੰਡੀਗੜ੍ਹ: ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਬਣੀ ਭਰਤੀ ਕਮੇਟੀ ਮੈਬਰਾਂ ਸਰਦਾਰ ਮਨਪ੍ਰੀਤ ਸਿੰਘ ਇਯਾਲੀ, ਜੱਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ, ਜੱਥੇਦਾਰ ਇਕਬਾਲ ਸਿੰਘ ਝੂੰਦਾਂ, ਜੱਥੇਦਾਰ ਸੰਤਾ ਸਿੰਘ ਉਮੈਦਪੁਰੀ ਅਤੇ ਬੀਬੀ ਸਤਵੰਤ ਕੌਰ ਵੱਲੋ ਭਰਤੀ ਸਬੰਧੀ ਆਪਣੇ ਅਗਲੇ ਪ੍ਰੋਗਰਾਮ ਦਾ ਐਲਾਨ ਕੀਤਾ ਗਿਆ ਹੈ। ਅਗਲੇ ਪ੍ਰੋਗਰਾਮ ਨੂੰ ਜਾਰੀ ਕਰਦਿਆਂ ਭਰਤੀ ਕਮੇਟੀ ਮੈਬਰਾਂ ਨੇ ਦੱਸਿਆ ਕਿ ਦੋ ਦਸੰਬਰ ਨੂੰ ਜਾਰੀ ਹੁਕਮਨਾਮਾ ਸਾਹਿਬ ਵਿੱਚ ਓਹਨਾ ਨੂੰ ਮਿਲੀ ਸੇਵਾ ਦੇ ਕਾਰਜ ਦੀ ਸ਼ੁਰੂਆਤ ਤੋ ਹੁਣ ਤੱਕ ਬੇਸ਼ੱਕ ਇੱਕ ਧੜੇ ਵੱਲੋਂ ਬਿਲਕੁੱਲ ਵੀ ਸਹਿਯੋਗ ਨਹੀਂ ਕੀਤਾ ਗਿਆ, ਇਸ ਦੇ ਬਾਵਜੂਦ ਭਰਤੀ ਮੁਹਿੰਮ ਨੂੰ ਕਾਮਯਾਬੀ ਮਿਲੀ ਹੈ।

ਇਸੇ ਲੜੀ ਤਹਿਤ ਅੱਜ ਮੋਹਾਲੀ ਵਿਖੇ ਮਿਸਲ ਸਤਲੁਜ ਪੰਜਾਬ ਜੱਥੇਬੰਦੀ ਵੱਲੋਂ ਸਰਦਾਰ ਅਜੈਪਾਲ ਸਿੰਘ ਬਰਾੜ ਦੀ ਅਗਵਾਈ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਲਈ ਚੱਲ ਰਹੀ ਭਰਤੀ ਮੁਹਿੰਮ ਦੇ ਅਧੀਨ ਤਕਰੀਬਨ 70,000 ਭਰਤੀ ਦੀਆਂ ਕਾਪੀਆਂ ਭਰਤੀ ਕਮੇਟੀ ਨੂੰ ਜਮ੍ਹਾਂ ਕਰਵਾਈਆਂ ਗਈਆਂ।



ਅੱਜ ਹਰ ਪੰਥ ਦਰਦੀ ਅਤੇ ਪੰਜਾਬ ਹਿਤੈਸ਼ੀ ਸਖ਼ਸ਼ ਆਪਣੀ ਖੇਤਰੀ ਪਾਰਟੀ ਦੇ ਵਜੂਦ ਨੂੰ ਮਜ਼ਬੂਤ ਅਤੇ ਪੁਨਰ ਸੁਰਜੀਤ ਕਰਨ ਲਈ ਸ਼ੁਰੂ ਮੁਹਿੰਮ ਦਾ ਆਪ ਮੁਹਾਰੇ ਹਿੱਸਾ ਬਣਿਆ ਹੈ। ਇਹ ਹੁਣ ਤੱਕ ਦੀ ਸਭ ਤੋਂ ਵੱਡੀ ਪ੍ਰਾਪਤੀ ਰਹੀ ਕਿ ਅੱਜ ਸੂਬੇ ਦੇ ਹਰ ਸਖ਼ਸ਼ ਦੀ ਜੁਬਾਨ ਉਪਰ ਖੇਤਰੀ ਪਾਰਟੀ ਨੂੰ ਮਜ਼ਬੂਤ ਰੱਖਣ ਅਤੇ ਕਰਨ, ਇਸ ਦੀ ਮਹੱਤਤਾ ਅਤੇ ਲੋੜ ਦਾ ਜ਼ਿਕਰ ਹੈ।

ਭਰਤੀ ਕਮੇਟੀ ਵੱਲੋਂ ਬੇਹੱਦ ਇਮਨਾਦਰੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਪ੍ਰਤੀ ਸਮਰਪਿਤ ਭਾਵਨਾ ਹੇਠ ਹੁਣ ਤੱਕ ਪ੍ਰਾਪਤ ਮੈਂਬਰਸ਼ਿਪ ਦਾ ਅੰਕੜਾ ਜਾਰੀ ਕਰਦੇ ਕਿਹਾ ਕਿ, 2 ਜੁਲਾਈ ਦੁਪਿਹਰ ਤਿੰਨ ਵਜੇ ਤੱਕ 8 ਲੱਖ 29 ਹਜ਼ਾਰ ਮੈਂਬਰਸ਼ਿਪ ਜਮ੍ਹਾ ਹੋ ਚੁੱਕੀ ਹੈ। ਭਰਤੀ ਕਮੇਟੀ ਮੈਬਰਾਂ ਨੇ ਇਹ ਵੀ ਆਸ ਪ੍ਰਗਟ ਕੀਤੀ ਕਿ ਬਹੁਤ ਸਾਰੇ ਸੱਜਣ ਜਿਨਾ ਨੇ ਸੰਗਠਿਤ ਰੂਪ ਵਿੱਚ ਆਪਣੇ ਆਪ ਭਰਤੀ ਸ਼ੁਰੂ ਕੀਤੀ, ਓਹਨਾਂ ਦੀ ਮੈਂਬਰਸ਼ਿਪ ਬਕਾਇਆ ਹੈ ਅਤੇ ਕੁਝ ਲੋਕਾਂ ਵੱਲੋਂ ਕਾਪੀਆਂ ਭਰ ਲਈਆਂ ਗਈਆਂ ਹਨ, ਪਰ ਜਰੂਰੀ ਰੁਝੇਵਿਆਂ ਦੇ ਚਲਦੇ ਦਫਤਰ ਨਹੀਂ ਜਮ੍ਹਾ ਕਰਵਾ ਸਕੇ। ਇਸ ਦੇ ਨਾਲ ਹੀ ਭਰਤੀ ਕਮੇਟੀ ਮੈਂਬਰਾਂ ਨੇ ਭਰਤੀ ਕਾਪੀਆਂ ਜਮ੍ਹਾ ਕਰਵਾਉਣ ਲਈ ਆਖਰੀ ਮਿਤੀ 10 ਜੁਲਾਈ ਤਹਿ ਕੀਤੀ ਗਈ ਹੈ। ਭਰਤੀ ਭਾਵੇ ਉਸ ਤੋਂ ਬਾਅਦ ਵੀ ਜਾਰੀ ਰਹੇਗੀ।

ਅਗਲੇ ਪ੍ਰੋਗਰਾਮ ਤਹਿਗਤ 11 ਜੁਲਾਈ ਤੋਂ ਲੈਕੇ 14 ਜੁਲਾਈ ਤੱਕ ਹਰ ਕਾਪੀ ਪਿੱਛੇ ਬਣਨ ਵਾਲੇ ਸਰਕਲ ਡੇਲੀਗੇਟ ਨਾਮ ਵਾਲੀਆਂ ਲਿਸਟਾਂ ਨੂੰ ਅੰਤਿਮ ਰੂਪ ਦਿੱਤਾ ਜਾਵੇਗਾ। 15 ਜੁਲਾਈ ਤੋਂ 27 ਜੁਲਾਈ ਤੱਕ ਭਰਤੀ ਕਮੇਟੀ ਦੇ ਮੈਂਬਰ ਹਲਕਾ ਵਾਰ ਮੀਟਿੰਗਾਂ ਦਾ ਦੌਰ ਸ਼ੁਰੂ ਕਰੇਗੀ। ਹਲਕਾ ਵਾਰ ਮੀਟਿੰਗ ਵਿੱਚ ਜ਼ਿਲ੍ਹਾ ਡੈਲੀਗੇਟ ਅਤੇ ਸਟੇਟ ਡੈਲੀਗੇਟ ਦੀ ਚੋਣ ਕੀਤੀ ਜਾਵੇਗੀ। ਜ਼ਿਲ੍ਹਾ ਪੱਧਰੀ ਅਤੇ ਸਟੇਟ ਡੈਲੀਗੇਟ ਦੀ ਚੋਣ ਉਪਰੰਤ ਜਨਰਲ ਇਜਲਾਸ ਲਈ ਤਰੀਕ ਦਾ ਐਲਾਨ ਕਰ ਦਿੱਤਾ ਜਾਵੇਗਾ।

ਭਰਤੀ ਕਮੇਟੀ ਮੈਂਬਰਾਂ ਨੇ ਇੱਕ ਇੱਕ ਕਾਪੀ ਭਰਨ ਵਾਲੇ ਹਰ ਸਖ਼ਸ਼ ਦਾ ਦਿਲ ਦੀਆਂ ਗਹਿਰਾਈਆਂ ਤੋਂ ਬਹੁਤ ਬਹੁਤ ਧੰਨਵਾਦ ਕਰਦਿਆਂ ਕਿਹਾ ਕਿ, ਮੰਜਿਲ ਦਾ ਪੈਂਡਾ ਬਹੁਤ ਵੱਡਾ ਅਤੇ ਅਤਿ ਕਠਿਨਾਈ ਭਰਿਆ ਸੀ, ਪਰ ਸੰਗਤ ਦੇ ਪਿਆਰ ਅਤੇ ਹੌਸਲੇ ਦੇ ਜਰੀਏ ਇਸ ਦਾ ਇੱਕ ਪੜਾਅ ਪੂਰਾ ਕਰ ਲਿਆ ਗਿਆ ਹੈ।

# ਜਥੇ. ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸੇਵਾ ਨਿਯਮਾਂ ਦੇ ਸਬੰਧ 'ਚ ਸ਼੍ਰੋਮਣੀ ਕਮੇਟੀ ਨੇ ਬਣਾਈ 34 ਮੈਂਬਰੀ ਕਮੇਟੀ

ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸੇਵਾ ਨਿਯਮਾਂ ਦੇ ਸਬੰਧ ਵਿੱਚ 34 ਮੈਂਬਰੀ ਕਮੇਟੀ ਦਾ ਗਠਨ ਕੀਤਾ ਹੈ।



ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਇਸ ਕਮੇਟੀ ਵਿੱਚ ਸਿੰਘ ਸਾਹਿਬਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਤੋਂ ਇੱਕ ਨੁਮਾਇੰਦਾ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ ਦਾ ਇੱਕ ਨੁਮਾਇੰਦਾ, ਬਾਬਾ ਹਰਨਾਮ ਸਿੰਘ ਖ਼ਾਲਸਾ ਮੁਖੀ ਦਮਦਮੀ ਟਕਸਾਲ ਤੇ ਪ੍ਰਧਾਨ ਸੰਤ ਸਮਾਜ, ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਮੁਖੀ ਤਰਨਾ ਦਲ ਹਰੀਆਂ ਵੇਲਾਂ, ਬਾਬਾ ਬਲਬੀਰ ਸਿੰਘ 96ਵੇਂ ਕਰੋੜੀ ਮੁਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ, ਬਾਬਾ ਅਵਤਾਰ ਸਿੰਘ ਸੁਰਸਿੰਘ ਮੁਖੀ ਦਲ ਪੰਥ ਬਾਬਾ ਬਿਧੀ ਚੰਦ ਜੀ, ਪ੍ਰਦਮਸ੍ਰੀ ਬਾਬਾ ਸੇਵਾ ਸਿੰਘ ਕਾਰ ਸੇਵਾ ਖਡੂਰ ਸਾਹਿਬ, ਬਾਬਾ ਕਸ਼ਮੀਰ ਸਿੰਘ ਮੁਖੀ ਸੰਪ੍ਰਦਾ ਕਾਰਸੇਵਾ ਭੂਰੀਵਾਲੇ, ਬਾਬਾ ਤੇਜਾ ਸਿੰਘ ਖੁੱਡਾ ਕੁਰਾਲਾ ਨਿਰਮਲੇ ਸੰਪ੍ਰਦਾ, ਮਹੰਤ ਰਮਿੰਦਰ ਦਾਸ ਉਦਾਸੀਨ ਸੰਪ੍ਰਦਾ, ਮਹੰਤ ਪ੍ਰਿਤਪਾਲ ਸਿੰਘ ਮਿੱਠਾ ਟਿਵਾਣਾ ਸੇਵਾਪੰਥੀ, ਬਾਬਾ ਸੇਵਾ ਸਿੰਘ ਰਾਮਪੁਰ ਖੇੜਾ, ਪ੍ਰਧਾਨ ਚੀਫ ਖ਼ਾਲਸਾ ਦੀਵਾਨ ਸ੍ਰੀ ਅੰਮ੍ਰਿਤਸਰ, ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਚੰਡੀਗੜ੍ਹ ਦਾ ਇੱਕ ਨੁਮਾਇੰਦਾ, ਪ੍ਰਸਿੱਧ ਕਥਾਵਾਚਕ ਭਾਈ ਸਾਹਿਬ ਗਿਆਨੀ ਪਿੰਦਰਪਾਲ ਸਿੰਘ, ਗੁਰਬਾਣੀ ਵਿਆਕਰਣ ਦੇ ਮਾਹਿਰ ਗਿਆਨੀ ਸਾਹਿਬ ਸਿੰਘ ਸ਼ਾਹਬਾਦ ਮਾਰਕੰਡਾ, ਭਾਈ ਮਹਿੰਦਰ ਸਿੰਘ ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ ਯੂਕੇ, ਮਹੰਤ ਮਨਜੀਤ ਸਿੰਘ ਜੰਮੂ ਕਸ਼ਮੀਰ, ਬੀਬੀ ਇੰਦਰਜੀਤ ਕੌਰ ਮੁਖੀ ਭਗਤ ਪੂਰਨ ਸਿੰਘ ਪਿੰਗਲਵਾੜਾ ਸੁਸਾਇਟੀ, ਡਾ. ਕਰਮਜੀਤ ਸਿੰਘ ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਡਾ. ਪ੍ਰਿਤਪਾਲ ਸਿੰਘ ਵਾਈਸ ਚਾਂਸਲਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਸ੍ਰੀ ਫ਼ਤਹਿਗੜ੍ਹ ਸਾਹਿਬ, ਸਿੱਖ ਵਿਦਵਾਨ ਡਾ. ਬਲਕਾਰ ਸਿੰਘ ਪਟਿਆਲਾ, ਡਾ. ਪਰਮਵੀਰ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ, ਡਾ. ਅਮਰਜੀਤ ਸਿੰਘ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਡਾ. ਇੰਦਰਜੀਤ ਸਿੰਘ ਗੋਗੋਆਣੀ ਪ੍ਰਿੰ: ਖ਼ਾਲਸਾ ਕਾਲਜ ਸੀ: ਸੈ: ਸਕੂਲ ਅੰਮ੍ਰਿਤਸਰ, ਸਿੱਖ ਵਿਦਵਾਨ ਡਾ. ਕੇਹਰ ਸਿੰਘ, ਸਿੱਖ ਵਿਦਵਾਨ ਡਾ. ਹਰਭਜਨ ਸਿੰਘ ਡੇਹਰਾਦੂਨ, ਗਿ: ਬਲਜੀਤ ਸਿੰਘ ਪ੍ਰਿੰ: ਸਾਹਿਬਜ਼ਾਦਾ ਜੁਝਾਰ ਸਿੰਘ ਸਿੱਖ ਮਿਸ਼ਨਰੀ ਕਾਲਜ ਚੌਂਤਾ, ਸਿੱਖ ਵਿਦਵਾਨ ਡਾ. ਗੁਰਚਰਨਜੀਤ ਸਿੰਘ ਲਾਂਬਾ ਅਮਰੀਕਾ, ਡਾ. ਜਤਿੰਦਰਪਾਲ ਸਿੰਘ ਉੱਪਲ ਆਸਟ੍ਰੇਲੀਆ, ਸ. ਰਾਜਬੀਰ ਸਿੰਘ ਕੈਨੇਡਾ, ਸ. ਇੰਦਰਪਾਲ ਸਿੰਘ ਚੱਢਾ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਅਤੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ (ਕੋਆਰਡੀਨੇਟਰ) ਨੂੰ ਸ਼ਾਮਲ ਕੀਤਾ ਗਿਆ ਹੈ।

# ਦਿੱਲੀ ਤੇ ਪਟਨਾ ਸਾਹਿਬ ਕਮੇਟੀ ਨੂੰ ਅਣਡਿੱਠ ਕਰਨਾ ਠੀਕ ਨਹੀਂ: ਕਾਲਕਾ

ਨਵੀਂ ਦਿੱਲੀ/ਏ.ਟੀ.ਨਿਊਜ਼: ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਨਿਯੁਕਤੀ ਅਤੇ ਹਟਾਉਣ ਲਈ ਵਿਧੀ ਵਿਧਾਨ ਤੈਅ ਕਰਨ ਵਾਸਤੇ 34 ਮੈਂਬਰੀ ਕਮੇਟੀ ਬਣਾਉਣ ਸਮੇਂ ਦਿੱਲੀ ਗੁਰਦੁਆਰਾ ਕਮੇਟੀ ਅਤੇ ਤਖ਼ਤ ਪਟਨਾ ਸਾਹਿਬ ਕਮੇਟੀ ਦੇ ਮੈਂਬਰਾਂ ਨੂੰ ਕਮੇਟੀ 'ਚ ਸ਼ਾਮਲ ਨਾ ਕਰਨ ਦੀ ਨਿਖੇਧੀ ਕੀਤੀ ਹੈ। ਇੱਥੇ ਹਰਮੀਤ ਸਿੰਘ ਕਾਲਕਾ ਤੇ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਹੈਰਾਨੀ ਵਾਲੀ ਗੱਲ ਹੈ ਕਿ 1971 'ਚ ਸੰਸਦ ਵੱਲੋਂ ਐਕਟ ਬਣਾਉਣ ਤੋਂ ਲੈ ਕੇ ਪਿਛਲੇ 54 ਸਾਲਾਂ ਤੋਂ ਦਿੱਲੀ ਗੁਰਦੁਆਰਾ ਕਮੇਟੀ ਸੰਗਤ ਦੀ ਸੇਵਾ ਕਰ ਰਹੀ ਹੈ ਤੇ ਸ਼੍ਰੋਮਣੀ ਕਮੇਟੀ ਤੋਂ ਬਾਅਦ ਸਭ ਤੋਂ ਵੱਡੀ ਪੰਥਕ ਸੰਸਥਾ ਹੈ। ਉਨ੍ਹਾਂ ਕਿਹਾ ਕਿ ਦਿੱਲੀ ਕਮੇਟੀ ਅਤੇ ਤਖ਼ਤ ਸ੍ਰੀ ਪਟਨਾ ਸਾਹਿਬ ਕਮੇਟੀ ਦੇ ਮੈਂਬਰਾਂ ਨੂੰ ਪੂਰੀ ਤਰ੍ਹਾਂ ਅਣਡਿੱਠ ਕਰਨਾ ਸਾਬਤ ਕਰਦਾ ਹੈ ਕਿ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਖੁਸ਼ ਕਰਨ ਦਾ ਯਤਨ ਕੀਤਾ ਹੈ।

ਇਸ ਦੌਰਾਨ ਉਨ੍ਹਾਂ ਨੇ ਕਮੇਟੀ 'ਚ ਸ਼ਾਮਲ ਬਾਬਾ ਹਰਨਾਮ ਸਿੰਘ ਧੁੰਮਾ ਤੇ ਬਾਬਾ ਬਲਬੀਰ ਸਿੰਘ ਨੂੰ ਅਪੀਲ ਕੀਤੀ ਕਿ ਉਹ ਇਸ ਤਰੀਕੇ ਦਾ ਵਿਧੀ ਵਿਧਾਨ ਤਿਆਰ ਕਰਨ ਜਿਸ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਨਿਯੁਕਤੀ ਤੇ ਉਨ੍ਹਾਂ ਨੂੰ ਹਟਾਉਣ ਦੀ ਪ੍ਰਕਿਰਿਆ ਪੂਰਨ ਪਾਰਦਰਸ਼ੀ ਹੋ ਸਕੇ। ਉਨ੍ਹਾਂ ਕਿਹਾ ਕਿ ਜਥੇਦਾਰਾਂ ਨੂੰ ਹਟਾਉਣ ਦਾ ਵਿਰੋਧ ਸਭ ਤੋਂ ਪਹਿਲਾਂ ਦਿੱਲੀ ਗੁਰਦੁਆਰਾ ਕਮੇਟੀ ਨੇ ਕੀਤਾ ਸੀ ਤੇ ਅੱਜ ਸਮੁੱਚਾ ਪੰਥ ਇਸ ਮੁੱਦੇ 'ਤੇ ਇਕਜੁੱਟ ਹੈ।


# ਸ਼ਤਾਬਦੀ ਸਮਾਗਮਾਂ ਸਬੰਧੀ ਸ਼੍ਰੋਮਣੀ ਕਮੇਟੀ ਨੇ ਬਣਾਈ ਉੱਚ ਪੱਧਰੀ ਤਾਲਮੇਲ ਕਮੇਟੀ

ਅੰਮ੍ਰਿਤਸਰ/ਏ.ਟੀ.ਨਿਊਜ਼: ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ ਦੇ 350 ਸਾਲਾ ਸ਼ਹੀਦੀ ਦਿਹਾੜੇ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਗੁਰਤਾਗੱਦੀ ਦੇ ਸਬੰਧ ਵਿੱਚ ਨਵੰਬਰ 2025 ਵਿੱਚ ਕੀਤੇ ਜਾਣ ਵਾਲੇ ਸ਼ਤਾਬਦੀ ਸਮਾਗਮਾਂ ਨੂੰ ਯਾਦਗਾਰੀ ਢੰਗ ਨਾਲ ਮਨਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੱਖ-ਵੱਖ ਪ੍ਰਤੀਨਿਧਾਂ, ਸਿੱਖ ਸ਼ਖ਼ਸੀਅਤਾਂ ਅਤੇ ਮਹਾਂਪੁਰਖਾਂ 'ਤੇ ਅਧਾਰਿਤ ਇੱਕ ਉੱਚ ਪੱਧਰੀ ਤਾਲਮੇਲ ਕਮੇਟੀ ਬਣਾਈ ਗਈ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਬਣਾਈ ਗਈ ਇਸ ਕਮੇਟੀ ਵਿੱਚ ਉਨ੍ਹਾਂ ਸਣੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ, ਬਾਬਾ ਹਰਨਾਮ ਸਿੰਘ ਖ਼ਾਲਸਾ ਮੁਖੀ ਦਮਦਮੀ ਟਕਸਾਲ, ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਮੁਖੀ ਤਰਨਾ ਦਲ, ਬਾਬਾ ਬਲਬੀਰ ਸਿੰਘ ਮੁਖੀ ਬੁੱਢਾ ਦਲ, ਬਾਬਾ ਅਵਤਾਰ ਸਿੰਘ ਸੁਰਸਿੰਘ ਮੁਖੀ ਦਲ ਬਾਬਾ ਬਿਧੀ ਚੰਦ, ਬਾਬਾ ਸੇਵਾ ਸਿੰਘ ਖਡੂਰ ਸਾਹਿਬ, ਬਾਬਾ ਕਸ਼ਮੀਰ ਸਿੰਘ ਕਾਰਸੇਵਾ ਭੂਰੀਵਾਲੇ, ਸੀਨੀਅਰ ਅਕਾਲੀ ਆਗੂ ਬਲਵਿੰਦਰ ਸਿੰਘ ਭੂੰਦੜ, ਡਾ. ਦਲਜੀਤ ਸਿੰਘ ਚੀਮਾ, ਮਹੇਸ਼ਇੰਦਰ ਸਿੰਘ ਗਰੇਵਾਲ ਤੇ ਗੁਲਜ਼ਾਰ ਸਿੰਘ ਰਣੀਕੇ, ਬਾਬਾ ਜਗਜੀਤ ਸਿੰਘ ਹਰਖੋਵਾਲ ਵਾਲੇ, ਬਾਬਾ ਮੇਜਰ ਸਿੰਘ ਸੋਢੀ ਦਸਮੇਸ਼ ਤਰਨਾ ਦਲ, ਬਾਬਾ ਜਗਜੀਤ ਸਿੰਘ ਲੋਪੋਂ, ਸਵਾਮੀ ਸੁੱਕੀ ਚੋਈ ਵਾਲੇ ਹੁਸ਼ਿਆਰਪੁਰ, ਸਿੱਖ ਵਿਦਵਾਨ ਡਾ. ਬਲਕਾਰ ਸਿੰਘ, ਡਾ. ਇੰਦਰਜੀਤ ਸਿੰਘ ਗੋਗੋਆਣੀ, ਡਾ. ਕੇਹਰ ਸਿੰਘ,

(**ਬਾਕੀ ਸਫ਼ਾ** 30 'ਤੇ)

# ਸਿੱਖ ਵਿਰਾਸਤੀ ਇਮਾਰਤਾਂ ਦੀ ਸਾਂਭ-ਸੰਭਾਲ ਕੀਤੀ ਜਾਵੇ : ਜਥੇ. ਗੜਗੱਜ

ਅੰਮ੍ਰਿਤਸਰ/ਏ.ਟੀ.ਨਿਊਜ਼: ਸ੍ਰੀ ਅਕਾਲ ਤਖ਼ਤ ਸਾਹਿਬ ਦੀ ਛਤਰ ਛਾਇਆ ਹੇਠ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ਼ੇਰੇ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਮਹਾਰਾਜਾ ਦੇ ਅੰਮ੍ਰਿਤਸਰ ਦੇ ਪ੍ਰਸਿੱਧ ਰਾਮਬਾਗ਼ ਦੇ ਅੰਦਰ ਸਥਿਤ ਹਵਾ ਮਹਿਲ ਵਿਖੇ ਵਿਸ਼ੇਸ਼ ਗੁਰਮਤਿ ਸਮਾਗਮ ਕਰਵਾ ਕੇ ਉਨ੍ਹਾਂ ਨੂੰ ਸਤਿਕਾਰ ਭੇਟ ਕੀਤਾ। ਇਸ ਮੌਕੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਉਪਰੰਤ ਭਾਈ ਸੁਖਜੀਤ ਸਿੰਘ ਬਾਬਾ ਬਕਾਲਾ ਦੇ ਰਾਗੀ ਜਥੇ, ਭਾਈ ਗੁਰਭੇਜ ਸਿੰਘ ਚਵਿੰਡਾ ਦੇ ਢਾਡੀ ਜਥੇ, ਭਾਈ ਸੁੱਚਾ ਸਿੰਘ ਡੇਰਾ ਪਠਾਣਾਂ ਦੇ ਕਵੀਸ਼ਰ ਜਥੇ ਨੇ ਹਾਜ਼ਰ ਸੰਗਤ ਨੂੰ ਗੁਰਬਾਣੀ ਤੇ ਸਿੱਖ ਇਤਿਹਾਸ ਨਾਲ ਜੋੜਿਆ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸੰਗਤ ਵੱਲੋਂ ਪੁੱਜੀ ਮੰਗ ਅਤੇ



ਇਸ ਸਾਲ ਮਹਾਰਾਜਾ ਦੀ ਬਰਸੀ ਮੌਕੇ ਭਾਰਤ ਤੋਂ ਪਾਕਿਸਤਾਨ ਸਿੱਖ ਜਥੇ ਨਾ ਜਾਣ ਦੇ ਮੱਦੇਨਜ਼ਰ ਰਾਮਬਾਗ਼ ਸਥਿਤ ਹਵਾ ਮਹਿਲ ਵਿਖੇ ਵਿਸ਼ੇਸ਼ ਸਮਾਗਮ ਕਰਵਾਉਣ ਲਈ ਸ਼੍ਰੋਮਣੀ ਕਮੇਟੀ ਨੂੰ ਆਖਿਆ ਸੀ। ਜਥੇਦਾਰ ਗੜਗੱਜ ਨੇ ਇਹ ਸਮਾਗਮ ਕਰਵਾਉਣ ਵਿੱਚ ਪੂਰਨ ਸਹਿਯੋਗ ਕਰਨ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸਮੁੱਚੇ ਪ੍ਰਬੰਧ ਦਾ ਵਿਸ਼ੇਸ਼ ਧੰਨਵਾਦ ਕੀਤਾ। ਇਸ ਮੌਕੇ ਹਾਜ਼ਰ ਸਿੱਖ ਵਿਰਾਸਤੀ ਸਥਾਨ ਰਾਮਬਾਗ਼ ਵਿਖੇ ਲੰਮੇ ਸਮੇਂ ਤੋਂ ਬਾਅਦ ਕਰਵਾਏ ਗਏ ਗੁਰਮਤਿ ਸਮਾਗਮ ਪ੍ਰਤੀ ਸੰਗਤ ਵਿੱਚ ਉਤਸ਼ਾਹ ਦੇਖਣ ਨੂੰ ਮਿਲਿਆ ਅਤੇ ਪੰਜਾਬ ਤੇ ਸ਼ਹਿਰ ਦੀਆਂ ਸੰਗਤਾਂ, ਸਮਾਜਿਕ ਤੇ ਸਿੱਖ ਸੰਸਥਾਵਾਂ ਦੇ ਨੁਮਾਇੰਦੇ, ਵਿਦਿਆਰਥੀ ਜਥੇਬੰਦੀਆਂ ਦੇ ਨੁਮਾਇੰਦੇ ਤੇ ਕਈ ਪ੍ਰਮੁੱਖ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕੀਤੀ।

(**ਬਾਕੀ ਸਫ਼ਾ** 31 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

## ਸੰਪਾਦਕੀ

# ਭਾਰਤ 'ਚ ਸਿੱਖ ਕਲਾਕਾਰਾਂ ਨਾਲ ਵਿਤਕਰਾ

ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਪੰਜਾਬੀ ਕਲਾਕਾਰ ਦਿਲਜੀਤ ਦੋਸਾਂਝ ਦੀ ਫ਼ਿਲਮ 'ਸਰਦਾਰ ਜੀ 3' ਦਾ ਵਿਵਾਦ ਇਸ ਸਮੇਂ ਮੀਡੀਆ ਦੀਆਂ ਸੁਰਖ਼ੀਆਂ ਬਣਿਆ ਹੋਇਆ ਹੈ। ਇਹ ਫ਼ਿਲਮ ਭਾਰਤ 'ਚ ਰਿਲੀਜ਼ ਨਹੀਂ ਹੋਈ ਪਰ ਪਾਕਿਸਤਾਨ ਅਤੇ ਹੋਰ ਮੁਲਕਾਂ ਵਿੱਚ ਰਿਲੀਜ਼ ਹੋ ਚੁੱਕੀ ਇਸ ਫ਼ਿਲਮ ਨੇ ਉਥੇ ਸਫ਼ਲਤਾ ਦਾ ਨਵਾਂ ਇਤਿਹਾਸ ਰਚ ਦਿੱਤਾ ਹੈ, ਜਿਸ ਤੋਂ ਪਤਾ ਚੱਲ ਜਾਂਦਾ ਹੈ ਕਿ ਇਸ ਫ਼ਿਲਮ ਵਿੱਚ ਕੁਝ ਵੀ ਗਲਤ ਨਹੀਂ ਪੇਸ਼ ਕੀਤਾ ਗਿਆ। ਅਸਲ ਵਿੱਚ ਵਿਵਾਦ ਇਸ ਫ਼ਿਲਮ ਦੀ ਹੀਰੋਈਨ ਕਰਕੇ ਹੈ, ਜੋ ਕਿ ਪਾਕਿਸਤਾਨੀ ਹੈ। ਜਦੋਂ ਇਸ ਫ਼ਿਲਮ ਦੀ ਸ਼ੂਟਿੰਗ ਹੋਈ ਸੀ ਤਾਂ ਉਦੋਂ ਭਾਰਤ ਅਤੇ ਪਾਕਿਸਤਾਨ ਵਿਚਾਲੇ ਏਨਾ ਤਨਾਓ ਨਹੀਂ ਸੀ, ਜਿੰਨਾ ਹੁਣ ਹੈ। ਕਈ ਸਿੱਖ ਆਗੂ ਸਵਾਲ ਕਰਦੇ ਹਨ ਕਿ ਫ਼ਿਲਮ 'ਸਰਦਾਰ ਜੀ 3' ਦਾ ਵਿਰੋਧ ਤਾਂ ਇਸ ਦੀ ਨਾਇਕਾ ਦੇ ਪਾਕਿਸਤਾਨੀ ਹੋਣ ਕਰਕੇ ਕੀਤਾ ਗਿਆ ਪਰ ਦਿਲਜੀਤ ਦੀ 'ਭਾਈ ਜਸਵੰਤ ਸਿੰਘ ਖਾਲੜਾ' ਬਾਰੇ ਬਣੀ ਫ਼ਿਲਮ ਨੂੰ ਵੀ ਰਿਲੀਜ਼ ਨਹੀਂ ਕੀਤਾ ਗਿਆ, ਜਦੋਂ ਕਿ ਉਸ ਫ਼ਿਲਮ ਵਿੱਚ ਤਾਂ ਕੋਈ ਪਾਕਿਸਤਾਨੀ ਕਲਾਕਾਰ ਨਹੀਂ ਸੀ। ਅਸਲ ਵਿੱਚ ਦਿਲਜੀਤ ਦੀਆਂ ਫ਼ਿਲਮਾਂ ਦਾ ਵਿਰੋਧ ਕੁਝ ਲੋਕਾਂ ਵੱਲੋਂ ਸਿਰਫ਼ ਇਸ ਕਾਰਨ ਹੋ ਰਿਹਾ ਹੈ, ਕਿਉਂਕਿ ਉਹ ਦਸਤਾਰਧਾਰੀ ਸਿੱਖ ਹੈ।

ਦਿਲਜੀਤ ਦੋਸਾਂਝ ਦਾ ਵਿਰੋਧ ਪਹਿਲੀ ਵਾਰ ਨਹੀਂ ਹੋਇਆ, ਸਗੋਂ ਉਸ ਦੇ ਦਸਤਾਰਧਾਰੀ ਹੋਣ ਕਰਕੇ ਕੁੱਝ ਕੱਟੜਪੰਥੀਆਂ ਵੱਲੋਂ ਉਸ ਦਾ ਪਹਿਲਾਂ ਵੀ ਵਿਰੋਧ ਕੀਤਾ ਜਾ ਚੁੱਕਿਆ ਹੈ। ਸਿਰਫ਼ ਦਿਲਜੀਤ ਹੀ ਨਹੀਂ ਸਗੋਂ ਅਨੇਕਾਂ ਸਿੱਖ ਕਲਾਕਾਰਾਂ ਨੂੰ ਅਕਸਰ ਭਾਰਤ ਵਿੱਚ ਵਿਤਕਰੇ ਦਾ ਸਾਹਮਣਾ ਕਰਨਾ ਪਿਆ ਹੈ। 'ਤੂਤਕ ਤੂਤਕ ਤੂਤੀਆਂ' ਵਾਲੇ ਪ੍ਰਸਿੱਧ ਗਾਇਕ ਮਲਕੀਤ ਸਿੰਘ ਨੇ ਵੀ ਇੱਕ ਵਾਰ ਕਿਹਾ ਸੀ ਕਿ ਉਸ ਦੇ ਤੂਤੀਆਂ ਗਾਣੇ ਦੀ ਪ੍ਰਸਿੱਧੀ ਵੇਲੇ ਉਸ ਨੂੰ ਪੰਜਾਬੀ ਫ਼ਿਲਮਾਂ ਵਿੱਚ ਕੰਮ ਕਰਨ ਦੇ ਮੌਕੇ ਮਿਲੇ ਸਨ ਪਰ ਫ਼ਿਲਮਾਂ ਵਾਲੇ ਚਾਹੁੰਦੇ ਸਨ ਕਿ ਉਹ ਦਸਤਾਰ ਤੋਂ ਬਿਨਾਂ ਕੰਮ ਕਰੇ, ਜੋ ਉਸ ਨੂੰ ਮਨਜ਼ੂਰ ਨਹੀਂ ਸੀ। ਇਸੇ ਤਰ੍ਹਾਂ ਹੋਰ ਵੀ ਕਈ ਸਿੱਖ ਕਲਾਕਾਰ ਹਨ, ਜਿਨ੍ਹਾਂ ਨਾਲ ਭਾਰਤੀ ਸਿਨੇਮਾ ਜਗਤ ਵਿੱਚ ਉਹਨਾਂ ਦੇ ਦਸਤਾਰਧਾਰੀ ਹੋਣ ਕਾਰਨ ਉਹਨਾਂ ਨੂੰ ਵਿਤਕਰੇ ਦਾ ਸਾਹਮਣਾ ਕਰਨਾ ਪਿਆ ਹੈ।

ਅਸਲ ਵਿੱਚ ਭਾਰਤ ਦੇ ਫ਼ਿਲਮੀ ਅਤੇ ਰਾਸ਼ਟਰੀ ਮੀਡੀਆ ਖੇਤਰ ਵਿੱਚ ਇੱਕ ਅਜਿਹੀ ਲਾਬੀ ਸਰਗਰਮ ਹੈ, ਜੋ ਕਿ ਸਿੱਖਾਂ ਦੀ ਬਹਾਦਰੀ, ਸਖ਼ਤ ਮਿਹਨਤ ਅਤੇ ਇਮਾਨਦਾਰੀ ਦੀ ਚਰਚਾ ਕਰਨ ਦੀ ਥਾਂ ਅਕਸਰ ਸਿੱਖਾਂ ਅਤੇ ਪੰਜਾਬੀਆਂ ਦਾ ਮਜ਼ਾਕ ਉਡਾਉਂਦੀ ਰਹਿੰਦੀ ਹੈ। ਇਹੋ ਕਾਰਨ ਹੈ ਕਿ ਅਨੇਕਾਂ ਹਿੰਦੀ ਫ਼ਿਲਮਾਂ ਵਿੱਚ ਪੰਜਾਬੀਆਂ ਖਾਸ ਕਰਕੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਭੜਕਾਉਣ ਵਾਲੇ ਸੀਨ ਪਾਏ ਹੁੰਦੇ ਹਨ, ਜਿਨ੍ਹਾਂ 'ਤੇ ਸਿੱਖ ਭਾਈਚਾਰੇ ਨੂੰ ਇਤਰਾਜ਼ ਹੁੰਦਾ ਹੈ। ਕਈ ਹਿੰਦੀ ਫ਼ਿਲਮਾਂ 'ਚ ਅਜਿਹੇ ਨਕਲੀ ਸਿੱਖ ਕਲਾਕਾਰ ਦਿਖਾਏ ਜਾਂਦੇ ਹਨ ਜਿਨ੍ਹਾਂ ਦਾ ਪਹਿਰਾਵਾ ਬੇਹੂਦਾ ਹੁੰਦਾ ਹੈ ਅਤੇ ਉਹ ਹਾਸੋਹੀਣੀਆਂ ਹਰਕਤਾਂ ਕਰਦੇ ਹਨ। ਇਹ ਕਲਾਕਾਰ ਸਿੱਖ ਨਹੀਂ ਹੁੰਦੇ ਪਰ ਉਹਨਾਂ ਦੀ ਵੇਸ-ਭੂਸ਼ਾ ਤੇ ਪਹਿਰਾਵਾ ਸਿੱਖਾਂ ਵਰਗਾ ਬਣਾ ਕੇ ਉਹਨਾਂ ਨੂੰ ਫ਼ਿਲਮਾਂ ਵਿੱਚ ਪੇਸ਼ ਕੀਤਾ ਜਾਂਦਾ ਹੈ ਤਾਂ ਕਿ ਸਿੱਖਾਂ ਦਾ ਮਜ਼ਾਕ ਉਡਾਇਆ ਜਾ ਸਕੇ। ਅਜਿਹਾ ਇਸ ਕਾਰਨ ਵੀ ਹੁੰਦਾ ਹੈ ਕਿਉਂਕਿ ਭਾਰਤੀ ਸੈਂਸਰ ਬੋਰਡ ਦੀ ਟੀਮ ਵਿੱਚ ਕੋਈ ਵੀ ਸਿੱਖ ਮੈਂਬਰ ਨਹੀਂ ਹੈ। ਇਸੇ ਕਰਕੇ ਸੈਂਸਰ ਬੋਰਡ ਵਿੱਚ ਇੱਕ ਸਿੱਖ ਮੈਂਬਰ ਜ਼ਰੂਰ ਹੋਣ ਦੀ ਮੰਗ ਵੀ ਸਿੱਖ ਹਲਕਿਆਂ ਵੱਲੋਂ ਅਨੇਕਾਂ ਵਾਰ ਉਠਾਈ ਜਾ ਚੁੱਕੀ ਹੈ, ਜਿਸ ਵੱਲ ਕੇਂਦਰ ਸਰਕਾਰ ਵੱਲੋਂ ਕੋਈ ਧਿਆਨ ਨਹੀਂ ਦਿੱਤਾ ਗਿਆ।

ਭਾਰਤ ਦੇ ਆਜ਼ਾਦੀ ਅੰਦੋਲਨ ਵਿੱਚ ਸਿੱਖਾਂ ਨੇ ਵੱਡਾ ਯੋਗਦਾਨ ਪਾਇਆ ਹੈ। ਅੱਜ ਵੀ ਭਾਰਤੀ ਫ਼ੌਜ ਵਿੱਚ ਵੱਡੀ ਗਿਣਤੀ ਸਿੱਖ ਆਪਣੀਆਂ ਸੇਵਾਵਾਂ ਦੇ ਰਹੇ ਹਨ ਪਰ ਉਹਨਾਂ ਦੀ ਦੇਸ਼ ਭਗਤੀ ਦਿਖਾਉਣ ਦੀ ਥਾਂ ਅਕਸਰ ਫ਼ਿਲਮਾਂ ਵਿੱਚ ਸਿੱਖਾਂ ਬਾਰੇ ਇਤਰਾਜ਼ਯੋਗ ਦ੍ਰਿਸ਼ ਦਿਖਾਏ ਜਾਂਦੇ ਹਨ। ਕੁਝ ਲੋਕ ਕਹਿੰਦੇ ਹਨ ਕਿ ਜਦੋਂ ਤੋਂ ਭਾਰਤ ਵਿੱਚ ਮੋਦੀ ਸਰਕਾਰ ਬਣੀ ਹੈ, ਉਦੋਂ ਤੋਂ ਅਜਿਹਾ ਹੋਣ ਲੱਗਿਆ ਹੈ ਪਰ ਇਹ ਗੱਲ ਠੀਕ ਨਹੀਂ ਸਗੋਂ ਜਦੋਂ ਭਾਰਤ ਵਿੱਚ ਲੰਬਾ ਸਮਾਂ ਕਾਂਗਰਸ ਦਾ ਰਾਜ ਰਿਹਾ, ਉਦੋਂ ਵੀ ਭਾਰਤ ਵਿੱਚ ਬਣੀਆਂ ਅਨੇਕਾਂ ਫ਼ਿਲਮਾਂ ਅਤੇ ਟੀ.ਵੀ. ਸੀਰੀਅਲਾਂ ਵਿੱਚ ਸਿੱਖਾਂ ਸਬੰਧੀ ਇਤਰਾਜ਼ਯੋਗ ਦ੍ਰਿਸ਼ ਦਿਖਾਏ ਗਏ ਸਨ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਭਾਰਤੀ ਸਿਨੇਮਾ ਜਗਤ ਵਿੱਚ ਸਿੱਖਾਂ ਦਾ ਮਜ਼ਾਕ ਉਡਾਉਣ ਦੇ ਦ੍ਰਿਸ਼ ਪੇਸ਼ ਕਰਨਾ ਅਤੇ ਸਿੱਖ ਕਲਾਕਾਰਾਂ ਨਾਲ ਵਿਤਕਰਾ ਕਰਨ ਦਾ ਰੁਝਾਨ ਕਾਫ਼ੀ ਪੁਰਾਣਾ ਹੈ, ਜੋ ਕਿ ਮੰਦਭਾਗਾ ਹੈ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਬਾਲੀਵੁੱਡ ਵਿੱਚ ਕੁਝ ਅਜਿਹੀਆਂ ਫ਼ਿਲਮਾਂ ਵੀ ਬਣੀਆਂ ਹਨ, ਜਿਨ੍ਹਾਂ ਵਿੱਚ ਸਿੱਖਾਂ ਦੀ ਬਹਾਦਰੀ ਵੀ ਦਿਖਾਈ ਗਈ ਹੈ ਪਰ ਅਜਿਹੀਆਂ ਫ਼ਿਲਮਾਂ ਦੀ ਗਿਣਤੀ ਬਹੁਤ ਘੱਟ ਹੈ।

ਦਿਲਜੀਤ ਇੱਕ ਅਜਿਹਾ ਪੰਜਾਬੀ ਕਲਾਕਾਰ ਹੈ, ਜਿਸ ਨੇ ਦਸਤਾਰ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਪਹਿਚਾਣ ਦਿਵਾਈ ਹੈ। ਉਹ ਵਿਸ਼ਵ ਪੱਧਰੀ ਸਮਾਗਮਾਂ ਵਿੱਚ ਦਸਤਾਰ ਸਜਾ ਕੇ ਹੀ ਸ਼ਾਮਲ ਹੋਇਆ ਹੈ ਅਤੇ ਦਸਤਾਰ ਕਾਰਨ ਉਸ ਦੀ ਸ਼ਾਨ ਇਹਨਾਂ ਸਮਾਗਮਾਂ ਵਿੱਚ ਵੱਖਰੀ ਦਿਖਾਈ ਦਿੰਦੀ ਹੈ। ਦਿਲਜੀਤ ਦੇ ਸਮਰਥਕ ਕਹਿੰਦੇ ਹਨ ਕਿ ਉਸ ਦਾ ਵਿਰੋਧ ਸਿਰਫ਼ ਉਹ ਲੋਕ ਕਰ ਰਹੇ ਹਨ ਜੋ ਕਿ ਉਸ ਦੀ ਪ੍ਰਸਿੱਧੀ ਤੋਂ ਜਲਦੇ ਹਨ। ਦਿਲਜੀਤ ਨੂੰ ਪਿਆਰ ਕਰਨ ਵਾਲਿਆਂ ਦੀ ਵੀ ਵੱਡੀ ਗਿਣਤੀ ਮੌਜੂਦ ਹੈ। ਪੰਜਾਬ 'ਚ ਅਕਾਲੀ ਦਲ ਅਤੇ ਹੋਰ ਕਈ ਜਥੇਬੰਦੀਆਂ ਤੇ ਸੰਸਥਾਵਾਂ ਦੇ ਆਗੂਆਂ ਨੇ ਦਿਲਜੀਤ ਦਾ ਸਮਰਥਨ ਕੀਤਾ ਹੈ। ਲੋੜ ਤਾਂ ਇਸ ਗੱਲ ਦੀ ਹੈ ਕਿ ਦਿਲਜੀਤ ਦਾ ਵਿਰੋਧ ਕਰਨ ਦੀ ਥਾਂ ਉਸ ਦਾ ਸਮਰਥਨ ਕਰਕੇ ਸਾਰੇ ਸਿੱਖ ਕਲਾਕਾਰਾਂ ਨੂੰ ਉਤਸ਼ਾਹਿਤ ਕੀਤਾ ਜਾਵੇ ਅਤੇ ਹਿੰਦੀ ਸਿਨੇਮਾ ਜਗਤ ਵਿੱਚ ਸਿੱਖ ਕਲਾਕਾਰਾਂ ਨਾਲ ਹੁੰਦੇ ਵਿਤਕਰੇ ਵਿਰੁੱਧ ਆਵਾਜ਼ ਬੁਲੰਦ ਕੀਤੀ ਜਾਵੇ।

# ਇਜ਼ਰਾਇਲ-ਇਰਾਨ ਵਿਚਾਲੇ ਹੋਈ ਜੰਗਬੰਦੀ ਦਾ ਵਿਸ਼ਵ 'ਤੇ ਕੀ ਪਵੇਗਾ ਪ੍ਰਭਾਵ ?

ਮੁਖ਼ਤਾਰ ਗਿੱਲ

ਬਾਰਾਂ ਦਿਨਾਂ ਤੋਂ ਚੱਲ ਰਹੀ ਇਜ਼ਰਾਇਲ-ਇਰਾਨ ਜੰਗ ਦੋ ਘੰਟਿਆਂ ਦੀ ਗੱਲਬਾਤ ਨਾਲ ਬੰਦ ਹੋ ਗਈ ਹੈ। ਅਮਰੀਕਾ ਨੇ ਖਾੜੀ ਦੇਸ਼ ਕਤਰ ਦੇ ਅਮੀਰ ਸ਼ੇਖ ਤਮੀਮ ਬਿਨ ਹਮਦ ਅਲ-ਥਾਨੀ ਨੂੰ ਵਿਚੋਲਗੀ ਲਈ ਮਨਾ ਲਿਆ। ਜੰਗਬੰਦੀ ਦੀ ਵਿਚੋਲਗੀ ਲਈ ਕਤਰ ਨੂੰ ਇਸ ਕਰਕੇ ਚੁਣਿਆ ਗਿਆ ਕਿਉਂਕਿ ਉਸ ਦੇ ਇਰਾਨ ਤੇ ਅਮਰੀਕਾ ਨਾਲ ਬੜੇ ਸੁਖਾਵੇਂ ਸਬੰਧ ਹਨ। ਅਮਰੀਕਾ ਦੇ ਉਪ ਰਾਸ਼ਟਰਪਤੀ ਜੇਡੀ ਵੇਂਸ ਨੇ ਇਜ਼ਰਾਇਲ ਨਾਲ ਗੱਲਬਾਤ ਕਰ ਕੇ ਉਸ ਨੂੰ ਜੰਗਬੰਦੀ ਲਈ ਮਨਾ ਲਿਆ ਕਿਉਂਕਿ 'ਇਜ਼ਰਾਇਲ ਨੇ ਫ਼ੌਜੀ ਮੁਹਿੰਮ ਦਾ ਟੀਚਾ ਮੁਕੰਮਲ ਕਰ ਲਿਆ ਹੈ'। ਕਤਰ ਦੇ ਪ੍ਰਧਾਨ ਮੰਤਰੀ ਸ਼ੇਖ ਮੁਹੰਮਦ ਬਿਨ ਅਬਦੁੱਲਾ ਰਹਿਮਾਨ ਅਲ ਥਾਨੀ ਨੇ ਇਰਾਨ ਨਾਲ ਗੱਲਬਾਤ ਕੀਤੀ ਜਿਸ ਦੇ ਫਲਸਰੂਪ ਇਰਾਨ ਜੰਗਬੰਦੀ ਲਈ ਸਹਿਮਤ ਹੋ ਗਿਆ।

ਓਧਰ ਦੋਵਾਂ ਮੁਲਕਾਂ ਨੇ ਜੰਗਬੰਦੀ ਦੇ ਐਲਾਨ ਮਗਰੋਂ ਇੱਕ-ਦੂਜੇ 'ਤੇ ਹਮਲੇ ਦੇ ਦੋਸ਼ ਲਾਏ। ਟਰੰਪ ਅਜੇ ਵੀ ਦਾਅਵਾ ਕਰਦਾ ਹੈ ਕਿ ਡੇਢ ਮਹੀਨਾ ਹੀ ਹੋਇਆ ਹੈ ਜਦੋਂ ਭਾਰਤ ਅਤੇ ਪਾਕਿਸਤਾਨ ਅਮਰੀਕਾ ਦੇ ਕਹਿਣ 'ਤੇ ਜੰਗਬੰਦੀ ਲਈ ਸਹਿਮਤ ਹੋਏ ਸਨ। ਹੁਣ ਉਨ੍ਹਾਂ ਇਜ਼ਰਾਇਲ-ਇਰਾਨ ਯੁੱਧਬੰਦੀ ਦਾ ਐਲਾਨ ਕਰ ਦਿੱਤਾ। ਕੀ ਇਰਾਨ ਨੇ ਪਰਮਾਣੂ ਪ੍ਰੋਗਰਮ ਰੋਕਣ ਦਾ ਅਮਰੀਕਾ ਨੂੰ ਵਾਅਦਾ ਕੀਤਾ ਹੈ ? ਟਰੰਪ ਇਹ ਯਕੀਨੀ ਬਣਾਉਣ ਲਈ ਬੇਤਾਬ ਹਨ ਕਿ ਇਜ਼ਰਾਇਲ ਤੇ ਇਰਾਨ ਸਮਝੌਤਾ ਕਾਇਮ ਰਹੇ। ਜਦਕਿ ਦੋਵਾਂ ਧਿਰਾਂ ਨੇ ਆਪੋ-ਆਪਣੀ ਜਿੱਤ ਦਾ ਦਾਅਵਾ ਕੀਤਾ ਹੈ। ਇਸ ਤੋਂ ਪਹਿਲਾਂ ਇਰਾਨ ਨੇ ਅਮਰੀਕਾ ਵੱਲੋਂ ਆਪਣੇ ਪਰਮਾਣੂ ਟਿਕਾਣਿਆਂ 'ਤੇ ਕੀਤੇ ਗਏ ਹਮਲਿਆਂ ਖ਼ਿਲਾਫ਼ ਜਵਾਬੀ ਕਾਰਵਾਈ ਕਰਦਿਆਂ ਕਤਰ ਤੇ ਇਰਾਕ ਵਿੱਚ ਅਮਰੀਕੀ ਫ਼ੌਜੀ ਅੱਡਿਆਂ 'ਤੇ 10 ਮਿਜ਼ਾਇਲਾਂ ਦਾਗੀਆਂ। ਕਤਰ 'ਚ ਅਮਰੀਕਾ ਦਾ ਮਿਡਲ-ਈਸਟ ਵਿਚਲਾ ਸਭ ਤੋਂ ਵੱਡਾ ਫ਼ੌਜੀ ਟਿਕਾਣਾ ਹੈ ਜਿੱਥੇ ਦਸ ਹਜ਼ਾਰ ਅਮਰੀਕੀ ਫ਼ੌਜ ਤਾਇਨਾਤ ਹੈ। ਇਰਾਨ ਦੇ ਚਾਰੇ ਪਾਸੇ ਦੇ ਨੌਂ ਦੇਸ਼ਾਂ ਦੇ ਫ਼ੌਜੀ ਅੱਡਿਆਂ 'ਤੇ 50 ਹਜ਼ਾਰ ਤੋਂ ਜ਼ਿਆਦਾ ਅਮਰੀਕੀ ਫ਼ੌਜੀ ਹਨ। ਇਰਾਨ ਨੇ ਆਪਣੇ ਪਰਮਾਣੂ ਟਿਕਾਣਿਆਂ 'ਤੇ ਟਰੰਪ ਪ੍ਰਸ਼ਾਸਨ ਦੇ ਹਮਲਿਆਂ ਤੋਂ ਬਾਅਦ ਕਿਹਾ ਸੀ ਕਿ ਉਸ ਦੀ ਫ਼ੌਜ ਨੂੰ ਅਮਰੀਕੀ ਫ਼ੌਜੀ ਅੱਡਿਆਂ 'ਤੇ ਹਮਲੇ ਕਰਨ ਦੀ ਖੁੱਲ੍ਹ ਮਿਲ ਗਈ ਹੈ। ਹੁਣ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਖਾੜੀ 'ਚ ਫਸੇ ਜਿਹੇ ਮਹਿਸੂਸ ਕਰ ਰਹੇ ਹਨ'। ਇਸ ਜੰਗ 'ਚ ਸਿੱਧੇ ਤੌਰ 'ਤੇ ਸ਼ਾਮਲ ਹੁੰਦਿਆਂ ਅਮਰੀਕਾ ਨੇ ਇਰਾਨ ਦੇ ਤਿੰਨ ਪਰਮਾਣੂ ਟਿਕਾਣਿਆਂ ਫੋਰਦੋ, ਇਸਫ਼ਹਾਨ ਤੇ ਨਤਾਂਜ 'ਤੇ ਹਮਲੇ 'ਚ 13500 ਕਿੱਲੋ ਵਜ਼ਨੀ ਬੰਕਰ-ਬਸਟਰ ਬੰਬਾਂ ਦੀ ਵਰਤੋਂ ਕਰ ਕੇ ਉਨ੍ਹਾਂ ਨੂੰ ਤਬਾਹ ਕਰ ਦਿੱਤਾ। ਅਮਰੀਕਾ ਨੇ ਇਸ




ਕਾਰਵਾਈ ਨੂੰ 'ਆਪ੍ਰੇਸ਼ਨ ਮਿਡਨਾਈਟ ਹੈਮਰ' ਦਾ ਨਾਂ ਦਿੱਤਾ ਹੈ।

ਫੋਰਦੋ, ਇਸਫ਼ਹਾਨ ਤੇ ਨਤਾਂਜ ਇਹ ਸਾਰੇ ਯੂਰੇਨੀਅਮ ਸੋਧ ਸਥਾਨ ਹਨ। ਫੋਰਦੋ ਦਾ ਟੀਚਾ ਪਰਮਾਣੂ ਹਥਿਆਰ ਵਿਕਸਤ ਕਰਨਾ ਸੀ। ਫੋਰਦੋ ਪਲਾਂਟ ਜ਼ਮੀਨ ਤੋਂ 80 ਤੋਂ 300 ਫੁੱਟ ਹੇਠਾਂ ਸੀ। ਮਾਹਿਰਾਂ ਅਨੁਸਾਰ ਇਹ ਹਰ ਮਹੀਨੇ ਅੰਦਾਜ਼ਨ 166 ਕਿੱਲੋ ਜਾਂ 60% ਵਿਕਸਤ ਯੂਰੇਨੀਅਮ ਦਾ ਉਤਪਾਦਨ ਕਰਦਾ ਸੀ ਜਿਹੜਾ ਚਾਰ ਪਰਮਾਣੂ ਬੰਬ ਬਣਾਉਣ ਲਈ ਕਾਫ਼ੀ ਹੋ ਸਕਦਾ ਸੀ। ਇਰਾਨ ਦੇ ਪਰਮਾਣੂ ਟਿਕਾਣਿਆਂ 'ਚੋਂ ਕਿਰਨਾਂ ਦਾ ਕੋਈ ਰਿਸਾਅ ਵੇਖਣ ਨੂੰ ਨਹੀਂ ਮਿਲਿਆ। ਕੀ ਅਮਰੀਕੀ ਹਮਲੇ ਤੋਂ ਪਹਿਲਾਂ ਇਰਾਨ ਨੇ ਆਪਣਾ ਸੋਧਿਆ ਯੂਰੇਨੀਅਮ ਸੰਭਾਲ ਲਿਆ ਸੀ। ਅਮਰੀਕਾ ਨੇ ਇਰਾਨ ਦੇ ਯੂਰੇਨੀਅਮ ਸੋਧਣ ਵਾਲੇ ਅੰਡਰ-ਗਰਾਊਂਡ ਪਰਮਾਣੂ ਟਿਕਾਣੇ ਫੋਰਦੋ 'ਤੇ ਦੁਬਾਰਾ ਹਮਲਾ ਕੀਤਾ ਸੀ। ਸੀਐੱਨਐੱਨ ਤੇ ਅਮਰੀਕਾ ਦੀ ਖ਼ੁਫ਼ੀਆ ਏਜੰਸੀ ਅਨੁਸਾਰ ਇਰਾਨ ਦੇ ਪਰਮਾਣੂ ਕੇਂਦਰਾਂ ਦਾ ਕੋਈ ਬਹੁਤਾ ਨੁਕਸਾਨ ਨਹੀਂ ਹੋਇਆ। ਇਰਾਨ ਨੇ ਵੀ ਇਹੀ ਮੰਨਿਆ। ਉਸ ਨੇ ਅਮਰੀਕਾ 'ਤੇ ਖ਼ਤਰਨਾਕ ਜੰਗ ਛੇੜਨ ਦਾ ਦੋਸ਼ ਲਾਇਆ ਹੈ। ਇਰਾਨ ਦੇ ਵਿਦੇਸ਼ ਮੰਤਰੀ ਅੱਬਾਸ ਅਰਾਗ਼ਚੀ ਨੇ ਕਿਹਾ ਕਿ ਕੂਟਨੀਤੀ ਦਾ ਦੌਰ ਹੁਣ ਬੀਤ ਗਿਆ ਹੈ ਤੇ ਉਨ੍ਹਾਂ ਦੇ ਮੁਲਕ ਨੂੰ ਆਤਮ ਰੱਖਿਆ ਦਾ ਹੱਕ ਹੈ। ਉਨ੍ਹਾਂ ਤੁਰਕੀ 'ਚ ਇੱਕ ਕਾਨਫਰੰਸ ਦੌਰਾਨ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅਮਰੀਕਾ ਦਾ ਜੰਗ ਭੜਕਾਉਣ ਤੇ ਬਦਅਮਨੀ ਵਾਲਾ ਪ੍ਰਸ਼ਾਸਨ ਇਸ ਕਾਰੇ ਦੇ ਖ਼ਤਰਨਾਕ ਪ੍ਰਭਾਵਾਂ ਲਈ ਪੂਰੀ ਤਰ੍ਹਾਂ ਜ਼ਿੰਮੇਵਾਰ ਹੈ। ਅਮਰੀਕਾ ਨੇ ਸਾਡੇ ਪਰਮਾਣੂ ਕੇਂਦਰਾਂ 'ਤੇ ਹਮਲੇ ਕਰ ਕੇ ਬਹੁਤ ਵੱਡੀ ਲਾਲ ਲਕੀਰ ਉਲੰਘ ਦਿੱਤੀ ਹੈ। ਸਾਡਾ ਪਰਮਾਣੂ ਪ੍ਰੋਗਰਾਮ ਨਹੀਂ ਰੁਕੇਗਾ। ਇਰਾਨ ਤੇ ਸੰਯੁਕਤ ਰਾਸ਼ਟਰ ਦੀ ਪਰਮਾਣੂ ਨਿਗਰਾਨੀ ਸੰਸਥਾ ਨੇ ਕਿਹਾ ਕਿ ਹਮਲਿਆਂ ਮਗਰੋਂ ਤਿੰਨਾਂ ਥਾਵਾਂ ਤੋਂ ਰੇਡੀਓ-ਐਕਟਿਵ ਰਿਸਾਅ ਦੇ ਕੋਈ ਸੰਕੇਤ ਨਹੀਂ ਮਿਲੇ ਹਨ।

ਰੂਸ, ਚੀਨ ਤੇ ਪਾਕਿਸਤਾਨ ਸਮੇਤ ਕਈ ਹੋਰ ਦੇਸ਼ਾਂ ਨੇ ਇਜ਼ਰਾਇਲ/ਅਮਰੀਕਾ ਵੱਲੋਂ ਇਰਾਨ 'ਤੇ ਕੀਤੇ ਹਮਲੇ ਦੀ ਨਿੰਦਾ ਕੀਤੀ ਹੈ। ਰੂਸ ਦੇ ਵਿਦੇਸ਼ ਮੰਤਰਾਲੇ ਨੇ ਇਰਾਨ 'ਤੇ ਕੀਤੇ ਗਏ ਹਮਲਿਆਂ ਦੀ ਨਿਖੇਧੀ ਕਰਦਿਆਂ ਕਿਹਾ ਕਿ ਇਹ ਕੌਮਾਂਤਰੀ ਕਾਨੂੰਨਾਂ, ਸੰਯੁਕਤ ਰਾਸ਼ਟਰ ਚਾਰਟਰ ਅਤੇ ਸਲਾਮਤੀ ਕੌਂਸਲ ਦੇ ਮਤਿਆਂ ਦੀ ਘੋਰ ਉਲੰਘਣਾ ਹੈ। ਚੀਨ ਨੇ ਕਿਹਾ ਇਸ ਨਾਲ ਪੱਛਮੀ ਏਸ਼ੀਆ ਵਿੱਚ ਤਣਾਅ ਹੋਰ ਵਧੇਗਾ। ਪਾਕਿਸਤਾਨ ਨੇ ਇਸ ਨੂੰ ਕੌਮਾਂਤਰੀ ਨੇਮਾਂ ਦੀ ਉਲੰਘਣਾ ਦੱਸਿਆ। ਹਮਾਸ ਤੇ ਹੂਤੀ ਬਾਗ਼ੀਆਂ ਨੇ ਵੀ ਅਮਰੀਕੀ ਹਮਲਿਆਂ ਦੀ ਨਿੰਦਾ ਕੀਤੀ ਹੈ। ਇਰਾਨ ਵੱਲੋਂ ਸਲਾਮਤੀ ਕੌਂਸਲ ਦੀ ਮੀਟਿੰਗ ਸੱਦਣ ਦੀ ਮੰਗ ਕੀਤੀ ਗਈ ਹੈ। ਰੂਸ ਨੇ ਇਜ਼ਰਾਇਲ-ਇਰਾਨ ਵਿਚਕਾਰ ਜੰਗਬੰਦੀ ਦੇ ਐਲਾਨ ਦਾ ਸਵਾਗਤ ਕਰਦਿਆਂ ਆਸ ਜਤਾਈ ਕਿ ਇਹ ਜੰਗਬੰਦੀ ਸਥਾਈ ਤੌਰ 'ਤੇ ਕਾਇਮ ਰਹੇਗੀ। ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਨੇ ਜੰਗਬੰਦੀ ਦਾ ਸਵਾਗਤ ਕਰਦਿਆਂ ਕਿਹਾ ਕਿ ਰੂਸ ਪਹਿਲਾਂ ਤੋਂ ਹੀ ਸ਼ਾਂਤੀ ਦੀ ਅਪੀਲ ਕਰਦਾ ਆ ਰਿਹਾ ਸੀ। ਸਾਊਦੀ ਅਰਬ, ਮਿਸਰ ਸਮੇਤ ਕਈ ਮੁਲਕਾਂ ਨੇ ਜਗਬੰਦੀ ਦਾ ਸਵਾਗਤ ਕੀਤਾ ਹੈ।

ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਇਜ਼ਰਾਇਲ, ਇਰਾਨ ਤੇ ਅਮਰੀਕਾ 'ਚ ਪ੍ਰਸਤਾਵਤ ਜੰਗਬੰਦੀ ਦਾ ਸਵਾਗਤ ਕੀਤਾ ਹੈ। ਅਮਰੀਕੀ ਹਮਲੇ ਤੋਂ ਬਾਅਦ ਇਰਾਨ ਨੇ ਅੰਤਰਰਾਸ਼ਟਰੀ ਕਾਨੂੰਨਾਂ ਦੀ ਉਲੰਘਣਾ ਕਰਨ ਅਤੇ ਆਪਣੀ ਖੇਤਰੀ ਪ੍ਰਭੂਸੱਤਾ ਅਤੇ ਅਖੰਡਤਾ ਦੇ ਵਿਰੁੱਧ ਜਾਣ ਲਈ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਆਲੋਚਨਾ ਕੀਤੀ। ਟਰੰਪ ਨੇ ਆਪਣੇ ਪਹਿਲੇ ਕਾਰਜਕਾਲ (2017-21) ਦੌਰਾਨ ਕਿਹਾ ਸੀ ਕਿ ਅਮਰੀਕਾ ਮਹਿੰਗੀਆਂ ਅਤੇ ਖ਼ਤਮ ਨਾ ਹੋਣ ਵਾਲੀਆਂ ਜੰਗਾਂ ਵਿਚ ਹਿੱਸਾ ਨਹੀਂ ਲਵੇਗਾ ਪਰ ਉਹ ਆਲੋਚਨਾ ਦੀ ਪਰਵਾਹ ਨਾ ਕਰਦਿਆਂ ਮੁੱਕਰ ਗਏ। ਅਮਰੀਕਾ ਨੇ 2003 ਵਿੱਚ ਇਰਾਕ ਨੂੰ ਉਸ ਦੇ ਤੇਲ ਖੂਹਾਂ 'ਤੇ ਕਬਜ਼ੇ ਲਈ ਮਲੀਆਮੇਟ ਕੀਤਾ ਸੀ ਜਦਕਿ ਉਸ ਕੋਲ ਕੋਈ ਵਿਨਾਸ਼ਕਾਰੀ ਹਥਿਆਰ ਨਹੀਂ ਸਨ। ਇਰਾਨ ਸੰਕਟ ਨਾਲ ਪੂਰੀ ਦੁਨੀਆ 'ਚ ਚੁਣੌਤੀਆਂ ਵਧਣ ਦਾ ਸ਼ੰਕਾ ਹੈ। ਜੰਗ ਦੇ ਵਧਣ ਨਾਲ ਇਰਾਕ, ਜਾਰਡਨ, ਲਿਬਨਾਨ, ਸੀਰੀਆ ਤੇ ਯਮਨ ਸਹਿਤ ਪੱਛਮੀ ਏਸ਼ਿਆਈ ਦੇਸ਼ਾਂ ਨਾਲ ਭਾਰਤ ਦੇ ਵਪਾਰ 'ਤੇ ਖ਼ਾਸ ਕਰਕੇ ਦਰਾਮਦਾਂ-ਬਰਾਮਦਾਂ 'ਤੇ ਵਿਆਪਕ ਪ੍ਰਭਾਵ ਪਵੇਗਾ। ਭਾਰਤ ਦੀ ਇਨ੍ਹਾਂ ਦੇਸ਼ਾਂ ਨਾਲ 8.6 ਅਰਬ ਡਾਲਰ ਬਰਾਮਦ ਤੇ 33.1 ਅਰਬ ਡਾਲਰ ਦੀ ਦਰਾਮਦ ਹੁੰਦੀ ਹੈ। ਭਾਵੇਂ ਹੀ ਇਜ਼ਰਾਇਲ-ਇਰਾਨ ਵਿਚਾਲੇ ਸੰਘਰਸ਼ ਚੱਲ ਰਿਹਾ ਹੈ ਪਰ ਇਸ ਦਾ ਅਸਰ ਲੰਡਨ, ਨੈਰੋਬੀ, ਜਕਾਰਤਾ ਅਤੇ ਮੁੰਬਈ 'ਚ ਵੇਖਣ ਨੂੰ ਮਿਲੇਗਾ। ਇਸ ਸੰਘਰਸ਼ ਕਰਕੇ ਪੈਰਿਸ ਵਿੱਚ ਪੈਟਰੋਲ ਦੇ ਭਾਅ ਵਧ ਗਏ। ਸ਼ੰਘਾਈ ਤੋਂ ਜਹਾਜ਼ਾਂ ਰਾਹੀਂ ਮਾਲ ਦੀ ਢੁਆਈ ਦੀ ਲਾਗਤ 'ਚ ਵਾਧੇ ਦੀ ਸੰਭਾਵਨਾ ਹੈ। ਖੇਤਰੀ ਸੰਘਰਸ਼ ਸਿਰਫ਼ ਸਰਹੱਦਾਂ ਤੱਕ ਸੀਮਤ ਨਹੀਂ ਰਹਿਣਗੇ। ਇਸ 'ਚ ਹਿਜ਼ਬੁੱਲਾ, ਹੂਤੀ ਤੇ ਇਰਾਕੀ ਮਿਲਸ਼ੀਆ ਵੀ ਮਿਜ਼ਾਇਲਾਂ ਰਾਹੀਂ ਕੁੱਦ ਸਕਦੇ ਹਨ। ਵਿਸ਼ਵ ਅਰਥ-ਵਿਵਸਥਾ ਨੂੰ ਸੰਕਟ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਰਾਨੀ ਸੰਸਦ ਵੱਲੋਂ ਹੋਰਮੂਜ਼ ਜਲ ਮਾਰਗ ਬੰਦ ਕਰਨ ਦੀ ਮਨਜ਼ੂਰੀ ਦਿੱਤੀ ਗਈ ਹੈ। ਇਸ ਦਾ ਆਲਮੀ ਤੇਲ ਤੇ ਗੈਸ ਦੀ ਸਪਲਾਈ 'ਤੇ ਅਸਰ ਪਵੇਗਾ।

ਹੋਰਮੂਜ਼ ਜਲ ਮਾਰਗ ਫਾਰਸ ਦੀ ਖਾੜੀ ਨੂੰ ਓਮਾਨ ਦੀ ਖਾੜੀ ਅਤੇ ਅਰਬ ਸਾਗਰ ਨਾਲ ਜੋੜਦਾ ਹੈ। ਇਹ ਗਲੋਬਲ ਤੇਲ ਤੇ ਗੈਸ ਦੀ ਬਰਾਮਦ ਲਈ ਖ਼ਾਸ ਤੌਰ 'ਤੇ ਸਾਊਦੀ ਅਰਬ, ਇਰਾਨ, ਇਰਾਕ, ਕੁਵੈਤ ਅਤੇ ਯੂਏਈ ਤੋਂ ਮਹੱਤਵਪੂਰਨ ਰਸਤਾ ਹੈ। ਹੋਰਮੂਜ਼ ਜਲ ਮਾਰਗ 'ਤੇ ਆਵਾਜਾਈ ਬੰਦ ਹੈ। ਜਦਕਿ ਅਮਰੀਕਾ ਦੀ ਖ਼ੁਫ਼ੀਆ ਏਜੰਸੀ ਨੇ ਵੀ ਸਾਫ਼ ਕਹਿ ਦਿੱਤਾ ਸੀ ਕਿ ਇਰਾਨ ਐਟਮੀ ਹਥਿਆਰ ਨਹੀਂ ਬਣਾ ਰਿਹਾ ਸੀ ਜਿਸ ਨੂੰ ਗ਼ਲਤ ਰਿਪੋਰਟ ਕਿਹਾ ਗਿਆ ਸੀ। ਫਿਰ ਅਮਰੀਕਾ ਨੇ ਇਰਾਨ ਦੇ ਪਰਮਾਣੂ ਕੇਂਦਰਾਂ 'ਤੇ ਹਮਲਾ ਕਿਉਂ ਕੀਤਾ ? ਜੰਗ ਦੀ ਸਥਿਤੀ 'ਚ ਜੇਕਰ ਕੁਝ ਦੇਸ਼ ਇਰਾਨ ਦੀ ਹਮਾਇਤ 'ਚ ਖੁੱਲ੍ਹੇ ਰੂਪ ਵਿੱਚ ਅੱਗੇ ਆ ਜਾਂਦੇ ਹਨ ਤਾਂ ਯੁੱਧ ਹੋਰ ਭਿਆਨਕ ਰੂਪ ਲੈ ਸਕਦਾ ਸੀ। ਜੰਗਾਂ ਦੇ ਮੱਦੇਨਜ਼ਰ ਭਾਰਤ ਸਮੇਤ ਦੁਨੀਆ ਦੇ ਸਾਹਮਣੇ ਖੜ੍ਹੀ ਹੋਣ ਵਾਲੀਆਂ ਆਰਥਿਕ ਚੁਣੌਤੀਆਂ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਭਾਰਤ ਤੇ ਪੱਛਮੀ ਦੇਸ਼ਾਂ ਦੇ ਵਪਾਰ 'ਤੇ ਬਹੁਤ ਬੁਰਾ ਪ੍ਰਭਾਵ ਪਿਆ ਹੈ। ਇਨ੍ਹਾਂ ਦੇਸ਼ਾਂ ਦੀ ਆਪਸੀ ਦਰਾਮਦ-ਬਰਾਮਦ ਡੀਲ ਨੂੰ ਵੱਡੀ ਢਾਹ ਲੱਗੀ ਹੈ। ਤੇਲ, ਗੈਸ ਦੀਆਂ ਕੀਮਤਾਂ ਵਿੱਚ ਵਾਧੇ ਦੀ ਸੰਭਾਵਨਾ ਹੈ।

# ਟਰੰਪ-ਨੇਤਨਯਾਹੂ ਦੀ ਜੋੜੀ ਵੱਲੋਂ ਇਰਾਨ ਵਿੱਚ ਸੱਤਾ ਬਦਲਣ ਦੀ ਖੇਡ ਸ਼ੁਰੂ

## ਕੀ ਰਾਸ਼ਟਰਾਂ ਦੀ ਅਜ਼ਾਦੀ ਖ਼ਤਰੇ ਵਿੱਚ ਹੈ ?



ਅਪੂਰਵਾਨੰਦ
ਪ੍ਰੋਫੈਸਰ ਦਿੱਲੀ ਯੂਨੀਵਰਸਿਟੀ

ਅਮਰੀਕੀ ਉਪ-ਰਾਸ਼ਟਰਪਤੀ ਜੇ.ਡੀ. ਵੈਂਸ ਦਾ ਬਿਆਨ ਸੁਣ ਕੇ ਹਿੰਦੂਤਵੀ ਰਾਸ਼ਟਰਵਾਦੀਆਂ ਨੂੰ ਸ਼ਾਇਦ ਸਕੂਨ ਮਿਲਿਆ ਹੋਵੇ। ਉਸ ਨੇ 2ਬੀ-2 ਬੰਬਰ ਨਾਲ ਇਰਾਨ ਦੇ ਤਿੰਨ ਟਿਕਾਣਿਆਂ ’ਤੇ ਬੰਬ ਸੁੱਟਣ ਮਗਰੋਂ ਕਿਹਾ ਸੀ ਕਿ ਅਸੀਂ ਇਰਾਨ ’ਤੇ ਹਮਲਾ ਨਹੀਂ ਕੀਤਾ, ਨਾ ਹੀ ਉਸ ਦੀ ਫ਼ੌਜ ਜਾਂ ਸ਼ਹਿਰੀ ਥਾਵਾਂ ’ਤੇ। ਅਸੀਂ ਸਿਰਫ਼ ਉਸ ਦੇ ਪਰਮਾਣੂ ਪਲਾਂਟਾਂ ਨੂੰ ਨਿਸ਼ਾਨਾ ਬਣਾਇਆ ਹੈ। ਵੈਂਸ ਦਾ ਤਰਕ ਸੀ ਕਿ ਅਮਰੀਕਾ ਦੀ ਲੜਾਈ ਇਰਾਨ ਨਾਲ ਨਹੀਂ, ਸਗੋਂ ਉਸ ਦੇ ਪਰਮਾਣੂ ਪ੍ਰੋਗਰਾਮ ਨਾਲ ਹੈ। ਉਸ ਨੇ ਇਰਾਨ ਨੂੰ ਟਰੰਪ ਦੀ ਸ਼ਾਂਤੀ ਵਾਰਤਾ ਮੰਨਣ ਦੀ ਸਲਾਹ ਵੀ ਦਿੱਤੀ। ਇਹ ਬਿਆਨ ਭਾਰਤ ਸਰਕਾਰ ਦੀ ਉਸ ਸਫ਼ਾਈ ਵਰਗਾ ਲੱਗਦਾ ਹੈ, ਜਿਸ ਨੇ ਪਾਕਿਸਤਾਨ ਵਿੱਚ ਹਮਲੇ ਮਗਰੋਂ ਕਿਹਾ ਸੀ ਕਿ ਅਸੀਂ ਪਾਕਿਸਤਾਨ ’ਤੇ ਨਹੀਂ, ਸਿਰਫ਼ ਅੱਤਵਾਦੀ ਟਿਕਾਣਿਆਂ ’ਤੇ ਹਮਲਾ ਕੀਤਾ। ਪਰ ਜਿਵੇਂ ਪਾਕਿਸਤਾਨ ਨੇ ਭਾਰਤ ਦੀ ਗੱਲ ਨੂੰ ਨਕਾਰਿਆ, ਇਰਾਨ ਨੇ ਵੀ ਅਮਰੀਕਾ ਦੀ ਇਸ ਸਫ਼ਾਈ ਨੂੰ ਰੱਦ ਕਰ ਦਿੱਤਾ। ਪਾਕਿਸਤਾਨ ਨੇ ਭਾਰਤੀ ਜਹਾਜ਼ ਡੁੰਡ ਸੁੱਟੇ ਤੇ ਡਰੋਨ ਨਾਲ ਭਾਰਤੀ ਸਰਹੱਦ ਵਿੱਚ ਬੰਬ ਸੁੱਟੇ। ਇਰਾਨ ਨੇ ਅਮਰੀਕਾ ਨੂੰ ਜਵਾਬੀ ਕਾਰਵਾਈ ਦੀ ਚਿਤਾਵਨੀ ਦਿੱਤੀ। ਕੁਝ ਅਮਰੀਕੀ ਮੰਨਦੇ ਹਨ ਕਿ ਟਰੰਪ ਨੇ ਇਹ ਹਮਲੇ ਕਰ ਕੇ ਇਜ਼ਰਾਇਲ ਨੂੰ ਬਹਾਨਾ ਦਿੱਤਾ ਕਿ ਹੁਣ ਉਹ ਪਿੱਛੇ ਹਟ ਜਾਵੇ। ਇਜ਼ਰਾਇਲ ਦਾ ਮਕਸਦ ਇਰਾਨ ਨੂੰ ਪਰਮਾਣੂ ਬੰਬ ਬਣਾਉਣ ਤੋਂ ਰੋਕਣਾ ਸੀ, ਜੋ ਅਮਰੀਕਾ ਨੇ ਕਰ ਦਿੱਤਾ। ਟਰੰਪ ਨੇ ਦਾਅਵਾ ਕੀਤਾ ਕਿ ਤਿੰਨ ਟਿਕਾਣਿਆਂ ’ਤੇ ਬੰਬ ਸੁੱਟ ਕੇ ਇਰਾਨ ਦੀ ਪਰਮਾਣੂ ਸਮਰੱਥਾ ਖਤਮ ਕਰ ਦਿੱਤੀ। ਪਰ ਰੱਖਿਆ ਮਾਹਿਰ ਕਹਿੰਦੇ ਹਨ ਕਿ ਇਨ੍ਹਾਂ ਹਮਲਿਆਂ ਨਾਲ ਇਰਾਨ ਦੀ ਸਮਰੱਥਾ ਨੂੰ ਕੋਈ ਵੱਡਾ ਨੁਕਸਾਨ ਨਹੀਂ ਹੋਇਆ, ਜਿਵੇਂ ਭਾਰਤ ਦੇ ਹਮਲੇ ਸਿਰਫ਼ ਪ੍ਰਤੀਕਾਤਮਕ ਸਨ।

ਫ਼ਰਕ ਇਹ ਹੈ ਕਿ ਭਾਰਤ ਨੇ ਆਪਣੀ ਹਿੰਦੂਤਵਵਾਦੀ ਜਨਤਾ ਨੂੰ ਖੁਸ਼ ਕੀਤਾ, ਜਦਕਿ ਅਮਰੀਕਾ ਨੇ ਨੇਤਨਯਾਹੂ ਨੂੰ। ਨੇਤਨਯਾਹੂ ਸ਼ੁਰੂ ਤੋਂ ਅਮਰੀਕਾ ਨੂੰ ਇਰਾਨ ’ਤੇ ਬੰਬ ਸੁੱਟਣ ਲਈ ਉਕਸਾਉਂਦਾ ਰਿਹਾ। ਟਰੰਪ ਪਹਿਲਾਂ ਝਿਜਕਿਆ, 15 ਦਿਨਾਂ ਦੀ ਮੋਹਲਤ ਮੰਗੀ, ਪਰ ਉਸੇ ਰਾਤ ਬੰਬਰ ਜਹਾਜ਼ ਭੇਜ ਦਿੱਤੇ। ਹਮਲਿਆਂ ਮਗਰੋਂ ਪੱਛਮੀ ਦੇਸ਼ਾਂ ਨੇ ਇਰਾਨ ਨੂੰ ਸ਼ਾਂਤੀ ਅਪਣਾਉਣ ਲਈ ਕਿਹਾ। ਭਾਰਤ ਸਰਕਾਰ ਨੇ ਵੀ ਇਸੇ ਤਰ੍ਹਾਂ ਇਰਾਨ ਨੂੰ ਹੀ ਸੰਜਮ ਵਰਤਣ ਦੀ ਸਲਾਹ ਦਿੱਤੀ, ਨਾ ਕਿ ਇਜ਼ਰਾਇਲ ਜਾਂ ਅਮਰੀਕਾ ਨੂੰ। ਕੀ ਸਿਰਫ਼ ਇਰਾਨ ਨੂੰ ਪਰਮਾਣੂ ਬੰਬ ਬਣਾਉਣ ਤੋਂ ਰੋਕਣਾ ਮਕਸਦ ਸੀ ? ਨੇਤਨਯਾਹੂ ਨੇ ਸਾਫ਼ ਕਿਹਾ ਕਿ ਉਸ ਦਾ ਟੀਚਾ ਇਰਾਨ ਵਿੱਚ ਸੱਤਾ ਬਦਲਣਾ ਹੈ। ਉਸ ਨੇ ਇਰਾਨ ਦੇ ਫ਼ੌਜੀ ਅਫ਼ਸਰਾਂ ਦੀ ਹੱਤਿਆ ਕੀਤੀ ਤੇ ਸੁਪਰੀਮ ਲੀਡਰ ਅਯਾਤੁੱਲਾ ਖ਼ਾਮਨੇਈ ਨੂੰ ਮਾਰਨ ਦੀ ਧਮਕੀ ਦਿੱਤੀ। ਟਰੰਪ ਨੇ ਵੀ ਖ਼ਾਮਨੇਈ ਦੀ ਹੱਤਿਆ ਦੀ ਗੱਲ ਕੀਤੀ। ਗਿਦਓਨ ਲੇਵੀ ਪੁੱਛਦਾ ਹੈ ਕਿ ਕੀ ਕਿਸੇ ਦੇਸ਼ ਨੂੰ ਦੂਜੇ ਦੇਸ਼ ਦੇ ਮੁਖੀ ਦੀ ਹੱਤਿਆ ਕਰਨ ਦਾ ਹੱਕ ਹੈ ? ਕੀ ਸੱਤਾ ਪਲਟਣ ਦਾ ਹੱਕ ਹੈ ? ਜੇ ਟਰੰਪ ਇਹ ਕਹਿ ਸਕਦਾ ਹੈ, ਤਾਂ ਕੀ ਕੋਈ ਟਰੰਪ ਬਾਰੇ ਨਹੀਂ ਕਹਿ ਸਕਦਾ ? ਜੇ ਨੇਤਨਯਾਹੂ ਖ਼ਾਮਨੇਈ ਦੀ ਹੱਤਿਆ ਦੀ ਗੱਲ ਕਰ ਸਕਦਾ ਹੈ, ਤਾਂ ਕੀ ਨੇਤਨਯਾਹੂ ਦੀ ਹੱਤਿਆ ਬਾਰੇ ਗੱਲ ਕਿਉਂ ਨਹੀਂ ਹੋ ਸਕਦੀ ? ਲੇਵੀ ਅੱਗੇ ਪੁੱਛਦਾ ਹੈ ਕਿ ਕਿਹੜੇ ਵਿਗਿਆਨੀਆਂ ਦੀ ਹੱਤਿਆ ਜਾਇਜ਼ ਹੈ ? ਇਰਾਨੀ ਪਰਮਾਣੂ ਵਿਗਿਆਨੀਆਂ ਦੀ ਹੀ ਕਿਉਂ ? ਇਜ਼ਰਾਇਲੀ ਵਿਗਿਆਨੀਆਂ ਦੀ ਕਿਉਂ ਨਹੀਂ ? ਉਹ ਲਿਖਦਾ ਹੈ ਕਿ ਕਿਸੇ ਵੀ ਧਿਰ ਵੱਲੋਂ ਰਾਸ਼ਟਰਪਤੀਆਂ ਦੀ ਹੱਤਿਆ ਦੀ ਮੰਗ ਗ਼ਲਤ ਹੈ। ਨੇਤਨਯਾਹੂ ਗਾਜ਼ਾ ਵਿੱਚ ਹਜ਼ਾਰਾਂ ਮੌਤਾਂ ਲਈ ਜ਼ਿੰਮੇਵਾਰ ਹੈ। ਕੀ ਉਸ ਦੀ ਹੱਤਿਆ ਦੀ ਮੰਗ ਜਾਇਜ਼ ਹੈ ?

ਕਈ ਇਜ਼ਰਾਇਲੀ ਸੋਚਦੇ ਹਨ ਕਿ ਉਹ ਤਾਨਾਸ਼ਾਹ ਹੈ, ਦੇਸ਼ ਨੂੰ ਤਬਾਹ ਕਰ ਰਿਹਾ ਹੈ। ਪਰ ਉਸ ਦੀ ਹੱਤਿਆ ਦੀ ਗੱਲ ਸੋਚਣੀ ਵੀ ਨਹੀਂ ਚਾਹੀਦੀ।

ਅਫ਼ਸੋਸ, ਇਹ ਸਵਾਲ ਕੋਈ ਨਹੀਂ ਪੁੱਛ ਰਿਹਾ ਕਿ ਇਜ਼ਰਾਇਲ ਨੂੰ ਪਰਮਾਣੂ ਬੰਬ ਰੱਖਣ ਦਾ ਹੱਕ ਕਿਉਂ, ਤੇ ਇਰਾਨ ਨੂੰ ਨਹੀਂ ?

ਪਿਛਲੇ 40 ਸਾਲਾਂ ਵਿੱਚ ਇਜ਼ਰਾਈਲ ਨੇ ਜਿੰਨੀਆਂ ਜੰਗਾਂ ਲੜੀਆਂ, ਇਰਾਨ ਨੇ ਨਹੀਂ। ਫ਼ਿਰ ਵੱਡਾ ਖ਼ਤਰਾ ਕੌਣ ਹੈ ?

ਇਜ਼ਰਾਇਲ ਨੂੰ ਹਥਿਆਰ-ਮੁਕਤ ਕਿਉਂ ਨਹੀਂ ਕੀਤਾ ਜਾਂਦਾ ? ਇਹ ਸਵਾਲ ਕੁਝ ਇਜ਼ਰਾਇਲੀ ਬੁੱਧੀਜੀਵੀ ਚੁੱਕ ਰਹੇ ਹਨ, ਪਰ ਦੂਜੇ ਦੇਸ਼ਾਂ ਵਿੱਚ ਇਹ ਚਰਚਾ ਨਹੀਂ। ਭਾਰਤ ਵਰਗੇ ਦੇਸ਼ ਵੀ ਇਹ ਸਵਾਲ ਨਹੀਂ ਪੁੱਛ ਰਹੇ। ਅਮਰੀਕਾ ਨੂੰ ਇਕਪਾਸੜ ਤਰੀਕੇ ਨਾਲ ਫ਼ੈਸਲੇ ਦਾ ਹੱਕ ਦੇ ਦਿੱਤਾ ਗਿਆ ਕਿ ਕਿਹੜਾ ਦੇਸ਼ ਹਮਲਾ ਕਰੇਗਾ, ਕੌਣ ਪਰਮਾਣੂ ਊਰਜਾ ਵਿਕਸਤ ਕਰ ਸਕਦਾ ਹੈ। ਕੀ ਹੁਣ ਇਹ ਤੈਅ ਹੈ ਕਿ ਜਿਸ ਕੋਲ ਜ਼ਿਆਦਾ ਬੰਬ ਹੋਣਗੇ, ਉਹ ਦੁਨੀਆ ’ਤੇ ਰਾਜ ਕਰੇਗਾ ? ਕੀ ਰਾਸ਼ਟਰਾਂ ਦੀ ਅਜ਼ਾਦੀ ਤੇ ਪ੍ਰਭੂਸਤਾ ਦੇ ਸਿਧਾਂਤ ਨੂੰ ਤਿਲਾਂਜਲੀ ਦੇ ਦਿੱਤੀ ਗਈ ਹੈ ?



# ਅਪਰੇਸ਼ਨ ਸੰਧੂਰ ਤੋਂ ਬਾਅਦ ਕਿੱਥੇ ਖੜ੍ਹਾ ਹੈ ਇੰਡੀਆ ?



ਸਤਨਾਮ ਮਾਣਕ
ਸੀਨੀਅਰ ਪੱਤਰਕਾਰ

15 ਅਗਸਤ, 1947 ਨੂੰ ਆਜ਼ਾਦ ਹੋਣ ਦੇ ਸਮੇਂ ਤੋਂ ਹੀ ਭਾਰਤ ਬਹੁਤ ਸਾਰੀਆਂ ਅੰਦਰੂਨੀ ਅਤੇ ਬਾਹਰੀ ਸੁਰੱਖਿਆ ਚੁਣੌਤੀਆਂ ਦਾ ਸਾਹਮਣਾ ਕਰਦਾ ਆ ਰਿਹਾ ਹੈ। ਆਜ਼ਾਦੀ ਮਿਲਣ ਦੇ ਨਾਲ ਹੀ ਦੇਸ਼ ਦੋ ਹਿੱਸਿਆਂ ਵਿੱਚ ਵੰਡਿਆ ਗਿਆ। ਇਸ ਸਮੇਂ ਹੋਈ ਫ਼ਿਰਕੂ ਹਿੰਸਾ ਵਿੱਚ 10 ਲੱਖ ਦੇ ਲਗਭਗ ਲੋਕ ਮਾਰੇ ਗਏ ਅਤੇ 1 ਕਰੋੜ ਤੋਂ ਵੱਧ ਲੋਕਾਂ ਨੂੰ ਆਪਣੇ ਘਰ-ਬਾਰ ਛੱਡ ਕੇ ਭਾਰਤ ਅਤੇ ਪਾਕਿਸਤਾਨ ਵਿੱਚ ਜਾ ਕੇ ਨਵੀਆਂ ਥਾਵਾਂ ’ਤੇ ਵਸਣਾ ਪਿਆ। ਇਸ ਤੋਂ ਇਲਾਵਾ ਇਸ ਘਟਨਾਕ੍ਰਮ ਦੌਰਾਨ 80 ਹਜ਼ਾਰ ਤੋਂ ਵੱਧ ਔਰਤਾਂ ਦੇ ਉਧਾਲੇ ਹੋਏ। ਉਨ੍ਹਾਂ ਵਿਚੋਂ ਬਹੁਤ ਸਾਰੀਆਂ ਦੀਆਂ ਇੱਜ਼ਤਾਂ ਲੁੱਟੀਆਂ ਗਈਆਂ, ਕਤਲ ਕੀਤੀਆਂ ਗਈਆਂ ਅਤੇ ਬਹੁਤ ਸਾਰੀਆਂ ਔਰਤਾਂ ਦੇ ਉਨ੍ਹਾਂ ਦੀ ਇੱਛਾਵਾਂ ਦੇ ਖ਼ਿਲਾਫ਼ ਵਿਆਹ ਵੀ ਹੋਏ। ਜਦੋਂ ਇਹ ਸਿਲਸਿਲਾ ਚੱਲ ਰਿਹਾ ਹੀ ਸੀ ਤਾਂ 1947-48 ਵਿੱਚ ਨਵੇਂ ਬਣੇ ਦੇਸ਼ ਪਾਕਿਸਤਾਨ ਨੇ ਜੰਮੂ-ਕਸ਼ਮੀਰ ’ਤੇ ਹਮਲਾ ਕਰ ਦਿੱਤਾ ਅਤੇ ਇਸ ਦੇ ਇੱਕ ਵੱਡੇ ਹਿੱਸੇ ਨੂੰ ਹਥਿਆ ਲਿਆ, ਜਿਸ ਨੂੰ ਦੇਸ਼ ਹਾਲੇ ਤੱਕ ਵੀ ਛੁਡਵਾ ਨਹੀਂ ਸਕਿਆ।

ਪਾਕਿਸਤਾਨ ਭਾਰਤ ਦੇ ਅਧਿਕਾਰ ਵਾਲੇ ਜੰਮੂ-ਕਸ਼ਮੀਰ ’ਤੇ ਅੱਜ ਤੱਕ ਵੀ ਆਪਣਾ ਅਧਿਕਾਰ ਜਤਾ ਰਿਹਾ ਹੈ ਅਤੇ ਇਸ ਨੂੰ ਹਾਸਿਲ ਕਰਨ ਲਈ 1965 ਵਿੱਚ ਉਸ ਨੇ ਭਾਰਤ ’ਤੇ ਹਮਲਾ ਵੀ ਕੀਤਾ ਸੀ। 1971 ਦੀ ਪਾਕਿਸਤਾਨ ਨਾਲ ਹੋਈ ਜੰਗ ਦਾ ਮੁੱਖ ਕਾਰਨ ਭਾਵੇਂ ਪੂਰਬੀ ਪਾਕਿਸਤਾਨ (ਹੁਣ ਬੰਗਲਾਦੇਸ਼) ਵਿੱਚ ਪੈਦਾ ਹੋਇਆ ਰਾਜਨੀਤਕ ਸੰਕਟ ਬਣਿਆ ਪਰ ਪਾਕਿਸਤਾਨ ਭਾਰਤ ਦੀ ਇਸ ਲੜਾਈ ਦੇ ਪਿਛੋਕੜ ਵਿੱਚ ਦੋਵਾਂ ਦੇਸ਼ਾਂ ਦੇ ਕਸ਼ਮੀਰ ਵਿਵਾਦ ਕਾਰਨ ਖਰਾਬ ਚੱਲ ਰਹੇ ਰਿਸ਼ਤੇ ਵੀ ਕਾਰਜਸ਼ੀਲ ਸਨ। 1999 ਵਿੱਚ ਤਾਂ ਪਾਕਿਸਤਾਨ ਨੇ ਬਾਕਾਇਦਾ ਕਸ਼ਮੀਰ ਨੂੰ ਹਥਿਆਉਣ ਲਈ ਅੱਤਵਾਦੀਆਂ ਦੇ ਸਹਿਯੋਗ ਨਾਲ ਭਾਰਤ ਵਿੱਚ ਘੁਸਪੈਠ ਕਰਕੇ ਕਸ਼ਮੀਰ ਦੇ ਕਾਰਗਿਲ ਖੇਤਰ ਦੀਆਂ ਉੱਚੀਆਂ ਪਹਾੜੀਆਂ ’ਤੇ ਕਬਜ਼ਾ ਵੀ ਕਰ ਲਿਆ ਸੀ, ਜਿਸ ਨੂੰ ਲੰਮੀ ਚੱਲੀ ਲੜਾਈ ਦੌਰਾਨ ਭਾਰਤ ਦੀ ਫ਼ੌਜ ਨੇ ਛੁਡਵਾ ਲਿਆ ਸੀ। ਇਸ ਤੋਂ ਬਾਅਦ ਵੀ ਪਾਕਿਸਤਾਨ ਦਾ ਭਾਰਤ ਪ੍ਰਤੀ ਰਵੱਈਆ ਨਹੀਂ ਬਦਲਿਆ ਅਤੇ ਉਹ ਜੈਸ਼-ਏ-ਮੁਹੰਮਦ, ਲਸ਼ਕਰ-ਏ-ਤਾਇਬਾ ਅਤੇ ਅਨੇਕਾਂ ਹੋਰ ਅੱਤਵਾਦੀ ਸੰਗਠਨਾਂ ਦੀ ਪੁਸ਼ਤ-ਪਨਾਹੀ ਕਰਕੇ, ਭਾਰਤ ਨਾਲ ਅਸਿੱਧੀ ਜੰਗ ਲੜਦਾ ਆ ਰਿਹਾ ਹੈ। ਇਸ ਸੰਦਰਭ ਵਿੱਚ ਹੀ 22 ਅਪ੍ਰੈਲ ਨੂੰ ਪਹਿਲਗਾਮ ਦੀ ਬੈਸਰਨ ਘਾਟੀ ਵਿੱਚ ਪਾਕਿਸਤਾਨ ਦੀ ਸ਼ਹਿ ਪ੍ਰਾਪਤ ਅੱਤਵਾਦੀਆਂ ਵੱਲੋਂ ਸੈਲਾਨੀਆਂ ’ਤੇ ਕੀਤੇ ਗਏ ਹਮਲੇ ਨੂੰ ਦੇਖਿਆ ਤੇ ਸਮਝਿਆ ਜਾ ਸਕਦਾ ਹੈ।

ਭਾਵੇਂ ਜੰਮੂ-ਕਸ਼ਮੀਰ ਵਿੱਚ ਧਾਰਾ-370 ਨੂੰ ਖ਼ਤਮ ਕਰਨ ਅਤੇ ਰਾਜ ਨੂੰ ਦੋ ਕੇਂਦਰ ਸ਼ਾਸਿਤ ਇਲਾਕਿਆਂ ਵਿੱਚ ਵੰਡਣ ਤੋਂ ਬਾਅਦ ਮੋਦੀ ਸਰਕਾਰ ਇਹ ਦਾਅਵਾ ਕਰਦੀ ਰਹੀ ਹੈ ਕਿ ਜੰਮੂ-ਕਸ਼ਮੀਰ ਵਿੱਚ ਹੁਣ ਸਥਿਤੀ ਸੁਧਰ ਗਈ ਹੈ। ਅੱਤਵਾਦ ਦੀ ਚੁਣੌਤੀ ਕਾਫ਼ੀ ਹੱਦ ਤੱਕ ਘਟ ਗਈ ਹੈ ਅਤੇ ਰਾਜ ਵਿੱਚ ਮੁੜ ਵਿਕਾਸ ਦੀ ਗਤੀ ਤੇਜ਼ ਹੋ ਗਈ ਹੈ। ਪਰ ਪਹਿਲਗਾਮ ਵਿੱਚ ਸੈਲਾਨੀਆਂ ’ਤੇ ਹੋਏ ਹਮਲੇ ਨੇ ਅਤੇ ਜੰਮੂ-ਕਸ਼ਮੀਰ ਵਿੱਚ ਇਸ ਤੋਂ ਵੀ ਪਹਿਲਾਂ ਅੱਤਵਾਦੀਆਂ ਵੱਲੋਂ ਕੀਤੇ ਜਾਂਦੇ ਰਹੇ ਹਮਲਿਆਂ ਨੇ ਇਸ ਹਕੀਕਤ ਨੂੰ ਮੁੜ ਸਾਹਮਣੇ ਲਿਆਂਦਾ ਹੈ ਕਿ ਪਾਕਿਸਤਾਨ ਵੱਲੋਂ ਅਜੇ ਵੀ ਭਾਰਤ ਨੂੰ ਵੱਡੀ ਸੁਰੱਖਿਆ ਚੁਣੌਤੀ ਦਾ ਸਾਹਮਣਾ ਹੈ। ਭਾਵੇਂ ਭਾਰਤ ਨੇ 7 ਮਈ ਨੂੰ ਪਾਕਿਸਤਾਨ ਵਿੱਚ ਲਸ਼ਕਰ-ਏ-ਤਾਇਬਾ, ਜੈਸ਼-ਏ-ਮੁਹੰਮਦ ਅਤੇ ਹੋਰ ਅੱਤਵਾਦੀ ਸੰਗਠਨਾਂ ਦੇ 9 ਦੇ ਲਗਭਗ ਟਿਕਾਣਿਆਂ ’ਤੇ ਹਮਲਾ ਕਰਕੇ ਪਾਕਿਸਤਾਨ ਦੀ ਅਸਿੱਧੀ ਜੰਗ ਦਾ ਢੁਕਵਾਂ ਜਵਾਬ ਦਿੱਤਾ ਹੈ ਅਤੇ ਇਸ ਤੋਂ ਬਾਅਦ ਪਾਕਿਸਤਾਨ ਵੱਲੋਂ ਜੰਮੂ-ਕਸ਼ਮੀਰ ਤੋਂ ਲੈ ਕੇ ਗੁਜਰਾਤ ਦੇ ਭੁੱਜ ਤੱਕ ਡਰੋਨਾਂ ਅਤੇ ਮਿਜ਼ਾਈਲਾਂ ਨਾਲ ਕੀਤੇ ਗਏ ਹਮਲਿਆਂ ਨੂੰ ਵੀ ਨਕਾਰਾ ਕਰ ਦਿੱਤਾ ਸੀ, ਪਰ ਇਸ ਦੇ ਬਾਵਜੂਦ ਇਸ ਗੱਲ ਦੀ ਅਜੇ ਕੋਈ ਗਾਰੰਟੀ ਨਹੀਂ ਹੈ, ਕਿ ਪਾਕਿਸਤਾਨ ਆਉਣ ਵਾਲੇ ਸਮੇਂ ਵਿੱਚ ਆਪਣੀ ਧਰਤੀ ’ਤੇ ਚੱਲ ਰਹੇ ਦਹਿਸ਼ਤਗਰਦਾਂ ਦੇ ਟ੍ਰੇਨਿੰਗ ਕੇਂਦਰਾਂ ਨੂੰ ਬੰਦ ਕਰ ਦੇਵੇਗਾ ਜਾਂ ਭਾਰਤ ’ਤੇ ਪਾਕਿਸਤਾਨ ਦੀ ਧਰਤੀ ਤੋਂ ਕੋਈ ਹੋਰ ਹਮਲੇ ਨਹੀਂ ਹੋਣਗੇ। ਸਪੱਸ਼ਟ ਰੂਪ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਪਾਕਿਸਤਾਨ ਵੱਲੋਂ ਭਾਰਤ ਲਈ ਸੁਰੱਖਿਆ ਚੁਣੌਤੀ ਬਰਕਰਾਰ ਰਹੇਗੀ।

ਭਾਰਤ ਨੂੰ ਸਿਰਫ਼ ਪਾਕਿਸਤਾਨ ਤੋਂ ਹੀ ਸੁਰੱਖਿਆ ਚੁਣੌਤੀਆਂ ਦਾ ਸਾਹਮਣਾ ਨਹੀਂ ਹੈ, ਦੁਨੀਆ ਵਿੱਚ ਤੇਜ਼ੀ ਨਾਲ ਮਹਾਂਸ਼ਕਤੀ ਦੇ ਰੂਪ ਵਿੱਚ ਉੱਭਰ ਰਹੇ ਚੀਨ ਤੋਂ ਵੀ ਭਾਰਤ ਨੂੰ ਵੱਡੀ ਸੁਰੱਖਿਆ ਚੁਣੌਤੀ ਦਾ ਸਾਹਮਣਾ ਹੈ। ਚੀਨ ਨਾਲ ਭਾਰਤ ਦਾ ਪੁਰਾਣਾ ਤੇ ਵੱਡਾ ਸਰਹੱਦੀ ਵਿਵਾਦ ਚਲਦਾ ਆ ਰਿਹਾ ਹੈ।

ਭਾਰਤ ਦੀ ਸੁਰੱਖਿਆ ਲਈ ਉਪਰੋਕਤ ਬਾਹਰੀ ਚੁਣੌਤੀਆਂ ਦੇ ਨਾਲ-ਨਾਲ ਅੰਦਰੂਨੀ ਚੁਣੌਤੀਆਂ ਵੀ ਤੇਜ਼ੀ ਨਾਲ ਉੱਭਰ ਰਹੀਆਂ ਹਨ। ਅੰਦਰੂਨੀ ਰਾਜਨੀਤੀ ਵਿੱਚ ਸਿਆਸੀ ਲਾਹਾ ਲੈਣ ਲਈ ਆਰ.ਐੱਸ.ਐੱਸ. ਤੇ ਭਾਜਪਾ ਵੱਲੋਂ ਫ਼ਿਰਕੂ ਧਰੁਵੀਕਰਨ ਦੀ ਰਾਜਨੀਤੀ ਖੇਡੀ ਜਾ ਰਹੀ ਹੈ। ਦੇਸ਼ ਦੀ ਦੂਜੀ ਵੱਡੀ ਘੱਟ ਗਿਣਤੀ ਮੁਸਲਮਾਨ ਭਾਈਚਾਰੇ ਨੂੰ ਰਾਜਨੀਤਕ, ਧਾਰਮਿਕ ਅਤੇ ਆਰਥਿਕ ਤੌਰ ’ਤੇ ਹਾਸ਼ੀਏ ’ਤੇ ਧੱਕਣ ਦੇ ਯਤਨ ਹੋ ਰਹੇ ਹਨ। ਅਖੌਤੀ ਹਿੰਦੂਤਵੀ ਸੰਗਠਨ ਕਿਸੇ ਨਾ ਕਿਸੇ ਗੱਲ ਨੂੰ ਮੁੱਦਾ ਬਣਾ ਕੇ ਮੁਸਲਿਮ ਭਾਈਚਾਰੇ ਦੇ ਲੋਕਾਂ ’ਤੇ ਹਮਲੇ ਕਰਦੇ ਹਨ। ਕੇਂਦਰ ਵਿੱਚ ਸੱਤਾਧਾਰੀ ਭਾਜਪਾ ਦੀ ਸਰਕਾਰ ਵੱਲੋਂ ਵੀ ਵੱਖ-ਵੱਖ ਤਰ੍ਹਾਂ ਦੇ ਅਜਿਹੇ ਕਾਨੂੰਨ ਬਣਾਏ ਜਾ ਰਹੇ ਹਨ, ਜਿਹੜੇ ਮੁਸਲਿਮ ਭਾਈਚਾਰੇ ਨੂੰ ਆਪਣੇ ਧਾਰਮਿਕ ਅਤੇ ਰਾਜਨੀਤਕ ਹਿਤਾਂ ਨੂੰ ਸੱਟ ਮਾਰਨ ਵਾਲੇ ਲੱਗਦੇ ਹਨ।

ਉਪਰੋਕਤ ਚਰਚਾ ਦੇ ਸੰਦਰਭ ਵਿੱਚ ਅਸੀਂ ਇਹ ਮਹਿਸੂਸ ਕਰਦੇ ਹਾਂ ਕਿ ਭਾਵੇਂ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਨੇ ਪਾਕਿਸਤਾਨ ਵਿਰੁੱਧ ‘ਅਪਰੇਸ਼ਨ ਸੰਧੂਰ’ ਦੇ ਰੂਪ ਵਿੱਚ ਕਾਰਵਾਈ ਕਰਕੇ ਅੱਤਵਾਦ ਨਾਲ ਲੜਨ ਸੰਬੰਧੀ ਆਪਣੀ ਦ੍ਰਿੜ੍ਹ ਇੱਛਾ ਦਾ ਪ੍ਰਗਟਾਵਾ ਕੀਤਾ ਹੈ, ਪਰ ਇਸ ਸਮੇਂ ਦੌਰਾਨ ਜਿਸ ਤਰ੍ਹਾਂ ਦਾ ਵਤੀਰਾ ਚੀਨ ਦਾ ਰਿਹਾ ਹੈ, ਉਸ ਤੋਂ ਇਹ ਸਾਬਤ ਹੁੰਦਾ ਹੈ ਕਿ ਅਪਰੇਸ਼ਨ ਸੰਧੂਰ ਤੋਂ ਬਾਅਦ ਵੀ ਭਾਰਤ ਲਈ ਬਾਹਰੀ ਤੇ ਅੰਦਰੂਨੀ ਸੁਰੱਖਿਆ ਚੁਣੌਤੀਆਂ ਘੱਟ ਨਹੀਂ ਹੋਈਆਂ ਸਗੋਂ ਇਹ ਹੋਰ ਵਧਦੀਆਂ ਹੀ ਨਜ਼ਰ ਆ ਰਹੀਆਂ ਹਨ। ਭਾਜਪਾ ਦੀ ਅਗਵਾਈ ਵਾਲੀ ਕੇਂਦਰੀ ਸਰਕਾਰ ਨੂੰ ਬਾਹਰੀ ਚੁਣੌਤੀਆਂ ਦਾ ਸਖ਼ਤੀ ਨਾਲ ਮੁਕਾਬਲਾ ਕਰਨ ਲਈ ਦੇਸ਼ ਦੀ ਫ਼ੌਜੀ ਸਮਰੱਥਾ ਵਧਾਉਣ ਦੀ ਲੋੜ ਹੈ। ਖ਼ਾਸ ਕਰਕੇ ਫ਼ੌਜ ਵਿੱਚ ਚਾਰ ਸਾਲਾਂ ਦੀ ਭਰਤੀ ਦੀ ਅਗਨੀਵੀਰ ਸਕੀਮ ਨੂੰ ਤੁਰੰਤ ਬੰਦ ਕਰਕੇ ਪੱਕੀ ਭਰਤੀ ਦਾ ਸਿਲਸਿਲਾ ਮੁੜ ਸ਼ੁਰੂ ਕਰਨਾ ਚਾਹੀਦਾ ਹੈ। ਫ਼ੌਜ ਵਿੱਚ ਜੋ ਡੇਢ ਲੱਖ ਦੇ ਲਗਭਗ ਜਵਾਨਾਂ ਦੀ ਕਮੀ ਕੀਤੀ ਗਈ ਹੈ, ਉਸ ਬਾਰੇ ਵੀ ਮੁੜ ਤੋਂ ਸੋਚਣਾ ਚਾਹੀਦਾ ਹੈ। ਦੂਜੇ ਪਾਸੇ ਦੇਸ਼ ਦੀਆਂ ਅੰਦਰੂਨੀ ਸੁਰੱਖਿਆ ਚੁਣੌਤੀਆਂ ਨਾਲ ਨਿਪਟਣ ਲਈ ਕੇਂਦਰੀ ਸਰਕਾਰ ਨੂੰ ਆਪਣੀਆਂ ਨੀਤੀਆਂ ਵਿੱਚ ਵੱਡੀ ਤਬਦੀਲੀ ਕਰਕੇ ਜਮਹੂਰੀਅਤ, ਧਰਮ ਨਿਰਪੱਖਤਾ ਅਤੇ ਸੰਘੀ ਢਾਂਚੇ ਨੂੰ ਮਜ਼ਬੂਤ ਕਰਨ ਦੀ ਲੋੜ ਹੈ ਅਤੇ ਖ਼ਾਸ ਕਰਕੇ ਰਾਸ਼ਟਰੀ ਸੋਇਮ ਸੇਵਕ ਸੰਘ ਅਤੇ ਭਾਜਪਾ ਨੂੰ ਆਪਣੀ ਫ਼ਿਰਕੂ ਧਰੁਵੀਕਰਨ ਦੀ ਨੀਤੀ ’ਤੇ ਤੁਰੰਤ ਰੋਕ ਲਾਉਣੀ ਚਾਹੀਦੀ ਹੈ। ਸਾਰੇ ਦੇਸ਼ ਦੇ ਲੋਕਾਂ ਨੂੰ ਨਾਲ ਲੈ ਕੇ ਚੱਲਣਾ ਚਾਹੀਦਾ ਹੈ। ਧਰਮਾਂ ਤੇ ਜਾਤਾਂ ਦੀਆਂ ਵਲਗਣਾਂ ਤੋਂ ਉੱਪਰ ਉੱਠ ਕੇ ਸਾਰੇ ਦੇਸ਼ ਦੇ ਲੋਕਾਂ ਨੂੰ ਸਨਮਾਨ ਮਿਲਣਾ ਚਾਹੀਦਾ ਹੈ। ਰਾਜਨੀਤਕ, ਧਾਰਮਿਕ ਤੇ ਸੱਭਿਆਚਾਰਕ ਵਿਭਿੰਨਤਾ ਹੀ ਭਾਰਤ ਦੀ ਤਾਕਤ ਹੈ, ਇਸ ਨੂੰ ਸਮਝਣਾ ਬੇਹੱਦ ਜ਼ਰੂਰੀ ਹੈ।



# ਸਰਕਾਰ ਦੇ ਦਾਅਵੇ, ਭਾਰਤੀ ਕਿਸਾਨਾਂ ਦੀ ਸਥਿਤੀ



ਗੁਰਮੀਤ ਸਿੰਘ ਪਲਾਹੀ

ਕੇਂਦਰ ਸਰਕਾਰ ਨੇ ਦਾਅਵਾ ਕੀਤਾ ਹੈ ਕਿ ਖੇਤੀ ਖੇਤਰ ਮਜ਼ਬੂਤ ਹੈ, ਪਰ ਸਵਾਲ ਉੱਠ ਰਿਹਾ ਹੈ ਕਿ ਕੀ ਦੇਸ਼ ਦੇ ਕਿਸਾਨ ਦਾ ਜੀਵਨ ਮਜ਼ਬੂਤ ਹੈ? ਨਾਵਾਰਡ ਦੀ 2021-22 ਦੀ ਰਿਪੋਰਟ ਪੜ੍ਹੋ, ਜੋ ਸਪੱਸ਼ਟ ਕਹਿੰਦੀ ਹੈ ਕਿ ਲਗਭਗ 55 ਫ਼ੀਸਦੀ ਖੇਤੀ ਪਰਿਵਾਰ ਕਰਜ਼ੇ ਦੇ ਬੋਝ ਥੱਲੇ ਦੱਬੇ ਹੋਏ ਹਨ। ਹਰ ਪਰਿਵਾਰ 'ਤੇ ਔਸਤਨ ਬਕਾਇਆ ਕਰਜ਼ਾ 9,1231 ਰੁਪਏ ਹੈ। 3 ਫਰਵਰੀ 2025 ਨੂੰ ਲੋਕ ਸਭਾ ਵਿੱਚ ਸਰਕਾਰ ਦਾ ਦਿੱਤਾ ਬਿਆਨ ਸਪੱਸ਼ਟ ਕਰਦਾ ਹੈ ਕਿ 13.08 ਕਰੋੜ ਕਿਸਾਨਾਂ ਨੇ ਵਪਾਰਕ ਬੈਂਕਾਂ ਤੋਂ 27,67,346 ਕਰੋੜ ਰੁਪਏ ਕਰਜ਼ਾ ਲਿਆ ਹੈ, ਜਦਕਿ 3.34 ਕਰੋੜ ਕਿਸਾਨਾਂ ਨੇ ਸਹਿਕਾਰੀ ਬੈਂਕਾਂ ਤੋਂ 2,65,419 ਕਰੋੜ ਰੁਪਏ ਅਤੇ 2.31 ਕਰੋੜ ਕਿਸਾਨਾਂ ਨੇ ਖੇਤੀ ਪੇਂਡੂ ਬੈਂਕਾਂ ਤੋਂ 3,19,881 ਕਰੋੜ ਰੁਪਏ ਦਾ ਕਰਜ਼ਾ ਲਿਆ ਹੋਇਆ ਹੈ।

ਪ੍ਰਧਾਨ ਮੰਤਰੀ ਕਿਸਾਨ ਯੋਜਨਾ ਅਧੀਨ ਦੇਸ਼ ਦੀ ਕੇਂਦਰ ਸਰਕਾਰ ਲਗਾਤਾਰ ਢੰਡੋਰਾ ਪਿੱਟਦੀ ਹੈ ਕਿ ਦੇਸ਼ ਦੇ ਕਿਸਾਨਾਂ ਨੂੰ ਪ੍ਰਤੀ ਤਿਮਾਹੀ ਕਿਸਾਨ ਸਨਮਾਨ ਰਾਸ਼ੀ ਦਿੰਦੀ ਹੈ, ਜੋ ਪ੍ਰਤੀ ਸਾਲ 6000 ਰੁਪਏ ਹੈ। ਅੰਕੜੇ ਦਸਦੇ ਹਨ ਕਿ 2022 ਦੀ ਪਹਿਲੀ ਤਿਮਾਹੀ (ਅਪ੍ਰੈਲ-ਜੁਲਾਈ) 'ਚ ਇਸ ਸਕੀਮ ਅਧੀਨ 10.47 ਕਰੋੜ ਕਿਸਾਨ ਰਜਿਸਟਰਡ ਸਨ। ਸਾਲ 2023 'ਚ ਘੱਟਕੇ ਇਹ ਗਿਣਤੀ 8.1 ਕਰੋੜ ਰਹਿ ਗਈ। ਇਹਨਾਂ 8.1 ਕਰੋੜ ਲੋਕਾਂ ਨੂੰ 15ਵੀਂ ਕਿਸ਼ਤ ਦਿੱਤੀ ਗਈ। ਪਰ ਸਰਕਾਰ ਦੇ ਅੰਕੜਿਆਂ ਤੇ ਦਾਅਵਿਆਂ 'ਚ ਵੱਡੀਆਂ ਤਰੁੱਟੀਆਂ ਦੀ ਝਲਕ ਪੈਂਦੀ ਹੈ, ਜਦੋਂ ਸਰਕਾਰ ਕਹਿੰਦੀ ਹੈ ਕਿ 19ਵੀਂ ਕਿਸ਼ਤ ਜੋ ਫਰਵਰੀ 2025 'ਚ ਦਿੱਤੀ ਗਈ, ਉਸ ਵਿੱਚ ਇਹ ਗਿਣਤੀ 9.8 ਕਰੋੜ ਹੋ ਗਈ। ਇਹ ਕਿਵੇਂ ਵਾਪਰਦਾ ਹੈ? ਕੀ ਇਹ ਅੰਕੜਿਆਂ ਦੀ ਖੇਡ ਨਹੀਂ ਹੈ?

ਪਰ ਇਸ ਵਿੱਚ ਵੀ ਹੈਰਾਨੀ ਦੀ ਗੱਲ ਇਹ ਹੈ ਕਿ ਜਿਹੜੇ ਕਿਸਾਨ ਭਾੜੇ 'ਤੇ ਖੇਤੀ ਕਰਦੇ ਹਨ, ਇਸ ਯੋਜਨਾ ਅਧੀਨ ਲਾਹਾ ਲੈਣ ਦੇ ਪਾਤਰ ਨਹੀਂ ਹਨ। ਕੀ ਇਹ ਬੇਇਨਸਾਫੀ ਨਹੀਂ ਹੈ? ਕੇਂਦਰ ਸਰਕਾਰ ਦੀਆਂ ਸਕੀਮਾਂ ਕਹਿਣ ਲਈ ਤਾਂ ਕਿਸਾਨ ਹਿਤੈਸ਼ੀ ਹਨ, ਪਰ ਕਈ ਹਾਲਤਾਂ 'ਚ ਇਹ ਕਿਸਾਨਾਂ ਦੀ ਲੁੱਟ ਦਾ ਸਾਧਨ ਬਣੀਆਂ। ਉਦਾਹਰਨ ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ ਹੈ। ਭਾਵੇਂ ਕਿ ਇਸ ਸਕੀਮ ਨੂੰ ਕਈ ਸੂਬਾ ਸਰਕਾਰਾਂ ਨੇ ਪ੍ਰਵਾਨ ਨਹੀ ਕੀਤਾ ਅਤੇ ਆਪਣੇ ਸੂਬਿਆਂ 'ਚ ਲਾਗੂ ਨਹੀਂ ਕੀਤਾ, ਪਰ ਜਿਥੇ ਲਾਗੂ ਕੀਤਾ ਗਿਆ, ਉਥੇ ਭਾਰੀ ਭਰਕਮ ਬੀਮਾ ਦੇਣ ਬਾਅਦ, ਜਦੋਂ ਫ਼ਸਲਾਂ ਦੇ ਖਰਾਬ ਹੋਣ 'ਤੇ ਕਲੇਮ ਪੇਸ਼ ਕੀਤੇ, ਤਾਂ 2019-20 ਵਿੱਚ ਇਹ 87 ਫ਼ੀਸਦੀ ਕਲੇਮ ਮਿਲੇ ਜਦਕਿ 2023-24 'ਚ ਇਹ ਕਲੇਮ 56 ਫ਼ੀਸਦੀ ਪਾਸ ਕੀਤੇ ਗਏ, ਕਿਉਂਕਿ ਪ੍ਰਾਈਵੇਟ ਬੀਮਾ ਕੰਪਨੀਆਂ ਨੂੰ ਇਸ ਬੀਮਾ 'ਚ ਸ਼ਾਮਿਲ ਕਰਨ ਦੀ ਮਨਜ਼ੂਰੀ ਮੌਜੂਦਾ ਸਰਕਾਰ ਵੱਲੋਂ ਦੇ ਦਿੱਤੀ ਗਈ। ਇੰਝ ਇਹ ਯੋਜਨਾ ਅਸਲ 'ਚ ਜਬਰਨ ਵਸੂਲੀ ਯੋਜਨਾ ਬਣ ਗਈ, ਜਿਸ ਨਾਲ ਕਿਸਾਨਾਂ ਨੂੰ ਫ਼ਾਇਦਾ ਘੱਟ, ਪਰ ਨੁਕਸਾਨ ਵੱਧ ਹੋ ਰਿਹਾ ਹੈ।



ਮਗਨਰੇਗਾ ਵਰਗੀ ਮਹੱਤਵਪੂਰਨ ਸਮਾਜਿਕ ਸੁਰੱਖਿਆ ਯੋਜਨਾ ਦਾ ਮੌਜੂਦਾ ਸਰਕਾਰ ਨੇ ਲੱਕ ਤੋੜਕੇ ਰੱਖ ਦਿੱਤਾ ਹੈ। 1.5 ਕਰੋੜ ਤੋਂ ਜਿਆਦਾ ਜੌਬ ਕਾਰਡ ਰੱਦ ਕਰ ਦਿੱਤੇ ਗਏ ਹਨ। ਕੰਮ ਜਿਹੜਾ ਪ੍ਰਤੀ 100 ਦਿਨਾਂ ਲਈ ਦੇਣਾ ਸੀ, ਉਹ ਮਸਾਂ 51 ਦਿਨ ਤੱਕ ਦਿੱਤਾ ਜਾ ਸਕਿਆ। ਇਸ ਵਿੱਚ ਛੋਟੇ ਕਿਸਾਨਾਂ ਨੂੰ ਕੁਝ ਦਿਨਾਂ ਦਾ ਰੁਜ਼ਗਾਰ ਮਿਲਦਾ ਸੀ। ਹੁਣ ਇਹ ਪੇਂਡੂ ਖੇਤਰ ਵਾਲੀ ਵਿਸ਼ੇਸ਼ ਯੋਜਨਾ, ਪੈਸਿਆਂ ਦੀ, ਘਾਟ ਵਾਲੀ ਯੋਜਨਾ ਬਣ ਕੇ ਰਹਿ ਗਈ ਹੈ। ਮੌਜੂਦਾ ਸਰਕਾਰ 'ਕਿਸਾਨ ਵਿਰੋਧੀ ਸਰਕਾਰ' ਵਜੋਂ ਜਾਣੀ ਜਾਣ ਲੱਗ ਪਈ ਹੈ, ਕਿਉਂਕਿ ਉਸ ਦਾ ਦੇਸ਼ ਦੇ ਮਹੱਤਵਪੂਰਨ ਵਰਗ ਕਿਸਾਨਾਂ ਦੀ ਭਲਾਈ ਵੱਲ ਉਤਨਾ ਧਿਆਨ ਨਹੀਂ ਹੈ, ਜਿਤਨਾ ਧਿਆਨ ਦੇਸ਼ ਦੇ ਅਰਥਚਾਰੇ ਨੂੰ ਮਜ਼ਬੂਤ ਕਰਨ ਵਾਲੇ ਇਸ ਵਰਗ ਨੂੰ ਦਿੱਤੇ ਜਾਣ ਦੀ ਲੋੜ ਹੈ। ਸਗੋਂ ਉਲਟਾ ਕਿਸਾਨ ਵਿਰੋਧੀ ਸਰਕਾਰੀ ਸੋਚ ਉਸ ਵੇਲੇ ਵੇਖਣ ਨੂੰ ਮਿਲੀ ਜਦੋਂ ਕਿਸਾਨਾਂ ਵਿਰੋਧੀ ਤਿੰਨ ਕਾਲੇ ਕਾਨੂੰਨ ਪਾਸ ਕਰ ਦਿੱਤੇ ਗਏ, ਜਿਸ ਵਿੱਚ ਕਿਸਾਨਾਂ ਦੀ ਜ਼ਮੀਨ ਖੋਹੇ ਜਾਣ ਦੀ ਸਾਜਿਸ਼ ਦੀ ਝਲਕ ਸਪਸ਼ਟ ਨਜ਼ਰੀ ਪੈਂਦੀ ਸੀ।

ਦੇਸ਼ ਦੀ ਕੁੱਲ ਕਾਮਾ ਗਿਣਤੀ ਵਿੱਚ 45.76 ਫ਼ੀਸਦੀ ਕਾਮੇ ਕਿਸਾਨ ਹਨ, ਜਿਹੜੇ ਖੇਤੀ ਖੇਤਰ ਅਤੇ ਖੇਤੀ ਨਾਲ ਸੰਬੰਧਤ ਧੰਦਿਆਂ 'ਚ ਲੱਗੇ ਹੋਏ ਹਨ। ਇਹਨਾ ਕਿਸਾਨਾਂ ਵਿੱਚੋਂ 86 ਫ਼ੀਸਦੀ ਕਿਸਾਨ ਛੋਟੇ ਅਤੇ ਛੋਟੇ ਮੱਧ ਵਰਗੀ ਕਿਸਾਨ ਹਨ, ਜਿਹਨਾ ਕੋਲ ਇੱਕ ਹੈਕਟੇਅਰ (2.5 ਏਕੜ) ਜ਼ਮੀਨ ਤੋਂ ਵੀ ਘੱਟ ਦੀ ਮਾਲਕੀ ਹੈ। ਇਸੇ ਕਰਕੇ ਦੇਸ਼ 'ਚ ਬਹੁਤੇ ਕਿਸਾਨ ਗਰੀਬੀ ਰੇਖਾ ਤੋਂ ਹੇਠ ਰਹਿੰਦੇ ਹਨ। ਵੱਡੀ ਮਿਹਨਤ ਕਰਨ ਦੇ ਬਾਵਜੂਦ ਵੀ ਫਸਲਾਂ ਲਈ ਪੂਰੀ ਕੀਮਤ ਨਾ ਮਿਲਣਾ ਇੱਕ ਕਾਰਨ ਹੈ। ਬੀਜਾਂ, ਖਾਦਾਂ ਦੀ ਵੱਧਦੀ ਕੀਮਤ, ਪਾਣੀ ਦੀ ਘਾਟ ਬੇਮੌਸਮੀ ਬਰਸਾਤ ਅਤੇ ਕਈ ਹੋਰ ਕਾਰਨਾਂ ਕਰਕੇ ਕਿਸਾਨ ਘਾਟੇ ਦੀ ਖੇਤੀ ਕਰਨ 'ਤੇ ਮਜ਼ਬੂਰ ਹੈ। ਖੇਤੀ ਲਈ ਪੂਰਾ ਪਰਿਵਾਰ ਮਿਹਨਤ ਕਰਦਾ ਹੈ, ਪਰ ਉਸ ਦੀ ਮਜ਼ਦੂਰੀ ਤੱਕ ਵੀ ਉਸ ਨੂੰ ਨਹੀਂ ਮਿਲਦੀ। ਕਿਸਾਨ ਜੱਥੇਬੰਦੀਆਂ ਫ਼ਸਲਾਂ ਦੀ ਘੱਟੋ-ਘੱਟ ਕੀਮਤ ਅਤੇ ਡਾ. ਸਵਾਮੀਨਾਥਨ ਦੀ ਰਿਪੋਰਟ ਲਾਗੂ ਕਰਨ ਦੀ ਮੰਗ ਕਰਦੀਆਂ ਹਨ, ਜਿਸ ਅਧੀਨ ਉਹਨਾ ਨੂੰ ਫ਼ਸਲ ਉਤੇ ਲਾਗਤ ਉਪਰ 50 ਫ਼ੀਸਦੀ ਮਜ਼ਦੂਰੀ ਦਿੱਤੇ ਜਾਣ ਦਾ ਪ੍ਰਾਵਧਾਨ ਹੈ, ਪਰ ਸਰਕਾਰ ਵੱਲੋਂ ਇਸ ਜਾਇਜ਼ ਮੰਗ ਵੱਲ 'ਤੱਕਿਆ' ਵੀ ਨਹੀਂ ਜਾ ਰਿਹਾ। ਇਹੋ ਜਿਹੇ ਹਾਲਾਤਾਂ ਵਿੱਚ ਕਿਸਾਨਾਂ ਦੀ ਆਰਥਿਕ ਸਥਿਤੀ ਸੁਧਾਰਨ ਦੀ ਗੁੰਜਾਇਸ਼ ਹੀ ਨਹੀਂ ਬਚਦੀ। ਇਹ ਹਾਲਾਤ ਚੁਣੌਤੀਪੂਰਨ ਹਨ।

ਪ੍ਰਧਾਨ ਮੰਤਰੀ ਦੀ ਇੱਕ ਯੋਜਨਾ ਤਹਿਤ ਸਰਕਾਰ ਨੇ ਕਿਸਾਨਾਂ ਨੂੰ ਕਰਜ਼ਾ ਦੇਣ ਲਈ ਸੀਮਾ 5 ਲੱਖ ਰੁਪਏ ਕਰ ਦਿੱਤੀ ਹੈ, ਕਿਸਾਨਾਂ ਨੂੰ ਆਤਮ ਨਿਰਭਰਤਾ ਵਧਾਉਣ ਲਈ ਦਾਲਾਂ ਅਤੇ ਕਪਾਹ ਦੀ ਖੇਤੀ ਵੱਲ ਪ੍ਰੇਰਿਤ ਕਰਨ ਦਾ ਯਤਨ ਹੋ ਰਿਹਾ ਹੈ, ਪਰ ਛੋਟੇ ਤੇ ਛੋਟੇ ਮੱਧ ਵਰਗੀ ਕਿਸਾਨਾਂ ਦੇ ਹਾਲਤ ਸੁਧਾਰ ਨਹੀਂ ਰਹੇ। ਕਿਸਾਨ ਦੀ ਸਥਿਤੀ ਵਿਸ਼ਵ ਦੇ ਕਿਸਾਨਾਂ ਦੀ ਸਥਿਤੀ ਨਾਲੋਂ ਅਤਿਅੰਤ ਕਮਜ਼ੋਰ ਹੈ, ਕਿਉਂਕਿ ਆਮ ਕਿਸਾਨ ਦੀ ਪਹੁੰਚ 'ਚ ਨਾ ਤਾਂ ਆਧੁਨਿਕ ਸੰਦ ਹਨ ਅਤੇ ਨਾ ਹੀ ਮੰਡੀ ਤੱਕ ਜਾਇਜ਼ ਪਹੁੰਚ। ਜਿਸ ਕਾਰਨ ਉਹ ਬੁਰੀ ਤਰ੍ਹਾਂ ਲੁਟਿਆ ਜਾ ਰਿਹਾ ਹੈ।

ਆੜ੍ਹਤੀਆਂ ਵੱਲੋਂ ਕਿਸਾਨ ਦੀ ਆਪਣੀ ਫ਼ਸਲ ਲਈ ਵੱਡੇ ਵਿਆਜ਼ 'ਤੇ ਕਰਜ਼ਾ ਲੈਣ ਤੋਂ ਸ਼ੁਰੂ ਹੋਈ ਲੁੱਟ, ਮੰਡੀ ਤੱਕ ਪਹੁੰਚਦਿਆਂ ਹੋਰ ਵੀ ਵਧਦੀ ਹੈ, ਜਿਥੇ ਉਸਦੀਆਂ ਫ਼ਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਦੀ ਕੋਈ ਕਾਨੂੰਨੀ ਗਰੰਟੀ ਨਹੀਂ ਹੈ। ਉਹ ਫਸਲਾਂ, ਸਬਜ਼ੀਆਂ, ਫਲ, ਜੋ ਉਹ ਆਪਣੇ ਖੇਤ ਵਿੱਚ ਮਿਹਨਤ ਨਾਲ ਉਗਾਉਂਦਾ ਹੈ, ਉਹਨਾਂ ਫ਼ਸਲਾਂ ਵੱਟੇ ਉਸ ਨੂੰ ਮਿਲਦੀ ਰਾਸ਼ੀ ਕਈ ਵੇਰ ਇੰਨੀ ਘੱਟ ਹੁੰਦੀ ਹੈ ਕਿ ਉਸ ਨੂੰ ਆਲੂ, ਟਮਾਟਰਾਂ, ਵਰਗੀਆਂ ਸਬਜ਼ੀਆਂ ਦੇ ਢੇਰ ਸੜਕਾਂ 'ਤੇ ਸੁੱਟਣੇ ਪੈਂਦੇ ਹਨ। ਆਰਥਿਕ ਸਥਿਤੀ ਇਹ ਬਣਦੀ ਹੈ ਕਿ ਉਸਨੂੰ ਆਪਣੀ ਜੀਵਨ-ਲੀਲਾ ਖ਼ਤਮ ਕਰਨ ਦੇ ਹਾਲਾਤ ਤੱਕ ਬਣ ਜਾਂਦੇ ਹਨ। ਕਿਸਾਨਾਂ ਦੀ ਖ਼ੁਦਕੁਸ਼ੀ ਦੀਆਂ ਨਿੱਤ ਪ੍ਰਤੀ ਦੀਆਂ ਖ਼ਬਰਾਂ ਦੂਜੇ ਕਿਸਾਨਾਂ ਨੂੰ ਪ੍ਰੇਸ਼ਾਨ ਕਰਦੀਆਂ ਹਨ, ਜੋ ਘਰੇਲੂ ਹਾਲਤਾਂ ਅਤੇ ਮਾੜੀ ਆਰਥਿਕ ਹਾਲਾਤ ਕਾਰਨ ਪਹਿਲਾਂ ਹੀ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਹੁੰਦੇ ਹਨ।

ਕਿਸਾਨ ਦੀ ਜ਼ਿੰਦਗੀ ਜ਼ਮੀਨ, ਮੌਸਮ ਅਤੇ ਰੁੱਤਾਂ ਦੁਆਲੇ ਘੁੰਮਦੀ ਹੈ। ਉਹ ਕੁਦਰਤ ਨਾਲ ਹਰ ਪਲ ਵਾ-ਵਾਸਤਾ ਹੈ, ਕਿਉਂਕਿ ਉਹ ਹੀ ਉਸਨੂੰ ਖੁਸ਼ੀਆਂ ਦਿੰਦੀ ਹੈ ਅਤੇ ਉਹ ਹੀ ਉਹਦਾ ਜੀਵਨ ਜੀਊਣਾ ਦੁੱਭਰ ਕਰਦੀ ਹੈ। ਖੇਤੀ ਨਾਲ ਜਦੋਂ ਤੋਂ ਖਾਦਾਂ, ਕੀਟਨਾਸ਼ਕਾਂ, ਰਾਹੀ ਖਿਲਵਾੜ ਸ਼ੁਰੂ ਹੋਇਆ ਹੈ, ਕਿਸਾਨ ਦੀ ਜ਼ਿੰਦਗੀ ਹੋਰ ਵੀ ਔਖੀ ਤੇ ਚੁਣੌਤੀਆਂ ਭਰਪੂਰ ਹੋਈ ਹੈ। ਧਰਤੀ ਰਸਾਇਣਿਕ ਖਾਦਾਂ, ਕੀਟਨਾਸ਼ਕਾਂ ਅਤੇ ਪਾਣੀ ਦੀ ਘਾਟ ਕਾਰਨ ਬੰਜ਼ਰ ਬਣਦੀ ਜਾ ਰਹੀ ਹੈ ਅਤੇ ਖੇਤੀ ਯੋਗ ਜ਼ਮੀਨ ਘੱਟ ਰਹੀ ਹੈ। ਖੇਤੀ ਯੋਗ ਭੂਮੀ ਜਿਥੇ ਭੈੜੀਆਂ ਮੌਸਮੀ ਹਾਲਾਤਾਂ ਦਾ ਸ਼ਿਕਾਰ ਹੋ ਰਹੀ ਹੈ, ਉਥੇ ਕਾਰਪੋਰੇਟ ਸੈਕਟਰ ਅਤੇ ਸਰਕਾਰ ਰਲਕੇ, ਬੁਨਿਆਦੀ ਢਾਂਚੇ ਦੀ ਮਜ਼ਬੂਤੀ ਦੇ ਨਾਮ ਉਤੇ ਇਸ ਨੂੰ ਕਿਸਾਨਾਂ ਤੋਂ ਹਥਿਆ ਰਹੇ ਹਨ, ਜਿਸ ਨਾਲ ਕਿਸਾਨਾਂ ਦੀਆਂ ਸਮੱਸਿਆਵਾਂ ਹੋਰ ਵੀ ਵਧ ਰਹੀਆਂ ਹਨ। ਵੱਡੀ ਗਿਣਤੀ ਕਿਸਾਨ ਖੇਤੀ ਤੋਂ ਵਾਂਝੇ ਕੀਤੇ ਜਾ ਰਹੇ ਹਨ। ਭਾਰਤ ਵਿਸ਼ਵ ਦੇ ਤਿੰਨ ਇਹੋ ਜਿਹੇ ਦੇਸ਼ਾਂ 'ਚ ਸ਼ਾਮਲ ਹੈ, ਜਿਥੇ ਕਿਸਾਨ ਕਣਕ, ਚਾਵਲ, ਦਾਲਾਂ, ਫਲ, ਕਪਾਹ ਪੈਦਾ ਕਰਦੇ ਹਨ। ਇਥੇ ਪ੍ਰਤੀ ਹੈਕਟੇਅਰ ਫ਼ਸਲਾਂ ਦੀ ਪੈਦਾਵਾਰ ਵਿਸ਼ਵ ਪੱਧਰ 'ਤੇ ਘੱਟ ਹੈ, ਹਾਲਾਂਕਿ ਭਾਰਤ ਚੰਗੀ ਉਪਜਾਊ ਧਰਤੀ ਲਈ ਜਾਣਿਆ ਜਾਂਦਾ ਹੈ।

**(ਬਾਕੀ ਸਫ਼ਾ 31 'ਤੇ)**

# ਜ਼ਿੰਦਗੀ ਭਰ ਦੇ ਜ਼ਖ਼ਮ ਦੇ ਜਾਂਦੇ ਹਨ ਹਵਾਈ ਹਾਦਸੇ



ਕਮਲਜੀਤ ਸਿੰਘ ਬਨਵੈਤ

ਦੁਰ ਦਾ ਸ਼ਬਦੀ ਅਰਥ ਹੈ ਬੁਰਾ/ਦੁੱਖ। ਜਿਸ ਸ਼ਬਦ ਦੇ ਸ਼ੁਰੂ ਵਿੱਚ ਦੁਰ ਜੁੜ ਜਾਵੇ ਉਹ ਦੁਖਦਾਈ ਹੋ ਨਿੱਬੜਦਾ ਹੈ। ਜਿਨ੍ਹਾਂ ਹੋਰ ਸ਼ਬਦਾਂ ਮੂਹਰੇ ਵੀ ਦੁਰ ਜੁੜਦਾ ਹੈ, ਉਹ ਰੂਹ ਨੂੰ ਖ਼ੁਸ਼ੀ ਨਹੀਂ, ਚੀਸ ਦਿੰਦੇ ਹਨ। ਅਹਿਮਦਾਬਾਦ ਵਿੱਚ 12 ਜੂਨ ਨੂੰ ਇੱਕ ਦੁਰਘਟਨਾ ਵਾਪਰੀ ਹੈ ਜਿਸ ਤੋਂ ਬਾਅਦ ਦੇਸ਼ 'ਤੇ ਦੁੱਖਾਂ ਦਾ ਪਹਾੜ ਟੁੱਟ ਪਿਆ। ਜਹਾਜ਼ ਵਿੱਚ ਸਫ਼ਰ ਕਰ ਰਹੇ 241 ਮੁਸਾਫ਼ਰਾਂ ਸਣੇ 261 ਲੋਕ ਮਾਰੇ ਗਏ। ਇਸ ਹਾਦਸੇ 'ਚ ਸਿਰਫ਼ ਇੱਕ ਯਾਤਰੀ ਚਮਤਕਾਰੀ ਢੰਗ ਨਾਲ ਬਚ ਗਿਆ। ਦੋਨੋਂ ਪਾਇਲਟਾਂ ਸਮੇਤ ਕਰੂ ਦੇ ਦਸ ਮੈਂਬਰਾਂ ਦੀ ਵੀ ਜਾਨ ਚਲੀ ਗਈ ਹੈ। ਮੈਡੀਕਲ ਕਾਲਜ ਦੀ ਜਿਸ ਮੈੱਸ ਉੱਤੇ ਜਹਾਜ਼ ਡਿੱਗਿਆ ਹੈ ਉੱਥੇ ਵੀ ਮੌਤ ਨੇ ਕਈਆਂ ਨੂੰ ਸਬੂਤਿਆਂ ਨਿਗਲ ਲਿਆ ਹੈ ਜਿਨ੍ਹਾਂ ਵਿੱਚ ਪੰਜ ਡਾਕਟਰ ਹਨ ਤੇ 20 ਹੋਰ ਵੀ ਲਾਪਤਾ ਦੱਸੇ ਜਾਂਦੇ ਹਨ। ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਅਤੇ ਪੰਜਾਬ ਭਾਰਤੀ ਜਨਤਾ ਪਾਰਟੀ ਦੇ ਇੰਚਾਰਜ ਵਿਜੈ ਰੁਪਾਣੀ, ਜਿਹੜੇ ਇਸ ਬਦਕਿਸਮਤ ਜਹਾਜ਼ ਵਿੱਚ ਸਫ਼ਰ ਕਰ ਰਹੇ ਸਨ, ਉਹ ਵੀ ਨਹੀਂ ਬਚ ਸਕੇ। ਇੱਕੋ-ਇੱਕ ਬਚੇ ਯਾਤਰੀ ਦਾ ਨਾਂ ਲੰਡਨ ਵਾਸੀ ਵਿਸ਼ਵਾਸ ਕੁਮਾਰ ਹੈ। ਉਸ ਨੂੰ ਹਸਪਤਾਲ 'ਚ ਦਾਖ਼ਲ ਕਰਾਇਆ ਹੈ। ਏਅਰ ਇੰਡੀਆ ਮੁਤਾਬਕ ਜਹਾਜ਼ ਵਿੱਚ 168 ਭਾਰਤੀਆਂ ਤੋਂ ਇਲਾਵਾ 53 ਬਰਤਾਨਵੀ, ਸੱਤ ਪੁਰਤਗਾਲੀ ਅਤੇ ਇੱਕ ਕੈਨੇਡੀਅਨ ਸਵਾਰ ਸੀ। ਜਹਾਜ਼ ਉਡਾਰੀ ਭਰਨ ਤੋਂ ਕੁਝ ਮਿੰਟਾਂ ਦੇ ਅੰਦਰ ਹੀ ਹਾਦਸੇ ਦਾ ਸ਼ਿਕਾਰ ਹੋ ਗਿਆ ਸੀ। ਕੈਪਟਨ ਸਭਰਵਾਲ ਜਿਸ ਕੋਲ 8200 ਘੰਟੇ ਜਹਾਜ਼ ਉਡਾਉਣ ਦਾ ਤਜਰਬਾ ਹੈ, ਉਹ ਰੇਡੀਓ 'ਤੇ ਸੰਕਟ ਬਾਰੇ ਪੀਡੀ ਬੋਲ ਕੇ ਜਾਣਕਾਰੀ ਦਿੰਦੇ ਰਹੇ। ਅਹਿਮਦਾਬਾਦ ਵਿਚਲੇ ਸਰਦਾਰ ਵੱਲਭ ਭਾਈ ਪਟੇਲ ਕੌਮਾਂਤਰੀ ਹਵਾਈ ਅੱਡੇ ਤੋਂ ਉਡਾਨ ਭਰਨ ਮਗਰੋਂ ਵਾਪਰੇ ਹਾਦਸੇ ਨੇ ਅਤੀਤ ਵਿੱਚ ਵਾਪਰੇ ਭਿਆਨਕ ਹਾਦਸਿਆਂ ਦੀ ਦੁਖਦਾਈ ਯਾਦ ਤਾਜ਼ਾ ਕਰਵਾ ਦਿੱਤੀ ਹੈ।

ਵੈਸੇ ਕਿਹਾ ਤਾਂ ਜਾਂਦਾ ਹੈ ਕਿ ਕੋਈ ਹੋਣੀ ਨੂੰ ਟਾਲ ਨਹੀਂ ਸਕਦਾ ਪਰ ਮਾਹਿਰਾਂ ਨੇ ਹਾਦਸੇ ਦੀ ਸੰਭਾਵਿਤ ਵਜ੍ਹਾ ਦੱਸਣੀ ਸ਼ੁਰੂ ਕਰ ਦਿੱਤੀ ਹੈ। ਏਵੀਏਸ਼ਨ ਮਾਹਿਰ ਜੇ. ਥਾਮਸ ਆਸਟ੍ਰੇਲੀਆ ਦਾ ਕਹਿਣਾ ਹੈ ਕਿ ਜਹਾਜ਼ ਨੇ ਰਨਵੇਅ ਤੋਂ ਲੋੜੀਂਦੀ ਪਾਵਰ ਤੋਂ ਬਿਨਾਂ ਹੀ ਉਡਾਨ ਭਰੀ ਲੱਗਦੀ ਹੈ। ਉਹ ਇਹ ਵੀ ਕਹਿੰਦੇ ਹਨ ਕਿ ਫਲੈਪ ਦੇ ਟੇਕ ਆਫ਼ ਸਮੇਂ 10 ਤੋਂ 20 ਡਿਗਰੀ ਦੇ ਕੋਣ ਹੋਣੇ ਚਾਹੀਦੇ ਹਨ, ਨਹੀਂ ਤਾਂ ਉਡਾਨ ਨਾਲ ਹਾਦਸਾ ਵਾਪਰਨ ਦੇ ਜ਼ਿਆਦਾ ਆਸਾਰ ਹੁੰਦੇ ਹਨ। ਇੱਕ ਹੋਰ ਏਵੀਏਸ਼ਨ ਮਾਹਿਰ ਦਾ ਕਹਿਣਾ ਹੈ ਕਿ ਅਹਿਮਦਾਬਾਦ ਹਾਦਸੇ ਵਿੱਚ ਇੰਝ ਲੱਗਦਾ ਹੈ ਕਿ ਟੇਕਅਪ ਦੇ ਤੁਰੰਤ ਬਾਅਦ ਦੋਨੋਂ ਇੰਜਨਾਂ ਨੇ ਕੰਮ ਕਰਨਾ ਬੰਦ ਕਰ ਦਿੱਤਾ ਹੋਵੇ। ਉਹ ਕਹਿੰਦੇ ਹਨ ਕਿ ਵੀਡੀਓ ਦੇਖਣ ਤੋਂ ਇਹ ਪਤਾ ਲੱਗਦਾ ਹੈ ਕਿ ਜਹਾਜ਼ ਪੂਰੇ ਸੰਤੁਲਨ ਨਾਲ ਉੱਡਣ ਦੀ ਥਾਂ ਨੋਜ਼ਅੱਪ ਦੇ ਨਾਲ ਉੱਪਰ ਨੂੰ ਉੱਠਿਆ ਹੈ। ਇਸ ਕਰਕੇ ਜਹਾਜ਼ ਦਾ ਸੰਤੁਲਨ ਵਿਗੜ ਗਿਆ। ਇਸ ਤੋਂ ਇਲਾਵਾ ਟੇਕਆਫ਼ ਦੇ ਕੁਝ ਪਲਾਂ ਬਾਅਦ ਹੀ ਜਹਾਜ਼ ਦੇ ਇੱਕ ਹਿੱਸੇ ਵਿੱਚੋਂ ਧੂੰਏਂ ਜਿਹੀ ਅੱਗ ਨਿਕਲਦੀ ਦਿਖੀ। ਜਾਂ ਤਾਂ ਇਹ ਇੰਜਨ ਵਿੱਚ ਗੜਬੜੀ ਹੋ ਸਕਦੀ ਹੈ ਜਾਂ ਫਿਰ ਤੇਲ ਨਾਲ ਸਬੰਧਿਤ ਨੁਕਸ ਹੋ ਸਕਦੇ ਹਨ। ਜਹਾਜ਼ ਵਿੱਚ ਇੱਕ ਲੱਖ 25 ਹਜ਼ਾਰ ਲੀਟਰ ਤੇਲ ਭਰਿਆ ਹੋਇਆ ਸੀ ਅਤੇ ਵੱਧ ਵਜ਼ਨ ਵੀ ਹਾਦਸੇ ਦੀ ਵਜ੍ਹਾ ਬਣ ਸਕਦਾ ਹੈ।



ਏਵੀਏਸ਼ਨ ਨਾਲ ਜੁੜੇ ਮਾਹਿਰਾਂ ਦਾ ਕਹਿਣਾ ਹੈ ਕਿ ਜਹਾਜ਼ ਦੀ ਤਸਵੀਰ ਦੇਖਣ ਤੋਂ ਪਤਾ ਲੱਗਦਾ ਹੈ ਕਿ ਲੈਂਡਿੰਗ ਗੇਅਰ ਬੰਦ ਹੀ ਨਹੀਂ ਹੋਏ ਸਨ। ਉਨ੍ਹਾਂ ਦਾ ਕਹਿਣਾ ਹੈ ਕਿ ਬਗੈਰ ਤਕਨੀਕੀ ਜਾਂਚ ਦੇ ਕੋਈ ਵੀ ਜਹਾਜ਼ ਉਡਾਨ ਨਹੀਂ ਭਰਦਾ। ਹਾਦਸੇ ਦੇ ਵੱਖ-ਵੱਖ ਕਾਰਨ ਸਾਹਮਣੇ ਆ ਰਹੇ ਹਨ। ਪਹਿਲਾਂ ਇਹ ਹੈ ਕਿ 625 ਫੁੱਟ ਉੱਪਰ ਉੱਡਣ 'ਤੇ ਵੀ ਲੈਂਡਿੰਗ ਗੇਅਰ ਖੁੱਲ੍ਹੇ ਦਿਸ ਰਹੇ ਸਨ ਜਿਸ ਨਾਲ ਜਹਾਜ਼ ਉੱਪਰ ਉੱਡ ਨਹੀਂ ਸਕਦਾ। ਦੂਸਰਾ ਇਹ ਕਿ ਲੋੜੀਂਦੀ ਥਰਸਟ ਨਾ ਮਿਲਣ ਕਰਕੇ ਜਹਾਜ਼ ਉੱਡ ਨਹੀਂ ਸਕਿਆ ਇਸ ਲਈ ਜਹਾਜ਼ ਜ਼ਿਆਦਾ ਉੱਪਰ ਹੀ ਨਾ ਜਾ ਸਕਿਆ। ਇੱਕ ਵਜ੍ਹਾ ਇਹ ਵੀ ਸਮਝੀ ਜਾ ਰਹੀ ਹੈ ਕਿ ਸਪੀਡ ਸੈਂਸਰ ਠੀਕ ਕੰਮ ਨਹੀਂ ਕਰ ਰਹੇ ਸਨ ਜਿਸ ਦੇ ਚੱਲਦਿਆਂ ਜਹਾਜ਼ ਨੂੰ ਸਪੀਡ ਸਿਸਟਮ ਦਾ ਗ਼ਲਤ ਡਾਟਾ ਮਿਲ ਰਿਹਾ ਹੋਵੇਗਾ। ਜ਼ਿਆਦਾ ਵਜ਼ਨ ਹੋਣ 'ਤੇ ਵੀ ਜਹਾਜ਼ ਉੱਚੀ ਉਡਾਨ ਨਹੀਂ ਭਰ ਸਕਦਾ। ਇਹ ਵੀ ਹੋ ਸਕਦਾ ਹੈ ਕਿ ਉਡਾਨ ਭਰਦਿਆਂ ਹੀ ਕੋਈ ਸਮੱਸਿਆ ਆ ਗਈ ਹੋਵੇ ਜਿਸ ਨੂੰ ਪਾਇਲਟ ਕੰਟਰੋਲ ਨਹੀਂ ਕਰ ਸਕਿਆ ਹੋਵੇਗਾ। ਦੁੱਖ ਤਾਂ ਇਸ ਗੱਲ ਦਾ ਵੀ ਹੈ ਕਿ ਇੱਕ ਇੰਜਨ ਫੇਲ੍ਹ ਹੋਣ ਤੋਂ ਬਾਅਦ ਦੂਸਰਾ ਇੰਜਨ ਵੀ ਸਪੋਰਟ ਨਹੀਂ ਦੇ ਸਕਿਆ ਜਿਹੜਾ ਕਿ ਜਹਾਜ਼ ਦੇ ਥੱਲੇ ਡਿੱਗਣ ਦੀ ਵਜ੍ਹਾ ਬਣਿਆ ਹੋ ਸਕਦਾ ਹੈ। ਪਾਇਲਟ ਦੇ ਮੇ ਡੇ ਦੀ ਕਾਲ ਦੇਣ ਦੇ ਬਾਵਜੂਦ ਜਹਾਜ਼ ਨੂੰ ਗਲਾਈਡ ਕਰਦੇ ਹੋਏ ਨੀਚੇ ਡਿੱਗਦੇ ਦੇਖਿਆ ਗਿਆ ਹੈ। ਕੇਂਦਰ ਨੇ 13 ਮਾਰਚ 2024 ਨੂੰ ਲੋਕ ਸਭਾ ਵਿੱਚ ਇਹ ਮੰਨਿਆ ਸੀ ਕਿ ਤਕਨੀਕੀ ਖ਼ਰਾਬੀ ਦੇ ਚੱਲਦਿਆਂ ਹਰ ਮਹੀਨੇ ਔਸਤ 19 ਉਡਾਨਾਂ ਪ੍ਰਭਾਵਿਤ ਹੁੰਦੀਆਂ ਹਨ। ਸਾਲ 2024 ਵਿੱਚ 229 ਘਟਨਾਵਾਂ ਵਾਪਰੀਆਂ ਸਨ ਜਿਨ੍ਹਾਂ ਵਿੱਚ ਸਭ ਤੋਂ ਵੱਧ 105 ਇੰਡੀਗੋ ਦੇ ਜਹਾਜ਼ ਸ਼ਾਮਲ ਸਨ ਅਤੇ ਏਅਰ ਇੰਡੀਆ ਦੇ ਜਹਾਜ਼ਾਂ ਦੀ ਗਿਣਤੀ 55 ਸੀ। ਭਾਰਤ ਵਿੱਚ ਛੇ ਏਵੀਏਸ਼ਨ ਕੰਪਨੀਆਂ ਹਨ। ਹਰ ਰੋਜ਼ ਪੰਜ ਲੱਖ ਤੋਂ ਵੱਧ ਯਾਤਰੀ 813 ਜਹਾਜ਼ਾਂ ਵਿੱਚ ਸਫ਼ਰ ਕਰਦੇ ਹਨ। ਪਾਰਲੀਮੈਂਟ ਵਿੱਚ 33 ਰਿਪੋਰਟਾਂ ਅਨੁਸਾਰ 105 ਜਹਾਜ਼ 15 ਸਾਲ ਤੋਂ ਜ਼ਿਆਦਾ ਅਤੇ 88 ਜਹਾਜ਼ 10 ਤੋਂ 15 ਸਾਲ ਪੁਰਾਣੇ ਹਨ। ਪੁਰਾਣੇ ਹਵਾਈ ਹਾਦਸਿਆਂ ਦੀ ਗੱਲ ਕਰੀਏ ਤਾਂ 12 ਨਵੰਬਰ 1996 ਨੂੰ ਚਰਖੀ ਦਾਦਰੀ ਵਿਚ ਉਸ ਸਮੇਂ ਹਾਦਸਾ ਵਾਪਰਿਆ ਸੀ ਜਦੋਂ ਸਾਊਦੀ ਅਰਬ ਦੀ ਹਵਾਈ ਸੇਵਾ ਗੋਇੰਗ 747 ਤੇ ਕਜ਼ਾਕਿਸਤਾਨ ਹਵਾਈ ਸੇਵਾ ਦੀ ਉਡਾਨ 1987 ਦੀ ਹਵਾ ਦੇ ਮੱਧ ਵਿੱਚ ਟੱਕਰ ਹੋ ਗਈ ਸੀ। ਇਸ ਵਿੱਚ 348 ਮੁਸਾਫ਼ਰ ਮਾਰੇ ਗਏ ਸਨ। ਸਾਲ 2010 ਵਿੱਚ ਦੁਬਈ ਤੋਂ ਬੈਂਗਲੁਰੂ ਜਾ ਰਹੀ ਏਅਰ ਇੰਡੀਆ ਐਕਸਪ੍ਰੈੱਸ ਦੀ ਉਡਾਨ ਹਵਾਈ ਅੱਡੇ 'ਤੇ ਲੈਂਡ ਕਰਦੇ ਸਮੇਂ ਹਾਦਸੇ ਦਾ ਸ਼ਿਕਾਰ ਹੋ ਗਈ ਸੀ। ਇਸ ਹਾਦਸੇ ਵਿੱਚ 159 ਮੁਸਾਫ਼ਰਾਂ ਦੀ ਜਾਨ ਚਲੀ ਗਈ ਸੀ। ਸਾਲ 1988 ਵਿੱਚ ਇੰਡੀਅਨ ਏਅਰਲਾਈਨਜ਼ ਦੀ ਉਡਾਨ ਅਹਿਮਦਾਬਾਦ ਹਵਾਈ ਅੱਡੇ 'ਤੇ ਉੱਤਰਦੇ ਸਮੇਂ ਹਾਦਸੇ ਦੀ ਸ਼ਿਕਾਰ ਹੋ ਗਈ ਸੀ। ਇਸ ਹਾਦਸੇ ਵਿੱਚ 130 ਵਿਅਕਤੀਆਂ ਦੀ ਮੌਤ ਹੋ ਗਈ ਸੀ। ਇਸੇ ਤਰ੍ਹਾਂ ਜਨਵਰੀ 1979 ਵਿੱਚ ਮੁੰਬਈ ਹਵਾਈ ਅੱਡੇ ਤੋਂ ਉਡਾਨ ਭਰਨ ਤੋਂ ਕੁਝ ਸਮੇਂ ਬਾਅਦ ਹੀ ਏਅਰ ਇੰਡੀਆ ਦੀ ਉਡਾਨ ਅਰਬ ਸਾਗਰ ਵਿੱਚ ਡਿੱਗ ਗਈ ਸੀ ਜਿਸ ਕਾਰਨ 213 ਵਿਅਕਤੀ ਮਾਰੇ ਗਏ ਸਨ।

**(ਬਾਕੀ ਸਫ਼ਾ 31 'ਤੇ)**

# ਲੋਕਤੰਤਰ ਬੁਰੀ ਤਰ੍ਹਾਂ ਬਿਮਾਰ ਕਿਉਂ, ਆਮ ਜਨਤਾ ਨਿਰਾਸ਼ ਕਿਉਂ ?



ਬਲਬੀਰ ਸਿੰਘ ਰਾਜੇਵਾਲ
ਪ੍ਰਧਾਨ ਬੀ. ਕੇ. ਯੂ.

ਆਖਣ ਲਈ ਸਾਡੇ ਦੇਸ਼ ਵਿੱਚ ਲੋਕਰਾਜ ਹੈ। ਇਸੇ ਲਈ ਸਾਡੇ ਦੇਸ਼ ਦੇ ਸੰਵਿਧਾਨ ਘਾੜਿਆਂ ਨੇ ਇਸ ਦੇ ਮੁੱਖ ਬੰਦ ਵਿੱਚ ਹੀ ਲਿਖਿਆ ਹੈ ਕਿ ਭਾਰਤ ਵਿੱਚ 'ਲੋਕਾਂ ਦੀ ਸਰਕਾਰ, ਲੋਕਾਂ ਦੁਆਰਾ ਚੁਣੀ ਹੋਈ ਅਤੇ ਲੋਕਾਂ ਦੇ ਭਲੇ ਲਈ ਕੰਮ ਕਰਨ ਵਾਲੀ ਸਰਕਾਰ ਹੋਵੇਗੀ।' ਇਹ ਦਰੁਸਤ ਹੈ ਕਿ ਸਰਕਾਰ ਨੂੰ ਲੋਕ ਹੀ ਚੁਣਦੇ ਹਨ ਪਰ ਲੋਕਾਂ ਦੁਆਰਾ ਚੁਣੀ ਹੋਈ ਸਰਕਾਰ ਲੋਕਾਂ ਦਾ ਕਿੰਨਾ ਕੁ ਭਲਾ ਕਰਦੀ ਹੈ, ਇਹ ਹਾਲਾਂ ਬੁਝਾਰਤ ਹੀ ਹੈ। ਦੇਸ਼ ਨੂੰ ਆਜ਼ਾਦ ਹੋਇਆ 78 ਵਰ੍ਹੇ ਹੋਣ ਵਾਲੇ ਹਨ। ਅਜੇ ਤੱਕ ਦੇਸ਼ ਗਰੀਬੀ, ਬੇਰੁਜ਼ਗਾਰੀ, ਮਹਿੰਗਾਈ ਵਰਗੀਆਂ ਸਮੱਸਿਆਵਾਂ 'ਚੋਂ ਨਹੀਂ ਨਿਕਲ ਸਕਿਆ। ਅੱਜ ਵੀ ਦੇਸ਼ ਦੇ 81 ਕਰੋੜ ਲੋਕ ਅਰਥਾਤ ਅੱਧੀ ਤੋਂ ਵੱਧ ਵਸੋਂ ਭਾਵ 56 ਫ਼ੀਸਦੀ ਲੋਕ ਸਰਕਾਰ ਦੀ ਆਟਾ ਦਾਲ ਸਕੀਮ 'ਤੇ ਨਿਰਭਰ ਹਨ। ਸੋਮਾਲੀਆ ਵਰਗੇ ਦੇਸ਼ ਤੋਂ ਬਾਅਦ ਭਾਰਤ ਹੀ ਇੱਕ ਅਜਿਹਾ ਦੇਸ਼ ਹੈ, ਜਿੱਥੇ ਵੱਡੀ ਗਿਣਤੀ ਵਿੱਚ ਕੁਪੋਸ਼ਣ ਦੇ ਸ਼ਿਕਾਰ ਬੱਚੇ ਭੁੱਖ ਕਾਰਨ ਮੌਤ ਦੇ ਮੂੰਹ ਵਿੱਚ ਜਾਂਦੇ ਹਨ। ਇਹ ਨਹੀਂ ਕਿ ਦੇਸ਼ ਵਿੱਚ ਅੰਨ ਦੀ ਕਮੀ ਹੈ, ਅਸਲ ਵਿੱਚ ਬੇਰੁਜ਼ਗਾਰੀ ਤੇ ਘੋਰ ਗਰੀਬੀ ਕਾਰਨ ਉਨ੍ਹਾਂ ਦੀ ਖਰੀਦ ਸ਼ਕਤੀ ਹੀ ਖ਼ਤਮ ਹੋ ਚੁੱਕੀ ਹੈ। ਸਰਕਾਰ ਲੋਕਾਂ ਨੂੰ ਜੀਵਨ ਨਿਰਬਾਹ ਲਈ ਰੁਜ਼ਗਾਰ ਦੇਣ ਵਿੱਚ ਬੁਰੀ ਤਰ੍ਹਾਂ ਫ਼ੇਲ੍ਹ ਹੋਈ ਹੈ। ਉਲਟਾ ਆਟਾ ਦਾਲ ਸਕੀਮ ਨੂੰ ਇਸ ਤਰ੍ਹਾਂ ਪ੍ਰਚਾਰਿਆ ਜਾ ਰਿਹਾ ਹੈ, ਜਿਵੇਂ ਇਹ ਸਰਕਾਰ ਦੀ ਇਹ ਬਹੁਤ ਵੱਡੀ ਪ੍ਰਾਪਤੀ ਹੋਵੇ।

ਅੱਜ ਅਸੀਂ ਸੱਚਮੁੱਚ ਬਿਮਾਰ ਲੋਕਰਾਜ ਵਿੱਚ ਜੀਅ ਰਹੇ ਹਾਂ। ਦੇਸ਼ ਦੇ ਰਾਜਨੇਤਾਵਾਂ ਨੂੰ ਲੋਕਾਂ ਦੀਆਂ ਇਨ੍ਹਾਂ ਗੰਭੀਰ ਸਮੱਸਿਆਵਾਂ ਦੀ ਕੋਈ ਪ੍ਰਵਾਹ ਨਹੀਂ। ਅੱਜ ਰਾਜਨੀਤੀ ਸੇਵਾ ਨਹੀਂ, ਵਪਾਰ ਬਣ ਗਈ ਹੈ। ਜਦੋਂ ਨਵੀਂ ਸਰਕਾਰ ਚੁਣਨ ਲਈ ਰਾਜਸੀ ਪਾਰਟੀਆਂ ਲੋਕਾਂ ਕੋਲ ਵੋਟਾਂ ਮੰਗਣ ਜਾਂਦੀਆਂ ਹਨ, ਉਸ ਵੇਲੇ ਹਰ ਪਾਰਟੀ ਅਜਿਹਾ ਉਮੀਦਵਾਰ ਚੁਣਦੀ ਹੈ ਜੋ ਆਪਣੀ ਸੀਟ ਜਿੱਤ ਸਕੇ। ਸੀਟ ਜਿੱਤਣ ਲਈ ਉਸ ਕੋਲ ਮਜ਼ਬੂਤ ਆਰਥਿਕ ਸਾਧਨ ਅਰਥਾਤ ਚੋਣ ਖਰਚ ਲਈ ਵੱਡੀ ਰਕਮ ਹੋਣੀ ਜ਼ਰੂਰੀ ਹੈ। ਅੱਜ ਚੋਣ ਲੜਨਾ ਆਮ ਆਦਮੀ ਦੇ ਵੱਸ ਦਾ ਰੋਗ ਨਹੀਂ। ਰਾਜਨੀਤੀ ਜਦੋਂ ਵਪਾਰ ਬਣ ਗਈ ਹੈ ਤਾਂ ਚੋਣਾਂ ਲੜਨ ਵਾਲੇ ਲੋਕ ਕਰੋੜਾਂ ਰੁਪਏ ਖਰਚ ਕੇ ਚੋਣ ਜਿੱਤਦੇ ਹਨ। ਇਹ ਉਨ੍ਹਾਂ ਵੱਲੋਂ ਰਾਜਸੀ ਵਪਾਰ ਵਿੱਚ ਨਿਵੇਸ਼ ਕੀਤਾ ਪੈਸਾ ਹੈ, ਉਹ ਚੋਣਾਂ ਜਿੱਤ ਕੇ ਇਸ ਤੋਂ ਕਈ ਗੁਣਾ ਵਧ ਕਮਾਈ ਕਰਨਾ ਆਪਣਾ ਅਧਿਕਾਰ ਸਮਝਦੇ ਹਨ। ਵੋਟਾਂ ਪੈਣ ਤੋਂ ਤੁਰੰਤ ਬਾਅਦ ਉਹ ਆਮ ਲੋਕਾਂ ਨੂੰ ਆਪਣੀ ਰਿਆਇਆ ਸਮਝਣ ਲੱਗਦੇ ਹਨ।

ਸਾਡੇ ਲੋਕ ਵੀ ਸਵਾਰਥੀ ਹੋ ਗਏ ਹਨ। ਕਿਸੇ ਵੀ ਰਾਜਸੀ ਧਿਰ ਨੇ ਲੋਕਾਂ ਦਾ ਕੌਮੀ ਕਿਰਦਾਰ ਮਜ਼ਬੂਤ ਬਣਾਉਣ ਵੱਲ ਕੋਈ ਕਦਮ ਨਹੀਂ ਪੁੱਟੇ। ਅਸਲ ਵਿੱਚ ਰਾਜਨੀਤੀ ਵੀ ਪੁਸ਼ਤੈਨੀ ਧੰਦਾ ਬਣ ਗਈ ਹੈ। ਹਰ ਰਾਜਨੇਤਾ ਚਾਹੁੰਦਾ ਹੈ ਕਿ ਲੋਕ ਗਰਜ਼ਮੰਦ ਹੋਣ ਤਾਂ ਜੋ ਉਨ੍ਹਾਂ ਦੀਆਂ ਗਰਜ਼ਾਂ ਨੂੰ ਵੋਟਾਂ ਲੈਣ ਲਈ ਵਰਤਿਆ ਜਾ ਸਕੇ। ਕੁਝ ਲੋਕ ਚੋਣਾਂ ਵੇਲੇ ਵੋਟ ਵੇਚਦੇ ਵੀ ਹਨ। ਅਸੀਂ ਉਮੀਦਵਾਰ ਜਾਂ ਉਸ ਦੀ ਪਾਰਟੀ ਦੇ ਪ੍ਰੋਗਰਾਮ ਅਰਥਾਤ ਚੋਣ ਮਨੋਰਥ ਪੱਤਰ ਉਮੀਦਵਾਰ ਦੀ ਕਾਬਲੀਅਤ ਨੂੰ ਵੋਟ ਨਹੀਂ ਪਾਉਂਦੇ, ਸਗੋਂ ਪੈਸੇ ਜਾਂ ਸ਼ਰਾਬ ਆਦਿ ਲਈ ਵੀ ਵੋਟਾਂ ਪਾ ਦਿੰਦੇ ਹਾਂ। ਰਾਜਸੀ ਪਾਰਟੀਆਂ ਚੋਣਾਂ ਸਮੇਂ ਲੋਕਾਂ




ਨੂੰ ਲੁਭਾਉਣੇ ਨਾਅਰੇ ਦੇ ਕੇ ਵੀ ਫ਼ਸਾਉਂਦੀਆਂ ਹਨ। ਅਸੀਂ ਰਿਸ਼ਤੇਦਾਰਾਂ ਜਾਂ ਹਲਕੇ ਦੇ ਚੌਧਰੀਆਂ ਦੇ ਦਬਾਅ ਹੇਠ ਵੀ ਵੋਟ ਪਾਉਂਦੇ ਹਾਂ। ਰਾਜਸੀ ਪਾਰਟੀਆਂ ਚੋਣਾਂ ਸਮੇਂ ਲੋਕਾਂ ਨੂੰ ਮੂਰਖ ਬਣਾਉਣ ਲਈ ਵੱਡੇ-ਵੱਡੇ ਜੁਮਲੇ ਵੀ ਛੱਡਦੀਆਂ ਹਨ।

ਅੱਜ ਸਾਡੇ ਸਮਾਜ ਵਿੱਚ ਅੱਤਾਂ ਦੀ ਬੇਰੁਜ਼ਗਾਰੀ ਹੈ। ਕਹਿਣ ਨੂੰ ਸਾਡਾ ਦੇਸ਼ ਨੌਜਵਾਨਾਂ ਦਾ ਦੇਸ਼ ਹੈ। ਦੇਸ਼ ਦੀ 65 ਫ਼ੀਸਦੀ ਤੋਂ ਵੱਧ ਆਬਾਦੀ ਨੌਜਵਾਨਾਂ ਦੀ ਹੈ। ਪਰ ਸੱਤਾ ਵਿੱਚ ਆ ਕੇ ਕਿਸੇ ਵੀ ਸੱਤਾਧਾਰੀ ਪਾਰਟੀ ਨੇ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਲਈ ਕੋਈ ਖ਼ਾਸ ਉਪਰਾਲੇ ਨਹੀਂ ਕੀਤੇ। ਹੁਣ ਤਾਂ ਸਾਡਾ ਢਾਂਚਾ ਹੀ ਬਦਲ ਗਿਆ ਹੈ। ਚੋਣਾਂ ਵਿੱਚ ਵੱਡੇ-ਵੱਡੇ ਧਨਾਢ ਕਾਰਪੋਰੇਟ ਘਰਾਣੇ ਰਾਜਸੀ ਪਾਰਟੀਆਂ 'ਤੇ ਮੋਟਾ ਧਨ ਖਰਚਣ ਲੱਗੇ ਹਨ। ਸ਼ਾਇਦ ਇਸੇ ਲਈ ਜੋ ਵੀ ਸੱਤਾ ਹਾਸਿਲ ਕਰਨ ਵਿੱਚ ਸਫ਼ਲ ਹੋ ਜਾਂਦੇ ਹਨ, ਉਹ ਆਪਣੀ ਕਮਾਈ ਕਰਨ ਤੋਂ ਇਲਾਵਾ ਦੇਸ਼ ਲਈ ਨੀਤੀਆਂ ਘੜਨ ਸਮੇਂ ਕਾਰਪੋਰੇਟ ਪੱਖੀ ਨੀਤੀਆਂ ਹੀ ਘੜਦੇ ਹਨ। ਉਹ ਸੱਤਾ ਦੇ ਪੰਜ ਸਾਲਾਂ ਦੌਰਾਨ ਲੋਕਾਂ ਨੂੰ ਲੁੱਟਦੇ ਵੀ ਹਨ ਤੇ ਕੁੱਟਦੇ ਵੀ ਹਨ। ਕਦੀ ਸੋਚੋ ਕਿ ਪਿਛਲੀਆਂ ਚੋਣਾਂ ਵਿਚ ਹਰ ਸਾਲ ਦੋ ਕਰੋੜ ਨੌਕਰੀ ਦੇਣ ਦਾ ਵਾਅਦਾ ਕਰਨ ਵਾਲੀ ਕੇਂਦਰ ਦੀ ਭਾਜਪਾ ਸਰਕਾਰ ਨੇ ਕਿੰਨਾ ਕੁ ਰੁਜ਼ਗਾਰ ਸਾਡੇ ਨੌਜਵਾਨਾਂ ਨੂੰ ਦਿੱਤਾ ਹੈ ? ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਵਾਅਦਾ ਕਿੰਨਾ ਕੁ ਨਿਭਾਇਆ ਹੈ। ਇਸ ਸਾਲ ਝੋਨੇ ਦੇ ਸਮਰਥਨ ਮੁੱਲ ਵਿਚ ਸਿਰਫ਼ 69 ਰੁਪਏ ਕੁਇੰਟਲ ਦਾ ਵਾਧਾ ਕੀਤਾ ਗਿਆ ਹੈ, ਜੇਕਰ ਭਰਪੂਰ ਝਾੜ ਵਾਲੀ ਫ਼ਸਲ ਵੀ ਹੋਵੇ ਤਾਂ ਇਕ ਕਿਸਾਨ ਨੂੰ ਵੱਧ ਤੋਂ ਵੱਧ 2000 ਰੁਪਏ ਪ੍ਰਤੀ ਏਕੜ ਵੱਧ ਮਿਲਣਗੇ। ਇਹ ਵਾਧਾ ਪਿਛਲੇ ਸਾਲ ਨਾਲੋਂ 3 ਫ਼ੀਸਦੀ ਵੱਧ ਹੈ ਜੋ 7 ਫ਼ੀਸਦੀ ਮਹਿੰਗਾਈ ਦਰ ਵੀ ਪੂਰਾ ਨਹੀਂ ਕਰਦਾ। ਝੋਨੇ ਦਾ ਭਾਅ ਦਾ ਐਲਾਨ ਕਰਨ ਤੋਂ ਬਾਅਦ ਸਰਕਾਰ ਨੇ ਐਨ.ਪੀ.ਕੇ. ਅਤੇ ਪੋਟਾਸ਼ ਖਾਦਾਂ ਦੇ ਰੇਟ ਵਿੱਚ ਭਾਰੀ ਵਾਧਾ ਕਰ ਦਿੱਤਾ ਹੈ। ਪਿਛਲੇ ਸਾਲ ਨਾਲੋਂ ਇਸ ਸਾਲ ਝੋਨਾ ਲਾਉਣ ਦੀ ਮਜ਼ਦੂਰੀ ਹੀ 700 ਰੁਪਏ ਪ੍ਰਤੀ ਏਕੜ ਵਧ ਗਈ ਹੈ।

ਪਿਛਲੀ ਵਾਰ ਪੰਜਾਬ ਵਿੱਚ ਲੋਕਾਂ ਨੇ ਰਵਾਇਤੀ ਪਾਰਟੀਆਂ ਨੂੰ ਨਕਾਰ ਕੇ ਆਮ ਆਦਮੀ ਪਾਰਟੀ ਨੂੰ ਸੱਤਾ ਸੌਂਪੀ ਸੀ, ਬਦਲਾਓ ਦਾ ਇਹ ਤਜਰਬਾ ਪੰਜਾਬੀਆਂ ਲਈ ਬੇਹੱਦ ਤਲਖ ਸਿੱਧ ਹੋਇਆ ਹੈ। ਮੁੱਖ ਮੰਤਰੀ ਤੋਂ ਲੈ ਕੇ ਪ੍ਰਧਾਨ ਮੰਤਰੀ ਤੱਕ ਜੁਮਲਿਆਂ ਨਾਲ ਲੋਕਾਂ ਨੂੰ ਮੂਰਖ ਬਣਾਉਣਾ ਆਮ ਗੱਲ ਹੈ। ਜਾਤ-ਪਾਤ, ਧਰਮ ਆਦਿ ਦਾ ਸਹਾਰਾ ਰਾਜਨੀਤੀ ਦਾ ਅਹਿਮ ਲੱਛਣ ਬਣ ਗਿਆ ਹੈ। ਰਾਜਨੇਤਾ ਜਦੋਂ ਸੱਤਾ ਵਿੱਚ ਹੁੰਦੇ ਹਨ ਤਾਂ ਨਸ਼ੇ ਤੇ ਮਾਈਨਿੰਗ ਵਰਗੇ ਧੰਦੇ ਉਨ੍ਹਾਂ ਦੀ ਕਮਾਈ ਦਾ ਵੱਡਾ ਸਰੋਤ ਹੁੰਦੇ ਹਨ। ਅੱਜ ਹਰ ਵਿਧਾਇਕ ਤੇ ਮੰਤਰੀ ਮਾਇਆ ਇਕੱਠੀ ਕਰਨ ਲੱਗਾ ਹੋਇਆ ਹੈ। ਆਮ ਲੋਕ ਪ੍ਰੇਸ਼ਾਨ ਹਨ ਤੇ ਭ੍ਰਿਸ਼ਟਾਚਾਰ ਨੇ ਲੋਕਾਂ ਦੇ ਨੱਕ ਵਿੱਚ ਦਮ ਕੀਤਾ ਹੋਇਆ ਹੈ। ਬਿਨਾਂ ਜੇਬ ਗਰਮ ਕੀਤਿਆਂ ਸਰਕਾਰੇ ਦਰਬਾਰੇ ਕਿਸੇ ਨੂੰ ਕੋਈ ਰਾਹਤ ਨਹੀਂ ਮਿਲਦੀ। ਰਿਸ਼ਵਤ ਦੀ ਇਸ ਮੋਟੀ ਕਮਾਈ ਵਿੱਚ ਧੁਰ ਉਪਰ ਤੱਕ ਹਿੱਸਾ ਜਾਂਦਾ ਹੈ।

ਅੱਜ ਅਮਨ-ਕਾਨੂੰਨ ਦੀ ਸਥਿਤੀ ਲੋਕਾਂ ਲਈ ਜੀਅ ਦਾ ਜੰਜਾਲ ਬਣ ਗਈ ਹੈ। ਦਿਨ ਦਿਹਾੜੇ ਲੁੱਟਾਂ-ਖੋਹਾਂ ਹੋ ਰਹੀਆਂ ਹਨ। ਕਾਰੋਬਾਰੀ ਲੋਕਾਂ ਨੂੰ ਫ਼ਿਰੌਤੀ ਲਈ ਧਮਕੀਆਂ ਦੇਣੀਆਂ ਆਮ ਗੱਲ ਹੋ ਗਈ ਹੈ। ਵਿਹਲੜ ਮੁੰਡੇ ਜਾਂ ਤਾਂ ਨਸ਼ਿਆਂ ਦੇ ਵਪਾਰ ਵਿੱਚ ਲਿਪਤ ਹਨ ਜਾਂ ਫ਼ਿਰ ਗੈਂਗਸਟਰਾਂ ਦੇ ਗਰੁੱਪ ਬਣਾ ਕੇ ਸ਼ਰੇਆਮ ਗੋਲੀਆਂ ਚਲਾ ਰਹੇ ਹਨ। ਪੰਜਾਬ ਦਾ ਧਰਤੀ ਹੇਠਲਾ ਪਾਣੀ ਕੈਂਸਰ ਯੁਕਤ ਹੋ ਗਿਆ ਹੈ। ਜਲਦੀ ਹੀ ਪੀਣ ਵਾਲਾ ਇਹ ਪਾਣੀ ਖਤਮ ਹੋਣ ਵਾਲਾ ਹੈ। ਸੱਤਾਧਾਰੀਆਂ ਨੂੰ ਜੁਮਲੇ ਛੱਡਣ ਤੋਂ ਹੀ ਵਿਹਲ ਨਹੀਂ। ਪਾਣੀ ਦੂਸ਼ਿਤ ਕਰਨ ਵਾਲਿਆਂ ਨੂੰ ਕਾਨੂੰਨ ਵਿੱਚ ਸੋਧ ਕਰਕੇ ਲੋਕਾਂ ਨੂੰ ਕੈਂਸਰ ਵਰਗੀਆਂ ਬਿਮਾਰੀਆਂ ਵਿੱਚ ਵਾਧਾ ਕਰਨ ਦੀ ਖੁੱਲ੍ਹੀ ਛੁੱਟੀ ਦੇ ਦਿੱਤੀ ਗਈ ਹੈ। ਪੰਜਾਬ ਦਾ ਕਾਗਜ਼ੀ ਵਿਕਾਸ ਬਹੁਤ ਹੋ ਰਿਹਾ ਹੈ। ਪੰਜਾਬ ਸਿਰ ਕਰਜ਼ਾ ਵਧਦਾ ਜਾ ਰਿਹਾ ਹੈ। ਪਹਿਲਾਂ ਕੇਂਦਰ ਦੀ ਭਾਰਤਮਾਲਾ ਸਕੀਮ ਅਧੀਨ ਤੇ ਹੁਣ ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਸਕੀਮ ਅਧੀਨ ਪੰਜਾਬ ਦੀ ਲੱਖਾਂ ਏਕੜ ਜ਼ਮੀਨ ਖੋਹ ਕੇ ਹਜ਼ਾਰਾਂ ਕਿਸਾਨ ਪਰਿਵਾਰਾਂ ਨੂੰ ਬੇਰੁਜ਼ਗਾਰ ਕਰਨ ਦੀ ਤਿਆਰੀ ਹੈ।

ਅਸਲ ਵਿੱਚ ਅੱਜ ਅਸੀਂ ਬਿਮਾਰ ਲੋਕਤੰਤਰ ਵਿੱਚ ਦਿਨ ਕਟੀ ਕਰ ਰਹੇ ਹਾਂ। ਜੇ ਭਵਿੱਖ ਬਚਾਉਣਾ ਹੈ ਤਾਂ ਲੋਕਾਂ ਨੂੰ ਆਪਣੀ ਵੋਟ ਦੀ ਕੀਮਤ ਸਮਝਣੀ ਪਵੇਗੀ। ਸ਼ਰਾਬ ਤੇ ਪੈਸਿਆਂ ਲਈ ਵੋਟ ਵੇਚਣਾ ਬੰਦ ਕਰਨਾ ਪਵੇਗਾ। ਪਾਰਟੀਆਂ ਦੇ ਚੋਣਾਂ ਸਮੇਂ ਕੀਤੇ ਝੂਠੇ ਵਾਅਦਿਆਂ ਨੂੰ ਘੋਖਣਾ ਸਿੱਖਣਾ ਪਵੇਗਾ। ਆਪਣੇ ਭਵਿੱਖ ਲਈ ਲੜਨਾ ਸਿੱਖਣਾ ਪਵੇਗਾ। ਪੁਸ਼ਤੈਨੀ ਰਾਜਨੇਤਾਵਾਂ ਤੋਂ ਬਚਣਾ ਪਵੇਗਾ। ਧਰਮ ਤੇ ਜਾਤ ਦੇ ਨਾਂਅ 'ਤੇ ਲੋਕਾਂ ਵਿੱਚ ਵੰਡੀਆਂ ਪਾਉਣ ਵਾਲੀ ਰਾਜਨੀਤੀ ਕਰਨ ਵਾਲਿਆਂ ਨੂੰ ਦਰਕਿਨਾਰ ਕਰਨਾ ਪਵੇਗਾ। ਅੱਜ ਹਾਲਾਤ ਬਹੁਤ ਚਿੰਤਾਜਨਕ ਹਨ। ਰਾਜਨੇਤਾ ਜੰਗਾਂ ਦਾ ਵੀ ਮੁੱਲ ਵੱਟਣਾ ਚਾਹੁੰਦੇ ਹਨ। ਲੋਕਾਂ ਵਿੱਚ ਆਪਸੀ ਝਗੜੇ ਕਰਵਾ ਕੇ ਸੱਤਾ 'ਤੇ ਕਾਬਜ਼ ਰਹਿਣਾ ਚਾਹੁੰਦੇ ਹਨ। ਅੱਜ ਦੇ ਕਾਰਪੋਰੇਟ ਯੁੱਗ ਵਿੱਚ ਲੋਕਾਂ ਦੀ ਕਿਸੇ ਵੀ ਸੱਤਾਧਾਰੀ ਨੂੰ ਪ੍ਰਵਾਹ ਨਹੀਂ। ਸੱਤਾਧਾਰੀ ਤਾਂ ਲੋਕਾਂ ਵਿੱਚ ਬਖੇੜੇ ਖੜ੍ਹੇ ਕਰ ਕੇ ਆਪਣਾ ਸਿਆਸੀ ਮਾਰਗ ਪੱਧਰਾ ਰੱਖਣਾ ਚਾਹੁੰਦੇ ਹਨ। ਇਹ ਅਮਲ ਆਮ ਲੋਕਾਂ ਦਾ ਜਿਉਣਾ ਦੁੱਭਰ ਕਰ ਦੇਵੇਗਾ। ਅੱਜ ਦਾ ਲੋਕਤੰਤਰ ਬਹੁਤ ਬੁਰੀ ਤਰ੍ਹਾਂ ਬਿਮਾਰ ਹੋ ਚੁੱਕਾ ਹੈ, ਇਸ ਵਿਚ ਆਮ ਜਨਤਾ ਗਾਇਬ ਹੈ। ਆਓ, ਇੱਕਠੇ ਹੋ ਕੇ ਸਮਝੀਏ। ਸਾਡਾ ਭਵਿੱਖ ਬਹੁਤ ਖ਼ਤਰਨਾਕ ਦੌਰ ਵਿੱਚ ਦਾਖ਼ਲ ਹੋ ਰਿਹਾ ਹੈ।

# ਭਾਰਤ 'ਚ ਕਿਉਂ ਚੱਲ ਰਿਹਾ ਹੈ ਦੁੱਧ 'ਚ ਮਿਲਾਵਟਖੋਰੀ ਦਾ ਧੰਦਾ

ਦਲਜੀਤ ਰਾਏ ਕਾਲੀਆ

1998 ਤੋਂ ਭਾਰਤ ਪੂਰੇ ਵਿਸ਼ਵ ਦੇ ਦੁੱਧ ਉਤਪਾਦਕ ਦੇਸ਼ਾਂ ਵਿੱਚੋਂ ਪਹਿਲੇ ਸਥਾਨ 'ਤੇ ਚਲਿਆ ਆ ਰਿਹਾ ਹੈ। ਵਰਤਮਾਨ ਸਮੇਂ ਭਾਰਤ ਦਾ ਵਿਸ਼ਵ ਦੇ ਦੁੱਧ ਉਤਪਾਦਨ ਵਿੱਚ ਯੋਗਦਾਨ 24.76% ਹੈ। ਭਾਰਤ ਵਿੱਚ ਦੁੱਧ ਦੀ ਉਪਲਬਧਤਾ 471 ਗਰਾਮ ਪ੍ਰਤੀ ਦਿਨ ਪ੍ਰਤੀ ਵਿਅਕਤੀ ਹੈ, ਜਦੋਂ ਕਿ ਵਿਸ਼ਵ ਵਿੱਚ ਦੁੱਧ ਦੀ ਉਪਲਬਧਤਾ 329 ਗ੍ਰਾਮ ਪ੍ਰਤੀ ਵਿਅਕਤੀ ਪ੍ਰਤੀ ਦਿਨ ਹੈ। ਵਿੱਤੀ ਸਾਲ 2023-24 ਦੌਰਾਨ ਦੇਸ਼ ਵਿੱਚ ਦੁੱਧ ਦਾ ਕੁੱਲ ਉਤਪਾਦਨ 239.30 ਮਿਲੀਅਨ ਮੈੱਟਰਿਕ ਟੰਨ ਸੀ, ਜੋ ਪਿਛਲੇ ਦਹਾਕੇ ਦੀ ਤੁਲਨਾ ਵਿੱਚ 65.56% ਜ਼ਿਆਦਾ ਸੀ। ਕੇਂਦਰ ਸਰਕਾਰ ਵੱਲੋਂ ਨਵੰਬਰ 2024 ਵਿੱਚ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ ਭਾਰਤ ਦਾ ਦੁੱਧ ਉਤਪਾਦਨ ਵਿੱਤੀ ਵਰ੍ਹੇ 2023-24 ਦੌਰਾਨ 3.78% ਵਧਿਆ ਹੈ। ਭਾਰਤ ਵਿੱਚ ਉੱਤਰ ਪ੍ਰਦੇਸ਼ ਦਾ ਰਾਜ ਦੁੱਧ ਉਤਪਾਦਨ ਦੇ ਖੇਤਰ ਵਿੱਚ ਮੋਹਰੀ ਹੈ, ਜਿੱਥੇ 2023-24 ਦੇ ਵਿੱਤੀ ਸਾਲ ਦੌਰਾਨ ਦੁੱਧ ਦਾ ਉਤਪਾਦਨ 38.78 ਮਿਲੀਅਨ ਮੈੱਟਰਿਕ ਟੰਨ ਹੋਇਆ ਸੀ। ਦੇਸ਼ ਵਿੱਚ ਦੁੱਧ ਉਤਪਾਦਨ ਦੇ ਖੇਤਰ ਵਿੱਚ ਰਾਜਸਥਾਨ ਦਾ ਨੰਬਰ ਦੂਸਰਾ ਹੈ ਅਤੇ ਫ਼ਿਰ ਕਰਮਵਾਰ ਮੱਧ ਪ੍ਰਦੇਸ਼, ਗੁਜਰਾਤ, ਆਂਧਰਾ ਪ੍ਰਦੇਸ਼, ਮਹਾਰਾਸ਼ਟਰ ਅਤੇ ਪੰਜਾਬ ਆਉਂਦੇ ਹਨ।ਪੰਜਾਬ ਰਾਜ ਵਿੱਚ 2019-20 ਦੇ ਵਿੱਤੀ ਸਾਲ ਦੌਰਾਨ 132.72 ਲੱਖ ਟਨ ਦੁੱਧ ਦਾ ਉਤਪਾਦਨ ਹੋਇਆ ਸੀ, ਜੋ ਵਿੱਤੀ ਸਾਲ 2023-24 ਦੌਰਾਨ ਵਧ ਕੇ 139.11 ਲੱਖ ਟੰਨ ਹੋ ਗਿਆ ਸੀ। ਵਿੱਤੀ ਸਾਲ 2023-24 ਦੌਰਾਨ ਪੰਜਾਬ ਸਰਕਾਰ ਦੇ ਅਦਾਰੇ ਮਿਲਕ ਫ਼ੈਡ ਨੇ ਪ੍ਰਤੀ ਦਿਨ 20.01 ਲੀਟਰ ਲੱਖ ਲੀਟਰ ਦੁੱਧ ਦੀ ਖਰੀਦ ਕੀਤੀ ਸੀ, ਜੋ ਕਿ ਵਿੱਤੀ ਸਾਲ 2022-23 ਦੇ ਮੁਕਾਬਲੇ 9.4 ਫ਼ੀਸਦ ਵੱਧ ਸੀ। ਇਸੇ ਤਰ੍ਹਾਂ ਵਿੱਤੀ ਸਾਲ 2023-24 ਦੌਰਾਨ ਮਿਲਕ ਫ਼ੈਡ ਨੇ ਪ੍ਰਤੀ ਦਿਨ 12.66 ਲੱਖ ਲੀਟਰ ਪੈਕਟਾਂ ਵਾਲਾ ਦੁੱਧ ਵੇਚਿਆ ਸੀ, ਜਦੋਂ ਕਿ 2022-23 ਦੌਰਾਨ ਪੈਕਟਾਂ ਵਾਲੇ ਦੁੱਧ ਦੀ ਪ੍ਰਤੀ ਦਿਨ ਵਿਕਰੀ 12.01 ਲਿਟਰ ਰਹੀ ਸੀ।

ਬੀਤੇ ਸਮੇਂ ਦੌਰਾਨ ਭਾਰਤ ਸਰਕਾਰ ਦੇ ਪਸ਼ੂ ਪਾਲਣ ਅਤੇ ਡੇਅਰੀ ਵਿਭਾਗ ਵੱਲੋਂ ਰਾਸ਼ਟਰੀ ਯੋਜਨਾ ਫ਼ੇਜ਼-1 ਅਧੀਨ ਭਾਰਤ ਵਿੱਚ ਦੁੱਧ ਅਤੇ ਦੁੱਧ ਉਤਪਾਦਾਂ ਦੀ ਮੰਗ 'ਤੇ ਇੱਕ ਅਧਿਐਨ ਕੀਤਾ ਗਿਆ ਸੀ, ਜਿਸ ਅਨੁਸਾਰ ਸਾਲ 2030 ਲਈ ਦੇਸ਼ ਵਿੱਚ ਦੁੱਧ ਅਤੇ ਦੁੱਧ ਉਤਪਾਦਾਂ ਦੀ ਮੰਗ 266.5 ਮਿਲੀਅਨ ਮੈੱਟਰਿਕ ਟੰਨ ਹੋਣ ਦਾ ਅਨੁਮਾਨ ਹੈ।



40-50 ਸਾਲ ਪਹਿਲਾਂ ਪੰਜਾਬ ਦੇ ਹਰ ਪੇਂਡੂ ਘਰ ਵਿੱਚ ਲਵੇਰਾ ਆਮ ਹੁੰਦਾ ਸੀ। ਦੁੱਧ ਦੇਣ ਵਾਲੇ ਪਸ਼ੂਆਂ ਨੂੰ ਕਿਸਾਨ ਆਪਣੀਆਂ ਘਰੇਲੂ ਜ਼ਰੂਰਤਾਂ ਅਤੇ ਇੱਕ ਸਹਾਇਕ ਧੰਦੇ ਵਜੋਂ ਪਾਲਦੇ ਸਨ। ਦੁਧਾਰੂ ਪਸ਼ੂਆਂ ਵਿੱਚ ਆਮ ਕਰਕੇ ਮੱਝਾਂ, ਦੇਸੀ ਗਾਵਾਂ ਅਤੇ ਵਿਦੇਸ਼ੀ ਗਾਵਾਂ ਨੂੰ ਰੱਖਿਆ ਜਾਂਦਾ ਹੈ, ਭਾਵੇਂ ਕਿ ਬੱਕਰੀਆਂ ਦਾ ਦੁੱਧ ਵੀ ਬਹੁਤ ਗੁਣਕਾਰੀ ਸਮਝਿਆ ਜਾਂਦਾ ਹੈ ਅਤੇ ਆਮ ਲੋਕਾਂ ਦਾ ਵਿਚਾਰ ਹੈ ਕਿ ਇਹ ਪਲੇਟਲੈਟਸ ਸੈੱਲਾਂ ਨੂੰ ਵਧਾਉਣ ਵਿੱਚ ਬਹੁਤ ਕਾਰਗਰ ਸਿੱਧ ਹੁੰਦਾ ਹੈ। ਸਾਲ 1992 ਵਿੱਚ ਪੰਜਾਬ ਵਿੱਚ 60.08 ਲੱਖ ਮੱਝਾਂ ਸਨ ਤੇ ਸਾਲ 1997 ਤਕ ਇਨ੍ਹਾਂ ਦੀ ਗਿਣਤੀ ਥੋੜ੍ਹੀ ਵਧ ਕੇ 61.71 ਲੱਖ ਤਕ ਪੁੱਜ ਗਈ ਸੀ, ਪਿੱਛੋਂ ਲਗਾਤਾਰ ਗਿਰਾਵਟ ਆਉਣੀ ਜਾਰੀ ਰਹੀ ਹੈ। ਸਾਲ 2007 ਵਿੱਚ ਪੰਜਾਬ ਵਿੱਚ ਮੱਝਾਂ ਦੀ ਗਿਣਤੀ 50.01 ਲੱਖ ਰਹਿ ਗਈ ਸੀ। 2019 ਵਿੱਚ ਹੋਈ 20ਵੀਂ ਪਸ਼ੂ ਧਨ ਗਣਨਾ ਸਮੇਂ ਪੰਜਾਬ ਵਿੱਚ ਮੱਝਾਂ ਦੀ ਗਿਣਤੀ 40.15 ਲੱਖ ਸੀ। ਪਰ 21ਵੀਂ ਪਸ਼ੂ ਧਨ ਗਣਨਾ ਜੋ ਦੇਸ਼ ਵਿੱਚ 25 ਅਕਤੂਬਰ 2024 ਤੋਂ ਸ਼ੁਰੂ ਹੋਈ ਸੀ, ਸਮੇਂ ਪੰਜਾਬ ਵਿੱਚ ਹੋਈ ਪਸ਼ੂ ਧਨ ਗਣਨਾ ਦੇ ਮੁਢਲੇ ਅੰਕੜਿਆਂ ਅਨੁਸਾਰ ਪੰਜਾਬ ਵਿੱਚ ਹੁਣ ਮੱਝਾਂ ਦੀ ਗਿਣਤੀ ਹੋਰ ਘਟ ਕੇ 34.93 ਲੱਖ ਦੇ ਕਰੀਬ ਹੀ ਰਹਿ ਗਈ ਹੈ। ਅੰਕੜਿਆਂ ਅਨੁਸਾਰ 1997 ਤੋਂ ਲੈ ਕੇ 2025 ਦੇ ਸ਼ੁਰੂ ਤਕ ਪੰਜਾਬ ਵਿੱਚ ਮੱਝਾਂ ਦੀ ਗਿਣਤੀ 26.78 ਲੱਖ ਘਟੀ ਹੈ। ਪੰਜਾਬ ਪਸ਼ੂ ਪਾਲਣ ਵਿਭਾਗ ਦੇ ਮੁਢਲੇ ਅੰਕੜਿਆਂ ਅਨੁਸਾਰ ਸਮੁੱਚੇ ਪਸ਼ੂ ਧਨ ਵਿੱਚ 5.78 ਲੱਖ ਦੀ ਕਮੀ ਆਈ ਹੈ। ਦੁਧਾਰੂ ਪਸ਼ੂਆਂ ਦੀ ਗਿਣਤੀ ਵਿੱਚ ਕਮੀ ਆਉਣ ਸਦਕਾ ਦੁੱਧ ਦੇ ਉਤਪਾਦਨ ਵਿੱਚ ਗਿਰਾਵਟ ਆਉਣਾ ਸੁਭਾਵਿਕ ਹੀ ਹੈ। ਗਰਮੀਆਂ ਦੀ ਰੁੱਤ ਦੌਰਾਨ ਦੁੱਧ ਉਤਪਾਦਨ ਵਿੱਚ ਹੋਰ ਵੀ ਕਮੀ ਆ ਜਾਂਦੀ ਹੈ। ਦੁੱਧ ਦੇ ਉਤਪਾਦਨ ਨਾਲੋਂ ਇਸਦੀ ਖਪਤ ਕਈ ਗੁਣਾ ਜ਼ਿਆਦਾ ਹੁੰਦੀ ਹੈ। ਪੰਜਾਬ ਦੁੱਧ ਦੀ ਖਪਤ ਕਰਨ ਵਾਲੇ ਮੋਹਰੀ ਸੂਬਿਆਂ ਵਿੱਚ ਸ਼ੁਮਾਰ ਹੁੰਦਾ ਹੈ। ਦੁੱਧ ਦੇ ਉਤਪਾਦਨ ਅਤੇ ਖਪਤ ਦੀ ਪੂਰਤੀ ਵਿਚਲੇ ਖੱਪੇ ਨੂੰ ਪੂਰਨ ਲਈ ਨਕਲੀ ਦੁੱਧ ਬਣਾਇਆ ਜਾਂਦਾ ਹੈ, ਦੁੱਧ ਵਿੱਚ ਕਈ ਪ੍ਰਕਾਰ ਦੀਆਂ ਮਿਲਾਵਟਾਂ ਕਰਕੇ ਉਸ ਨੂੰ ਵਧਾਇਆ ਜਾਂਦਾ ਹੈ। ਪਸ਼ੂਆਂ ਦੀ ਖੁਰਾਕ ਲਈ ਵਰਤੇ ਜਾ ਰਹੇ ਹਰੇ ਚਾਰੇ ਉੱਪਰ ਕਈ ਪ੍ਰਕਾਰ ਦੇ ਰਸਾਇਣਾਂ ਦਾ ਸਪਰੇਅ ਕੀਤਾ ਜਾਂਦਾ ਹੈ। ਵੱਡੀ ਮਾਤਰਾ ਵਿੱਚ ਖਾਦਾਂ ਪਾਈਆਂ ਜਾਂਦੀਆਂ ਹਨ। ਇਨ੍ਹਾਂ ਰਸਾਇਣਾਂ ਅਤੇ ਖਾਦਾਂ ਦੇ ਤੱਤ ਚਾਰੇ ਰਾਹੀਂ ਪਸ਼ੂਆਂ ਵਿੱਚ ਪੁੱਜਦੇ ਹਨ ਹਨ ਅਤੇ ਫ਼ਿਰ ਪਸ਼ੂਆਂ ਦੇ ਦੁੱਧ ਰਾਹੀਂ ਉਹ ਤੱਤ ਮਨੁੱਖਾਂ ਦੀ ਖੁਰਾਕ ਵਿੱਚ ਸ਼ਾਮਲ ਹੋ ਜਾਂਦੇ ਹਨ। ਦੁਧਾਰੂ ਪਸ਼ੂਆਂ ਦਾ ਦੁੱਧ ਚੋਣ ਲਈ ਆਕਸੀਟੌਸਿਨ ਨਾਂ ਦੇ ਹਾਰਮੋਨਲ ਟੀਕੇ ਦੀ ਵਰਤੋਂ ਕੀਤੀ ਜਾਂਦੀ ਹੈ, ਜਿਸਦਾ ਅਸਰ ਦੁਧਾਰੂ ਪਸ਼ੂਆਂ ਦੇ ਦੁੱਧ ਵਿੱਚ ਸਹਿਜੇ ਹੀ ਸ਼ਾਮਲ ਹੋ ਜਾਂਦਾ ਹੈ। ਭਾਰਤ ਵਿੱਚ ਪਿਛਲੇ ਕਈ ਦਹਾਕਿਆਂ ਤੋਂ ਦੁੱਧ ਵਿੱਚ ਮਿਲਾਵਟ ਦੀ ਸਮੱਸਿਆ ਨੇ ਵਿਕਰਾਲ ਰੂਪ ਧਾਰਿਆ ਹੋਇਆ ਹੈ। ਇੱਕ ਪਾਸੇ ਸਾਡਾ ਦੇਸ਼ ਦੁਨੀਆਂ ਦਾ ਸਭ ਤੋਂ ਵੱਡਾ ਦੁੱਧ ਉਤਪਾਦਕ ਦੇਸ਼ ਹੈ ਅਤੇ ਸਮੁੱਚੇ ਵਿਸ਼ਵ ਦੇ ਦੁੱਧ ਉਤਪਾਦਨ ਵਿੱਚ ਇੱਕ ਚੌਥਾਈ ਹਿੱਸੇ ਦਾ ਯੋਗਦਾਨ ਪਾਉਂਦਾ ਹੈ ਪਰ ਦੂਜੇ ਪਾਸੇ ਦੁੱਧ ਵਿੱਚ ਮਿਲਾਵਟ ਖੋਰੀ ਦਾ ਧੰਦਾ ਵੀ ਦੇਸ਼ ਵਿੱਚ ਚੋਖਾ ਵਧ ਫ਼ੁੱਲ ਰਿਹਾ ਹੈ। ਜੇ ਅਸੀਂ ਆਪਣੇ ਸੂਬੇ ਪੰਜਾਬ ਦੀ ਹੀ ਗੱਲ ਕਰੀਏ ਤਾਂ 2021-24 ਦੇ ਸਾਲਾਂ ਦੌਰਾਨ ਦੁੱਧ ਅਤੇ ਦੁੱਧ ਉਤਪਾਦਾਂ ਦੇ ਭਰੇ ਗਏ ਸੈਂਪਲਾਂ ਵਿੱਚੋਂ 18 ਪ੍ਰਤੀਸ਼ਤ ਸੈਂਪਲ ਨਿਰਧਾਰਿਤ ਮਿਆਰਾਂ 'ਤੇ ਖਰੇ ਨਹੀਂ ਉੱਤਰੇ ਸਨ ?। ਸਾਡੇ ਗਵਾਂਢੀ ਰਾਜ ਹਰਿਆਣਾ ਦੀ ਸਥਿਤੀ ਇਸ ਤੋਂ ਵੀ ਮਾੜੀ ਹੈ। ਇਸੇ ਅਰਸੇ ਦੌਰਾਨ ਉੱਥੇ 28% ਸੈਂਪਲ ਨਿਰਧਾਰਤ ਮਾਪਦੰਡਾਂ 'ਤੇ ਪੂਰੇ ਨਹੀਂ ਉੱਤਰੇ ਸਨ।

ਪੁਰਾਣੇ ਸਮਿਆਂ ਵਿੱਚ ਦੁੱਧ ਵਿੱਚ ਕੇਵਲ ਪਾਣੀ ਦੀ ਹੀ ਮਿਲਾਵਟ ਕੀਤੀ ਜਾਂਦੀ ਸੀ। ਉਸ ਸਮੇਂ ਦੇ ਪ੍ਰਚਲਤ ਇੱਕ ਗੀਤ ਦੇ ਇਹ ਬੋਲ. 'ਲੋਕਾਂ ਦਾ ਨਾ ਦੁੱਧ ਵਿਕਦਾ, ਤੇਰਾ ਵਿਕਦਾ ਜੈ ਕੁਰੇ ਪਾਣੀ' ਇਸ ਗੱਲ ਦੀ ਗਵਾਹੀ ਭਰਦੇ ਹਨ।

(ਬਾਕੀ ਸਫ਼ਾ 31 'ਤੇ)



# ਜੀਹਨੂੰ ਆਉਂਦਾ ਕੰਮ ਕਰਨ ਦਾ ਤਰੀਕਾ, ਓਹਦਾ ਘਰੇ ਹੀ ਕੈਨੇਡਾ ਤੇ ਅਮਰੀਕਾ

## ਮਿਹਨਤੀ ਅਤੇ ਸਮੇਂ ਦੇ ਪਾਬੰਦ ਪੰਜਾਬੀ ਪੰਜਾਬ 'ਚ ਹੀ ਕਰ ਸਕਦੇ ਹਨ ਵਿਦੇਸ਼ੀ ਡਾਲਰਾਂ ਜਿੰਨੀ ਕਮਾਈ

## ਜਿਹੜੇ ਹੁੰਦੇ ਨੇ ਪੰਜਾਬ 'ਚ ਵਿਹਲੇ, ਉਹ ਵਿਦੇਸ਼ 'ਚ ਵੀ ਰਹਿੰਦੇ ਨੇ ਵਿਹਲੇ

**ਵੱਡੀ ਗਿਣਤੀ ਪੰਜਾਬੀ ਨੌਜਵਾਨ ਮੁੰਡੇ- ਕੁੜੀਆਂ ਕਰੀਬ 20 ਤੋਂ 40 ਲੱਖ ਤੱਕ ਰੁਪਏ ਲਗਾ ਕੇ ਵਿਦੇਸ਼ ਜਾ ਰਹੇ ਹਨ ਅਤੇ ਉਥੇ ਜਾ ਕੇ ਉਹ ਦਿਨ ਰਾਤ ਸਖ਼ਤ ਮਿਹਨਤ ਕਰ ਕੇ ਡਾਲਰ/ਪੌਂਡ ਕਮਾਉਂਦੇ ਹਨ ਤਾਂ ਕਿ ਉਹਨਾਂ ਦੀ ਆਪਣੀ ਅਤੇ ਪਰਿਵਾਰ ਦੀ ਜੂਨ ਬਦਲ ਸਕੇ। ਮੇਰੀ ਸੋਚ ਹੈ ਕਿ ਜੇ ਪੰਜਾਬੀ ਨੌਜਵਾਨ ਮੁੰਡੇ ਕੁੜੀਆਂ ਵਿਦੇਸ਼ ਜਾਣ ਦੀ ਥਾਂ ਪੰਜਾਬ 'ਚ ਰਹਿ ਕੇ ਹੀ ਸਖ਼ਤ ਮਿਹਨਤ ਕਰਨ ਅਤੇ ਸਮੇਂ ਦੇ ਪਾਬੰਦ ਰਹਿਣ ਤਾਂ ਉਹ ਪੰਜਾਬ 'ਚ ਹੀ ਡਾਲਰਾਂ/ਪੌਂਡਾਂ ਜਿੰਨੀ ਕਮਾਈ ਕਰ ਸਕਦੇ ਹਨ। ਸਖ਼ਤ ਮਿਹਨਤ ਕਰਨ ਵਾਲੇ ਅਤੇ ਸਮੇਂ ਦੇ ਪਾਬੰਦ ਰਹਿਣ ਵਾਲੇ ਪੰਜਾਬੀਆਂ ਲਈ ਤਰੱਕੀ ਦੇ ਦੁਆਰ ਖੁੱਲ੍ਹ ਜਾਂਦੇ ਹਨ ਅਤੇ ਉਹਨਾਂ ਲਈ ਤਾਂ ਘਰੇ ਹੀ ਕੈਨੇਡਾ ਅਮਰੀਕਾ ਹੁੰਦਾ ਹੈ।**




ਪੰਜ ਦਰਿਆਵਾਂ ਦੀ ਧਰਤੀ ਪੰਜਾਬ 'ਚ ਅੰਮ੍ਰਿਤ ਵੇਲੇ ਹਰ ਪਾਸੇ ਗੁਰੂ ਘਰ ਦੇ ਸਪੀਕਰਾਂ ਰਾਹੀਂ ਗੁਰੂ ਸਾਹਿਬਾਨ ਦੀ ਲਿਖੀ ਹੋਈ ਪਵਿੱਤਰ ਬਾਣੀ ਗੂੰਜਦੀ ਹੈ, ਜੋ ਕਿ ਸਰਬ ਸਾਂਝੀਵਾਲਤਾ ਦਾ ਸੰਦੇਸ਼ ਦਿੰਦੀ ਹੈ। ਅੰਮ੍ਰਿਤ ਵੇਲੇ ਪਵਿੱਤਰ ਗੁਰਧਾਮਾਂ ਦੇ ਸਪੀਕਰਾਂ ਤੋਂ ਹਰ ਦਿਨ ਗ੍ਰੰਥੀ ਸਿੰਘ ਦੀ ਆਵਾਜ਼ ਵੀ ਸੁਣਾਈ ਦਿੰਦੀ ਹੈ ਕਿ ਭਾਈ ਅੰਮ੍ਰਿਤ ਵੇਲਾ ਹੋ ਗਿਆ ਹੈ, ਉੱਠੋ, ਇਸ਼ਨਾਨ ਕਰਕੇ ਪਰਮਾਤਮਾ ਦੀ ਬੰਦਗੀ ਕਰੋ ਅਤੇ ਸਮੇਂ ਸਿਰ ਆਪਣੇ ਕੰਮ ਧੰਦੇ ਸ਼ੁਰੂ ਕਰੋ। ਮਹਾਨ ਗੁਰੂ ਸਾਹਿਬਾਨ ਨੇ ਵੀ 'ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ' ਦਾ ਸੰਦੇਸ਼ ਦਿੱਤਾ ਹੈ। ਪੰਜਾਬ ਦੇ ਵੱਡੀ ਗਿਣਤੀ ਲੋਕ ਅੰਮ੍ਰਿਤ ਵੇਲੇ ਉਠ ਕੇ ਪਾਠ ਪੂਜਾ ਕਰਕੇ ਆਪੋ ਆਪਣੇ ਕਿਰਤ ਵਿਹਾਰ ਭਾਵ ਕੰਮ ਧੰਦੇ 'ਚ ਲੱਗ ਜਾਂਦੇ ਹਨ। ਪੰਜਾਬ ਖੇਤੀ ਪ੍ਰਧਾਨ ਸੂਬਾ ਹੋਣ ਕਰਕੇ ਵੱਡੀ ਗਿਣਤੀ ਲੋਕਾਂ ਦਾ ਕੰਮ ਖੇਤੀਬਾੜੀ ਹੈ। ਇਸ ਦੇ ਨਾਲ ਹੀ ਵੱਡੀ ਗਿਣਤੀ ਲੋਕ ਖੇਤੀਬਾੜੀ ਨਾਲ ਸਬੰਧਿਤ ਕੰਮ ਧੰਦੇ ਕਰਦੇ ਹਨ। ਪੰਜਾਬ ਦੇ ਵੱਡੀ ਗਿਣਤੀ ਲੋਕ ਫ਼ੌਜੀ ਵੀ ਹਨ। ਕਾਰ, ਬੱਸ ਅਤੇ ਟਰੱਕ ਟਰਾਂਸਪੋਰਟ ਦੇ ਧੰਦੇ ਵਿੱਚ ਹਨ। ਵੱਡੀ ਗਿਣਤੀ ਲੋਕ ਸਰਕਾਰੀ ਅਤੇ ਗ਼ੈਰ ਸਰਕਾਰੀ ਨੌਕਰੀਆਂ ਵੀ ਕਰ ਰਹੇ ਹਨ। ਇਸ ਤੋਂ ਇਲਾਵਾ ਪੰਜਾਬ ਵਿੱਚ ਅਜਿਹੇ ਲੋਕ ਵੀ ਹਨ ਜੋ ਕਿ ਇੱਕ ਦਿਨ ਤਿੰਨ ਤਿੰਨ ਸ਼ਿਫ਼ਟਾਂ ਵਿੱਚ ਕੰਮ ਕਰਦੇ ਹਨ। ਅਜਿਹੇ ਪੰਜਾਬੀ ਨੌਜਵਾਨ ਸਵੇਰੇ 7 ਵਜੇ ਤੋਂ ਸਵੇਰੇ 9 ਵਜੇ ਤੱਕ ਪਾਰਟ ਟਾਈਮ ਕੰਮ ਇੱਕ ਥਾਂ ਕਰਦੇ ਹਨ, ਸਵੇਰੇ 9.30 ਤੋਂ ਦੁਪਹਿਰ 2.30 ਵਜੇ ਤਕ ਕਿਸੇ ਹੋਰ ਦਫ਼ਤਰ ਕੰਮ ਕਰਦੇ ਹਨ ਅਤੇ ਫਿਰ ਦੁਪਹਿਰ 3.00 ਵਜੇ ਤੋਂ ਰਾਤ 8-9 ਵਜੇ ਤੱਕ ਕਿਸੇ ਹੋਰ ਦਫ਼ਤਰ ਕੰਮ ਕਰਦੇ ਹਨ। ਇਹਨਾਂ ਦਾ ਕੰਮ ਭਾਵੇਂ ਪ੍ਰਾਈਵੇਟ ਹੁੰਦਾ ਹੈ ਪਰ ਤਿੰਨੇ ਦਫ਼ਤਰਾਂ ਵਿੱਚ ਇਹਨਾਂ ਦਾ ਕੰਮ ਅਕਸਰ ਇੱਕੋ ਜਿਹਾ ਹੀ ਹੁੰਦਾ ਹੈ। ਤਿੰਨ ਥਾਂਵਾਂ 'ਤੇ ਕੰਮ ਕਰਨ ਨਾਲ ਇਹਨਾਂ ਨੌਜਵਾਨਾਂ ਨੂੰ ਤਨਖ਼ਾਹ ਵੀ ਤਿੰਨ ਥਾਂਵਾਂ ਤੋਂ ਮਿਲਦੀ ਹੈ, ਜਿਸ ਕਾਰਨ ਇਹ ਨੌਜਵਾਨ ਪੰਜਾਬ ਵਿੱਚ ਹੀ ਚੰਗੀ ਕਮਾਈ ਕਰ ਰਹੇ ਹਨ। ਜਿਹੜੇ ਨੌਜਵਾਨ ਸਰਕਾਰੀ ਨੌਕਰੀਆਂ ਕਰ ਰਹੇ ਹਨ, ਉਹ ਤਾਂ ਚੰਗੀ ਜ਼ਿੰਦਗੀ ਬਤੀਤ ਕਰ ਰਹੇ ਹਨ। ਜਿਹੜੇ ਨੌਜਵਾਨ ਚੰਗੀਆਂ ਪ੍ਰਾਈਵੇਟ ਨੌਕਰੀਆਂ ਕਰ ਰਹੇ ਹਨ, ਉਹਨਾਂ ਦੀ ਜ਼ਿੰਦਗੀ ਵੀ ਕਾਫ਼ੀ ਚੰਗੀ ਹੁੰਦੀ ਹੈ। ਅਨੇਕਾਂ ਨੌਜਵਾਨ ਅਜਿਹੇ ਵੀ ਹਨ ਜੋ ਕਿ ਆਮ ਪ੍ਰਾਈਵੇਟ ਦਫ਼ਤਰਾਂ, ਸੰਸਥਾਵਾਂ ਤੇ ਕੰਪਨੀਆਂ ਵਿੱਚ ਕੰਮ ਕਰਦੇ ਹਨ। ਇਹਨਾਂ ਦਫ਼ਤਰਾਂ ਵਿੱਚ ਸਮੇਂ ਦਾ ਪਾਬੰਦ ਹੋਣਾ ਬਹੁਤ ਜ਼ਰੂਰੀ ਹੁੰਦਾ ਹੈ। ਜਿਹੜੇ ਪੰਜਾਬੀ ਨੌਜਵਾਨ ਸਮੇਂ ਦੇ ਪਾਬੰਦ ਅਤੇ ਮਿਹਨਤੀ ਹੁੰਦੇ ਹਨ, ਉਹ ਜਲਦੀ ਤਰੱਕੀ ਕਰਦੇ ਹਨ। ਜਿਹੜੇ ਪੰਜਾਬੀ ਸਮੇਂ ਦੇ ਪਾਬੰਦ ਨਹੀਂ ਹੁੰਦੇ, ਉਹਨਾਂ ਨੂੰ ਅਕਸਰ ਨੌਕਰੀ ਤੋਂ ਜਵਾਬ ਮਿਲ ਜਾਂਦਾ ਹੈ ਤੇ ਉਹ ਫਿਰ ਬੇਰੁਜ਼ਗਾਰ ਹੋ ਜਾਂਦੇ ਹਨ ਜਾਂ ਫਿਰ ਮੈਨੇਜਮੈਂਟ ਦਾ ਮਿੰਨਤ ਤਰਲਾ ਕਰਕੇ ਮੁੜ ਉਸੇ ਦਫ਼ਤਰ ਵਿੱਚ ਕੰਮ ਕਰਨ ਲੱਗਦੇ ਹਨ ਤੇ ਫਿਰ ਸਮੇਂ ਦੇ ਪਾਬੰਦ ਹੋ ਜਾਂਦੇ ਹਨ ਅਤੇ ਸਖ਼ਤ ਮਿਹਨਤ ਕਰਨ ਲੱਗਦੇ ਹਨ ਅਤੇ ਫਿਰ ਜਲਦੀ ਹੀ ਤਰੱਕੀ ਕਰ ਜਾਂਦੇ ਹਨ।







ਜੇ ਹੁਣ ਬੇਰੁਜ਼ਗਾਰ ਪੰਜਾਬੀਆਂ ਦੀ ਗੱਲ ਨਾ ਕੀਤੀ ਤਾਂ ਗੱਲ ਅਧੂਰੀ ਰਹੇਗੀ। ਪੰਜਾਬ ਵਿੱਚ ਲੱਖਾਂ ਪੜ੍ਹੇ ਲਿਖੇ ਨੌਜਵਾਨ ਬੇਰੁਜ਼ਗਾਰ ਹਨ। ਭਾਵੇਂ ਕਿ ਪੰਜਾਬ ਦੀ ਮੌਜੂਦਾ 'ਆਪ' ਸਰਕਾਰ ਵੱਲੋਂ ਹਜ਼ਾਰਾਂ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇਣ ਦਾ ਦਾਅਵਾ ਕੀਤਾ ਜਾ ਰਿਹਾ ਹੈ ਪਰ ਬੇਰੁਜ਼ਗਾਰਾਂ ਦੀ ਗਿਣਤੀ ਵਧਦੀ ਜਾ ਰਹੀ ਹੈ। ਅਸਲੀਅਤ ਇਹ ਹੈ ਕਿ ਉਚੇਰੀ ਪੜ੍ਹਾਈ ਕਰ ਚੁੱਕੇ ਅਨੇਕਾਂ ਨੌਜਵਾਨਾਂ ਨੂੰ ਸਰਕਾਰੀ ਨੌਕਰੀ ਮਿਲੀ ਨਹੀਂ, ਪ੍ਰਾਈਵੇਟ ਨੌਕਰੀ ਜਾਂ ਕੋਈ ਕੰਮ ਧੰਦਾ ਉਹ ਕਰਨਾ ਨਹੀਂ ਚਾਹੁੰਦੇ। ਸਾਰੇ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇਣਾ ਕਿਸੇ ਵੀ ਸਰਕਾਰ ਲਈ ਸੰਭਵ ਨਹੀਂ। ਜਿਹੜੇ ਪੰਜਾਬੀ ਨੌਜਵਾਨ ਪੰਜਾਬ ਵਿੱਚ ਰਹਿ ਕੇ ਕੋਈ ਕੰਮ ਧੰਦਾ ਨਹੀਂ ਕਰ ਸਕਦੇ, ਉਹ ਵਿਦੇਸ਼ ਵਿੱਚ ਵੀ ਵਿਹਲੇ ਹੀ ਰਹਿੰਦੇ ਹਨ। ਮੇਰੇ ਇੱਕ ਦੋਸਤ ਦਾ ਭਾਣਜਾ ਬਾਰ੍ਹਵੀਂ ਤੋਂ ਬਾਅਦ ਵਿਹਲਾ ਸੀ ਤੇ ਕੈਨੇਡਾ ਜਾਣ ਦੀ ਜਿੱਦ ਕਰ ਰਿਹਾ ਸੀ। ਮਾਪਿਆਂ ਨੇ ਉਸ ਦੀ ਜਿੱਦ ਅੱਗੇ ਝੁਕਦਿਆਂ ਉਸ ਨੂੰ 35-40 ਲੱਖ ਰੁਪਏ ਖਰਚਾ ਕਰਕੇ ਕੈਨੇਡਾ ਭੇਜ ਦਿੱਤਾ। ਕੈਨੇਡਾ ਜਾ ਕੇ ਵੀ ਉਸ ਨੂੰ ਚੰਗਾ ਕੰਮ ਨਾ ਮਿਲਿਆ। ਉਥੇ ਵੀ ਉਹ ਵਿਹਲਾ ਰਿਹਾ ਅਤੇ ਉਸ ਦੇ ਮਾਪੇ ਉਸ ਨੂੰ ਪੰਜਾਬ ਤੋਂ ਪੈਸੇ ਭੇਜਦੇ ਰਹੇ। ਤਿੰਨ ਸਾਲ ਕੈਨੇਡਾ ਧੱਕੇ ਖਾ ਕੇ ਜਦੋਂ ਉਸ ਨੂੰ ਕੈਨੇਡਾ ਵਿੱਚ ਕੋਈ ਚੰਗਾ ਕੰਮ ਨਾ ਮਿਲਿਆ ਤਾਂ ਉਸ ਦੇ ਮਾਪਿਆਂ ਨੇ ਉਸ ਨੂੰ ਵਾਪਸ ਪੰਜਾਬ ਬੁਲਾ ਲਿਆ। ਉਸ ਦੇ ਮਾਪੇ ਭਾਵੇਂ ਸਰਕਾਰੀ ਨੌਕਰੀਆਂ ਕਰਦੇ ਸਨ ਪਰ ਉਸ ਨੂੰ ਕੈਨੇਡਾ ਭੇਜਣ ਲਈ ਆਪਣਾ ਸਾਰੀ ਜਮਾਂ ਪੂੰਜੀ ਖਰਚ ਚੁੱਕੇ ਸਨ। ਲਗਾਤਾਰ ਤਿੰਨ ਸਾਲ ਕੈਨੇਡਾ ਵਿੱਚ ਉਸ ਨੂੰ ਖਰਚਾ ਭੇਜਣ ਲਈ ਉਸ ਦੇ ਮਾਪਿਆਂ ਸਿਰ ਕਰਜ਼ਾ ਚੜ੍ਹ ਗਿਆ ਸੀ ਅਤੇ ਆਲੀਸ਼ਾਨ ਮਕਾਨ ਵੀ ਗਹਿਣੇ ਪੈ ਗਿਆ ਸੀ। ਉਹ ਮੁੰਡਾ ਹੁਣ ਪੰਜਾਬ ਵਿੱਚ ਆ ਕੇ ਵੀ ਵਿਹਲਾ ਹੈ। ਇਸ ਤਰ੍ਹਾਂ ਦੇ ਨੌਜਵਾਨਾਂ ਤੋਂ ਕੀ ਆਸ ਕੀਤੀ ਜਾ ਸਕਦੀ ਹੈ।

ਪੰਜਾਬ ਵਿੱਚ ਕੰਮਾਂ ਦਾ ਘਾਟਾ ਨਹੀਂ ਹੈ। ਜੇ ਦੂਜੇ ਰਾਜਾਂ ਤੋਂ ਆਏ ਲੋਕ ਪੰਜਾਬ ਵਿੱਚ ਆ ਕੇ ਕੰਮ ਧੰਦਾ ਕਰਕੇ ਕਾਮਯਾਬ ਹੋ ਸਕਦੇ ਹਨ ਤਾਂ ਪੰਜਾਬੀ ਪੰਜਾਬ ਵਿੱਚ ਰਹਿ ਕੇ ਹੀ ਕਾਮਯਾਬ ਕਿਉਂ ਨਹੀਂ ਹੋ ਸਕਦੇ? ਪੰਜਾਬ ਤਾਂ ਪੰਜਾਬੀਆਂ ਦਾ ਆਪਣਾ ਘਰ ਹੈ। ਕਿਹਾ ਜਾਂਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵੇਲੇ ਵਿਦੇਸ਼ੀ ਲੋਕ ਪੰਜਾਬ ਵਿੱਚ ਨੌਕਰੀਆਂ ਕਰਨ ਆਉਂਦੇ ਸਨ, ਪਰ ਹੁਣ ਉਲਟਾ ਹੋ ਰਿਹਾ ਹੈ। ਹੁਣ ਵੱਡੀ ਗਿਣਤੀ ਪੰਜਾਬੀ ਵਿਦੇਸ਼ਾਂ 'ਚ ਰੁਜ਼ਗਾਰ ਖਾਤਰ ਜਾਂਦੇ ਹਨ। ਅਸਲ ਵਿੱਚ ਪੰਜਾਬ 'ਚ ਹੁਣ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਰਗੇ ਰਾਜ ਦੀ ਲੋੜ ਹੈ, ਜਿਥੇ ਕਿ ਰੁਜ਼ਗਾਰ ਦੇ ਮੌਕੇ ਪੈਦਾ ਹੋਣ ਅਤੇ ਵੱਡੀ ਗਿਣਤੀ ਪੰਜਾਬੀਆਂ ਨੂੰ ਰੁਜ਼ਗਾਰ ਮਿਲੇ। ਸਾਡਾ ਸਿਰ ਉਦੋਂ ਮਾਣ ਨਾਲ ਉੱਚਾ ਹੋ ਜਾਂਦਾ ਹੈ ਜਦੋਂ ਸਾਨੂੰ ਪਤਾ ਚੱਲਦਾ ਹੈ ਕਿ ਵਿਦੇਸ਼ਾਂ ਵਿੱਚ ਜਾ ਕੇ ਪੰਜਾਬੀਆਂ ਨੇ ਆਪਣੀ ਸਖ਼ਤ ਮਿਹਨਤ ਨਾਲ ਉਹਨਾਂ ਦੇਸ਼ਾਂ ਦੀ ਆਰਥਿਕਤਾ ਨੂੰ ਮਜ਼ਬੂਤ ਕੀਤਾ ਹੈ ਅਤੇ ਆਪਣੀ ਤਰੱਕੀ ਦੇ ਨਾਲ ਉਹਨਾਂ ਮੁਲਕਾਂ ਦੀ ਤਰੱਕੀ ਵਿੱਚ ਵੀ ਵੱਡਾ ਯੋਗਦਾਨ ਪਾਇਆ ਹੈ। ਜਿਹੜੇ ਪੰਜਾਬੀ ਵਿਦੇਸ਼ਾਂ 'ਚ ਜਾ ਕੇ ਸਖ਼ਤ ਮਿਹਨਤ ਕਰਦੇ ਹਨ, ਉਹ ਪੰਜਾਬ ਰਹਿ ਕੇ ਵੀ ਸਖ਼ਤ ਮਿਹਨਤ ਕਰ ਕੇ ਵੱਡੀਆਂ ਤਰੱਕੀਆਂ ਕਰ ਸਕਦੇ ਹਨ।






# ਪੰਜਾਬ ਪੁਨਰਗਠਨ ਐਕਟ ਦੀ ਧਾਰਾ 79 ਨੂੰ ਚੁਣੌਤੀ ਦੇਣ ਦੀ ਲੋੜ



ਗੁਰਪ੍ਰੀਤ ਸਿੰਘ ਮੰਡਿਆਣੀ

ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀ.ਬੀ.ਐਮ.ਬੀ) ਦੇ ਅਸੀਮਤ ਅਧਿਕਾਰਾਂ ਨੂੰ ਚੁਣੌਤੀ ਲਈ ਪੰਜਾਬ ਨੂੰ ਕਾਨੂੰਨੀ ਚਾਰਾਜੋਈ ਦੇ ਰਾਹ ਪੈਣਾ ਚਾਹੀਦਾ ਹੈ। 1966 ਵਾਲੇ ਪੰਜਾਬ ਪੁਨਰਗਠਨ ਐਕਟ ਦੀ ਦਫ਼ਾ 79 ਦੇ ਤਹਿਤ ਬੀ.ਬੀ.ਐਮ.ਬੀ. ਕਾਇਮ ਹੋਇਆ ਹੈ। ਇਹ ਦਫ਼ਾ 79 ਸੰਵਿਧਾਨ ਦੀ ਉਲੰਘਣਾ ਕਰਕੇ ਬਣਾਈ ਗਈ ਹੈ। ਜੇ ਦਫ਼ਾ 79 ਰੱਦ ਹੁੰਦੀ ਹੈ ਤਾਂ ਬੀ.ਬੀ.ਐਮ.ਬੀ ਵੀ ਦਾ ਵਜੂਦ ਖਤਮ ਹੋ ਸਕਦਾ ਹੈ। ਪੰਜਾਬ ਨਾਲ ਪਾਣੀ ਦੀ ਵੰਡ ਬਾਬਤ ਬੀ.ਬੀ.ਐਮ.ਬੀ ਵੱਲੋਂ ਕੀਤੇ ਜਾ ਰਹੇ ਧੱਕੇ ਦੇ ਖ਼ਿਲਾਫ਼ ਤਾਂ ਪੰਜਾਬ ਸਰਕਾਰ ਸੁਪਰੀਮ ਕੋਰਟ ਵਿੱਚ ਪੁੱਜੀ ਹੈ, ਪਰ ਉਸ ਨੇ ਬੀ.ਬੀ.ਐਮ.ਬੀ ਨੂੰ ਕਾਇਮ ਕਰਨ ਵਾਲੀ ਦਫ਼ਾ 79 ਦੀ ਸੰਵਿਧਾਨਿਕ ਹੈਸੀਅਤ 'ਤੇ ਉਜ਼ਰ ਨਹੀਂ ਕੀਤਾ। ਦਫ਼ਾ 79 ਦੀ ਕਲਾਜ਼ 6 ਵਿੱਚ ਲਿਖਿਆ ਗਿਆ ਹੈ, ਕਿ ਬੀ.ਬੀ.ਐਮ.ਬੀ ਦਾ ਮੁਕੰਮਲ ਕੰਟਰੋਲ ਕੇਂਦਰ ਸਰਕਾਰ ਦੇ ਹੱਥ ਵਿੱਚ ਹੋਵੇਗਾ ਤੇ ਕੇਂਦਰ ਜੋ ਵੀ ਹਿਦਾਇਤਾਂ ਬੋਰਡ ਨੂੰ ਦੇਵੇਗਾ, ਉਹ ਸਾਰੀਆਂ ਹਦਾਇਤਾਂ ਬੀ.ਬੀ.ਐਮ.ਬੀ ਨੂੰ ਮੰਨਣੀਆਂ ਪੈਣਗੀਆਂ। ਭਾਵ ਕਿ ਬੀ.ਬੀ.ਐਮ.ਬੀ ਇੱਕ ਖੁਦ ਮੁਖ਼ਤਾਰ (ਆਟੋਨੋਮਸ) ਸੰਸਥਾ ਨਾ ਹੋ ਕੇ ਕੇਂਦਰ ਦੇ ਇਸ਼ਾਰਿਆਂ ਤੇ ਚੱਲਣ ਲਈ ਮਜਬੂਰ ਇੱਕ ਅਦਾਰਾ ਹੈ। ਦਫ਼ਾ 79 ਦੀ ਕਲਾਜ਼ 8 'ਚ ਲਿਖਿਆ ਹੈ ਕਿ ਬੋਰਡ ਦੇ ਕੰਮਕਾਜ ਨੂੰ ਸੁਚਾਰੂ ਰੂਪ 'ਚ ਚਲਾਉਣ ਲਈ ਕੇਂਦਰ ਜੋ-ਜੋ ਹਦਾਇਤਾਂ ਬੋਰਡ ਨਾਲ ਸੰਬੰਧਿਤ ਸੂਬਿਆਂ ਨੂੰ ਦੇਵੇਗਾ ਪੰਜਾਬ, ਹਰਿਆਣਾ,ਰਾਜਸਥਾਨ ਤੇ ਹਿਮਾਚਲ ਉਨ੍ਹਾਂ ਨੂੰ ਮੰਨਣ ਲਈ ਪਾਬੰਦ ਹੋਣਗੇ। ਉਕਤ ਕਾਨੂੰਨ ਤਹਿਤ ਸੂਬਿਆਂ ਨੂੰ ਇਨਸਾਫ਼ ਦੇਣਾ ਜਾਂ ਧੱਕਾ ਕਰਨਾ ਨਿਰੀ ਪੁਰੀ ਬੋਰਡ ਦੀ ਮਰਜ਼ੀ ਵੀ ਨਹੀਂ ਹੈ। ਸੋ ਕਲਾਜ਼ 6 ਅਤੇ 8 ਦੇ ਸਾਹਮਣੇ ਪੰਜਾਬ ਵੱਲੋਂ ਬੋਰਡ ਦੀ ਬਣਤਰ, ਮੈਂਬਰਾਂ ਦੇ ਸੂਬਾਈ ਅਨੁਪਾਤ ਜਾਂ ਫ਼ੈਸਲਿਆਂ ਦੀ ਸੁਧਾਈ ਕਰਾਉਣਾ ਕੋਈ ਸਥਾਈ ਹੱਲ ਨਹੀਂ। ਭਾਵ ਕਿ ਬੋਰਡ ਵਿੱਚ ਜੇਕਰ ਪੰਜਾਬ ਨੂੰ 60ਫ਼ੀਸਦੀ ਵੋਟਿੰਗ ਦਾ ਅਖ਼ਤਿਆਰ ਵੀ ਮਿਲ ਜਾਵੇ ਤਾਂ ਵੀ ਕੇਂਦਰ ਸਰਕਾਰ ਦੀ ਵੀਟੋ ਪਾਵਰ ਮੂਹਰੇ ਬੋਰਡ ਦੇ ਫ਼ੈਸਲਿਆਂ ਦੀ ਕੋਈ ਵੁੱਕਤ ਨਹੀਂ ਹੈ। ਦਫ਼ਾ 79 ਦੀ ਕਲਾਜ਼ 7 ਮੁਤਾਬਕ ਕੇਂਦਰ ਸਰਕਾਰ ਦੀ ਸਹਿਮਤੀ ਨਾਲ ਬੀ.ਬੀ.ਐਮ.ਬੀ. ਆਪਣੇ ਸਾਰੇ ਅਖ਼ਤਿਆਰ ਬੋਰਡ ਦੇ ਚੇਅਰਮੈਨ ਜਾਂ ਬੋਰਡ ਦੇ ਕਿਸੇ ਹੋਰ ਅਫ਼ਸਰ ਨੂੰ ਵੀ ਦੇ ਸਕਦਾ ਹੈ। ਭਾਵ ਕਿ ਬੋਰਡ ਦੀਆਂ ਸਾਰੀਆਂ ਤਾਕਤਾਂ ਇੱਕ ਬੰਦੇ ਨੂੰ ਵੀ ਦਿੱਤੀਆਂ ਜਾ ਸਕਦੀਆਂ ਹਨ। ਕੱਲ੍ਹ ਨੂੰ ਕੇਂਦਰ ਸਰਕਾਰ ਕਲਾਜ਼ 6 ਤਹਿਤ ਜੇਕਰ ਬੋਰਡ ਨੂੰ ਹਦਾਇਤ ਜਾਰੀ ਕਰੇ ਕਿ ਕਲਾਜ਼ 7 ਤਹਿਤ ਬੋਰਡ ਦੇ ਫ਼ਲਾਣੇ ਇੰਜੀਨੀਅਰ ਨੂੰ ਬੋਰਡ ਦੀਆਂ ਸਾਰੀਆਂ ਪਾਵਰਾਂ ਡੈਲੀਗੇਟ ਕਰੋ ਤਾਂ ਚੇਅਰਮੈਨ ਸਣੇ ਬੋਰਡ ਦੇ ਸਾਰੇ ਮੈਂਬਰ ਧਰੇ-ਧਰਾਏ ਰਹਿ ਜਾਣੇ ਹਨ। ਭਾਵ ਕਿ ਬੋਰਡ ਦੀ ਬਣਤਰ ਅਤੇ ਇਹਦੇ ਵੋਟਿੰਗ ਰਾਈਟ 'ਚ ਸੋਧ ਕਰਾਉਣ ਦੀ ਮੰਗ ਕਰਨਾ ਕੋਈ ਸਥਾਈ ਹੱਲ ਨਹੀਂ ਹੈ।



ਪੰਜਾਬ ਨੂੰ ਦਫ਼ਾ 79 ਖਤਮ ਕਰਾਉਣ ਦੀ ਕਾਨੂੰਨੀ ਅਤੇ ਸਿਆਸੀ ਚਾਰਾਜੋਈ ਦੇ ਰਾਹ ਪੈਣਾ ਚਾਹੀਦਾ ਹੈ।

ਕੇਂਦਰ ਸਰਕਾਰ ਵੱਲੋਂ ਬਣਾਏ ਪੰਜਾਬ ਪੁਨਰਗਠਨ ਐਕਟ 1966 ਦੀ ਦਫ਼ਾ 78 ਤਹਿਤ ਪੰਜਾਬ, ਰਾਜਸਥਾਨ ਅਤੇ ਹਰਿਆਣਾ ਦਰਮਿਆਨ ਪਾਣੀ ਦੀ ਵੰਡ ਕਰਨ ਜਾਂ ਵੰਡ ਬਾਰੇ ਸਮਝੌਤਾ ਕਰਾਉਣ ਦੇ ਅਖ਼ਤਿਆਰ ਕੇਂਦਰ ਸਰਕਾਰ ਨੂੰ ਦਿੱਤੇ ਗਏ ਹਨ। ਇਹਦੀ ਦਫ਼ਾ 79 ਤਹਿਤ ਬੀ.ਬੀ.ਐਮ.ਬੀ.ਸਥਾਪਨਾ ਹੁੰਦੀ ਹੈ, ਜੀਹਨੂੰ ਦਫ਼ਾ 78 ਤਹਿਤ ਹੋਈ ਵੰਡ ਮੁਤਾਬਿਕ ਸੰਬੰਧਿਤ ਸੂਬਿਆਂ ਨੂੰ ਪਾਣੀ ਦੀ ਸਪਲਾਈ ਦੇ ਕੰਟਰੋਲ ਕਰਨ ਦੇ ਨਾਲ ਨਾਲ ਬਿਜਲੀ ਦੀ ਵੰਡ ਕਰਨ ਦਾ ਵੀ ਹੱਕ ਮਿਲਦਾ ਹੈ। ਦਫ਼ਾ 80 ਤਹਿਤ 'ਬਿਆਸ ਕੰਸਟਰੱਕਸ਼ਨ ਬੋਰਡ' ਦੀ ਸਥਾਪਨਾ ਹੋਣੀ ਸੀ, ਜੀਹਨੇ ਉਕਤ ਚਾਰੇ ਸੂਬਿਆਂ ਦੇ ਲਾਭ ਵਾਲੇ ਸਿੰਜਾਈ ਅਤੇ ਬਿਜਲੀ ਪ੍ਰਾਜੈਕਟਾਂ ਦੀ ਉਸਾਰੀ ਕਰਨੀ ਸੀ।

ਭਾਰਤੀ ਸੰਵਿਧਾਨ ਦੇ ਸੱਤਵੇਂ ਸ਼ੈਡਿਊਲ ਦੀ ਦੂਜੀ ਲਿਸਟ (ਸਟੇਟ ਲਿਸਟ) ਦੀ 17ਵੀਂ ਐਂਟਰੀ ਮੁਤਾਬਿਕ ਸਿੰਜਾਈ, ਨਹਿਰਾਂ, ਪਣਬਿਜਲੀ ਪ੍ਰਾਜੈਕਟ ਸੂਬਿਆਂ ਦੇ ਕੰਟਰੋਲ ਅਧੀਨ ਹੋਣਗੇ। ਸੰਵਿਧਾਨ ਦੇ ਸੱਤਵੇਂ ਸ਼ੈਡਿਊਲ ਦੀ (ਯੂਨੀਅਨ ਲਿਸਟ) ਦੀ ਐਂਟਰੀ 56 ਮੁਤਾਬਿਕ ਅਤੇ ਸੰਵਿਧਾਨ ਦੀ ਦਫ਼ਾ 262 ਤਹਿਤ ਇੰਟਰ ਸਟੇਟ ਦਰਿਆਵਾਂ ਦੇ ਪਾਣੀਆਂ ਦੀ ਵੰਡ ਮੁਤੱਲਕ ਪੈਦਾ ਹੁੰਦੇ ਝਗੜਿਆਂ ਦੇ ਨਬੇੜੇ ਦਾ ਕਾਨੂੰਨ ਬਣਾਉਣ ਦਾ ਹੱਕ ਤਾਂ ਕੇਂਦਰ ਨੂੰ ਹੈ, ਪਰ ਪੰਜਾਬ ਦੇ ਤਿੰਨੇ ਦਰਿਆਵਾਂ ਦਾ ਇੰਟਰਸਟੇਟ ਰਿਲੇਸ਼ਨ ਸਿਰਫ਼ ਹਿਮਾਚਲ ਨਾਲ ਹੈ, ਰਾਜਸਥਾਨ ਤੇ ਹਰਿਆਣੇ ਨਾਲ ਬਿਲਕੁਲ ਨਹੀਂ। ਸੋ, ਪਾਣੀ ਤੇ ਬਿਜਲੀ ਦੀ ਵੰਡ ਬਾਬਤ 1966 ਵਾਲੇ ਕਾਨੂੰਨ ਦੀਆਂ ਧਾਰਾਵਾਂ 78, 79, 80 ਗ਼ੈਰ-ਸੰਵਿਧਾਨਕ ਹਨ, ਜਿਨ੍ਹਾਂ ਤਹਿਤ ਪੰਜਾਬ ਦੇ ਦਰਿਆਵਾਂ ਨਾਲ ਕੋਈ ਵਾਹ-ਵਾਸਤਾ ਨਾ ਰੱਖਣ ਵਾਲੇ ਰਾਜਸਥਾਨ ਤੇ ਹਰਿਆਣਾ ਵੀ ਕਵਰ ਕੀਤੇ ਗਏ ਹਨ।

ਹੁਣ ਗੱਲ ਕਰੀਏ ਬੀ.ਬੀ.ਐਮ.ਬੀ ਦੀ ਸਥਾਪਨਾ ਬਾਰੇ। ਕੇਂਦਰ ਸਰਕਾਰ ਦਾ ਇੱਕ ਕਾਨੂੰਨ ਹੈ 'ਰਿਵਰ ਬੋਰਡ ਐਕਟ ਆਫ਼ 1956' ਇਸ ਐਕਟ ਅਧੀਨ ਇੰਟਰ ਸਟੇਟ ਦਰਿਆਵਾਂ ਦੇ ਪਾਣੀਦੇ ਵਧੀਆ ਇਸਤੇਮਾਲ ਕਰਨ ਵਾਲੀਆਂ ਸਕੀਮਾਂ 'ਤੇ ਕੰਮ ਕਰਨਾ। ਇਸ ਐਕਟ ਅਧੀਨ ਬੋਰਡ ਸੰਬੰਧਿਤ ਸੂਬਿਆਂ ਦੀ ਸਹਿਮਤੀ ਅਤੇ ਬੇਨਤੀ ਕੇਂਦਰ ਸਰਕਾਰ ਬਣਾਉਂਦੀ ਹੈ। ਜਿੱਥੇ ਸੂਬਿਆਂ ਦੀ ਸਹਿਮਤੀ ਨਾ ਹੋਵੇ ਉੱਥੇ ਇੱਕ ਕੇਂਦਰੀ ਕਾਨੂੰਨ 'ਇੰਟਰ ਸਟੇਟ ਰਿਵਰ ਵਾਟਰ ਡਿਸਪਿਊਟ ਐਕਟ1956 ' ਅਧੀਨ ਕੇਂਦਰ ਸਰਕਾਰ ਬੋਰਡ ਬਣਾਉਂਦੀ ਹੈ। ਜਿਵੇਂ ਕਿ 'ਨਰਮਦਾ ਕੰਟਰੋਲ ਅਥਾਰਿਟੀ' ਬਣੀ ਹੈ। ਜਿਵੇਂ ਭਾਖੜਾ ਡੈਮ ਇੰਟਰ ਸਟੇਟ ਦਰਿਆ 'ਤੇ ਬਣਿਆ ਹੈ,ਉਸ 'ਤੇ ਬਣੇ ਡੈਮ ਨੂੰ ਕੰਟਰੋਲ ਕਰਨ ਲਈ ਕੋਈ ਬੋਰਡ 1956 ਵਾਲੇ ਉਕਤ ਦੋਵਾਂ ਐਕਟਾਂ 'ਚੋਂ ਹਾਲਾਤ ਮੁਤਾਬਿਕ ਕਿਸੇ ਇੱਕ ਐਕਟ ਤਹਿਤ ਬਣ ਸਕਦਾ ਸੀ, ਨਾ ਕਿ 1966 ਵਾਲੇ ਐਕਟ ਦੀ ਦਫ਼ਾ 79 ਤਹਿਤ। ਇਹ ਬੋਰਡ ਵੀ ਸਿਰਫ਼ ਹਿਮਾਚਲ ਅਤੇ ਪੰਜਾਬ ਦਾ ਸਾਂਝਾ ਬਣ ਸਕਦਾ ਸੀ।

ਸੋ, ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ 1966 ਵਾਲੇ ਐਕਟ ਦੀ ਦਫ਼ਾ 79 ਨੂੰ ਗ਼ੈਰ-ਸੰਵਿਧਾਨਕ ਦੱਸ ਕੇ ਇਹਨੂੰ ਰੱਦ ਕਰਨ ਦੀ ਬੇਨਤੀ ਸੁਪਰੀਮ ਕੋਰਟ ਕੋਲ ਕਰੇ। ਇਸ ਤੋਂ ਪਹਿਲਾਂ ਜੁਲਾਈ 1979 'ਚ ਪੰਜਾਬ ਸਰਕਾਰ ਨੇ ਸੁਪਰੀਮ ਕੋਰਟ 'ਚ ਇਸੇ ਐਕਟ ਦੀ ਦਫ਼ਾ 78 ਨੂੰ ਗੈਰ ਸੰਵਿਧਾਨਕ ਕਹਿ ਕੇ ਰੱਦ ਕਰਨ ਲਈ ਇੱਕ ਪਟੀਸ਼ਨ ਦਾਇਰ ਕੀਤੀ ਸੀ। ਪੰਜਾਬ ਨੇ ਇਹ ਪਟੀਸ਼ਨ ਹਰਿਆਣੇ ਵੱਲੋਂ ਅਪ੍ਰੈਲ 1979 'ਚ ਪਾਈ ਉਸ ਪਟੀਸ਼ਨ ਦੇ ਜਵਾਬ ਵਿੱਚ ਪਾਈ ਸੀ, ਜਿਸ ਵਿੱਚ ਉਸ ਨੇ ਦਫ਼ਾ 78 ਤਹਿਤ ਹੋਏ ਕੇਂਦਰੀ ਐਵਾਰਡ ਨੂੰ ਲਾਗੂ ਕਰਾਉਣ ਲਈ ਸਤਲੁਜ-ਯਮਨਾ ਲਿੰਕ ਨਹਿਰ ਪੁੱਟਣ ਦੇ ਹੁਕਮ ਪੰਜਾਬ ਨੂੰ ਦੇਣ ਦੀ ਮੰਗ ਕੀਤੀ ਸੀ। ਦਫ਼ਾ 78 ਨੂੰ ਰੱਦ ਕਰਾਉਣ ਵਾਲੀ ਪਟੀਸ਼ਨ ਦਾ ਅਜੇ ਨਿਬੇੜਾ ਨਹੀਂ ਸੀ ਹੋਇਆ ਉਸ ਤੋਂ ਪਹਿਲਾਂ ਹੀ ਹੋਏ ਇੱਕ ਸਮਝੌਤੇ ਤਹਿਤ ਪੰਜਾਬ ਨੇ ਆਪਣੀ ਪਟੀਸ਼ਨ ਵਾਪਸ ਲੈ ਲਈ। ਹਰਿਆਣੇ ਵੱਲੋਂ ਜਨਵਰੀ 2004 ਵਿੱਚ ਸੁਪਰੀਮ ਕੋਰਟ ਕੋਲ ਇੱਕ ਡਿਕਰੀ ਦਾ ਦਾਅਵਾ ਕੀਤਾ ਗਿਆ, ਜਿਸ 'ਚ ਮੰਗ ਕੀਤੀ ਸੀ ਸਤਲੁਜ-ਯਮਨਾ ਨਹਿਰ ਪੁੱਟਣ ਲਈ ਕੇਂਦਰ ਸਰਕਾਰ ਨੂੰ ਹੁਕਮ ਕੀਤਾ ਜਾਵੇ।

(ਬਾਕੀ ਸਫ਼ਾ 31 'ਤੇ)

# ਸੋਸ਼ਲ ਮੀਡੀਆ ਰਾਹੀਂ ਵਧ ਰਿਹੈ ਧਾਰਮਿਕ ਅਤੇ ਜਾਤੀਵਾਦ ਦਾ ਪਾੜਾ

ਬਲਵੀਰ ਸਿੰਘ ਵਾਲੀਆ

ਸੋਸ਼ਲ ਮੀਡੀਆ ਜਿੱਥੇ ਇੱਕ ਚੰਗਾ ਪਲੇਟਫਾਰਮ ਹੈ, ਉੱਥੇ ਹੀ ਇਸਦੇ ਬੁਰੇ ਪ੍ਰਭਾਵ ਸਮਾਜ ਨੂੰ ਪ੍ਰਭਾਵਿਤ ਵੀ ਕਰਦੇ ਹਨ। ਸੋਸ਼ਲ ਮੀਡੀਆ ਵਿਗੜੈਲ ਅਤੇ ਵਿਹਲੜ ਲੋਕਾਂ ਦੇ ਹੱਥਾਂ ਵਿੱਚ ਹੋਣਾ ਨੁਕਸਾਨਦੇਹ ਹੈ, ਜਿਸ ਕਾਰਨ ਸਮਾਜ ਵਿੱਚ ਗੰਧਲਾਪਨ ਅਤੇ ਨਫ਼ਰਤ ਫ਼ੈਲਦੀ ਹੈ। ਬਹੁਤੇ ਲੋਕ ਸੋਸ਼ਲ ਮੀਡੀਆ ਨੂੰ ਮੀਡੀਆ ਦੀ ਤਰ੍ਹਾਂ ਨਹੀਂ ਵਰਤਦੇ, ਉਸ ਨੂੰ ਉਲਟੇ ਪ੍ਰਭਾਵ ਲਈ ਵਰਤਦੇ ਹਨ, ਜੋ ਸਮਾਜਿਕ, ਭਾਈਚਾਰਕ ਤੇ ਸੱਭਿਆਚਾਰਕ ਸਾਂਝ ਲਈ ਕੋਈ ਚੰਗੀ ਗੱਲ ਨਹੀਂ ਹੈ। ਅਜਿਹੇ ਬਹੁਤੇ ਲੋਕਾਂ ਨੇ ਮੀਡੀਆ ਨੂੰ ਨਫ਼ਰਤ ਦੇ ਅੱਡੇ ਬਣਾ ਛੱਡਿਆ ਹੈ ਤੇ ਰੋਜ਼ ਕੁਝ ਲੋਕ ਅਜਿਹਾ ਕੁਝ ਨਾ ਕੁਝ ਕਰਦੇ ਰਹਿੰਦੇ ਹਨ, ਜਿਸ ਨਾਲ ਸਮਾਜ ਵਿੱਚ ਨਫ਼ਰਤੀ ਅੱਗ ਪੈਦਾ ਹੁੰਦੀ ਹੈ, ਜਿਸਦੇ ਬੁਝਣ ਸਮੇਂ ਤੱਕ ਪਰਿਣਾਮ ਬਹੁਤ ਘਾਤਕ ਸਿੱਧ ਹੁੰਦੇ ਹਨ ਤੇ ਫ਼ਿਰ ਸਭ ਦੇ ਮੂੰਹ 'ਤੇ ਪਛਤਾਵਾਂ ਦੇਖਣ ਨੂੰ ਮਿਲਦਾ ਹੈ। ਅਜਿਹੇ ਸ਼ਾਤਰ ਲੋਕਾਂ ਤੋਂ ਸੋਸ਼ਲ ਮੀਡੀਆ ਫ਼ਰਮੇਟ 'ਤੇ ਸਤਰਕ ਰਹਿਣ ਚਾਹੀਦਾ ਹੈ। ਮੀਡੀਆ ਦੇ ਫ਼ਰਮੇਟ 'ਤੇ ਅਜਿਹੇ ਲੋਕ ਮੌਜੂਦ ਹਨ ਜੋ ਉਨ੍ਹਾਂ ਨੂੰ ਅਜਿਹੇ ਕੰਮ ਲਈ ਆਗਾਹ ਕਰਦੇ ਹਨ। ਆਪਣੇ ਮਨਸੂਬਿਆਂ ਵਿੱਚ ਕਾਮਯਾਬ ਹੋਣ ਦੀ ਕੋਸ਼ਿਸ਼ ਕਰਦੇ ਹਨ।

ਰਾਜਨੀਤਕ ਲੀਡਰ ਆਪਣੇ ਆਪ ਨੂੰ ਜਿੰਦਾ ਰੱਖਣ ਲਈ ਸ਼ੋਸ਼ੇ ਛੱਡਦੇ ਰਹਿੰਦੇ ਹਨ, ਇੱਕ ਦੂਜੇ ਉੱਤੇ ਇਲਜ਼ਾਮ ਲਾਉਂਦੇ ਰਹਿੰਦੇ ਹਨ ਜਾਂ ਬੇਤੁਕੀ ਬਿਆਨਬਾਜ਼ੀ ਕਰਕੇ ਮੀਡੀਆ ਵਿੱਚ ਬਣੇ ਰਹਿੰਦੇ ਹਨ ਪਰ ਉਨ੍ਹਾਂ ਦੇ ਪੱਖੀਆਂ ਅਤੇ ਵਿਰੋਧੀਆਂ ਨੂੰ ਇਹ ਸਮਝਣਾ ਜ਼ਰੂਰੀ ਹੈ ਕਿ ਉਹ ਸਮਾਜ ਦਾ ਹਿੱਸਾ ਹਨ, ਇਹ ਪਰਿਵਾਰਾਂ ਵਾਲੇ ਹਨ। ਉਨ੍ਹਾਂ ਦੀ ਬੋਲੀ ਸੱਭਿਅਕ ਹੋਣੀ ਚਾਹੀਦੀ ਹੈ। ਇਸ ਤੋਂ ਬਿਨਾਂ ਜਾਤੀਵਾਦ ਸੋਸ਼ਲ ਮੀਡੀਏ ਵਿੱਚ ਬਹੁਤ ਚੱਲ ਰਿਹਾ ਹੈ ਜੋ ਕਿ ਸਮਾਜ ਲਈ ਬਹੁਤ ਬਹੁਤ ਘਾਤਕ ਸਿੱਧ ਹੋ ਸਕਦਾ ਹੈ। ਸਦੀਆਂ ਤੋਂ ਸਮਾਜ ਨੂੰ ਲੱਗਿਆ ਇਹ ਕੋੜ੍ਹ ਗੁਰੂਆਂ ਦੇ ਸਖ਼ਤ ਵਿਰੋਧ ਤੋਂ ਬਾਅਦ ਅਜੇ ਵੀ ਸਿਰ ਚੁੱਕੀ ਖੜ੍ਹਾ ਹੈ। ਜਦੋਂ ਕੋਈ ਨਿੱਕੀ ਜਿਹੀ ਵੀ ਗੱਲ ਹੋ ਜਾਂਦੀ ਹੈ ਤਾਂ ਸੋਸ਼ਲ ਮੀਡੀਆ ਵਿੱਚ ਬੈਠੇ ਉਸੇ ਵੇਲੇ ਜ਼ਹਿਰ ਉਗਲਣਾ ਸ਼ੁਰੂ ਕਰ ਦਿੰਦੇ ਹਨ, ਜਿਸਦੇ ਨਤੀਜੇ ਬਾਅਦ ਵਿੱਚ ਆਮ ਲੋਕਾਂ ਨੂੰ ਭੁਗਤਣੇ ਪੈਂਦੇ ਹਨ। ਫ਼ਿਰ ਬਿਨਾਂ ਪਛਤਾਵੇ ਤੋਂ ਪੱਲੇ ਕੁਝ ਵੀ ਨਹੀਂ ਪੈਂਦਾ। ਕੁਝ ਲੋਕ ਜਦੋਂ ਸੁਧਾਰ ਲਈ ਆਪਣੇ ਵੱਲੋਂ ਉੱਦਮ ਕਰਦੇ ਹਨ ਤਾਂ ਰਾਜਨੀਤਕ ਲੋਕ ਉਨ੍ਹਾਂ ਵਿੱਚ ਵੜ ਕੇ ਸਭ ਤਹਿਸ ਨਹਿਸ ਕਰ ਦਿੰਦੇ ਹਨ। ਰਹਿੰਦੀ ਕਸਰ ਇਨ੍ਹਾਂ ਦੇ ਸੋਸ਼ਲ ਮੀਡੀਆ ਤੇ ਬਣੇ ਪਲੇਟਫਾਰਮ ਜ਼ਹਿਰ ਫ਼ੈਲਾ ਕੇ ਪੂਰੀ ਕਰ ਦਿੰਦੇ ਹਨ।



ਸੋਸ਼ਲ ਮੀਡੀਆ 'ਤੇ ਰਾਜਨੀਤਿਕ, ਧਾਰਮਿਕ, ਸਮਾਜਿਕ, ਹੋਰ ਸਮਾਜ ਸੇਵਕਾਂ ਤੋਂ ਬਿਨਾਂ ਹਿੰਦੂ, ਸਿੱਖ, ਮੁਸਲਿਮ, ਇਸਾਈ ਅਤੇ ਹੋਰ ਕਮਿਊਨਿਟੀਆਂ ਦੇ ਲੋਕ ਵੀ ਐਕਟਿਵ ਰਹਿੰਦੇ ਹਨ ਤੇ ਇਨ੍ਹਾਂ ਵਿੱਚ ਆਪਸੀ ਜਬਰਦਸਤ ਵਿਰੋਧ ਵੀ ਹੁੰਦਾ ਰਹਿੰਦਾ ਹੈ। ਕਈ ਵਾਰ ਇਨ੍ਹਾਂ ਦੀ ਆਪਸੀ ਬਹਿਸ ਕੌਮਾਂਤਰੀ ਬਹਿਸ ਬਣ ਜਾਂਦੀ ਹੈ, ਜੋ ਸੰਸਾਰ ਭਰ ਵਿੱਚ ਜ਼ਹਿਰ ਘੋਲਣ ਦਾ ਕੰਮ ਕਰ ਜਾਂਦੀ ਹੈ ਇਸੇ ਲੜੀ ਤਹਿਤ ਪਿਛਲੀ ਦਿਨੀਂ ਇਸਾਈਆਂ ਦਾ ਧਾਰਮਿਕ ਮਾਮਲਾ ਬਹੁਤ ਭੜਕਿਆ। ਲੋਕਾਂ ਨੇ ਰੱਜ ਕੇ ਇੱਕ ਦੂਜੇ ਉੱਤੇ ਚਿੱਕੜ ਉਛਾਲਿਆ। ਫ਼ਿਰ ਰੰਗਰੇਟਾ ਭਾਈਚਾਰੇ ਅਤੇ ਜ਼ਿਮੀਦਾਰ ਭਾਈਚਾਰੇ ਦਾ ਪਾਰਾ ਸੱਤਵੇਂ ਅਸਮਾਨ ਚੜ੍ਹ ਗਿਆ। ਇੱਕ ਦੂਜੇ ਨੂੰ ਰੱਜ ਕੇ ਗਾਲੀ ਗਲੋਚ ਕੀਤਾ। ਬਹੁਤਿਆਂ ਨੇ ਤਾਂ ਇੱਥੋਂ ਤਕ ਇੱਕ ਦੂਜੇ ਦੇ ਵੰਸ਼ ਦੇ ਮਹਾਨ ਸ਼ਹੀਦਾਂ ਉੱਤੇ ਵੀ ਸਵਾਲ ਖੜ੍ਹੇ ਕਰ ਦਿੱਤੇ, ਜੋ ਕਿ ਧਾਰਮਿਕ ਰੀਤੀ ਅਨੁਸਾਰ ਸਰਾਸਰ ਗਲਤ ਹਨ। ਉਨ੍ਹਾਂ ਸ਼ਹੀਦਾਂ ਦੀ ਅਦੁੱਤੀ ਕੁਰਬਾਨੀ 'ਤੇ ਸਵਾਲ ਕਰਨ ਦਾ ਕਿਸੇ ਦਾ ਕੋਈ ਹੱਕ ਨਹੀਂ ਬਣਦਾ। ਮੀਡੀਆ ਦੇ ਜ਼ਰੀਏ ਕੁਝ ਲੋਕਾਂ ਨੇ ਭਾਈਚਾਰਕ ਵੰਡੀਆਂ ਪਾਉਣ ਦੀ ਕੋਈ ਕਸਰ ਨਹੀਂ ਛੱਡੀ। ਦੋਨੋਂ ਧਿਰਾਂ ਵਿੱਚ ਸਮਾਜ ਸੁਧਾਰਕ ਤੇ ਸਿਆਣੇ ਪੁਰਸ਼ ਹੋਣ ਕਰਨ ਨੁਕਸਾਨ ਹੋਣੋਂ ਬਚ ਗਿਆ।

ਇਸੇ ਤਰ੍ਹਾਂ ਹੁਣੇ ਰਿਲੀਜ਼ ਹੋਈ ਬਾਲੀਵੁੱਡ ਦੀ ਫ਼ਿਲਮ 'ਅਕਾਲ' ਦਾ ਖੂਬ ਵਿਰੋਧ ਹੋ ਰਿਹਾ ਹੈ। ਇਸ ਤੋਂ ਪਹਿਲਾਂ ਹੋਰ ਕਈ ਧਾਰਮਿਕ ਫ਼ਿਲਮਾਂ ਦਾ ਵੀ ਖੂਬ ਵਿਰੋਧ ਹੋਇਆ ਸੀ। ਕੋਈ ਚੀਕ ਚੀਕ ਕੇ ਫ਼ਿਲਮ ਨਾ ਦੇਖਣ ਲਈ ਕਹਿ ਰਿਹਾ ਹੈ, ਕੋਈ ਦੇਖਣ ਲਈ ਕਹਿ ਰਿਹਾ ਹੈ। ਭਾਵੇਂ ਫ਼ਿਲਮ ਦੇਖਣਾ, ਨਾ ਦੇਖਣਾ ਹਰ ਕਿਸੇ ਦੀ ਮਰਜ਼ੀ ਹੈ ਪਰ ਜ਼ਹਿਰੀ ਸੋਚ ਵਾਲੇ ਸੋਸ਼ਲ ਮੀਡੀਏ 'ਤੇ ਲਾਈਵ ਹੋ ਕੇ ਆਪਣੇ ਆਪ ਨੂੰ ਧਰਮ ਰੱਖਿਅਕ ਅਤੇ ਵਿਦਵਾਨ ਸਾਬਤ ਕਰ ਰਹੇ ਹਨ।

ਪੰਜਾਬ ਵਿੱਚ 32 ਕਿਸਾਨ ਜਥੇਬੰਦੀਆਂ ਹਨ। ਸਭ ਦੇ ਵੱਖਰੇ ਵੱਖਰੇ ਵਿਚਾਰ ਹਨ। ਸਿੱਖ ਸਮੁਦਾਇ ਦੀਆਂ ਕਈ ਜਥੇਬੰਦੀਆਂ ਹਨ। ਸਭ ਦੇ ਵੱਖਰੇ ਵੱਖਰੇ ਮੱਤ ਹਨ। ਹੋਰ ਬਹੁਤ ਸਮਾਜ ਸੇਵੀ ਸੰਸਥਾਵਾਂ ਹਨ, ਜਿਨ੍ਹਾਂ ਦੇ ਵਿਚਾਰ ਆਪਸ ਵਿੱਚ ਮੇਲ ਨਹੀਂ ਖਾਂਦੇ। ਅੰਦਰੂਨੀ ਮਨਸਾ ਕਿਸੇ ਦੀ ਨਹੀਂ ਪਤਾ ਕਿ ਕੋਈ ਕੀ ਕਰਨਾ ਚਾਹੁੰਦਾ ਹੈ ਪਰ ਇੱਕ ਦੂਜੇ ਦੀ ਲੱਤ ਖਿਚਾਈ ਕਰਨ 'ਤੇ ਪੂਰੇ ਜ਼ੋਰਾਂ-ਸ਼ੋਰਾਂ ਨਾਲ ਲੱਗੇ ਹੋਏ ਹਨ। ਰਾਜਨੀਤਿਕ ਲੀਡਰਾਂ ਦੀ ਬੇਸ਼ਰਮੀ ਦੀ ਤਾਂ ਕੋਈ ਹੱਦ ਹੀ ਨਹੀਂ ਹੈ। ਇਨ੍ਹਾਂ ਬਾਰੇ ਤਾਂ ਗੱਲ ਕਰਨਾ ਵੀ ਵਾਜਿਬ ਨਹੀਂ ਪਰ ਇਹ ਸਮਾਜ ਵਿੱਚ ਜ਼ਹਿਰ ਘੋਲਣ ਦੀ ਹਰ ਮੁਮਕਿਨ ਕੋਸ਼ਿਸ਼ ਕਰਦੇ ਰਹਿੰਦੇ ਹਨ। ਲੋਕ ਖੂਬ ਇਨ੍ਹ ਦੇ ਹੱਥਾਂ ਦੀ ਕਠਪੁਤਲੀ ਬਣਕੇ ਨੱਚਦੇ ਹਨ। ਹੁਣੇ-ਹੁਣੇ ਡੇਰਾ ਸੱਚਾ ਸੌਦਾ ਮੁਖੀ ਸੋਸ਼ਲ ਮੀਡੀਆ 'ਤੇ ਖੂਬ ਸੁਰਖੀਆਂ ਵਿੱਚ ਬਣੇ ਹਨ। ਬਹੁਤਾ ਸੋਸ਼ਲ ਮੀਡੀਆ ਉਨ੍ਹਾਂ ਦੇ ਚੰਗੇ ਕੰਮਾਂ ਦੇ ਵੇਰਵੇ ਦੇ ਰਿਹਾ ਹੈ। ਬਹੁਤੇ ਲੋਕ ਉਨ੍ਹਾਂ ਦੇ ਦੋਸ਼ ਸਾਬਤ ਕਰਨ ਜੁਟੇ ਹੋਏ ਹਨ। ਜੋ ਜ਼ਹਿਰ ਉਗਲਿਆ ਜਾ ਰਿਹਾ ਹੈ, ਉਹ ਕਿਸੇ ਲਈ ਵੀ ਚੰਗੀ ਗੱਲ ਨਹੀਂ ਹੈ।

ਲੋਕਾਂ ਨੂੰ ਬਹੁਤ ਸਮਝਦਾਰੀ ਤੋਂ ਕੰਮ ਲੈਣਾ ਚਾਹੀਦਾ ਹੈ। ਸਭ ਦਾ ਸਤਿਕਾਰ ਕਰਨਾ ਚਾਹੀਦਾ ਹੈ। ਪਰ ਸਾਡੀ ਇਹ ਤ੍ਰਾਸਦੀ ਰਹੀ ਹੈ ਸਾਡੀ ਅਗਵਾਈ ਕਰਨ ਵਾਲੇ ਲੀਡਰ ਜਾਂ ਤਾਂ ਸਾਜ਼ਿਸ਼ ਦਾ ਹਿੱਸਾ ਹੁੰਦੇ ਹਨ ਜਾਂ ਉਨ੍ਹਾਂ ਨੂੰ ਇੰਨਾ ਪ੍ਰਭਾਵਿਤ ਕਰ ਦਿੱਤਾ ਜਾਂਦਾ ਹੈ ਕਿ ਉਹ ਸਾਜ਼ਿਸ਼ ਦਾ ਹਿੱਸਾ ਬਣ ਜਾਂਦੇ ਹਨ। ਕੁਝ ਲੋਕਾਂ ਦੀ ਫ਼ਿਤਰਤ ਹੈ ਕਿ ਲੋਕਾਈ ਦੇ ਭਲੇ ਦੀ ਗੱਲ ਉਨ੍ਹਾਂ ਨੂੰ ਹਾਜ਼ਮ ਨਹੀਂ ਹੁੰਦੀ, ਇਸ ਲਈ ਉਹ ਮਾਨਵਤਾ ਦੀ ਸੇਵਾ ਕਰਨ ਵਾਲਿਆਂ ਵਿੱਚ ਵੀ ਨੁਕਸ ਕੱਢਦੇ ਰਹਿੰਦੇ ਹਨ, ਬੁਰਾਈ ਕਰਦੇ ਰਹਿੰਦੇ ਹਨ। ਉਹ ਆਪ ਕੁਝ ਕਰਦੇ ਨਹੀਂ, ਕਿਸੇ ਨੂੰ ਕਰਨ ਨਹੀਂ ਦਿੰਦੇ। ਕੁਝ ਧਾਰਮਿਕ ਅਤੇ ਰਾਜਨੀਤਕ ਲੀਡਰ ਅਜਿਹੇ ਹਨ ਜੋ ਕਿਸੇ ਖ਼ਾਸ ਸਮੇਂ 'ਤੇ ਹੀ ਬਾਹਰ ਆਉਂਦੇ ਹਨ ਤੇ ਫ਼ਿਰ ਸਮਾਜਿਕ ਸਮੀਕਰਣ ਬਦਲਣ ਦੀ ਪੂਰੀ ਕੋਸ਼ਿਸ਼ ਕਰਦੇ ਹਨ। ਮਨਸੂਬਾ ਪੂਰਾ ਨਾ ਹੋਣ ਤੇ ਫ਼ਿਰ ਅਲੋਪ ਹੋ ਜਾਂਦੇ ਹਨ। ਅਜਿਹੀ ਸਥਿਤੀ ਵਿੱਚ ਲੋਕਾਂ ਨੂੰ ਬਹੁਤ ਸਮਝਦਾਰੀ ਵਰਤਣੀ ਚਾਹੀਦੀ ਹੈ ਤੇ ਆਪਸੀ ਭਾਈਚਾਰਕ ਸਾਂਝ ਨੂੰ ਮਜ਼ਬੂਤ ਬਣਾਈ ਰੱਖਣਾ ਚਾਹੀਦਾ ਹੈ। ਵਿਦੇਸ਼ਾਂ ਵਿੱਚ ਸੋਸ਼ਲ ਮੀਡੀਆ 'ਤੇ ਬੈਠੇ ਲੋਕ ਅਜਿਹੀਆਂ ਹਰਕਤਾਂ ਕਰ ਰਹੇ ਹਨ, ਜਿਸ ਨਾਲ ਧਾਰਮਿਕ ਅਤੇ ਜਾਤੀਵਾਦ ਦਾ ਪਾੜਾ ਵਧ ਰਿਹਾ ਹੈ। ਇਹ ਅਵਾਮ ਲਈ ਬਹੁਤ ਘਾਤਕ ਹੈ। ਸਾਨੂੰ ਅਜਿਹੇ ਲੋਕਾਂ ਬਾਰੇ ਜਾਗਰੂਕ ਹੋਣਾ ਚਾਹੀਦਾ ਹੈ। ਸੋਸ਼ਲ ਮੀਡੀਆ 'ਤੇ ਵਾਇਰਲ ਹੋਈਆਂ ਗੱਲਾਂ ਦੀ ਪੁਸ਼ਟੀ ਕਰਨੀ ਚਾਹੀਦੀ ਹੈ। ਬੇਵਜਾਹ ਆਪਸੀ ਭਾਈਚਾਰਕ ਸਾਂਝ ਨੂੰ ਠੇਸ ਨਹੀਂ ਲੱਗਣ ਦੇਣੀ ਚਾਹੀਦੀ। ਲੋਕਾਂ ਨੂੰ ਬਹੁਤ ਸਮਝਦਾਰੀ ਵਰਤਣ ਦੀ ਲੋੜ ਹੈ। ਵਖਰੇਵੇਂ ਪੈਦਾ ਕਰਨ ਵਾਲੇ ਲੋਕਾਂ ਨੂੰ ਨਕਾਰਨਾ ਚਾਹੀਦਾ ਹੈ ਤਾਂ ਜੋ ਸਮਾਜ ਵਿੱਚ ਭਾਈਚਾਰਕ ਸਾਂਝ ਅਤੇ ਪਿਆਰ ਬਣਿਆ ਰਹੇ, ਅਮਨ ਸ਼ਾਂਤੀ ਨੂੰ ਕਾਇਮ ਰੱਖਿਆ ਜਾ ਸਕੇ।

# ਪੰਜਾਬ ਦੇ ਦਰਿਆਈ ਪਾਣੀਆਂ ਦੀ ਲੁੱਟ ਕਿਉਂ ?, ਜ਼ਿੰਮੇਵਾਰ ਕੌਣ ?



ਡਾ. ਅਮਨਪ੍ਰੀਤ ਸਿੰਘ ਬਰਾੜ

ਪਾਣੀ ਦੀ ਸਾਡੇ ਜੀਵਨ ਵਿੱਚ ਕਿੰਨੀ ਮਹੱਤਤਾ ਹੈ, ਇਸ ਗੱਲ ਦਾ ਅੰਦਾਜ਼ਾ ਇਸ ਵਿਸ਼ਲੇਸ਼ਣ ਤੋਂ ਲਾਇਆ ਜਾ ਸਕਦਾ ਹੈ: ਪਹਿਲਗਾਮ ਘਟਨਾ ਤੋਂ ਤੁਰੰਤ ਬਾਅਦ ਭਾਰਤ ਸਰਕਾਰ ਨੇ ਸਿੰਧੂ ਜਲ ਸੰਧੀ ਮੁਅੱਤਲ ਕਰਨ ਦਾ ਫ਼ੈਸਲਾ ਕੀਤਾ ਜੋ 1960 ਤੋਂ ਜਾਰੀ ਸੀ। ਨਾਲ ਹੀ ਗੁਆਂਢੀ ਦੇਸ਼ ਦੇ ਲੀਡਰਾਂ ਨੇ ਜੰਗ ਦੀਆਂ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ, ਹਾਲਾਂਕਿ ਦੁਨੀਆ ਜਾਣਦੀ ਹੈ ਕਿ ਜੰਗ ਵਿੱਚ ਦੋਨਾਂ ਧਿਰਾਂ ਦਾ ਨੁਕਸਾਨ ਹੁੰਦਾ ਹੈ। ਜੰਗ ਸ਼ੁਰੂ ਕਰਨੀ ਇੱਕ ਧਿਰ ਦੇ ਵੱਸ ਹੁੰਦੀ ਹੈ ਪਰ ਬੰਦ ਕਰਨੀ ਉਸ ਦੇ ਵੱਸ ਨਹੀਂ ਰਹਿੰਦੀ। ਰੂਸ ਅਤੇ ਯੂਕ੍ਰੇਨ ਦੀ ਜੰਗ ਦਾ ਸਭ ਨੂੰ ਪਤਾ ਹੈ ਕਿ ਕੁਝ ਦਿਨਾਂ ਤੋਂ ਵਧਦੀ ਸਾਲਾਂ ਤੱਕ ਪਹੁੰਚ ਗਈ ਹੈ। ਪਾਣੀ ਪਿੱਛੇ ਪੰਜਾਬ ਤੇ ਹਰਿਆਣਾ ਆਪਸ ਵਿੱਚ 1966 ਤੋਂ ਹੀ ਉਲਝੇ ਹੋਏ ਹਨ। ਕਿਸਾਨ ਅੰਦੋਲਨ ਵੇਲੇ ਵੀ ਸਿਆਸਤਦਾਨਾਂ ਨੇ ਦੋਹਾਂ ਸੂਬਿਆਂ ਦੇ ਕਿਸਾਨਾਂ ਵਿੱਚਾਲੇ ਇਹ ਮੁੱਦਾ ਭੜਕਾਉਣ ਦੀ ਕੋਸ਼ਿਸ਼ ਕੀਤੀ ਪਰ ਦਿੱਲੀ ਦੀਆਂ ਬਰੂਹਾਂ 'ਤੇ ਬੈਠੇ ਕਿਸਾਨਾਂ ਨੇ ਇਸ ਚਾਲ ਨੂੰ ਨਕਾਰ ਦਿੱਤਾ। ਹੁਣ ਇਹ ਮੁੱਦਾ ਕਿਸਾਨਾਂ ਦੀ ਬਜਾਏ ਸਾਰੀ ਆਬਾਦੀ ਦਾ ਬਣਾ ਦਿੱਤਾ ਕਿ ਹਰਿਆਣਾ ਨੂੰ ਮਨੁੱਖਤਾ ਦੇ ਆਧਾਰ 'ਤੇ ਪੀਣ ਲਈ ਵੱਧ ਪਾਣੀ ਪੰਜਾਬ ਦੇ ਹਿੱਸੇ ਵਿੱਚੋਂ ਦਿੱਤਾ ਜਾਵੇ। ਦੋਨਾਂ ਸੂਬਿਆਂ ਦੀਆਂ ਸਿਆਸੀ ਪਾਰਟੀਆਂ ਨੇ ਰਲ ਕੇ ਆਪਣੇ ਸੂਬੇ ਦੇ ਹੱਕ ਵਿੱਚ ਮਤੇ ਪਾਏ ਹਨ। ਤਰਾਸਦੀ ਦੇਖੋ, ਹਰਿਆਣੇ ਵਾਲੇ ਕਹਿੰਦੇ- ਅਸੀਂ ਆਪਣੇ ਹਿੱਸੇ ਤੋਂ ਵੱਧ ਪਾਣੀ ਲੈਣ ਲਈ ਅਦਾਲਤ ਜਾਵਾਂਗੇ। ਗੱਲ ਕੀ, ਸਰਕਾਰਾਂ ਲੋਕਾਂ ਦਾ ਧਿਆਨ ਅਸਲੀ ਮੁੱਦਿਆਂ ਤੋਂ ਹਟਾਉਣ ਲਈ ਜਦੋਂ ਲੋੜ ਪੈਂਦੀ ਹੈ, ਪਾਣੀ ਦਾ ਮੁੱਦਾ ਚੁੱਕ ਲੈਂਦੀਆਂ ਹਨ।

ਜਦੋਂ ਰੌਲਾ ਪੈਂਦਾ ਹੈ, ਹਰ ਪਾਰਟੀ ਦਾ ਇਕੋ ਰਾਗ ਹੁੰਦਾ ਹੈ- ਅਸੀਂ ਪਾਣੀ ਦੀ ਬੂੰਦ ਵੀ ਨਹੀਂ ਦੇਣੀ, ਪਰ ਸਵਾਲ ਇੱਥੇ ਇਹ ਹੈ ਕਿ ਪੰਜਾਬ ਦਾ 70 ਪ੍ਰਤੀਸ਼ਤ ਪਾਣੀ ਪਹਿਲਾਂ ਹੀ ਸੂਬੇ ਤੋਂ ਬਾਹਰ ਜਾ ਰਿਹਾ ਹੈ, ਫ਼ਿਰ ਬੂੰਦ ਦਾ ਸਵਾਲ ਕਿਥੇ ਰਹਿ ਗਿਆ? ਇਸ ਵੇਲੇ ਪੰਜਾਬ ਕੋਲ ਜੋ 30 ਪ੍ਰਤੀਸ਼ਤ ਪਾਣੀ ਬੱਚਿਆ ਹੈ, ਉਹ ਸਿਰਫ਼ 27 ਪ੍ਰਤੀਸ਼ਤ ਰਕਬੇ ਵਿੱਚ ਹੀ ਸਿੰਜਾਈ ਕਰਦਾ ਹੈ; ਬਾਕੀ 73 ਪ੍ਰਤੀਸ਼ਤ ਰਕਬਾ ਟਿਊਬਵੈਲਾਂ ਦੇ ਪਾਣੀ ਨਾਲ ਪਲਦਾ ਹੈ ਜਿਸ ਕਾਰਨ ਧਰਤੀ ਹੇਠਲੇ ਪਾਣੀ ਦਾ ਉੱਪਰਲਾ ਪੱਤਣ ਸੁੱਕ ਚੁੱਕਾ ਹੈ ਅਤੇ ਹੇਠਲੇ ਪੱਤਣ ਵਿੱਚ ਪਾਣੀ ਸਿਰਫ਼ ਪੰਜ ਸੱਤ ਸਾਲ ਦਾ ਰਹਿ ਗਿਆ ਹੈ। ਇਨਸਾਫ਼ ਦਾ ਤਕਾਜ਼ਾ ਹੈ ਕਿ ਪੀਣ ਵਾਲਾ ਪਾਣੀ ਹਰ ਇਕ ਨੂੰ ਮਿਲਣਾ ਚਾਹੀਦਾ ਹੈ ਪਰ ਖੇਤੀ ਜਾਂ ਉਦਯੋਗਾਂ ਲਈ ਪਾਣੀ ਨੂੰ ਪਹਿਲ ਉਥੇ ਦੇਣੀ ਚਾਹੀਦੀ ਹੈ ਜਿਥੇ ਇਹ ਦਰਿਆ ਵਗਦੇ ਹਨ ਅਤੇ ਇਸ ਤੋਂ ਵੀ ਅੱਗੇ ਪ੍ਰਤੀ ਯੂਨਿਟ ਪਾਣੀ ਨਾਲ ਪੈਦਾਵਾਰ ਕਿੱਥੇ ਵੱਧ ਹੁੰਦੀ ਹੈ। ਜਿਹੜਾ ਪਾਣੀ ਰਾਜਸਥਾਨ ਨਹਿਰ ਰਾਹੀਂ ਰਾਜਸਥਾਨ ਜਾ ਰਿਹਾ ਹੈ, ਉਸ ਦਾ ਬਹੁਤਾ ਹਿੱਸਾ ਫ਼ਾਇਦੇ ਦੀ ਜਗ੍ਹਾ ਨੁਕਸਾਨ ਕਰ ਰਿਹਾ ਹੈ। ਜਿਹੜਾ ਪਾਣੀ ਨਹਿਰ ਦੇ ਪਹਿਲੇ ਪੜਾਅ ਨੂੰ ਦਿੱਤਾ ਗਿਆ, ਉਸ ਨੇ ਪਹਿਲਾਂ ਸੇਮ ਲਿਆਂਦੀ, ਫ਼ਿਰ ਸੇਮ ਨੂੰ ਠੀਕ ਕਰਨ ਲਈ ਨਹਿਰ ਨਾਲ ਦਰਖਤ ਲਾ ਕੇ ਜੰਗਲ ਖੜ੍ਹੇ ਕੀਤੇ। ਇਸ ਤੋਂ ਬਆਦ ਸੀਪੇਜ (ਪਾਣੀ ਦਾ ਜੀਰਨਾ) ਰੋਕਣ ਲਈ ਨਹਿਰ ਵਿੱਚ ਪਲਾਸਟਿਕ ਅਤੇ ਕੰਕਰੀਟ ਵਿੱਚਾਉਣ ਲਈ ਅਰਬਾਂ ਰੁਪਏ ਖਰਚੇ। ਸੀਪੇਜ ਤਾਂ ਰੋਕ ਲਓਗੇ ਪਰ 45 ਤੋਂ 50 ਡਿਗਰੀ ਸੈਲਸੀਅਸ 'ਤੇ ਭਾਫ਼ ਬਣ ਕੇ ਉੱਡਣ ਤੋਂ ਕਿਵੇਂ ਰੋਕੋਗੇ? ਕੀ ਇਹ ਪਾਣੀ ਬੰਦ ਪਾਈਪਾਂ ਰਾਹੀ ਨਹੀਂ ਸੀ ਲਿਜਾਇਆ ਜਾ ਸਕਦਾ ਤਾਂ ਕਿ ਵਰਤੋਂ ਯੋਗ ਪਾਣੀ ਵਧੇ ਅਤੇ ਬਚਿਆ ਪਾਣੀ ਜਿਹੜੇ ਸੂਬੇ ਵਿੱਚੋਂ ਪਾਣੀ ਲੈ ਕੇ ਜਾ ਰਹੇ ਹੋ, ਉੱਥੇ ਹੀ ਵਰਤਿਆ ਜਾਵੇ। ਇਸ ਤਰ੍ਹਾਂ ਰਾਜਸਥਾਨ ਨਹਿਰ ਦੇ ਦੂਜੇ ਪੜਾਅ ਵਿੱਚ ਮੋਟਰਾਂ ਲਾ ਕੇ ਪਾਣੀ 30-30 ਫ਼ੁੱਟ ਉੱਚਾ ਚੁੱਕ ਕੇ ਟਿੱਬਿਆ 'ਤੇ ਛੱਡਿਆ ਜਾ ਰਿਹਾ। ਰੇਤੇ ਦੇ ਟਿੱਬੇ ਉੱਤੇ 45 ਤੋਂ 48 ਡਿਗਰੀ ਸੈਲਸੀਅਸ 'ਤੇ ਕਿਹੜੀ ਤਕਨੀਕ ਨਾਲ ਪੈਦਾਵਾਰ ਹੋ ਸਕਦੀ ਹੈ? ਸਭ ਤੋਂ ਵੱਡੀ ਗੱਲ, ਹਰਿਆਣਾ ਸਭ ਤੋਂ ਜਿਆਦਾ ਰੌਲਾ ਪਾਉਂਦਾ ਹੈ ਪਰ ਉਸ ਦਾ ਨਹਿਰਾਂ ਨਾਲ ਸਿੰਜਾਈ ਹੇਠ ਰਕਬਾ 45 ਪ੍ਰਤੀਸ਼ਤ ਹੈ ਜਦਕਿ ਪੰਜਾਬ ਵਿੱਚ ਸਿਰਫ਼ 27 ਪ੍ਰਤੀਸ਼ਤ ਰਕਬੇ ਵਿੱਚ ਹੀ ਨਹਿਰਾਂ ਨਾਲ ਸਿੰਜਾਈ ਹੋ ਰਹੀ ਹੈ। ਇਸੇ ਤਰ੍ਹਾਂ ਰਾਜਸਥਾਨ ਜੋ ਪੰਜਾਬ ਦੇ ਪਾਣੀਆਂ ਦਾ ਵੱਡਾ ਹਿੱਸਾ ਲਈ ਬੈਠਾ ਹੈ, ਉਥੇ ਵੀ 25.08 ਫ਼ੀਸਦੀ ਰਕਬਾ ਨਹਿਰਾਂ ਨਾਲ ਸਿੰਜਿਆ ਜਾਂਦਾ ਹੈ। ਤਰਾਸਦੀ ਇਹ ਹੈ ਕਿ ਸਾਰੀਆਂ ਹੀ ਸਿਆਸੀ ਪਾਰਟੀਆ ਰਾਜਸਥਾਨ ਨੂੰ ਦਿੱਤੇ ਹਿੱਸੇ ਦਾ ਜ਼ਿਕਰ ਨਹੀਂ ਕਰਦੀਆਂ ਭਾਵੇਂ ਉਹ ਕਾਨੂੰਨੀ ਤੌਰ 'ਤੇ ਬੂੰਦ ਵੀ ਪਾਣੀ ਨਹੀਂ ਲੈ ਸਕਦਾ। ਕੇਂਦਰ ਸਰਕਾਰ ਅਤੇ ਸੂਬਾ ਸਰਕਾਰਾਂ ਇਸ ਗੱਲ 'ਤੇ ਨਹੀਂ ਆਉਂਦੀਆਂ ਕਿ ਮੀਂਹ ਘਟ ਗਏ ਹਨ, ਇਸ ਕਰ ਕੇ ਦਰਿਆਈ ਪਾਣੀ ਘਟ ਗਿਆ ਹੈ ਅਤੇ ਪਾਣੀ ਦੀ ਲੋੜ ਵਧ ਗਈ ਹੈ। ਦਰਿਆਈ ਪਾਣੀ ਦਾ ਮੁੱਲਾਂਕਣ ਦੁਬਾਰਾ ਕਰ ਕੇ ਕਾਨੂੰਨ ਅਤੇ ਸੂਬੇ ਦੀ ਲੋੜ ਅਨੁਸਾਰ ਅਤੇ ਪਾਣੀ ਦਾ ਵਰਤੋਂ ਦੀ ਕੁਸ਼ਲਤਾ ਦੇ ਹਿਸਾਬ ਨਾਲ ਪਾਣੀ ਦੀ ਦੁਬਾਰਾ ਵੰਡ ਕੀਤੀ ਜਾਵੇ। ਸਾਰੇ 1955 ਅਤੇ 1981 ਵਾਲੇ ਫ਼ੈਸਲਿਆਂ ਅਨੁਸਾਰ ਹੀ ਪੰਜਾਬ ਦਾ ਗਲਾ ਘੁੱਟਣਾ ਚਾਹੁੰਦੇ ਹਨ ਕਿਉਂਕਿ ਵੋਟ ਰਾਜਨੀਤੀ ਇਹੋ ਹੀ ਸਿਖਾਉਂਦੀ ਹੈ ਕਿ ਕਿਸੇ ਵੀ ਝਗੜੇ ਦਾ ਨਿਬੇੜਾ ਨਾ ਕਰੋ, ਉਸ ਨੂੰ ਲਟਕਾਈ ਰੱਖੋ ਤਾਂ ਕਿ ਸਾਰੀਆਂ ਧਿਰਾਂ ਮਗਰ ਲੱਗੀਆਂ ਰਹਿਣ। ਰਾਜਨੀਤੀ ਵਾਲੇ ਤਾਂ ਛੱਡੋ, ਸੰਵਿਧਾਨ ਦੇ ਰਾਖੇ ਵੀ ਕਾਨੂੰਨ ਤੋਂ ਹਟ ਕੇ ਦਬਕੇ ਮਾਰਦੇ ਹਨ।




ਹੜ੍ਹਾਂ ਦੀ ਮਾਰ: ਪਾਣੀ ਹਰ ਸੂਬੇ ਨੂੰ ਚਾਹੀਦਾ ਹੈ ਪਰ ਜਦੋਂ ਮੀਂਹ ਇਕਦਮ ਲੋੜ ਤੋਂ ਜਿਆਦਾ ਪੈ ਜਾਂਦਾ ਹੈ ਤਾਂ ਇਹ ਲੋਕ ਦਰਿਆਵਾਂ ਵਰਗੀਆਂ ਨਹਿਰਾਂ ਬੰਦ ਕਰਵਾ ਦਿੰਦੇ ਹਨ; ਤਰਕ ਦਿੱਤਾ ਜਾਂਦਾ ਹੈ ਕਿ ਨਹਿਰਾਂ ਵਿੱਚ ਪੋਣ ਪੈ ਕੇ ਨਹਿਰਾਂ ਦਾ ਨੁਕਸਾਨ ਹੁੰਦਾ ਹੈ। ਜੇ ਪਾਣੀ ਨਹਿਰਾਂ ਵਿੱਚ ਛੱਡ ਕੇ ਵੰਡਿਆ ਜਾਵੇ ਤਾਂ ਲੋਕਾਂ ਦਾ ਨੁਕਸਾਨ ਘੱਟ ਹੋਵੇਗਾ। ਪੰਜਾਬੀਆਂ ਦੇ ਘਰ ਢਹਿ ਜਾਣ, ਫ਼ਸਲਾਂ ਤਬਾਹ ਹੋ ਜਾਣ, ਇਹ ਨੂਕਸਾਨ ਨਹੀਂ ਗਿਣਿਆ ਜਾਂਦਾ। ਕੀ ਕੇਂਦਰ ਸਰਕਾਰ ਦਾ ਇਹ ਫ਼ਰਜ਼ ਨਹੀਂ ਬਣਦਾ ਕਿ ਜਿੰਨੇ ਵੀ ਸੂਬੇ ਪਾਣੀ ਦਾ ਲਾਭ ਲੈਂਦੇ ਹਨ, ਉਹ ਸਾਰੇ ਰਲ ਕੇ ਪੰਜਾਬ ਦੇ ਲੋਕਾਂ ਦੇ ਨੁਕਸਾਨ ਦੀ ਭਰਪਾਈ ਕਰਨ। ਛੋਟੇ ਮੋਟੇ ਹੜ੍ਹਾਂ ਦੀ ਮਾਰ ਦੀ ਗੱਲ ਨਹੀਂ, ਉਨ੍ਹਾਂ ਹੜ੍ਹਾਂ ਦੀ ਮਾਰ ਦੀ ਗੱਲ ਹੈ ਜੋ ਭਾਖੜਾ ਡੈਮ ਵਿੱਚੋਂ ਪਾਣੀ ਛੱਡਣ ਨਾਲ ਆਏ। 1988 ਦੇ ਭਿਆਨਕ ਹੜ੍ਹ ਦਾ ਕਾਰਨ ਸੀ ਡੈਮ ਵਿੱਚ ਪਾਣੀ ਭਰਨ ਦਾ ਸਮਾਂ 30 ਸਤੰਬਰ ਤੱਕ ਦਾ ਹੈ ਪਰ ਡੈਮ ਨੂੰ ਸਿਰੇ ਤੱਕ ਉਸ ਤੋਂ ਪਹਿਲਾਂ ਹੀ ਭਰ ਲਿਆ ਗਿਆ; ਜਦੋਂ 23-26 ਸਤੰਬਰ ਨੂੰ ਕੈਚਮੈਂਟ ਏਰੀਏ ਵਿੱਚ ਭਾਰੀ ਮੀਂਹ (634ਐੱਮਐੱਮ) ਪਏ ਤਾਂ ਡੈਮ ਦੇ ਫ਼ਲੱਡ ਗੇਟ ਖੋਲ੍ਹ ਦਿੱਤੇ ਜਿਸ ਕਾਰਨ ਭਾਰੀ ਮਾਤਰਾ ਵਿੱਚ ਜਾਨੀ ਤੇ ਮਾਲੀ ਨੁਕਸਾਨ ਹੋਇਆ। ਪੰਜਾਬ ਦੇ 12989 ਪਿੰਡਾਂ ਵਿੱਚੋਂ 9000 ਵਿੱਚ ਪਾਣੀ ਭਰ ਗਿਆ। ਇਨ੍ਹਾਂ ਵਿੱਚੋਂ 2500 ਪਿੰਡ ਤਾਂ ਬਿਲਕੁਲ ਹੀ ਤਬਾਹ ਹੋ ਗਏ। 34 ਲੱਖ ਲੋਕ ਪ੍ਰਭਾਵਿਤ ਹੋਏ। ਸਾਲ 1993 ਵਿੱਚ 25 ਲੱਖ ਲੋਕ 44 ਸ਼ਹਿਰਾਂ/ਕਸਬਿਆਂ ਅਤੇ 4741 ਪਿੰਡਾਂ ਵਿੱਚ ਪ੍ਰਭਾਵਿਤ ਹੋਏ। 15 ਲੱਖ ਏਕੜ ਰਕਬੇ ਵਿੱਚ ਫ਼ਸਲ ਦਾ ਨੁਕਸਾਨ ਹੋਇਆ। ਸਾਲ 2023 ਵਿੱਚ ਵੀ ਇਹੀ ਹਾਲ ਹੋਇਆ।

ਪੰਜਾਬ ਮਾਰੂਥਲ ਬਣਨ ਕੰਢੇ: ਇਸ ਵਕਤ ਪੰਜਾਬ ਦੇ 73 ਪ੍ਰਤੀਸ਼ਤ ਰਕਬੇ ਵਿੱਚ ਟਿਊਬਵੈਲਾਂ ਨਾਲ ਸਿੰਜਾਈ ਕੀਤੀ ਜਾਂਦੀ ਹੈ ਜਿਸ ਕਾਰਨ ਪੰਜਾਬ ਦੇ 76 ਪ੍ਰਤੀਸ਼ਤ ਬਲਾਕਾਂ ਵਿੱਚੋਂ ਪਾਣੀ ਜਿ ?ਆਦਾ ਕੱਢਿਆ ਜਾਂਦਾ ਹੈ ਜਿਸ ਕਾਰਨ ਪਾਣੀ ਹਰ ਸਾਲ ਇੱਕ ਮੀਟਰ ਤੱਕ ਹੇਠਾਂ ਜਾ ਰਿਹਾ ਹੈ। ਨੈਸ਼ਨਲ ਗਰੀਨ ਟ੍ਰਿਬਿਊਨਲ ਦੀ 2022 ਦੀ ਰਿਪੋਰਟ ਮੁਤਾਬਿਕ, ਜੇ ਇਸੇ ਤਰ੍ਹਾਂ ਚਲਦਾ ਰਿਹਾ ਤਾਂ 2039 ਤੱਕ ਪਾਣੀ 300 ਮੀਟਰ (984 ਫ਼ੁੱਟ) ਤੋਂ ਹੇਠਾ ਚਲਾ ਜਾਵੇਗਾ। ਇਸ ਵੇਲੇ ਭਾਵੇਂ ਪਾਣੀ ਦਾ ਲੇਵਲ 30-50 ਮੀਟਰ ਹੈ ਪਰ ਚੰਗਾ ਪਾਣੀ ਲੈਣ ਲਈ ਕਿਸਾਨਾਂ ਨੇ ਬੋਰ 200 ਮੀਟਰ ਦੀ ਡੂੰਘਾਈ ਤੱਕ ਕੀਤੇ ਹੋਏ ਹਨ। ਜੇ ਪਾਣੀ ਦੀ ਸਤਹ ਹੀ 300 ਮੀਟਰ ਤੋਂ ਹੇਠਾਂ ਜਾਂਦੀ ਹੈ ਤਾਂ ਉੱਥੇ ਬੋਰ ਕਰ ਕੇ ਪਾਣੀ ਕੱਢਣਾ ਕਿਸਾਨ ਦੇ ਵੱਸ ਦੀ ਗੱਲ ਨਹੀਂ। ਬਿਨਾਂ ਪਾਣੀ ਤੋਂ ਜ਼ਮੀਨ ਬੰਜਰ ਹੋ ਜਾਵੇਗੀ। ਹਾਈਡਰਾਲੋਜਿਸਟ ਵਸ਼ਿਸ਼ਟ ਦੀ 2016 ਦੀ ਰਿਪੋਰਟ ਮੁਤਾਬਿਕ, ਪੰਜਾਬ ਵਿੱਚ 1.27 ਮਿਲਿਅਨ ਹੈਕਟੇਅਰ ਮੀਟਰ ਦੀ ਘਾਟ ਸੀ। ਪੰਜਾਬ ਦੀ ਮੌਜੂਦਾ ਸਰਕਾਰ ਨਹਿਰੀ ਪਾਣੀ ਹੇਠਾਂ ਰਕਬਾ ਵਧਾਉਣ ਦੀ ਕੋਸ਼ਿਸ਼ ਕਰ ਰਹੀ ਹੈ ਪਰ ਜਦੋਂ ਸਾਡੇ ਕੋਲ ਪਾਣੀ ਹੀ ਸੀਮਤ ਹੈ, ਫ਼ਿਰ ਰਕਬਾ ਵਧਾਉਣ ਨਾਲ ਧਰਤੀ ਹੇਠਲੇ ਪਾਣੀ ਦੀ ਮੰਗ ਨਹੀਂ ਘਟ ਸਕਦੀ, ਭਾਵੇਂ ਨਹਿਰੀ ਪਾਣੀ 10 ਲੱਖ ਹੈਕਟੇਅਰ ਵਿੱਚ ਲਾ ਲਓ ਜਾਂ 15 ਲੱਖ ਹੈਕਟੇਅਰ ਵਿੱਚ ਵਰਤ ਲਵੋ। ਪੰਜਾਬ ਕੋਲ ਇਸ ਵਕਤ ਰੀਚਾਰਜੇਬਲ ਪਾਣੀ 21.44 ਬਿਲੀਅਨ ਕਿਊਬਿਕ ਮੀਟਰ ਹੈ ਜਦੋਂਕਿ ਅਸੀਂ ਕੱਢਦੇ 31.16 ਬਿਲਿਅਨ ਕਿਊਬਿਕ ਮੀਟਰ ਹਾਂ।

(ਬਾਕੀ ਸਫ਼ਾ 31 'ਤੇ)



# ਖੇਤੀ ਸੁਧਾਰਾਂ ਦਾ ਦੇਸੀ ਮਾਡਲ ਕੀਤਾ ਜਾਵੇ ਵਿਕਸਿਤ



ਦਵਿੰਦਰ ਸ਼ਰਮਾ
(ਲੇਖਕ ਪ੍ਰਸਿੱਧ ਖੁਰਾਕ ਅਤੇ ਖੇਤੀਬਾੜੀ ਨੀਤੀ ਮਾਹਿਰ ਹਨ)

ਅਜਿਹੇ ਮਾਹੌਲ 'ਚ ਜਦੋਂ ਪ੍ਰਦਰਸ਼ਨਕਾਰੀ ਕਿਸਾਨਾਂ ਨੂੰ ਹਰ ਤਰ੍ਹਾਂ ਦੇ ਅਪਮਾਨਜਨਕ ਨਾਵਾਂ ਨਾਲ ਬੁਲਾਇਆ ਜਾਂਦਾ ਹੈ ਅਤੇ ਅਕਸਰ ਸੋਸ਼ਲ ਮੀਡੀਆ 'ਤੇ ਉਨ੍ਹਾਂ ਨੂੰ ਗਾਲ੍ਹਾਂ ਕੱਢੀਆਂ ਜਾਂਦੀਆਂ ਹਨ, ਇਸ ਦੌਰਾਨ ਉਪ ਰਾਸ਼ਟਰਪਤੀ ਜਗਦੀਪ ਧਨਖੜ ਨੇ ਭਾਰਤੀ ਖੇਤੀ ਖੋਜ ਪ੍ਰੀਸ਼ਦ (ਆਈ.ਸੀ.ਏ.ਆਰ.) ਦੇ ਇੱਕ ਸਮਾਗਮ 'ਚ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਦੇ ਸਾਹਮਣੇ ਜੋ ਕਿਹਾ ਹੈ ਉਹ ਨਿਸ਼ਚਿਤ ਤੌਰ 'ਤੇ ਹਵਾ ਦੇ ਇੱਕ ਤਾਜ਼ਾ ਬੁੱਲੇ ਵਾਂਗ ਹੈ।

ਉਨ੍ਹਾਂ ਸਰਕਾਰ ਨੂੰ ਘੱਟੋ-ਘੱਟ ਸਮਰਥਨ ਮੁੱਲ (ਐੱਮ.ਐੱਸ.ਪੀ.) ਸਬੰਧੀ ਕਿਸਾਨਾਂ ਦੀ ਮੰਗ 'ਤੇ ਹਾਂ- ਪੱਖੀ ਵਿਚਾਰ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਸਾਡੀ ਮਾਨਸਿਕਤਾ ਸਾਕਾਰਤਮਿਕ ਹੋਣੀ ਚਾਹੀਦੀ ਹੈ ? ਸਾਨੂੰ ਇਹ ਸੋਚ ਕੇ ਰੁਕਾਵਟਾਂ ਪੈਦਾ ਨਹੀਂ ਕਰਨੀਆਂ ਚਾਹੀਦੀਆਂ ਕਿ ਕਿਸਾਨਾਂ ਨੂੰ ਐੱਮ.ਐੱਸ.ਪੀ. ਦੇਣ ਦੇ ਮਾੜੇ ਨਤੀਜੇ ਨਿਕਲਣਗੇ। ਅਸੀਂ ਕਿਸਾਨਾਂ ਨੂੰ ਜੋ ਵੀ ਭਾਅ ਦੇਵਾਂਗੇ, ਉਸ ਨਾਲ ਦੇਸ਼ ਨੂੰ ਪੰਜ ਗੁਣਾਂ ਲਾਭ ਹੋਵੇਗਾ... ਜੋ ਲੋਕ ਕਹਿੰਦੇ ਹਨ ਕਿ ਸਾਡੇ ਕਿਸਾਨਾਂ ਨੂੰ ਉਨ੍ਹਾਂ ਦੀ ਉਪਜ ਦਾ ਉਚਿਤ ਮੁੱਲ ਦੇਣ ਨਾਲ ਤਬਾਹੀ ਆਵੇਗੀ, ਮੈਨੂੰ ਸਮਝ ਨਹੀਂ ਆਉਂਦਾ ਕਿ ਅਜਿਹਾ ਕਿਉਂ ਹੈ ? ਉਨ੍ਹਾਂ ਪ੍ਰਦਰਸ਼ਨਕਾਰੀ ਕਿਸਾਨਾਂ ਦਾ ਸਪੱਸ਼ਟ ਰੂਪ 'ਚ ਹਵਾਲਾ ਦਿੰਦਿਆਂ ਕਿਹਾ ਕਿ ਇਨ੍ਹਾਂ ਲੋਕਾਂ ਨੂੰ ਦੂਰ ਭਜਾਉਣ ਦੀ ਨਹੀਂ, ਸਗੋਂ ਗਲੇ ਲਗਾਉਣ ਦੀ ਲੋੜ ਹੈ। ਹਰ ਕਦਮ 'ਤੇ ਬੇਲੋੜੀਆਂ ਰੁਕਾਵਟਾਂ ਖੜ੍ਹੀਆਂ ਕਰਨ ਕਾਰਨ ਕਿਸਾਨਾਂ ਦੀਆਂ ਮੰਗਾਂ ਲੰਬੇ ਸਮੇਂ ਤੱਕ ਅਣਸੁਲਝੀਆਂ ਰਹਿ ਜਾਂਦੀਆਂ ਹਨ। ਜਦੋਂ ਉਪ ਰਾਸ਼ਟਰਪਤੀ ਧਨਖੜ ਨੇ ਆਪਣੇ ਦਿਲ ਦੀ ਗੱਲ ਆਖਦਿਆਂ ਖੇਤੀਬਾੜੀ ਮੰਤਰੀ ਨੂੰ ਸਵਾਲ ਕੀਤਾ ਕਿ ਕੇਂਦਰ ਕਿਸਾਨਾਂ ਨਾਲ ਗੱਲਬਾਤ ਕਿਉਂ ਨਹੀਂ ਕਰ ਰਿਹਾ ਤਾਂ ਸੋਸ਼ਲ ਮੀਡੀਆ 'ਤੇ ਇੱਕ ਤਰ੍ਹਾਂ ਨਾਲ ਖਾਮੋਸ਼ੀ ਪਸਰ ਗਈ। ਟਰੋਲਰ ਸ਼ਾਂਤ ਹੋ ਗਏ, ਜਿਵੇਂ ਤੂਫਾਨ ਆ ਗਿਆ ਹੋਵੇ। ਇਹ ਤੂਫਾਨ ਹੀ ਤਾਂ ਸੀ। ਆਖ਼ਰਕਾਰ ਇਹ ਸ਼ਬਦ ਦੇਸ਼ ਦੇ ਦੂਜੇ ਸਭ ਤੋਂ ਉੱਚੇ ਸੰਵਿਧਾਨਕ ਅਹੁਦੇ 'ਤੇ ਬੈਠੇ ਵਿਅਕਤੀ ਦੇ ਸਨ। ਕਾਰਨ ਜੋ ਵੀ ਰਹੇ ਹੋਣ ਜਿਨ੍ਹਾਂ ਨੇ ਉਨ੍ਹਾਂ (ਧਨਖੜ) ਨੂੰ ਆਪਣੇ ਮਨ ਦੀ ਗੱਲ ਕਹਿਣ ਲਈ ਪ੍ਰੇਰਿਆ ਪਰ ਇਸ ਨੇ ਦੇਸ਼ ਦੀ ਚੇਤਨਾ ਨੂੰ ਝੰਜੋੜਿਆ ਹੈ।

ਯਕੀਨੀ ਤੌਰ 'ਤੇ ਕੁਝ ਗੰਭੀਰ ਸਵਾਲ ਹਨ, ਜਿਨ੍ਹਾਂ ਦਾ ਜਵਾਬ ਦਿੱਤਾ ਜਾਣਾ ਚਾਹੀਦਾ ਹੈ, ਪਰ ਨਾਲ ਹੀ ਕੁਝ ਅਜਿਹੇ ਗੰਭੀਰ ਸ਼ੰਕੇ ਵੀ ਹਨ, ਜਿਨ੍ਹਾਂ ਨੂੰ ਪਹਿਲਾਂ ਦੂਰ ਕੀਤਾ ਜਾਣਾ ਚਾਹੀਦਾ ਹੈ। ਇਹ ਔਖੇ ਸਵਾਲ ਹਨ, ਪਰ ਸਿਰਫ਼ ਇੱਕ ਸਰਕਾਰੀ ਸਾਕਾਰਤਮਕ ਪ੍ਰਤੀਕਿਰਿਆ ਹੀ ਵਧ ਰਹੀ ਬੇਚੈਨੀ, ਨਿਰਾਸ਼ਾ ਤੇ ਅਵਿਸ਼ਵਾਸ ਨੂੰ ਦੂਰ ਕਰ ਸਕਦੀ ਹੈ। ਜਿਵੇਂ ਇੱਕ ਅਖ਼ਬਾਰ ਦੀ ਸੰਪਾਦਕੀ ਨੇ ਉਚਿਤ ਰੂਪ 'ਚ ਇਸ ਦਾ ਨਿਚੋੜ ਕੱਢਦਿਆਂ ਲਿਖਿਆ ਹੈ ਕਿ ਜਦੋਂ ਧਨਖੜ ਖੁੱਲ੍ਹੇ ਦਰਵਾਜ਼ੇ ਦਾ ਵਾਅਦਾ ਕਰਦਾ ਹੈ ਤਾਂ ਉਨ੍ਹਾਂ ਦਰਵਾਜ਼ਿਆਂ ਵੱਲ ਜਾਣ ਵਾਲੀਆਂ ਸੜਕਾਂ ਸ਼ਾਬਦਿਕ ਤੇ ਅਲੰਕਾਰਿਕ ਤੌਰ 'ਤੇ ਬੈਰੀਕੇਡ ਲਾਏ ਜਾਣ ਕਾਰਨ ਬੰਦ ਹੀ ਰਹਿੰਦੀਆਂ ਹਨ। ਕਿਸੇ ਸਮੇਂ ਦੇਸ਼ ਦੀ ਰੀੜ੍ਹ ਦੀ ਹੱਡੀ ਵਜੋਂ ਜਾਣੇ ਜਾਂਦੇ ਕਿਸਾਨਾਂ ਨੂੰ ਹੁਣ ਭਾਰਤ ਦੇ ਵਿਕਾਸ 'ਚ ਹਿੱਸੇਦਾਰਾਂ ਦੀ ਬਜਾਏ ਰੁਕਾਵਟਾਂ ਵਜੋਂ ਸਮਝਿਆ ਜਾਂਦਾ ਹੈ। ਪਿਛਲੇ ਲਗਭਗ 4 ਸਾਲਾਂ ਤੋਂ ਲਗਾਤਾਰ ਕਿਸਾਨਾਂ ਦਾ ਵਿਰੋਧ ਜਾਰੀ ਹੈ ਤੇ ਨਿਸ਼ਚਿਤ ਤੌਰ 'ਤੇ ਉਨ੍ਹਾਂ ਵੱਲੋਂ ਉਠਾਈਆਂ ਗਈਆਂ ਹਕੀਕੀ ਮੰਗਾਂ ਨੂੰ ਅਣਸੁਣਿਆ ਕੀਤਾ ਗਿਆ ਹੈ, ਇਸ ਕਰਕੇ ਗੱਲਬਾਤ ਦੀ ਅਣਹੋਂਦ ਕਾਰਨ ਖੜੋਤ ਜਾਰੀ ਹੈ। ਸਰਕਾਰ ਦੀ ਚੁੱਪ ਨੇ ਇਸ ਅਵਿਸ਼ਵਾਸ ਨੂੰ ਹੋਰ ਡੂੰਘਾ ਕਰ ਦਿੱਤਾ ਹੈ, ਜਿਸ ਕਾਰਨ ਸ਼ਾਂਤੀਪੂਰਨ ਹੱਲ ਦੂਰ ਦਾ ਸੁਪਨਾ ਲਗਦਾ ਹੈ।



ਕੋਈ ਵੀ ਦੇਸ਼ ਆਪਣੇ ਲੋਕਾਂ ਨੂੰ ਅਣਗੌਲਿਆਂ ਨਹੀਂ ਕਰ ਸਕਦਾ। ਮੈਂ ਅਕਸਰ ਕਿਹਾ ਹੈ ਕਿ ਕਿਸਾਨ ਸਮਾਜ 'ਤੇ ਬੋਝ ਨਹੀਂ ਹਨ ਤੇ ਉਹ ਵੀ ਤਰੱਕੀ 'ਚ ਭਾਈਵਾਲ ਹਨ। ਉਹ ਵੀ ਅਜਿਹੇ ਉੱਦਮੀ ਹਨ, ਜੋ ਦੇਸ਼ ਦੀ ਆਰਥਿਕਤਾ ਨੂੰ ਹੁਲਾਰਾ ਦੇਣ ਦੀ ਸਮਰੱਥਾ ਰੱਖਦੇ ਹਨ। ਉਹ ਆਸਾਨੀ ਨਾਲ ਦੌਲਤ ਦੇ ਸਿਰਜਕ ਬਣ ਸਕਦੇ ਹਨ, ਉਨ੍ਹਾਂ ਨੂੰ ਸਿਰਫ਼ ਇੱਕ ਸਮਰੱਥ ਵਾਤਾਵਰਨ ਤੇ ਸਰਕਾਰ ਦੇ ਪੂਰੇ ਸਹਿਯੋਗ ਦੀ ਜ਼ਰੂਰਤ ਹੈ। ਕਿਸਾਨੀ ਭਾਈਚਾਰੇ ਤੇ ਸਰਕਾਰ ਵਿਚਕਾਰ ਬਣਾਈ ਗਈ ਨਕਲੀ (ਆਰਟੀਫਿਸ਼ੀਅਲ) ਸਰਹੱਦ ਨੂੰ ਜਲਦੀ ਤੋਂ ਜਲਦੀ ਤੋੜਿਆ ਜਾਣਾ ਚਾਹੀਦਾ ਹੈ। ਦੋਹਾਂ ਤਰ੍ਹਾਂ ਦੇ ਸਰੀਰਕ ਤੇ ਮਾਨਸਿਕ ਅੜਿੱਕਿਆਂ (ਬੈਰੀਕੇਡਸ) ਨੂੰ ਹਟਾਉਣ ਦੀ ਲੋੜ ਹੈ। ਇਹ ਬਿਲਕੁਲ ਜ਼ਰੂਰੀ ਹੈ ਕਿਉਂਕਿ ਜਿਵੇਂ ਧਨਖੜ ਨੇ ਕਿਹਾ ਹੈ ਕਿ ਦੇਸ਼ ਨੂੰ ਇਕਜੁੱਟ ਕਰਨ ਦੇ ਅੰਤਰੀਵ ਇਰਾਦੇ ਲਈ ਲੋਕਾਂ ਨੂੰ ਇਕ ਸਾਥ ਲਿਆਉਣ ਲਈ ਅਵਿਸ਼ਵਾਸ ਨੂੰ ਪੜਾਅਵਾਰ ਦੂਰ ਕਰਕੇ ਵਿਸ਼ਵਾਸ ਬਹਾਲੀ ਦਾ ਪ੍ਰਦਰਸ਼ਨ ਕਰਨਾ ਹੋਵੇਗਾ।

ਇਸ ਤੋਂ ਇਲਾਵਾ ਸਾਨੂੰ ਇਹ ਵੀ ਨਹੀਂ ਭੁੱਲਣਾ ਚਾਹੀਦਾ ਕਿ ਜਦੋਂ ਮਹਾਂਮਾਰੀ ਦੌਰਾਨ ਜੀ.ਡੀ.ਪੀ. 'ਚ ਗਿਰਾਵਟ ਆਈ ਸੀ ਤਾਂ ਸਿਰਫ਼ ਖੇਤੀਬਾੜੀ ਹੀ ਚਮਕਦੇ ਸਿਤਾਰੇ ਦੇ ਰੂਪ 'ਚ ਉੱਭਰ ਰਹੀ ਸੀ ਤੇ ਇਕਮਾਤਰ ਮੁਕਤੀ ਦਾਤਾ ਬਣ ਗਈ ਸੀ। ਇੱਕ ਸਮੇਂ ਵਿੱਤੀ ਸਾਲ 25 ਦੀ ਦੂਸਰੀ ਤਿਮਾਹੀ 'ਚ ਆਰਥਿਕ ਵਿਕਾਸ ਦਰ (ਜੀ.ਡੀ.ਪੀ.) 5.4 ਫ਼ੀਸਦੀ ਤੱਕ ਘਟ ਗਈ ਸੀ ਤਾਂ ਖੇਤੀਬਾੜੀ ਤੇ ਸਹਾਇਕ ਖੇਤਰਾਂ ਨੇ 3.5 ਫ਼ੀਸਦੀ ਦੀ ਵਿਕਾਸ ਦਰ ਨਾਲ ਕਰੜੀ ਮਿਹਨਤ ਕੀਤੀ, ਜੋ ਹੇਠਲੇ ਪੱਧਰ 'ਤੇ ਚੱਲ ਰਹੀ ਵਿਕਾਸ ਦਰ ਤੋਂ ਕਾਫ਼ੀ ਵੱਧ ਸੀ। ਭਾਵੇਂ ਖੇਤੀ ਖੇਤਰ 'ਚ ਮੰਦੀ ਜਾਰੀ ਰਹੀ ਤਾਂ ਵੀ ਵਿੱਤੀ ਸਾਲ 24-25 'ਚ ਇਸ ਨੇ 0.4 ਫ਼ੀਸਦੀ ਤੋਂ ਲੈ ਕੇ 2.0 ਫ਼ੀਸਦੀ ਤੱਕ ਦਾ ਵਾਧਾ ਦਰਜ ਕੀਤਾ ਹੈ। ਖੇਤੀ ਨੂੰ ਦੇਸ਼ ਦੀ ਅਰਥ ਵਿਵਸਥਾ 'ਤੇ ਬੋਝ ਸਮਝਦਿਆਂ ਇਸ ਬੋਝ ਨੂੰ ਜਿੰਨੀ ਜਲਦੀ ਹੋ ਸਕੇ ਘੱਟ ਕਰਨ ਜਾਂ ਦੂਰ ਕਰਨ ਦੀ ਗੁਮਰਾਹਕੁੰਨ ਚੁਣੌਤੀ ਇਕ ਦੋਸ਼ਪੂਰਨ ਆਰਥਿਕ ਸੋਚ ਚੋਂ ਪੈਦਾ ਹੋਈ ਹੈ, ਜਿਸ ਨੇ ਇਨ੍ਹਾਂ ਸਭ ਸਾਲਾਂ ਦੌਰਾਨ ਖੇਤੀ ਨੂੰ ਜਾਣਬੁੱਝ ਕੇ ਪਿੱਛੇ ਧੱਕ ਕੇ ਗਰੀਬੀ ਦੀ ਹਾਲਤ 'ਚ ਪਹੁੰਚਾ ਦਿੱਤਾ ਹੈ। ਹੁਣ ਦੁਨੀਆ ਜਦੋਂ ਆਪਣੇ ਅਰਥ ਸ਼ਾਸਤਰ 'ਤੇ ਮੁੜ ਵਿਚਾਰ ਕਰ ਰਹੀ ਹੈ ਤਾਂ ਨਿਸਚਿਤ ਤੌਰ 'ਤੇ ਆਪਣੇ ਵਿਸ਼ਵੀਕਰਨ ਦੇ ਬਹੁਤ ਜ਼ਿਆਦਾ ਉਤਸ਼ਾਹ ਤੋਂ ਪਿੱਛੇ ਹਟ ਰਹੀ ਹੈ ਤੇ ਵੱਧ ਤੋਂ ਵੱਧ ਸੁਰੱਖਿਆਵਾਦੀ ਉਪਾਅ ਸਥਾਪਿਤ ਕਰਦਿਆਂ ਇਨ੍ਹਾਂ 'ਤੇ ਸਵਾਲ ਉਠਾ ਰਹੀ ਹੈ। ਜਿਸ 'ਚ ਨਾ-ਬਰਾਬਰੀ ਨੂੰ ਉਛਾਲਿਆ ਜਾਂਦਾ ਹੈ, ਜਦੋਂ ਰੀਸੈਟ ਬਟਨ ਦਬਾਉਣ ਦੀ ਗੱਲ ਆਉਂਦੀ ਹੈ ਤਾਂ ਭਾਰਤ ਅਜੇ ਵੀ ਬਹੁਤ ਪਿੱਛੇ ਹੈ। ਉਸ ਨੂੰ ਸਮਝਣਾ ਹੋਵੇਗਾ ਕਿ ਆਮ ਵਾਂਗ ਕਾਰੋਬਾਰ ਅੱਗੇ ਵਧਣ ਦਾ ਕੋਈ ਰਸਤਾ ਨਹੀਂ ਹੈ।

ਜਿਵੇਂ ਕਿ ਮੈਂ ਪਹਿਲਾਂ ਵੀ ਕਈ ਵਾਰ (2021 'ਚ) ਲਿਖਿਆ ਸੀ ਕਿ ਖੇਤੀਬਾੜੀ ਨਿਸਚਿਤ ਰੂਪ 'ਚ ਬਦਲਾਅ ਦੀ ਮੰਗ ਕਰ ਰਹੀ ਹੈ। ਦੂਜੇ ਦੇਸ਼ਾਂ ਦੇ ਫੇਲ੍ਹ ਹੋਏ ਖੇਤੀ ਮੰਡੀਕਰਨ ਸੁਧਾਰਾਂ ਨੂੰ ਉਧਾਰ ਲੈਣ ਦੀ ਬਜਾਏ ਇਨ੍ਹਾਂ ਦਾ ਵਿਰੋਧ ਕਰ ਰਹੇ ਕਿਸਾਨਾਂ ਨੇ ਸਾਨੂੰ ਖੇਤੀਬਾੜੀ ਸੁਧਾਰਾਂ ਦੇ ਇਕ ਦੇਸੀ ਸੰਸਕਰਣ ਨੂੰ ਮੁੜ ਡਿਜ਼ਾਈਨ ਕਰਨ ਤੇ ਪੇਸ਼ ਕਰਨ ਦਾ ਵਧੀਆ ਮੌਕਾ ਦਿੱਤਾ ਹੈ, ਜਿਥੇ ਆਰਥਿਕ ਨੀਤੀਆਂ ਨੂੰ 'ਕੱਟ ਤੇ ਪੇਸਟ' ਵਾਲੇ ਢੰਗ ਨਾਲ ਅਪਣਾਉਣ ਦੀ ਬਜਾਏ ਦੇਸ਼ ਦੀਆਂ ਜ਼ਰੂਰਤਾਂ ਅਨੁਸਾਰੀ ਬਣਾਉਣਾ ਹੋਵੇਗਾ। ਇਸ ਤੋਂ ਇਲਾਵਾ ਦੇਸ਼ 'ਚ ਉਲਟੇ ਪ੍ਰਵਾਸ ਦੇ ਵੇਖੇ ਜਾ ਰਹੇ ਰੁਝਾਨ ਦੇ ਮੱਦੇਨਜ਼ਰ 'ਸਬ ਕਾ ਸਾਥ ਸਬ ਕਾ ਵਿਕਾਸ' ਦੇ ਦ੍ਰਿਸ਼ਟੀਕੋਣ ਨੂੰ ਪ੍ਰਾਪਤ ਕਰਨ ਲਈ ਖੇਤੀਬਾੜੀ ਨੂੰ ਆਰਥਿਕ ਤੌਰ 'ਤੇ ਵਿਵਹਾਰਕ ਬਣਾਉਣਾ ਹੀ ਇਕੋ ਇੱਕ ਰਸਤਾ ਹੈ। ਇਹ ਸ਼ਹਿਰੀ ਖੇਤਰਾਂ 'ਚ ਰੁਜ਼ਗਾਰ ਦੇ ਵਧੇਰੇ ਮੌਕੇ ਪੈਦਾ ਕਰਨ ਦੇ ਸਪੱਸ਼ਟ ਤਣਾਅ ਨੂੰ ਵੀ ਘਟਾਏਗਾ। ਕੋਈ ਇਸ ਗੱਲ ਨੂੰ ਪਸੰਦ ਕਰੇ ਜਾਂ ਨਾ ਕਰੇ, ਇੱਕਲੀ ਖੇਤੀ ਹੀ ਆਰਥਿਕਤਾ ਨੂੰ ਮੁੜ ਤੋਂ ਪੈਰਾਂ ਸਿਰ ਖੜ੍ਹਾ ਕਰਨ ਦੀ ਸਮਰੱਥਾ ਰੱਖਦੀ ਹੈ। ਜਿੰਨੀ ਜਲਦੀ ਸਾਨੂੰ ਇਸ ਤੱਥ ਦਾ ਅਹਿਸਾਸ ਹੋ ਜਾਵੇਗਾ, ਦੇਸ਼ ਲਈ ਬਿਹਤਰ ਹੋਵੇਗਾ। ਮੈਂ ਅਜਿਹਾ ਇਸ ਲਈ ਕਹਿ ਰਿਹਾ ਹਾਂ ਕਿਉਂਕਿ ਅਰਥਸ਼ਾਸਤਰੀ ਇਹ ਦੇਖਣ 'ਚ ਨਾਕਾਮ ਰਹਿੰਦੇ ਹਨ ਕਿ ਜੇਕਰ ਕਿਸਾਨਾਂ ਦੇ ਹੱਥਾਂ 'ਚ ਵਧੇਰੇ ਆਮਦਨੀ (ਰਕਮ) ਆਉਂਦੀ ਹੈ ਤਾਂ ਪੇਂਡੂ ਮੰਗ ਵਧੇਗੀ, ਜੋ ਅੰਤ 'ਚ ਅਰਥਵਿਵਸਥਾ ਲਈ ਰਾਕੇਟ ਵਾਂਗ ਹੋਵੇਗੀ।

ਸ਼ਾਇਦ ਮੈਂ ਗੰਭੀਰਤਾ ਨਾਲ ਉਮੀਦ ਕਰਦਾ ਹਾਂ ਕਿ ਧਨਖੜ ਦਾ ਖੇਤੀਬਾੜੀ ਨੂੰ ਮੁੜ ਸੁਰਜੀਤ ਕਰਨ ਦਾ ਸੱਦਾ ਸਭ ਤੋਂ ਪਹਿਲਾਂ ਕਿਸਾਨਾਂ ਵਿਰੁੱਧ ਬੇਭਰੋਸਗੀ ਤੇ ਨ਼ਫਰਤ ਦੇ ਉੱਚੇ ਪੱਧਰਾਂ ਨੂੰ ਦੂਰ ਕਰਕੇ ਸਰਕਾਰ ਦੀ ਕਿਸਾਨਾਂ ਤੇ ਖੇਤੀ ਪ੍ਰਤੀ ਸੋਚ 'ਚ ਇੱਕ ਸਾਕਾਰਾਤਮਕ (ਬਾਕੀ ਸਫ਼ਾ 31 'ਤੇ)

DIAMOND TRANSPORTATION

DIAMOND
Transportation Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

# ਸਾਧਾਂ ਦੀਆਂ ਦੁਕਾਨਾਂ ਬਨਾਮ ਅੰਧ ਵਿਸ਼ਵਾਸੀ ਜਨਤਾ

ਲਾਭ ਸਿੰਘ ਸ਼ੇਰਗਿੱਲ

ਇਹ ਕੋਈ ਢਾਈ ਦਹਾਕੇ ਪਹਿਲਾਂ ਦੀ ਗੱਲ ਹੈ ਜਦੋਂ ਅਸੀਂ ਪਿੰਡ ਢੰਡਿਆਲ ਰਹਿੰਦੇ ਸੀ। ਉਹ ਸਮੇਂ ਅਤੇ ਅੱਜ ਦੇ ਸਮੇਂ ਵਿੱਚ ਬੜਾ ਫ਼ਰਕ ਹੈ। ਇਹ ਕੋਈ ਸਦੀਆਂ ਬੀਤਣ ਦੀਆਂ ਗੱਲਾਂ ਨਹੀਂ। ਉਦੋਂ ਖਾਣ-ਪੀਣ ਐਨਾ ਜ਼ਹਿਰੀਲਾ ਨਹੀਂ ਸੀ ਹੁੰਦਾ, ਜਿੰਨਾ ਅੱਜ ਹੋ ਚੁੱਕਿਆ ਹੈ। ਉਸ ਸਮੇਂ ਲੋਕਾਂ ਨੂੰ ਐਨੀਆਂ ਗੰਭੀਰ ਬਿਮਾਰੀਆਂ ਵੀ ਨਹੀਂ ਸਨ ਚਿੰਬੜੀਆਂ ਹੋਈਆਂ। ਬਲੱਡ-ਪ੍ਰੈਸ਼ਰ, ਸ਼ੂਗਰ, ਹਾਰਟ-ਅਟੈਕ, ਤੇਜ਼ਾਬ ਬਣਨਾ, ਪਲੇਟਲੈੱਟ ਘਟਣਾ, ਡੇਂਗੂ, ਕਾਲਾ ਪੀਲੀਆ ਆਦਿ ਨੂੰ ਪਿੰਡਾਂ ਵਿੱਚ ਬਹੁਤ ਘੱਟ ਲੋਕ ਜਾਣਦੇ ਸਨ। ਜੇ ਕਦੀ ਕਿਸੇ ਦਾ ਬੁਖਾਰ ਨਾ ਉੱਤਰਦਾ ਤਾਂ ਇਹ ਕਿਹਾ ਜਾਂਦਾ ਕਿ ਪਾਣੀ ਝਾਰਾ ਹੈ, ਪਿੰਡ ਵਿੱਚ ਜਾਂ ਕਿਸੇ ਲਾਗਲੇ ਪਿੰਡ ਵਿੱਚੋਂ ਕਿਸੇ ਸਾਧ ਤੋਂ ਤਿੰਨ ਡੰਗ ਪਾਣੀ ਝਾਰੇ ਦਾ ਹਥੌਲਾ (ਫ਼ਾਂਡਾ) ਪਵਾ ਲੈਣਾ, ਬੰਦੇ ਨੇ ਠੀਕ ਹੋ ਜਾਣਾ। ਲੋਕਾਂ ਨੂੰ ਇਸ ਤਰ੍ਹਾਂ ਦੀਆਂ ਗੱਲਾਂ ਵਿੱਚ ਸ਼ਾਇਦ ਯਕੀਨ ਸੀ ਪਰ ਅਸਲ ਵਿੱਚ ਇਹ ਪਾਣੀ ਝਾਰਾ (ਟਾਈਫ਼ਾਇਡ) ਕੁਝ ਦਿਨ ਲੈ ਕੇ ਆਪਣੇ ਆਪ ਸਰੀਰਕ ਆਰਾਮ ਨਾਲ ਠੀਕ ਹੋ ਜਾਂਦਾ ਹੈ। ਕੀਤਾ ਹਥੌਲਾ ਕੰਮ ਕਰਦਾ ਸੀ ਜਾਂ ਨਹੀਂ ਪਰ ਬੰਦੇ ਦਾ ਆਪਣਾ ਵਿਸ਼ਵਾਸ ਉਸ ਨੂੰ ਠੀਕ ਕਰ ਦਿੰਦਾ ਸੀ। ਬੱਲੇ ਬੱਲੇ ਫ਼ਾਂਡੇ ਵਾਲੇ ਕਿਸੇ ਬਾਬੇ ਦੀ ਹੋ ਜਾਂਦੀ।

ਇਹੋ ਜਿਹੇ ਛੋਟੇ ਸਾਧ ਬਾਬਿਆਂ ਤੋਂ ਇਲਾਵਾ ਕੁਝ ਆਪੇ ਬਣੇ ਵੱਡੇ ਪੱਧਰ ਦੇ ਸਿਆਣੇ (ਮਾਲਵੇ ਵਿੱਚ ਸਿਆਣਾ ਸ਼ਬਦ ਧਾਗੇ-ਤਵੀਤ ਦੇਣ ਵਾਲਾ, ਓਪਰੀਆਂ ਸ਼ੈਆਂ ਕੱਢਣ ਵਾਲੇ ਨੂੰ ਕਿਹਾ ਜਾਂਦਾ ਹੈ) ਵੀ ਹੁੰਦੇ ਹਨ, ਜੋ ਭੋਲੇ-ਭਾਲੇ ਲੋਕਾਂ ਨੂੰ ਆਪਣੀਆਂ ਗੱਲਾਂ ਦੇ ਜਾਲ਼ ਵਿੱਚ ਅਜਿਹਾ ਫ਼ਸਾਉਂਦੇ ਹਨ ਕਿ ਅਗਿਆਨ ਵੱਸ ਲੋਕ ਇਹ ਹੀ ਸਮਝਣ ਲੱਗ ਜਾਂਦੇ ਹਨ ਕਿ ਸਾਡੀ ਸਮੱਸਿਆ ਦਾ ਹੱਲ ਇਸੇ ਕੋਲ ਹੈ। ਇਹੋ ਜਿਹੇ ਬਾਬੇ ਦੇ ਚੱਕਰ ਵਿੱਚ ਫ਼ਸ ਕੇ ਆਪਣੀ ਆਰਥਿਕ ਲੁੱਟ ਦੀ ਗੱਲ ਮੈਨੂੰ ਮੇਰੇ ਇੱਕ ਰਿਸ਼ਤੇਦਾਰ ਨੇ ਸੁਣਾਈ। ਉਹ ਦੱਸਣ ਲੱਗਾ, ਮੇਰੀ ਪਾਚਣ ਕਿਰਿਆ ਗੜਬੜਾ ਜਾਣ ਕਰਕੇ ਚੰਗੀ ਤਰ੍ਹਾਂ ਭੁੱਖ ਨਹੀਂ ਸੀ ਲਗਦੀ। ਕਈ ਡਾਕਟਰਾਂ ਤੋਂ ਦਵਾ ਦਾਰੂ ਕੀਤੀ ਪਰ ਸਮੱਸਿਆ ਉਵੇਂ ਦੀ ਉਵੇਂ ਬਣੀ ਰਹੀ। ਜਦੋਂ ਕਿਸੇ ਤਰ੍ਹਾਂ ਵੀ ਅਰਾਮ ਨਾ ਪਿਆ ਤਾਂ ਰਿਸ਼ਤੇਦਾਰ ਅਤੇ ਜਾਣਕਾਰ ਲੋਕ ਲੱਗੇ ਆਪਣੀਆਂ ਸਲਾਹਾਂ ਦੇਣ ... ਐਂ ਕਰੋ ... ਫ਼ਲਾਣੀ ਜਗ੍ਹਾ ਇੱਕ ਸਿਆਣਾ ਐ। ਓਪਰੀਆਂ ਸ਼ੈਆਂ ਦਾ ਪੱਕਾ ਇਲਾਜ ਕਰਦਾ ਐ। ਤੁਸੀਂ ਉਸ ਕੋਲ ਜਾ ਕੇ ਦੇਖੋ।



ਸਾਡੇ ਘਰਦਿਆਂ ਦੇ ਵੀ ਸ਼ਾਇਦ ਗੱਲ ਮਨ ਲੱਗ ਗਈ ਪਰ ਮੈਨੂੰ ਇਨ੍ਹਾਂ ਗੱਲਾਂ ਵਿੱਚ ਕੋਈ ਬਹੁਤਾ ਯਕੀਨ ਨਹੀਂ ਸੀ। ਮੇਰੇ ਨਾਂਹ ਨਾਂਹ ਕਰਦਿਆਂ ਧੱਕੇ ਨਾਲ ਘਰਦਿਆਂ ਅਤੇ ਰਿਸ਼ਤੇਦਾਰਾਂ ਦੇ ਜ਼ੋਰ ਪਾਉਣ ’ਤੇ ਇੱਕ ਦੱਸੇ ਗਏ ਥਾਂ-ਟਿਕਾਣੇ ’ਤੇ ਕਰਿਆ ਕਰਾਇਆ ਜਾਂ ਖਾਧਾ-ਖਵਾਇਆ ਕੱਢਣ ਵਾਲੇ ਬਾਬੇ ਕੋਲ ਪਹੁੰਚ ਗਏ। ਉਸ ਸਾਧ ਨੇ ਆਪਣਾ ਮੰਤਰ ਪੜ੍ਹ ਕੇ ਦੱਸ ਦਿੱਤਾ ਕਿ ਕਿਸੇ ਨੇ ਕੁਝ ਖਵਾਇਆ ਹੈ, ਤੁਸੀਂ ਮੰਗਲਵਾਰ ਵਾਲੇ ਦਿਨ ਆਹ-ਆਹ ਚੀਜ਼ਾਂ ਤੇ ਪੰਜ ਬੋਰਾਂ ਦਾ ਪਾਣੀ, ਸੱਤ ਅਲੱਗ-ਅਲੱਗ ਦ੍ਰਖਤਾਂ ਦੇ ਪੱਤੇ ਤੇ ਨਾਲ 1100 ਸੌ ਰੁਪਏ ਲੈ ਕੇ ਆ ਜਾਇਓ। ... ਅਸੀਂ ਦੱਸੇ ਦਿਨ ਸਾਰਾ ਸਾਮਾਨ ਲੈ ਕੇ ਸਾਧ ਦੇ ਡੇਰੇ ’ਤੇ ਪਹੁੰਚ ਗਏ। ਡੇਰੇ ਵਿੱਚ ਸਾਧ ਬਾਬਾ ਆਪਣੇ ਇੱਕ ਕਮਰੇ ਵਿੱਚ ਧੂਣੇ ਦੇ ਕੋਲ ਬੈਠਾ ਸੀ। ਕਮਰੇ ਵਿੱਚ ਬੈਠਣ ਲਈ ਬੋਰੀਆਂ ਵਿਛੀਆਂ ਹੋਈਆਂ ਸਨ। ਅਸੀਂ ਜਾ ਕੇ ਨਮਸਕਾਰ ਕਰਕੇ ਬੈਠ ਗਏ। ਥੋੜ੍ਹੇ ਚਿਰ ਬਾਅਦ ਸ਼ੁਰੂ ਹੋਈ ਖਾਧਾ-ਖਵਾਇਆ ਕੱਢਣ ਦੀ ਪ੍ਰਕਿਰਿਆ। ਇਸ ਸਾਰੀ ਪ੍ਰਕਿਰਿਆ ਦੇ ਅਰੰਭ ਤੋਂ ਪਹਿਲਾਂ ਸਾਧ ਉੱਠ ਕੇ ਨਾਲ ਬਾਹਰ ਪੀਰ ਦੀ ਬਣਾਈ ਹੋਈ ਸਮਾਧ ਵਾਲੇ ਕਮਰੇ ਵਿੱਚ ਗਿਆ ਤੇ ਥੋੜ੍ਹੀ ਦੇਰ ਬਾਅਦ ਆਪਣੀ ਚੌਂਕੀ ਵਾਲੀ ਥਾਂ ’ਤੇ ਆ ਕੇ ਬੈਠ ਗਿਆ। ... ਸਾਧ ਲੱਗ ਪਿਆ ਉੱਚੀ-ਉੱਚੀ ਮੰਤਰ ਪੜ੍ਹਨ। ਸਾਡੇ ਘਰ ਵਾਲੇ ਪਹਿਲਾਂ ਤਾਂ ਮੈਨੂੰ ਇੱਥੇ ਲਿਆਏ ਪਰ ਹੁਣ ਲੱਗ ਪਏ ਡਰਨ ਬਈ ਪਤਾ ਨਹੀਂ ਮੁੰਡੇ ਨੂੰ ਕੀ ਕਰੂਗਾ। ਸਾਧ ਨੇ ਸਾਡੇ ਨਾਲ ਆਏ ਸਾਡੇ ਪ੍ਰਾਹੁਣੇ ਨੂੰ ਕਿਹਾ ਕਿ ਤੂੰ ਇਸ ਕੱਪ ਵੱਲ ਧਿਆਨ ਰੱਖਣੈ, ਇਸਦੇ ਡਿਗਣ ’ਤੇ ਫ਼ਟਾਫ਼ਟ ਮੈਨੂੰ ਫੜਾਉਣਾ ਐ। ਸਾਡਾ ਪ੍ਰਾਹੁਣਾ ਚੁਕੰਨਾ ਹੋ ਗਿਆ। ਜਿਵੇਂ ਸਾਧ ਨੇ ਕਿਹਾ ਉਸ ਨੇ ਉਵੇਂ ਹੀ ਕੀਤਾ। ਮੇਰਾ ਸਿਰ ਮੋਰ ਪੰਖੀ ਹਥੌਲਾ ਕਰਨ ਵਾਲੇ ਝਾੜੂ ਜਿਹੇ ਨਾਲ ਲੱਗੀ ਸੁਆਹ ਨਾਲ ਭਰ ਦਿੱਤਾ। ਕੋਈ ਪੰਦਰਾਂ ਵੀਹ ਮਿੰਟ ਦੇ ਸਮੇਂ ਵਿੱਚ ਸਾਧ ਨੇ ਵੱਡੇ ਵੱਡੇ ਸਰਜਰੀ ਕਰਨ ਵਾਲੇ ਡਾਕਟਰਾਂ ਨੂੰ ਮਾਤ ਪਾ ਦਿੱਤੀ। ਬਿਨਾਂ ਚੀਰਫ਼ਾੜ ਤੋਂ ਮੇਰੇ ਸਰੀਰ ਵਿੱਚੋਂ ਕਿਸੇ ਦੀ ਮੰਤਰ ਕਰਕੇ ਖਵਾਈ ਹੋਈ ਚੀਜ਼ ਕੱਢ ਬਾਹਰ ਮਾਰੀ। ਕੱਢਿਆ ਹੋਇਆ ਇਹ ਹੱਡੀਆਂ ਨੁਮਾ ਚੂਰਾ ਸਾਧ ਨੇ ਇੱਕ ਕਾਗਜ਼ ਵਿੱਚ ਪਾ ਕੇ ਸਾਨੂੰ ਫੜਾਉਂਦਿਆਂ ਕਿਹਾ, ਦੇਖੋ! ਕਿਸੇ ਦੁਸ਼ਟ ਨੇ ਥੋਡੇ ਮੁੰਡੇ ਨਾਲ ਕੀ ਕੀਤਾ ਸੀ, ਇਹ ਖਵਾਇਆ ਸੀ।

ਘਰਦਿਆਂ ਨੂੰ ਸ਼ਾਇਦ ਕੁਝ ਸਕੂਨ ਮਿਲਿਆ ਹੋਵੇ ਪਰ ਮੇਰੇ ਮਨ ਵਿੱਚ ਇਹ ਵਿਚਾਰ ਆਇਆ ਕਿ ਬਿਨਾਂ ਕਿਸੇ ਦਰਦ, ਬਿਨਾਂ ਕਿਸੇ ਚੀਰ ਫ਼ਾੜ ਦੇ ਇਵੇਂ ਕੋਈ ਚੀਜ਼ ਮੇਰੇ ਸਰੀਰ ਵਿੱਚੋਂ ਬਾਹਰ ਕਿਵੇਂ ਆ ਗਈ? ਉਸ ਸਮੇਂ ਮੈਂ ਬੋਲ ਤਾਂ ਨਾ ਸਕਿਆ ਪਰ ਮੈਨੂੰ ਲੱਗਿਆ ਕਿ ਸਾਧ ਨੇ ਸਾਨੂੰ ਮੂਰਖ ਬਣਾਇਆ ਹੈ। ਅਸਲ ਵਿੱਚ ਬਾਅਦ ਵਿੱਚ ਰਸਾਇਣਾਂ ਬਾਰੇ ਪੜ੍ਹਨ ’ਤੇ ਪਤਾ ਚੱਲਿਆ ਕਿ ਉਸ ਨੇ ਐਲੁਮੀਨੀਅਮ ਦੇ ਕੱਪ ਨੂੰ ਮਰਕਰੀ ਕਲੋਰਾਈਡ ਕੈਮੀਕਲ ਲਾਇਆ ਹੋਇਆ ਸੀ। ਜਦੋਂ ਇਹ ਮਰਕਰੀ ਕਲੋਰਾਈਡ ਐਲੁਮੀਨੀਅਮ ਨਾਲ ਪ੍ਰਤੀਕਿਰਿਆ ਕਰਦਾ ਹੈ ਤਾਂ ਐਲੁਮੀਨੀਅਮ ਸੁਆਹ ਦੇ ਰੂਪ ਵਿੱਚ ਕੱਪ ਤੋਂ ਪਾਪੜੀਆਂ ਬਣ ਕੇ ਲਹਿਣ ਲਗਦਾ ਹੈ, ਹੋਰ ਕੁਝ ਨਹੀਂ। ਇਹੋ ਜਿਹੇ ਪਖੰਡੀ ਸਾਧ ਆਮ ਲੋਕਾਂ ਨੂੰ ਬੁੱਧੂ ਬਣਾ ਕੇ ਓਪਰੀਆਂ ਸ਼ੈਆਂ ਦਾ ਸਾਇਆ ਦੂਰ ਕਰਨ ਦੇ ਬਹਾਨੇ ਲੋਕਾਂ ਦੀ ਚੰਗੀ ਆਰਥਿਕ ਲੁੱਟ ਕਰਦੇ ਹਨ। ਅਸਲ ਵਿੱਚ ਅਸੀਂ ਇਨ੍ਹਾਂ ਕਰਨ-ਕਰਾਉਣ ਵਾਲੇ ਚੱਕਰਾਂ ਵਿੱਚੋਂ ਅਜੇ ਵੀ ਨਹੀਂ ਨਿਕਲੇ, ਜਿਸਦਾ ਫ਼ਾਇਦਾ ਇਹੋ ਜਿਹੇ ਵਿਹਲੜ ਸਾਧ ਉਠਾਉਂਦੇ ਰਹਿੰਦੇ ਹਨ।

ਮੇਰੇ ਪੁੱਛਣ ’ਤੇ ਕਿ ਉਸ ਦਾ ਇਹ ਸਰੀਰਕ ਮਰਜ਼ ਕਿਵੇਂ ਠੀਕ ਹੋਇਆ? ਰਿਸ਼ਤੇਦਾਰ ਨੇ ਦੱਸਿਆ ਕਿ ਸੰਗਰੂਰ ਸ਼ਹਿਰ ਵਿੱਚ ਸਾਡੇ ਅੱਗੇ ਰਿਸ਼ਤੇਦਾਰਾਂ ਦਾ ਜਾਣਕਾਰ ਇੱਕ ਬਹੁਤ ਹੀ ਸੁਲਝਿਆ ਹੋਇਆ ਤਜਰਬੇਕਾਰ ਵੈਦ, ਜਿਸ ਨੂੰ ਉਹ ਸਾਰੇ ਅੰਕਲ ਸ਼ੇਰ ਮੁਹੰਮਦ ਕਹਿੰਦੇ ਸਨ, ਜੋ ਹੁਣ ਫ਼ੌਤ ਹੋ ਚੁੱਕੇ ਹਨ, ਉਹ ਨਬਜ਼ ਪੜ੍ਹਨ ਵਿੱਚ ਮਾਹਿਰ ਸੀ। ਮੈਨੂੰ ਉਸ ਕੋਲ ਭੇਜਿਆ। ਉਸ ਨੇ ਨਬਜ਼ ਦੇਖ ਕੇ ਕਿਹਾ ਕਿ ਮਿਹਦੇ ਨੂੰ ਥੋੜ੍ਹੀ ਗਰਮਾਇਸ਼ ਦੀ ਲੋੜ ਹੈ। ਉਸ ਨੇ ਇੱਕ ਛੋਟਾ ਜਿਹਾ ਨੁਸਖਾ ਦੱਸਿਆ। ਮੈਂ ਅੱਠ-ਦਸ ਦਿਨਾਂ ਵਿੱਚ ਠੀਕ ਹੋ ਗਿਆ।

ਅਸਲ ਵਿੱਚ ਸਰੀਰ ਨੂੰ ਲੋੜ ਦਵਾ-ਦਾਰੂ ਦੀ ਹੁੰਦੀ ਹੈ, ਅਗਿਆਨ ਵੱਸ ਅਸੀਂ ਲੋਕ ਇਸ ਨੂੰ ਓਪਰੀਆਂ ਸ਼ੈਆਂ ਦਾ ਸਾਇਆ ਮੰਨ ਕੇ ਪਖੰਡੀ ਸਾਧਾਂ ਦੇ ਚੱਕਰਾਂ ਵਿੱਚ ਫ਼ਸ ਕੇ ਆਪਣੇ ਰੋਗ ਨੂੰ ਹੋਰ ਵਧਾ ਲੈਂਦੇ ਹਾਂ, ਜੋ ਕਈ ਵਾਰ ਜਾਨਲੇਵਾ ਸਾਬਤ ਹੋ ਜਾਂਦਾ ਹੈ। ਲੋੜ ਹੈ ਸਾਨੂੰ ਇਹੋ ਜਿਹੀਆਂ ਗੱਲਾਂ ਨੂੰ ਤਰਕ ਨਾਲ ਸੋਚਣ ਦੀ ਤੇ ਇਹੋ ਜਿਹੇ ਚੱਕਰਾਂ ਵਿੱਚ ਫ਼ਸੇ ਲੋਕਾਂ ਨੂੰ ਸਮਝਾਉਣ ਦੀ ਤਾਂ ਕਿ ਸਾਡੀ ਮਿਹਨਤ ਦੀ ਕਮਾਈ ਨੂੰ ਕੋਈ ਇਸ ਤਰ੍ਹਾਂ ਸਾਨੂੰ ਮੂਰਖ ਬਣਾ ਕੇ ਸਾਡੇ ਤੋਂ ਲੁੱਟ ਨਾ ਸਕੇ। ਅਸਲ ਵਿੱਚ ਇਹ ਕਰਿਆ ਕਰਾਇਆ ਕੁਝ ਨਹੀਂ ਹੁੰਦਾ। ਨਾਲੇ ਆਦਮੀ ਕੋਲ ਐਡੀ ਕਿਹੜੀ ਅਦ੍ਰਿਸ਼ ਤਾਕਤ ਹੈ, ਜੋ ਦੂਰ ਤੋਂ ਹੀ ਦੂਸਰੇ ਕਿਸੇ ਇਨਸਾਨ ਨੂੰ ਨੁਕਸਾਨ ਪਹੁੰਚਾ ਸਕੇ। ਮਾਨਸਿਕ ਤੌਰ ’ਤੇ ਕਮਜ਼ੋਰ ਆਦਮੀ ਹੀ ਇਹੋ ਜਿਹੇ ਵਹਿਮ ਦਾ ਸ਼ਿਕਾਰ ਹੁੰਦਾ ਹੈ ਕਿ ਕਿਸੇ ਨੇ ਉਸ ਉੱਤੇ ਕੋਈ ਜਾਦੂ-ਟੂਣਾ ਕਰਵਾ ਦਿੱਤਾ ਹੈ। ਜੇਕਰ ਆਦਮੀ ਅੰਦਰੋਂ ਮਜ਼ਬੂਤ ਹੈ ਤਾਂ ਇਸ ਤਰ੍ਹਾਂ ਦੇ ਵਹਿਮ ਉਸ ਉੱਤੇ ਕੋਈ ਅਸਰ ਨਹੀਂ ਕਰਦੇ। ਵਿਗਿਆਨ ਦੇ ਪਸਾਰੇ ਨਾਲ ਇਹੋ ਜਿਹੇ ਢੌਂਗੀਆਂ ਦੇ ਪਾਜ ਖੁੱਲ੍ਹ ਰਹੇ ਹਨ। ਅੱਜ ਸੋਸ਼ਲ ਮੀਡੀਆ ਦੇ ਰੂਪ ਵਿੱਚ ਸਾਡੇ ਕੋਲ ਇੱਕ ਬਹੁਤ ਵੱਡਾ ਹਥਿਆਰ ਹੈ, ਇਸਦੇ ਮਾਧਿਅਮ ਨਾਲ ਅਸੀਂ ਇਨ੍ਹਾਂ ਮਾੜੀ ਸੋਚ ਵਾਲਿਆਂ ਤੋਂ ਜਨ ਸਧਾਰਨ ਨੂੰ ਚੌਕਸ ਅਤੇ ਜਾਗਰੂਕ ਕਰਕੇ ਉਨ੍ਹਾਂ ਦਾ ਸਮਾਂ ਅਤੇ ਧਨ ਬਚਾਉਣ ਵਿੱਚ ਮਦਦ ਕਰ ਸਕਦੇ ਹਾਂ।

---

# ਤੁਸੀਂ ਚਿੱਠੀਆਂ ਲਿੱਖਣੀਆਂ ਭੁੱਲ ਗਏ . . .

ਬਹਾਦਰ ਸਿੰਘ ਗੋਸਲ



ਅੱਜ ਦੇ ਸਮੇਂ ਦੀਆਂ ਗੱਲਾਂ ਤਾਂ ਕੁਝ ਹੋਰ ਹੀ ਹਨ ਕਿਉਂਕਿ ਤੁਸੀਂ ਆਪਣੇ ਸਾਕ ਸਬੰਧੀਆਂ, ਆਪਣੇ ਮਿੱਤਰਾਂ ਜਾਂ ਕਿਸੇ ਵੀ ਰਿਸ਼ਤੇਦਾਰ ਨਾਲ ਜਦੋਂ ਵੀ ਜੀ ਚਾਹੇ ਮੋਬਾਈਲ ’ਤੇ ਗੱਲਬਾਤ ਕਰ ਲੈਂਦੇ ਹੋ। ਹਰ ਇੱਕ ਮਨੁੱਖ ਦੇ ਹੱਥ ਵਿੱਚ ਮੋਬਾਈਲ ਫ਼ੋਨ ਦੇਖਿਆ ਜਾ ਸਕਦਾ ਹੈ। ਤਾਂ ਹੀ ਤਾਂ ਕਿਹਾ ਜਾਂਦਾ ਹੈ ਕਿ ਵਿਗਿਆਨ ਨੇ ਸੰਸਾਰ ਨੂੰ ਮਨੁੱਖ ਦੀ ਮੁੱਠੀ ਵਿੱਚ ਬੰਦ ਕਰ ਦਿੱਤਾ ਹੈ। ਕਿੰਨੇ ਵੀ ਦੂਰ ਦੁਰਾਡੇ ਆਪਣੇ ਜਾਣ-ਪਹਿਚਾਣ ਵਾਲੇ ਨਾਲ ਗੱਲ ਕੀਤੀ ਜਾ ਸਕਦੀ ਹੈ, ਉਹ ਭਾਵੇਂ ਸੰਸਾਰ ਦੇ ਕਿਸੇ ਵੀ ਕੋਨੇ ਵਿੱਚ ਕਿਉਂ ਨਾ ਵਸਦਾ ਹੋਵੇ। ਵਿਗਿਆਨ ਦਾ ਚਮਤਕਾਰ ਹੈ ਹੀ, ਪਰ ਇਸ ਨੇ ਮਨੁੱਖਤਾ ਨੂੰ ਨੇੜਤਾ ਦੀ ਡੋਰੀ ਵਿੱਚ ਬੰਨ੍ਹ ਦਿੱਤਾ ਹੈ।

ਦੇਖਣ ਵਿੱਚ ਆਉਂਦਾ ਹੈ ਕਿ ਪੰਜਾਬ ਦੇ ਹਜ਼ਾਰਾਂ ਨਹੀਂ, ਲੱਖਾਂ ਧੀਆਂ-ਪੁੱਤਰ ਵਿਦੇਸ਼ਾਂ ਵਿੱਚ ਪੜ੍ਹਦੇ ਹਨ ਜਾਂ ਕਿਸੇ ਰੁਜ਼ਗਾਰ ਲਈ ਵਿਦੇਸ਼ ਗਏ ਹੋਏ ਹਨ। ਪੰਜਾਬ ਵਿੱਚ ਬੈਠੇ ਮਾਪੇ, ਪੁੱਤਰਾਂ-ਧੀਆਂ ਨੂੰ ਮਿਲਣ ਤਾਂ ਨਹੀਂ ਜਾ ਸਕਦੇ, ਪਰ ਮੋਬਾਈਲ ’ਤੇ ਉਨ੍ਹਾਂ ਨਾਲ ਹਰ ਰੋਜ਼ ਹੀ ਗੱਲਬਾਤ ਕਰਕੇ ਆਪਣੇ ਮੋਹ ਦੀਆਂ ਤੰਦਾਂ ਨੂੰ ਸ਼ਾਂਤ ਕਰ ਲੈਂਦੇ ਹਨ। ਹੁਣ ਤਾਂ ਹੋਰ ਵੀ ਕਮਾਲ ਹੋ ਚੁੱਕਿਆ ਹੈ, ਦੂਰ ਵਿਦੇਸ਼ ਵਿੱਚ ਬੈਠੇ ਆਪਣੇ ਧੀ-ਪੁੱਤਰ ਨਾਲ ਕੋਈ ਵੀ ਮਾਂ ਜਾਂ ਬਾਪ ਉਸ ਨਾਲ ਸਾਹਮਣੇ ਦੇਖ ਕੇ ਗੱਲ ਕਰ ਸਕਦਾ ਹੈ। ਇਸ ਤਰ੍ਹਾਂ ਹਜ਼ਾਰਾਂ ਮੀਲ ਦੂਰ ਬੈਠੇ ਆਪਣੇ ਪੁੱਤ ਨਾਲ ਗੱਲ ਕਰਕੇ ਮਾਂ ਦੇ ਮਨ ਨੂੰ ਕੁਝ ਢਾਰਸ ਜ਼ਰੂਰ ਮਿਲਦਾ ਹੈ, ਮਾਂ ਨੂੰ ਤਸੱਲੀ ਹੋ ਜਾਂਦੀ ਹੈ ਕਿ ਉਸ ਨੇ ਆਪਣੇ ਪੁੱਤਰ ਨਾਲ ਗੱਲਬਾਤ ਕਰ ਲਈ ਹੈ।

ਹੁਣ ਤੋਂ 50-60 ਸਾਲ ਪਹਿਲਾਂ ਦਾ ਸਮਾਂ ਅਜਿਹਾ ਨਹੀਂ ਸੀ। ਲੋਕਾਂ ਕੋਲ ਮੋਬਾਈਲ ਨਹੀਂ ਸਨ, ਕਿਸੇ-ਕਿਸੇ ਅਮੀਰ ਘਰ ਵਿੱਚ ਟੈਲੀਫ਼ੋਨ ਲੱਗਿਆ ਹੋਇਆ ਸੀ, ਪਰ ਜੇ ਉਸ ਸਮੇਂ ਤੋਂ ਵੀ ਕੁਝ ਪਿੱਛੇ ਚਲੇ ਜਾਈਏ ਤਾਂ ਕਿਸੇ ਦੀ ਖ਼ਬਰ ਸਾਰ ਲੈਣੀ ਜਾਂ ਕਿਸੇ ਨੂੰ ਕੋਈ ਸੁਨੇਹਾ ਭੇਜਣਾ ਹੁੰਦਾ ਸੀ ਤਾਂ ਇੱਕੋ ਇੱਕ ਸਾਧਨ ਹੁੰਦਾ ਸੀ ਚਿੱਠੀਆਂ ਦਾ। ਅੰਗਰੇਜ਼ਾਂ ਦੇ ਕਾਲ ਤੋਂ ਪੰਜਾਬ ਵਿੱਚ ਚਿੱਠੀਆਂ ਪਾਉਣ ਦਾ ਸਿਲਸਿਲਾ ਸ਼ੁਰੂ ਹੋ ਗਿਆ ਕਿਉਂਕਿ ਲੋਕਾਂ ਨੂੰ ਡਾਕਖਾਨੇ ਬਾਰੇ ਪਤਾ ਚੱਲ ਗਿਆ ਸੀ ਕਿ ਸੁਨੇਹੇ ਭੇਜਣ ਲਈ ਡਾਕਖਾਨੇ ਕਿਸ ਤਰ੍ਹਾਂ ਕੰਮ ਕਰਦੇ ਸਨ। ਕਿਸੇ ਡਾਕਖਾਨੇ ਦੇ ਬਾਹਰ ਪਏ ਲਾਲ ਰੰਗ ਦੇ ਲੈਟਰ ਬਾਕਸ ਨੂੰ ਦੇਖ ਕੇ ਉਹ ਖ਼ੁਸ਼ ਹੋ ਜਾਂਦੇ ਸਨ, ਪਰ ਇਹ ਚਿੱਠੀਆਂ ਲਿਖਣ ਅਤੇ ਪੜ੍ਹਨ ਦਾ ਕੰਮ ਵੀ ਕੋਈ ਸੌਖਾ ਨਹੀਂ ਸੀ। ਵਧੇਰੇ ਜਨਤਾ ਅਨਪੜ੍ਹ ਸੀ, ਬਹੁਤ ਘੱਟ ਲੋਕ ਪੜ੍ਹੇ ਲਿਖੇ ਸਨ ਜੋ ਚਿੱਠੀ ਲਿਖ ਜਾਂ ਪੜ੍ਹ ਸਕਦੇ ਸਨ।

ਕੁੜੀਆਂ ਬਹੁਤੀਆਂ ਅਨਪੜ੍ਹ ਹੀ ਸਨ, ਇਸੇ ਕਰਕੇ ਉਨ੍ਹਾਂ ਨੂੰ ਵਿਆਹ ਤੋਂ ਬਾਅਦ ਆਪਣੇ ਪੇਕਿਆਂ ਨੂੰ ਚਿੱਠੀ ਰਾਹੀਂ ਸੁਨੇਹਾ ਭੇਜਣਾ ਮੁਸ਼ਕਿਲ ਹੁੰਦਾ। ਜੇ ਕਿਤੇ ਕਿਸੇ ਮੁਟਿਆਰ ਦਾ ਘਰਵਾਲਾ ਨੌਕਰੀ ਬਾਹਰ ਕਰਦਾ ਜਾਂ ਫ਼ੌਜ ਵਿੱਚ ਭਰਤੀ ਹੋ ਜਾਂਦਾ ਤਾਂ ਉਹ ਜਾਣਦੀ ਸੀ ਕਿ ਉਸ ਦਾ ਪਤੀ ਨੂੰ ਸੁਨੇਹਾ ਜਾਂ ਸੁੱਖ-ਸਾਂਦ ਭੇਜਣ ਦਾ ਇੱਕੋ ਇੱਕ ਰਸਤਾ ਚਿੱਠੀਆਂ ਹਨ। ਜੇ ਉਸ ਨੂੰ ਚਿੱਠੀ ਲਿਖਣੀ ਨਹੀਂ ਸੀ ਆਉਂਦੀ ਤਾਂ ਉਹ ਡਾਕੀਏ ਜਾਂ ਕਿਸੇ ਪੜ੍ਹੇ ਲਿਖੇ ਇਨਸਾਨ ਦੀਆਂ ਮਿੰਨਤਾਂ ਕਰਦੀ ਤਾਂ ਉਹ ਆਪ ਹੀ ਕੋਈ ਪੜ੍ਹਾਕੂ ਲੱਭ ਕੇ ਕਹਿੰਦੀ;

ਮੇਰੇ ਖ਼ਤ ’ਤੇ ਪਾ ਦੇ ਸਿਰਨਾਵਾਂ
ਵੇ ਬਹੁਤਿਆਂ ਪੜ੍ਹਾਕੂ ਮੁੰਡਿਆਂ।

ਪਰ ਕਈ ਵਾਰ ਜਦੋਂ ਕਿਸੇ ਮੁਟਿਆਰ ਦਾ ਫ਼ੌਜੀ ਉਸ ਨੂੰ ਆਪਣੇ ਆਉਣ ਬਾਰੇ ਨਾ ਲਿਖਦਾ ਤਾਂ ਉਹ ਦੁਖੀ ਮਨ ਨਾਲ ਕਹਿ ਦਿੰਦੀ;

ਕਦੇ ਆਉਣ ਦੀ ਚਿੱਠੀ ਨਾ ਪਾਈ
ਕਾਗਜ਼ਾਂ ਦਾ ਘਰ ਭਰ ’ਤਾ।

ਕਈ ਵਾਰ ਫ਼ੌਜੀ ਚਿੱਠੀਆਂ ਤਾਂ ਭੇਜ ਦਿੰਦਾ, ਪਰ ਉਸ ’ਤੇ ਸਿਰਨਾਵਾਂ ਆਮ ਕਰਕੇ ਬਜ਼ੁਰਗਾਂ ਦਾ ਲਿਖਿਆ ਹੁੰਦਾ। ਜਾਂ ਕਦੇ ਕੋਈ ਫ਼ੌਜਣ ਨੂੰ ਪੁੱਛਦਾ ਰਹਿੰਦਾ ਕਿ ਉਸ ਦੇ ਘਰਵਾਲਾ ਉਸ ਦੇ ਨਾਂ ’ਤੇ ਚਿੱਠੀ ਕਿਉਂ ਨਹੀਂ ਭੇਜਦਾ ਤਾਂ ਉਹ ਫ਼ੌਜੀ ਨੂੰ ਉਲਾਂਭਾ ਦਿੰਦੀ ਅਤੇ ਨਾਲ ਹੀ ਪ੍ਰੇਮ ਵੀ ਜਤਾਉਂਦੀ;

ਤੇਰੀ ਚਿੱਠੀ ਨੂੰ ਫ਼ਰੇਮ ਮੜ੍ਹਾਵਾਂ
ਵੇ ਮੇਰੇ ਨਾਂ ’ਤੇ ਪਾ ਨੌਕਰਾਂ।

ਚਿੱਠੀਆਂ ਦਾ ਇਹ ਸਿਲਸਿਲਾ ਬਹੁਤ ਹੀ ਮਨਭਾਉਂਦਾ ਸੀ। ਜਦੋਂ ਕਦੇ ਛੁੱਟੀਆਂ ਕਾਰਨ ਜਾਂ ਸਰਕਾਰ ਵੱਲੋਂ ਕੋਈ ਡਾਕਖਾਨਾ ਬੰਦ ਕਰ ਦਿੱਤਾ ਜਾਂਦਾ ਤਾਂ ਨੌਕਰ ਦੇ ਘਰਵਾਲੀ ਨੂੰ ਪੁਰਾਣੇ ਸਮੇਂ ਯਾਦ ਆਉਂਦੇ ਜਦੋਂ ਸੁਨੇਹੇ ਚਿੱਠੀਆਂ ਦੀ ਥਾਂ ਕਬੂਤਰਾਂ ਰਾਹੀਂ ਭੇਜੇ ਜਾਂਦੇ ਸਨ। ਰਾਜੇ-ਮਹਾਰਾਜੇ ਆਪਣੇ ਸੁਨੇਹੇ ਭੇਜਣ ਲਈ ਚੀਨੇ ਕਬੂਤਰ ਪਾਲਦੇ ਸਨ। ਅਜਿਹੇ ਵਿੱਚ ਡਾਕਖਾਨਾ ਬੰਦ ਹੋਣ ਤੋਂ ਦੁਖੀ ਪਤਨੀ ਆਪਣੇ ਮਨ ਨੂੰ ਸਮਝਾਉਂਦੀ ਹੋਈ ਕਹਿੰਦੀ;

ਪੈਣਾ ਪਾਲਣਾ ਕਬੂਤਰ ਚੀਨਾ
ਡਾਕਘਰ ਬੰਦ ਹੋ ਗਿਆ।

ਗੱਲ ਵੀ ਸੱਚ ਸੀ ਜਦੋਂ ਚਿੱਠੀਆਂ ਭੇਜਣ ਤੋਂ ਸਿਵਾ ਹੋਰ ਕੋਈ ਰਸਤਾ ਨਾ ਹੋਵੇ ਤਾਂ ਕੋਈ ਨਾ ਕੋਈ ਤਰੀਕਾ ਤਾਂ ਲੱਭਣਾ ਹੀ ਹੈ। ਜਦੋਂ ਕੋਈ ਫ਼ੌਜੀ ਲਾਮ ’ਤੇ ਗਿਆ ਹੋਵੇ ਤਾਂ ਉਸ ਦੀ ਘਰਵਾਲੀ ਦਾ ਚਿੱਠੀਆਂ ਉਡੀਕਦੀ ਦਾ ਦਿਨ ਰਾਤ ਭਰੇ ਮਨ ਵਿੱਚ ਹੀ ਲੰਘਦਾ। ਜੇ ਕਦੇ ਲਾਮ ਤੋਂ ਚਿੱਠੀ ਆ ਵੀ ਜਾਂਦੀ ਤਾਂ ਉਹ ਚਿੱਠੀ ਨੂੰ ਦੇਖ ਕੇ ਹੀ ਰੋ-ਰੋ ਕੇ ਆਪਣਾ ਬੁਰਾ ਹਾਲ ਕਰ ਲੈਂਦੀ;

ਚਿੱਠੀ ਢੋਲ ਦੀ ਲਾਮ ਤੋਂ ਆਈ
ਤਿਪ ਤਿਪ ਰੋਈਆਂ ਅੱਖੀਆਂ।

ਪਰ ਅਜਿਹੀ ਹੀ ਚਿੱਠੀ ਜੇ ਕਿਸੇ ਦੇ ਪ੍ਰਦੇਸ ਗਏ ਚੰਨ ਦੀ ਆਈ ਹੋਵੇ ਤਾਂ ਉਹ ਚਿੱਠੀ ਸਾਰੇ ਪਰਿਵਾਰ ਲਈ ਖ਼ੁਸ਼ੀਆਂ ਦਾ ਹੜ੍ਹ ਲੈ ਆਉਂਦੀ ਸੀ। ਜਿਵੇਂ ਵਲਾਇਤ ਗਏ ਭਰਾ ਦੀ ਚਿੱਠੀ ਆਉਣ ’ਤੇ ਨਣਦ-ਭਰਜਾਈ ਦੋਹਾਂ ਦੀ ਖ਼ੁਸ਼ੀ ਠਾਠਾਂ ਮਾਰਨ ਲੱਗਦੀ ਅਤੇ ਭੱਜੀ ਆਉਂਦੀ ਨਣਦ ਆਪਣੀ ਭਰਜਾਈ ਨੂੰ ਕਹਿੰਦੀ ਫ਼ਿਰਦੀ;

ਚਿੱਠੀ ਵੀਰ ਦੀ ਵਲੈਤੋਂ ਆਈ
ਬਹਿ ਜਾ ਨੀਂ ਸੁਣਾਵਾਂ ਭਾਬੀਏ।

ਇਸੇ ਤਰ੍ਹਾਂ ਮੈਨੂੰ ਯਾਦ ਹੈ ਕਿ 1962 ਵਿੱਚ ਜਦੋਂ ਹਿੰਦ-ਚੀਨ ਦੀ ਲੜਾਈ ਲੱਗੀ ਸੀ ਤਾਂ ਇਨ੍ਹਾਂ ਚਿੱਠੀਆਂ ਨੇ ਬਹੁਤ ਦੇਸ਼ ਪਿਆਰ ਵਾਲਾ ਸੱਭਿਆਚਾਰਕ ਰੰਗ ਲਿਆਂਦਾ ਸੀ। ਉਸ ਸਮੇਂ ਕਈ ਵਾਰ ਫ਼ੌਜੀਆਂ ਨੂੰ ਸਮਾਂ ਹੀ ਨਾ ਲੱਗਦਾ ਕਿ ਉਹ ਡਾਕਖਾਨੇ ਜਾ ਕੇ ਆਪਣੇ ਪਰਿਵਾਰ ਨੂੰ ਜਾਂ ਖ਼ਾਸ ਕਰਕੇ ਆਪਣੀ ਘਰਵਾਲੀ ਨੂੰ ਚਿੱਠੀ ’ਤੇ ਡਾਕ ਟਿਕਟ ਲਗਵਾ ਸਕੇ। ਅਜਿਹੇ ਵਿੱਚ ਉਹ ਕਾਹਲੀ ਵਿੱਚ ਚਿੱਠੀ ਨੂੰ ਬੇਰੰਗ ਹੀ ਭੇਜ ਦਿੰਦਾ, ਪਰ ਇਹ ਬੇਰੰਗ ਚਿੱਠੀਆਂ ਪਾ ਕੇ ਘਰਵਾਲੀ ਕੁਝ ਨਾਰਾਜ਼ਗੀ ਦਿਖਾਉਂਦੀ ਹੋਈ ਕਹਿੰਦੀ;

ਕਿਹੜੀ ਛਾਉਣੀ ’ਚ ਲਵਾ ਲਿਆ ਨਾਮਾ
ਚਿੱਠੀਆਂ ਬੇਰੰਗ ਭੇਜਦਾ।

ਕਿਸੇ ਵਿਆਹੀ ਮੁਟਿਆਰ ਨੇ ਆਪਣੀ ਚਿੱਠੀ ਵਿੱਚ ਕੁਝ ਪਿਆਰ ਇਸ਼ਕ ਦੀਆਂ ਗੱਲਾਂ ਵੀ ਲਿਖਣੀਆਂ ਹੁੰਦੀਆਂ ਸਨ ਤਾਂ ਉਹ ਇਹ ਕਿਸੇ ਤੋਂ ਨਹੀਂ ਸੀ ਲਿਖਵਾ ਸਕਦੀ। ਇਸ ਤਰ੍ਹਾਂ ਉਸ ਨੇ ਖ਼ੁਦ ਹੀ ਪੜ੍ਹਨਾ ਲਿਖਣਾ ਸ਼ੁਰੂ ਕੀਤਾ ਅਤੇ ਚਿੱਠੀਆਂ ਆਪ ਹੀ ਲਿਖਣ ਲੱਗੀ ਅਤੇ ਇਸ ਦੇ ਬਹਾਨੇ ਉਹ ਪੜ੍ਹਨਾ ਲਿਖਣਾ ਸਿੱਖ ਜਾਂਦੀ। ਉਸ ਨੂੰ ਪੰਜਾਬੀ ਪੈਂਤੀ ਦੇ ਅੱਖਰ ਸਿੱਖਣਾ ਬਹੁਤ ਚੰਗਾ ਲੱਗਦਾ। ਉਸ ਨੂੰ ਪੈਂਤੀ ਦੇ ਅੱਖਰਾਂ ਵਿੱਚੋਂ ਆਪਣੇ ਢੋਲ ਦੇ ਪਿਆਰ ਦਾ ਅਨੰਦ ਜਿਹਾ ਆਉਂਦਾ ਮਹਿਸੂਸ ਹੁੰਦਾ ਤਾਂ ਹੀ ਤਾਂ ਉਹ ਆਪਣੇ ਫ਼ੌਜੀ ਨੂੰ ਲਿਖ ਦਿੰਦੀ ਸੀ;

ਤੈਨੂੰ ਚਿੱਠੀਆਂ ਲਿਖਣ ਦੀ ਮਾਰੀ
ਊੜਾ, ਐੜਾ ਪੜ੍ਹਾਂ ਮਿੱਤਰਾਂ।

ਇਹ ਆਮ ਹੀ ਹੁੰਦਾ ਸੀ ਕਿ ਇਹ ਚਿੱਠੀਆਂ ਘਰਾਂ ਵਿੱਚ ਵੰਡਣ ਵਾਲਾ ਸਰਕਾਰੀ ਮੁਲਾਜ਼ਮ ਡਾਕੀਆ ਸਦਾ ਖਾਕੀ ਵਰਦੀ ਪਾ ਕੇ ਪਿੰਡਾਂ ਦੀਆਂ ਗਲੀਆਂ ਵਿੱਚ ਫ਼ਿਰਦਾ, ਘਰ ਲੱਭ-ਲੱਭ ਕੇ ਚਿੱਠੀਆਂ ਵੰਡਦਾ। ਜਿਹੜੀਆਂ ਮੁਟਿਆਰਾਂ ਨੂੰ ਆਪਣੇ ਢੋਲ ਦੀ ਚਿੱਠੀ ਆਉਣ ਦੀ ਉਡੀਕ ਹੁੰਦੀ ਉਹ ਬਾਰੀ ਵਿੱਚੋਂ ਡਾਕੀਏ ਦਾ ਰਾਹ ਤੱਕਦੀ ਅਤੇ ਜੇ ਡਾਕੀਏ ਨੂੰ ਦੇਖ ਲੈਂਦੀ ਤਾਂ ਭੱਜ ਕੇ ਚਿੱਠੀ ਬਾਰੇ ਪੁੱਛਦੀ। ਤਾਂ ਹੀ ਉਹ ਕਹਿੰਦੀ ਸੀ;

ਕੀ ਮੇਰੇ ਢੋਲ ਦੀ ਚਿੱਠੀ ਕੋਈ ਆਈ
ਡਾਕੀਏ ਨੂੰ ਪੁੱਛਦੀ ਫ਼ਿਰਾਂ।

(ਬਾਕੀ ਸਫ਼ਾ 31 ’ਤੇ)

ਜੋਗਿੰਦਰ ਕੌਰ ਅਗਨੀਹੋਤਰੀ

# ਸੁਰਮਾ ਪੰਜ ਰੱਤੀਆਂ ਕਿਹੜੇ ਸ਼ੌਕ ਨੂੰ ਪਾਇਆ...







ਸਰੀਰ ਦੇ ਹੋਰ ਅੰਗਾਂ ਨੂੰ ਸਜਾਉਣ ਲਈ ਸੋਨੇ ਚਾਂਦੀ ਦੇ ਗਹਿਣੇ ਵੀ ਵਰਤੇ ਜਾਂਦੇ ਹਨ ਪਰ ਅੱਖਾਂ ਨੂੰ ਸਜਾਉਣ ਲਈ ਸੁਰਮੇ ਦੀ ਵਰਤੋਂ ਕੀਤੀ ਜਾਂਦੀ ਹੈ। ਸੁਰਮਾ ਇੱਕ ਖਣਿਜ ਪੱਥਰ ਹੈ ਜੋ ਕਾਲੇ ਰੰਗ ਦਾ ਹੈ। ਇਸ ਨੂੰ ਚੰਗੀ ਤਰ੍ਹਾਂ ਰਗੜ ਕੇ ਅੱਖਾਂ ਦੀ ਸੁੰਦਰਤਾ ਵਧਾਉਣ ਲਈ ਵਰਤਿਆ ਜਾਂਦਾ ਹੈ। ਬਚਪਨ ਵਿੱਚ ਇਹ ਸੁਰਮਾ ਬੱਚਿਆਂ ਨੂੰ ਵੀ ਪਾਇਆ ਜਾਂਦਾ ਹੈ। ਵਿਆਹ ਸ਼ਾਦੀਆਂ ਵਿੱਚ ਸੁਰਮੇ ਦਾ ਬਹੁਤ ਮਹੱਤਵਪੂਰਨ ਸਥਾਨ ਹੈ। ਉਸ ਸਮੇਂ ਵਿਆਂਦੜ ਮੁੰਡੇ ਨੂੰ ਉਸ ਦੀ ਭਰਜਾਈ ਸੁਰਮਾ ਪਾਉਂਦੀ ਹੈ ਤੇ ਉਹ, ਉਸ ਨੂੰ ਕੋਈ ਗਹਿਣਾ ਜਾਂ ਪੈਸੇ ਦਿੰਦਾ ਹੈ। ਸੁਰਮਾ ਪਾਉਣ ਵੇਲੇ ਇਹ ਦੋਹਾ ਲਾਇਆ ਜਾਂਦਾ ਹੈ-'ਪਹਿਲੀ ਸਲਾਈ ਰਸਭਰੀ ਦਿਉਰਾ,ਦੂਜੀ,ਵੇ ਗੁਲਨਾਰ।

ਤੀਜੀ ਸਿਲਾਈ ਤਾਂ ਪਾਵਾਂ, ਜੇ ਮੋਹਰਾਂ ਦੇਵੇਂ, ਵੇ ਦਿਉਰ ਸੁਲੱਖਣਿਆਂ ਚਾਰ।' ਵਿਆਹ ਸ਼ਾਦੀਆਂ ਵੇਲੇ ਘਰਾਂ ਵਿੱਚ ਸੁਰਮਾ ਤਿਆਰ ਕੀਤਾ ਜਾਂਦਾ ਸੀ। ਇਸ ਖਣਿਜ ਪਦਾਰਥ ਨੂੰ ਦੁਕਾਨ ਤੋਂ ਲਿਆ ਕੇ ਪਹਿਲਾਂ ਕੋਰੇ ਕੁੱਜੇ ਵਿੱਚ ਪਾਣੀ ਪਾ ਕੇ ਭਿਉਂਤਾ ਜਾਂਦਾ ਅਤੇ ਫਿਰ ਉਸ ਨੂੰ ਧੁੱਪ ਲਵਾ ਕੇ ਰਗੜਿਆ ਜਾਂਦਾ। ਇਸ ਪਦਾਰਥ ਨੂੰ ਸਿਲਵੱਟੇ ਨਾਲ ਰਗੜਿਆ ਜਾਂਦਾ ਸੀ। ਸਿਲ ਇੱਕ ਪੱਥਰ ਦਾ ਕਿਸ਼ਤੀਨੁਮਾ ਮਜ਼ਬੂਤ ਭਾਂਡਾ ਹੁੰਦਾ ਹੈ। ਇਸ ਵਿੱਚ ਸੁਰਮਾ ਪਾ ਕੇ ਉਸ ਨੂੰ ਇੱਕ ਗਿੱਠ ਦੀ ਲੰਬਾਈ ਵਾਲੇ ਹੇਠਾਂ ਤੋਂ ਮਾਮੂਲੀ ਮੋਟੇ ਅਤੇ ਉੱਤੋਂ ਥੋੜ੍ਹੇ ਜਿਹੇ ਪਤਲੇ ਪੱਥਰ ਨਾਲ ਰਗੜਿਆ ਜਾਂਦਾ ਹੈ। ਔਰਤਾਂ ਇਸ ਨੂੰ ਚੰਦ ਚਾਨਣੀ ਰਾਤ ਵਿੱਚ ਰਗੜਦੀਆਂ ਤਾਂ ਕਿ ਚੰਦਰਮਾ ਦੀਆਂ ਠੰਢੀਆਂ ਕਿਰਨਾਂ ਇਸ ਵਿੱਚ ਪੈਣ।

ਇਸ ਪਦਾਰਥ ਨੂੰ ਰਗੜਨ ਵੇਲੇ ਸਮੁੰਦਰ ਝੱਗ ਅਤੇ ਗ਼ੁਲਾਬ ਦੇ ਅਰਕ ਦੀ ਵਰਤੋਂ ਵੀ ਕੀਤੀ ਜਾਂਦੀ ਹੈ। ਇਸ ਨੂੰ ਬਹੁਤ ਹੀ ਮਹੀਨ ਰਗੜਿਆ ਜਾਂਦਾ ਹੈ ਤਾਂ ਕਿ ਅੱਖ ਵਿੱਚ ਪਾਇਆ ਰੜਕੇ ਨਾ। ਇਸ ਨੂੰ ਸੁਰਮੇਦਾਨੀਆਂ ਵਿੱਚ ਪਾਉਣ ਤੋਂ ਪਹਿਲਾਂ ਕੱਪੜਛਾਣ ਕਰਕੇ ਅਤੇ ਅੱਖ ਵਿੱਚ ਪਾ ਕੇ ਦੇਖਿਆ ਜਾਂਦਾ ਹੈ। ਨਜ਼ਰ ਲੱਗਣ ਤੋਂ ਬਚਾਉਣ ਲਈ ਬੱਚਿਆਂ ਦੇ ਕੰਨ ਦੇ ਪਿੱਛੇ ਸੁਰਮੇ ਦਾ ਕਾਲਾ ਟਿੱਕਾ ਵੀ ਲਾ ਦਿੰਦੀਆਂ ਹਨ।

ਸੁਰਮਾ ਪਾਉਣਾ ਅੱਖਾਂ ਲਈ ਫਾਇਦੇਮੰਦ ਹੈ। ਇਸ ਲਈ, ਇਸ ਨੂੰ ਸ਼ਿੰਗਾਰ ਦਾ ਵਧੀਆ ਸਾਧਨ ਮੰਨਿਆ ਗਿਆ ਹੈ। ਸੁਰਮਾ ਪਾਉਣਾ ਸ਼ੌਕੀਨੀ ਸਮਝਿਆ ਜਾਂਦਾ ਹੈ। ਰੱਤੀ ਇੱਕ ਵੇਲ ਦਾ ਬੀਜ ਹੈ ਜੋ ਕਾਲੇ ਤੇ ਲਾਲ ਜਾਂ ਸੰਤਰੇ ਰੰਗ ਵਿੱਚ ਹੁੰਦਾ ਹੈ। ਸੋਨੇ ਦਾ ਕੰਮ ਕਰਨ ਵਾਲੇ ਇਸ ਦੀ ਵਰਤੋਂ ਸੋਨੇ ਦਾ ਵਜ਼ਨ ਕਰਨ ਲਈ ਵਰਤਦੇ ਹਨ ਪਰ ਇਸ ਦੀ ਵਰਤੋਂ ਵੈਦ ਵੀ ਦਵਾਈਆਂ ਦਾ ਵਜ਼ਨ ਕਰਨ ਲਈ ਵਰਤਦੇ ਹਨ। ਸੁਰਮੇ ਵਾਸਤੇ ਪੰਜ ਰਤੀਆਂ ਬਹੁਤ ਜ਼ਿਆਦਾ ਹਨ। ਜਦੋਂ ਮੁਟਿਆਰ ਸੁਰਮਾ ਪਾ ਕੇ ਖੜ੍ਹਦੀ ਹੈ ਉਸ ਨੂੰ ਮਜ਼ਾਕ ਵਜੋਂ ਹੀ ਕਿਹਾ ਜਾਂਦਾ ਹੈ-

'ਸੁਰਮਾ ਪੰਜ ਰੱਤੀਆਂ ਕਿਹੜੇ ਸ਼ੌਕ ਨੂੰ ਪਾਇਆ।'

ਸੁਰਮਾ ਔਸ਼ਧੀ ਵੀ ਹੈ। ਕੁਝ ਵੀ ਹੋਵੇ ਸੁਰਮਾ ਅੱਖਾਂ ਦੀ ਸੁਰੱਖਿਆ ਕਰਦਾ ਹੈ ਤਾਂ ਹੀ ਇਸ ਦੀ ਹੋਂਦ ਅਜੇ ਵੀ ਪੂਰੀ ਤਰ੍ਹਾਂ ਬਰਕਰਾਰ ਹੈ।

# ਟਾਹਲੀ 'ਤੇ ਬੈਠ ਤੋਤਿਆ...





ਕੁਦਰਤ ਦੇ ਰੰਗ ਨਿਆਰੇ ਹਨ। ਕਹਿੰਦੇ ਹਨ ਕਿ ਮਨੁੱਖ ਸਮੇਤ 84 ਲੱਖ ਜੂਨੀਆਂ ਹਨ। 84 ਭਾਵੇਂ ਕਿਸੇ ਨੇ ਗਿਣੀਆਂ ਨਹੀਂ, ਪਰ ਇਸ ਤੋਂ ਵੱਧ ਵੀ ਹੋ ਸਕਦੀਆਂ ਹਨ। ਭਿੰਨ ਭਿੰਨ ਪ੍ਰਕਾਰ ਦੇ ਕੀਟ ਪਤੰਗਿਆਂ ਤੋਂ ਇਲਾਵਾ ਕੀੜੇ ਮਕੌੜਿਆਂ ਨੂੰ ਦੇਖਦੇ ਹਾਂ ਤਾਂ ਇੰਝ ਲੱਗਦਾ ਹੈ ਜਿਵੇਂ ਪਤਾ ਨਹੀਂ ਕਿੰਨੇ ਕੁ ਹੋਣਗੇ। ਭਾਵੇਂ ਵਿਗਿਆਨੀਆਂ ਨੇ ਵੱਖ ਵੱਖ ਨਸਲਾਂ ਦੇ ਪਸ਼ੂ-ਪੰਛੀਆਂ, ਜੀਵ-ਜੰਤੂਆਂ ਬਾਰੇ ਦੱਸਿਆ ਹੈ, ਪ੍ਰੰਤੂ ਕੁੱਝ ਕੁ ਕੀਟ-ਪਤੰਗਾਂ ਜਾਂ ਜੀਵ ਜੰਤੂਆਂ ਨੂੰ ਅਸੀਂ ਨਵਿਆਂ ਵਜੋਂ ਦੇਖਦੇ ਹਾਂ। ਕੁੱਝ ਪੁਰਾਣੀਆਂ ਜਾਤੀਆਂ ਲੁਪਤ ਹੋ ਗਈਆਂ ਹਨ ਅਤੇ ਉਨ੍ਹਾਂ ਦੀ ਥਾਂ 'ਤੇ ਨਵੀਆਂ ਜਾਤੀਆਂ ਪੈਦਾ ਹੋ ਗਈਆਂ ਹਨ। ਉਦਾਹਰਨ ਦੇ ਤੌਰ 'ਤੇ ਗਿਰਝਾਂ ਅਤੇ ਘੋਗੜ ਦੋ ਪ੍ਰਜਾਤੀਆਂ ਬਿਲਕੁਲ ਲੁਪਤ ਹਨ। ਹੋਰ ਵੀ ਪੰਛੀਆਂ ਅਤੇ ਪਸ਼ੂਆਂ, ਕੀਟ-ਪਤੰਗਾਂ ਅਤੇ ਜਾਨਵਰਾਂ ਨੂੰ ਦੇਖਦੇ ਹਾਂ। ਸਾਉਣ ਦੇ ਮਹੀਨੇ ਵਿੱਚ ਮੀਂਹ ਪੈਣ ਤੋਂ ਬਾਅਦ ਧਰਤੀ 'ਚੋਂ ਨਿਕਲੀ ਟੀਟ/ਚੀਚ ਵਹੁਟੀ ਹੁਣ ਬਹੁਤ ਘੱਟ ਦਿਖਾਈ ਦਿੰਦੀ ਹੈ। ਇਹ ਲਾਲ ਰੰਗ ਦੀ ਟੀਟ/ਚੀਚ ਵਹੁਟੀ ਸ਼ਨੀਲ ਦੇ ਕੱਪੜੇ ਵਰਗੀ ਲੱਗਦੀ ਹੈ।

ਇਸ ਤਰ੍ਹਾਂ ਹਰ ਪੰਛੀ ਦੀ ਆਪਣੀ ਆਪਣੀ ਥਾਂ ਹੈ। ਚਿੜੀਆਂ ਵੀ ਸਾਡੀ ਪ੍ਰਕਿਰਤੀ ਵਿੱਚ ਵਿਸ਼ੇਸ਼ ਥਾਂ ਰੱਖਦੀਆਂ ਹਨ। ਘਰ ਵਿੱਚ ਫਿਰਦੀਆਂ ਚਿੜੀਆਂ ਜਦ ਛੱਤਾਂ ਵਿੱਚ ਆਲ੍ਹਣੇ ਪਾਉਂਦੀਆਂ ਤਾਂ ਘਰਾਂ ਦੀ ਰੌਣਕ ਦੁੱਗਣੀ ਹੋ ਜਾਂਦੀ। ਸਵੇਰੇ ਉੱਠ ਕੇ ਚੀਂ ਚੀਂ ਕਰਨ ਵਾਲੀਆਂ ਚਿੜੀਆਂ ਮਨੁੱਖਾਂ ਨੂੰ ਵੀ ਉੱਠਣ ਲਈ ਪ੍ਰੇਰਿਤ ਕਰਦੀਆਂ। ਇਸੇ ਤਰ੍ਹਾਂ ਪੰਛੀਆਂ ਵਿੱਚ ਤੋਤਾ ਵੀ ਇੱਕ ਅਜਿਹਾ ਪੰਛੀ ਹੈ ਜੋ ਮਨੁੱਖ ਦੀ ਭਾਸ਼ਾ ਸਿੱਖ ਕੇ ਬੋਲ ਸਕਦਾ ਹੈ। ਖਾਣ ਪੀਣ ਵਿੱਚ ਤੋਤਾ ਬਹੁਤ ਹੁਸ਼ਿਆਰ ਹੈ। ਇਹ ਮਿੱਠੇ ਫ਼ਲਾਂ ਦਾ ਸ਼ੌਕੀਨ ਹੈ। ਇਹ ਬੇਰ, ਅਮਰੂਦ ਆਦਿ ਤੋੜ ਕੇ ਦੂਰ ਦੂਰ ਤੱਕ ਲੈ ਜਾਂਦਾ ਹੈ ਅਤੇ ਰੁੱਖ 'ਤੇ ਬੈਠ ਕੇ ਖਾਂਦਾ ਹੈ। ਤੋਤਾ ਤਾਂ ਹਰੀਆਂ ਮਿਰਚਾਂ ਵੀ ਤੋੜ ਕੇ ਲੈ ਜਾਂਦਾ ਹੈ।



ਹਰੇ ਰੰਗ ਦਾ ਤੋਤਾ ਜਿਸ ਦੀ ਚੁੰਝ ਲਾਲ ਹੁੰਦੀ ਹੈ, ਇਹ ਸਭ ਨੂੰ ਬਹੁਤ ਪਿਆਰਾ ਲੱਗਦਾ ਹੈ। ਇਹ ਆਮ ਕਰਕੇ ਦਰੱਖਤਾਂ ਖ਼ਾਸ ਕਰਕੇ ਨਿੰਮ ਜਾਂ ਟਾਹਲੀ ਦੀਆਂ ਖੋੜਾਂ ਵਿੱਚ ਰਹਿੰਦਾ ਹੈ। ਕਈ ਵਾਰ ਬੱਚੇ ਜਦੋਂ ਇਸ ਦੇ ਬੱਚਿਆਂ ਨੂੰ ਇਨ੍ਹਾਂ ਖੋੜਾਂ ਵਿੱਚੋਂ ਕੱਢਣ ਦਾ ਯਤਨ ਕਰਦੇ ਹਨ ਤਾਂ ਕਈ ਵਾਰ ਤੋਤੇ ਜਾਂ ਤੋਤੀਆਂ ਦੰਦੀ ਵੀ ਵੱਢ ਲੈਂਦੇ ਹਨ। ਤੋਤੇ ਦੇ ਰੰਗ ਤੋਂ ਪ੍ਰਭਾਵਿਤ ਹੋ ਕੇ ਔਰਤਾਂ ਤੋਤੇ ਰੰਗਾ ਸੂਟ ਸੰਵਾਉਣਾ ਪਸੰਦ ਕਰਦੀਆਂ ਹਨ।

ਤੋਤੇ ਨੂੰ ਪਾਲਤੂ ਬਣਾਇਆ ਜਾਂਦਾ ਹੈ। ਸਾਰੇ ਤੋਤੇ ਬੋਲਣ ਵਿੱਚ ਮਾਹਿਰ ਨਹੀਂ ਬਣਦੇ। ਕੁੱਝ ਵਿਸ਼ੇਸ਼ ਕਿਸਮ ਦੇ ਤੋਤੇ ਜਾਂ ਤੋਤੀਆਂ ਮਨੁੱਖ ਦੀ ਨਕਲ ਕਰਦੇ ਹਨ। ਇਨ੍ਹਾਂ ਨੂੰ ਲਾਲ ਮੋਢਿਆਂ ਵਾਲੇ ਤੋਤੇ-ਤੋਤੀਆਂ ਵੀ ਕਿਹਾ ਜਾਂਦਾ ਹੈ। ਘਰ ਵਿੱਚ ਜਦੋਂ ਵੀ ਕੋਈ ਬੋਲਦਾ ਹੈ ਤਾਂ ਇਹ ਉਹੀ ਸਿੱਖ ਲੈਂਦਾ ਹੈ ਅਤੇ ਜਵਾਬ ਦੇਣਾ ਵੀ ਇਨ੍ਹਾਂ ਨੂੰ ਆਉਂਦਾ ਹੈ ਤਾਂ ਹੀ ਤਾਂ ਇਸ ਨੂੰ ਲਟਪਟ ਪੰਛੀ ਕਿਹਾ ਜਾਂਦਾ ਹੈ।

ਸੋਹਣੇ ਰੰਗ ਅਤੇ ਮਨੁੱਖੀ ਬੋਲੀ ਬੋਲਣ ਕਾਰਨ ਤੋਤਾ ਲੋਕਾਂ ਦਾ ਮਨਭਾਉਂਦਾ ਪੰਛੀ ਹੈ। ਸ਼ੌਕ ਵਜੋਂ ਇਸ ਨੂੰ ਲੋਕ ਪਾਲਦੇ ਵੀ ਹਨ ਅਤੇ ਆਪਣੀ ਬੋਲੀ ਬੋਲਣ ਲਈ ਕਹਿੰਦੇ ਹਨ। ਪਾਲਤੂ ਤੋਤਿਆਂ ਨੂੰ ਘਰਾਂ ਵਿੱਚ ਫ਼ਲਾਂ ਤੋਂ ਇਲਾਵਾ ਚੂਰੀ ਵੀ ਪਾਈ ਜਾਂਦੀ ਹੈ ਅਤੇ ਉਨ੍ਹਾਂ ਨੂੰ ਕਾਜੂ, ਬਦਾਮ ਵੀ ਪਾਏ ਜਾਂਦੇ ਹਨ। ਤੋਤੇ ਨੂੰ ਪਿੰਜਰੇ ਵਿੱਚ ਰੱਖਿਆ ਜਾਂਦਾ ਹੈ ਅਤੇ ਕੁੱਝ ਸਮੇਂ ਲਈ ਬਾਹਰ ਵੀ ਕੱਢਿਆ ਜਾਂਦਾ ਹੈ। ਇਸ ਤਰ੍ਹਾਂ ਲੋਕ ਗੀਤਾਂ ਵਿੱਚ ਤੋਤੇ ਦਾ ਜ਼ਿਕਰ ਤਰ੍ਹਾਂ ਤਰ੍ਹਾਂ ਦੇ ਭਾਵਾਂ ਨੂੰ ਜ਼ਾਹਰ ਕਰਨ ਲਈ ਕੀਤਾ ਜਾਂਦਾ ਹੈ। ਕੋਈ ਸਮਾਂ ਇਹੋ ਜਿਹਾ ਵੀ ਹੁੰਦਾ ਸੀ ਜਦੋਂ ਮਾਤਾ-ਪਿਤਾ ਦੀ ਮਜਬੂਰੀ ਕਾਰਨ ਕਈ ਵਾਰ ਕੁੜੀ ਨੂੰ ਵੱਡੀ ਉਮਰ ਦੇ ਵਿਅਕਤੀ ਨਾਲ ਵੀ ਵਿਆਹ ਦਿੱਤਾ ਜਾਂਦਾ ਸੀ। ਉਸ ਵੇਲੇ ਦੀ ਸਥਿਤੀ ਨੂੰ ਧਿਆਨ ਵਿੱਚ ਰੱਖਦਿਆਂ ਇਹੋ ਜਿਹੇ ਗੀਤ ਲੋਕ ਗੀਤਾਂ ਵਿੱਚ ਆ ਕੇ ਰਲੇ;

ਰਾਇਆ, ਰਾਇਆ, ਰਾਇਆ<br>
ਟੁੱਟ ਪੈਣੇ ਤੋਤੇ ਨੇ<br>
ਮੇਰੀ ਗੁੱਤ 'ਤੇ ਆਲ੍ਹਣਾ ਪਾਇਆ।<br>
ਸ਼ੀਸ਼ੀਏ ਬਦਾਮੀ ਰੰਗੀਏ<br>
ਚਿੱਟੀ ਪੱਗ ਨੂੰ ਦਾਗ ਨਾ ਲਾਇਆ।<br>
ਰੋਂਦੀ ਮਾਂ ਕੋਲੇ<br>
ਹਾਣ ਦਾ ਮੁੰਡਾ ਨਾ ਥਿਆਇਆ।

ਇਸੇ ਤਰ੍ਹਾਂ ਜਦੋਂ ਦੋ ਪ੍ਰੇਮੀ ਆਪਸ ਵਿੱਚ ਨਾ ਮਿਲ ਸਕਣ ਜਾਂ ਸਮਾਜ ਵੱਲੋਂ ਉਨ੍ਹਾਂ ਦਾ ਵਿਰੋਧ ਕੀਤੇ ਜਾਣ 'ਤੇ ਦੋਵੇਂ ਇੱਕ ਦੂਜੇ ਤੋਂ ਵਿੱਛੜ ਜਾਣ ਤਾਂ ਵੀ ਇਸ ਤਰ੍ਹਾਂ ਜ਼ਿਕਰ ਕੀਤਾ ਜਾਂਦਾ ਹੈ;

ਰਾਇਆ, ਰਾਇਆ, ਰਾਇਆ<br>
ਟੁੱਟ ਪੈਣੇ ਤੋਤੇ ਨੇ<br>
ਮੇਰੀ ਗੁੱਤ 'ਤੇ ਆਲ੍ਹਣਾ ਪਾਇਆ<br>
ਸ਼ੀਸ਼ੀਏ ਬਦਾਮੀ ਰੰਗੀਏ<br>
ਚਿੱਟੀ ਪੱਗ ਨੂੰ ਦਾਗ ਨਾ ਲਾਇਆ<br>
ਚੁਗਦੇ ਹੰਸਾਂ ਦਾ<br>
ਰੱਬ ਨੇ ਵਿਛੋੜਾ ਪਾਇਆ।

ਸਾਡੇ ਸਮਾਜ ਦੀ ਬਾਜ਼ ਅੱਖ ਹਰ ਬੰਦੇ 'ਤੇ ਹੁੰਦੀ ਹੈ। ਸਾਧਾਰਨ ਵਿਅਕਤੀ ਨੂੰ ਲੋਕ ਸਾਧਾਰਨ ਸਮਝਦੇ ਨੇ, ਪ੍ਰੰਤੂ ਜੇਕਰ ਸ਼ੌਕੀਨ ਵਿਅਕਤੀ ਜਾਂ ਔਰਤ ਕੋਈ ਵਧੀਆ ਕੱਪੜੇ ਪਾ ਲਵੇ ਤਾਂ ਉਸ ਨੂੰ ਦੇਖ ਕੇ ਕੁੱਝ ਨਾ ਕੁੱਝ ਜ਼ਰੂਰ ਬੋਲਦੇ ਹਨ, ਹੋਰ ਨਹੀਂ ਤਾਂ ਲੋਕ ਗੀਤਾਂ ਦਾ ਸਹਾਰਾ ਲੈ ਕੇ ਨਵੇਂ ਗੀਤ ਬਣਾ ਦਿੰਦੇ ਹਨ।

ਤੋਤਾ ਮਨੁੱਖਾਂ ਵਾਲੀ ਭਾਸ਼ਾ ਸਿੱਖਦਾ ਹੈ ਅਤੇ ਬੋਲਦਾ ਹੈ। ਕਈ ਵਾਰ ਜਦੋਂ ਕੋਈ ਬੰਦਾ ਕਿਸੇ ਦੇ ਮਗਰ ਲੱਗੇ ਤਾਂ ਉਸ ਨੂੰ ਲੋਕ ਚਾਬੀ ਵਾਲਾ ਤੋਤਾ ਵੀ ਕਹਿ ਦਿੰਦੇ ਹਨ ਕਿਉਂਕਿ ਖਿਡਾਉਣੇ ਤੋਤਿਆਂ ਵਿੱਚ ਚਾਬੀ ਵਾਲਾ ਤੋਤਾ ਵੀ ਦੂਜੇ ਤੋਤੇ ਵਾਂਗ ਬੋਲਦਾ ਹੈ ਤੇ ਇਸ ਲਈ ਇਸ ਨੂੰ ਸੱਚ ਕਰਨ ਲਈ ਲੋਕ ਉਸ ਮਨੁੱਖ ਨੂੰ ਚਾਬੀ ਵਾਲਾ ਤੋਤਾ ਵੀ ਕਹਿ ਦਿੰਦੇ ਹਨ। ਤੋਤਾ ਜਿਊਂਦਾ ਹੋਵੇ ਜਾਂ ਬਣਾਉਟੀ, ਬੱਚਿਆਂ ਨੂੰ ਬਹੁਤ ਪਸੰਦ ਹੈ। ਬੱਚਿਆਂ ਦੇ ਖਿਡੌਣਿਆਂ ਵਿੱਚ ਤੋਤਾ ਹਮੇਸ਼ਾਂ ਸ਼ਾਮਲ ਹੁੰਦਾ ਹੈ।

ਤੋਤੇ ਨੂੰ ਚਲਾਕ ਪੰਛੀ ਸਮਝਿਆ ਜਾਂਦਾ ਹੈ ਕਿਉਂਕਿ ਉਹ ਦੇਖਦੇ ਦੇਖਦੇ ਹੀ ਰੁੱਖਾਂ ਤੋਂ ਫ਼ਲ ਤੋੜ ਕੇ ਲੈ ਜਾਂਦਾ ਹੈ। ਤੋਤੇ ਦੀ ਚਲਾਕੀ ਦੀ ਗੱਲ ਲੋਕ ਗੀਤਾਂ ਵਿੱਚ ਇੰਝ ਕੀਤੀ ਜਾਂਦੀ ਹੈ;

ਉੱਡਿਆ ਸੀ ਤਿਲੀਅਰ ਤੋਤਾ<br>
ਸੱਗੀ 'ਤੇ ਬਹਿ ਗਿਆ ਨੀਂ।<br>
ਸੱਗੀ ਦੀ ਆਬ ਗਵਾ ਗਿਆ<br>
ਰਸ ਫੁੱਲੀਆਂ ਦਾ ਲੈ ਗਿਆ ਨੀਂ।<br>
ਡਰਦੀ ਹਾਂ ਸਿੰਘ ਜੀ ਕੋਲੋਂ<br>
ਮੁੱਖੋਂ ਨਾ ਬੋਲਦਾ ਨੀਂ।

ਤੋਤੇ ਦੀ ਸੁੰਦਰਤਾ ਦੇਖ ਕੇ ਇਸ ਨੂੰ ਬੁਝਾਰਤਾਂ ਵਿੱਚ ਵੀ ਲਿਆਂਦਾ ਗਿਆ;

ਹਰੀ ਚੁੰਨੀ, ਲਾਲ ਕਿਨਾਰੀ<br>
ਤੂੰ ਟੁੱਟ ਪੈਣਿਆਂ<br>
ਮੇਰੇ ਇੱਟ ਕਿਉਂ ਮਾਰੀ।

ਅੱਸੂ-ਕੱਤੇ ਪੱਕੇ ਹੋਏ ਬਾਜਰੇ ਦੀ ਫ਼ਸਲ ਨੂੰ ਤੋਤਿਆਂ ਤੋਂ ਬਚਾਉਣਾ ਬਹੁਤ ਮੁਸ਼ਕਿਲ ਹੁੰਦਾ ਹੈ। ਇਸ ਦੀ ਰਾਖੀ ਬੈਠ ਕੇ ਕਰਨੀ ਪੈਂਦੀ ਹੈ। ਇਹ ਤੋਤੇ ਸਿੱਟੇ ਵੀ ਤੋੜ ਕੇ ਨਾਲ ਲੈ ਜਾਂਦੇ ਹਨ। ਸੋ ਤੋਤਾ ਦੂਜੇ ਪੰਛੀਆਂ ਨਾਲੋਂ ਵੱਧ ਚਲਾਕ ਅਤੇ ਸ਼ਰਾਰਤੀ ਹੁੰਦਾ ਹੈ।

# ਅਜੋਕੇ ਵਿਸ਼ਵ ਹਾਲਾਤ ਦੌਰਾਨ ਗੁਰੂ ਤੇ.ਗ ਬਹਾਦਰ ਜੀ ਦੇ ਦਰਸ਼ਨ ਦੀ ਲੋੜ ਕਿਉਂ ?

**ਡਾ. ਜੋਰਾ ਸਿੰਘ**

ਵਿਸ਼ਵ ਇਤਿਹਾਸ ਵਿੱਚ ਆਪਣੇ ਅਕੀਦੇ ਅਤੇ ਆਪਣੇ ਵਿਸ਼ਵਾਸਾਂ ਦੀ ਸਲਾਮਤੀ ਲਈ ਕੁਰਬਾਨ ਹੋਏ ਅਨੇਕਾਂ ਰਹਿਬਰਾਂ ਦਾ ਜ਼ਿਕਰ ਮਿਲ ਜਾਂਦਾ ਹੈ ਪਰ 'ਧਰਮ ਦੀ ਚਾਦਰ' ਸ੍ਰੀ ਗੁਰੂ ਤੇਗ ਬਹਾਦਰ ਜੀ ਦੁਨੀਆਂ ਵਿੱਚ ਇਕੋ-ਇੱਕ ਅਜਿਹੇ ਰਹਿਬਰ ਅਤੇ ਸ਼ਹੀਦ ਹੋਏ ਹਨ, ਜੋ ਦੂਜਿਆਂ ਦੇ ਧਾਰਮਿਕ ਵਿਸ਼ਵਾਸਾਂ ਅਤੇ ਮਨੁੱਖੀ ਆਜ਼ਾਦੀ ਦੀ ਰੱਖਿਆ ਲਈ ਸੀਸ ਕਟਾ ਕੇ ਮਹਾਨ ਕੁਰਬਾਨੀ ਦੇ ਗਏ ਹਨ। ਸਤਿਗੁਰਾਂ ਦਾ ਜੀਵਨ ਅਤੇ ਗੁਰਬਾਣੀ, ਜਿੱਥੇ ਸਾਨੂੰ ਇਹ ਮਹਾਨ ਸਿੱਖਿਆ ਦਿੰਦੀ ਹੈ ਕਿ ਅਸੀਂ ਹਮੇਸ਼ਾ ਆਪਣੇ ਅਕੀਦੇ ਉੱਤੇ ਦ੍ਰਿੜ੍ਹਤਾ ਅਤੇ ਅਡੋਲਤਾ ਨਾਲ ਪਹਿਰਾ ਦੇਣਾ ਹੈ, ਉੱਥੇ ਦੂਜਿਆਂ ਦੇ ਧਾਰਮਿਕ ਵਿਸ਼ਵਾਸਾਂ ਦਾ ਸਤਿਕਾਰ ਅਤੇ ਰੱਖਿਆ ਵੀ ਕਰਨੀ ਹੈ। ਗੁਰੂ ਸਾਹਿਬ ਕੋਲ ਜਿਸ ਵੇਲੇ ਕਸ਼ਮੀਰੀ ਪੰਡਤ ਇਹ ਫ਼ਰਿਆਦ ਲੈ ਕੇ ਆਏ ਕਿ ਔਰੰਗਜ਼ੇਬ ਉਨ੍ਹਾਂ ਨੂੰ ਧੱਕੇ ਨਾਲ ਮੁਸਲਮਾਨ ਬਣਾ ਰਿਹਾ ਹੈ ਤਾਂ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਕਿਹਾ ਕਿ ਔਰੰਗਜ਼ੇਬ ਨੂੰ ਕਹਿ ਆਓ ਕਿ ਜੇਕਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਮੁਸਲਮਾਨ ਬਣ ਜਾਣਗੇ ਤਾਂ ਅਸੀਂ ਸਾਰੇ ਹਿੰਦੂ ਧਰਮ ਛੱਡ ਕੇ ਮੁਸਲਮਾਨੀ ਸ਼ਰ੍ਹਾ ਵਿੱਚ ਆ ਜਾਵਾਂਗੇ। ਜਿਸ ਧਰਮ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਪੰਡਤ ਕੋਲੋਂ ਜਨੇਊ ਪਹਿਨਣ ਤੋਂ ਇਨਕਾਰ ਕਰਦੇ ਹਨ, ਉਸੇ ਧਰਮ ਦੇ ਨੌਵੇਂ ਗੁਰੂ ਇਸੇ ਜੰਞੂ ਦੀ ਰੱਖਿਆ ਲਈ ਆਪਣੀ ਸ਼ਹਾਦਤ ਦਿੰਦੇ ਹਨ, ਕਿਉਂਕਿ ਇਹ ਧਰਮ ਤੇ ਜ਼ਮੀਰ ਦੀ ਆਜ਼ਾਦੀ ਦਾ ਮਸਲਾ ਸੀ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਵਿਲੱਖਣ, ਅਦੁੱਤੀ ਅਤੇ ਲਾ-ਮਿਸਾਲ ਹੈ। ਸ਼ਹਾਦਤ ਤਾਂ ਨੌਵੇਂ ਪਾਤਸ਼ਾਹ ਦੇ ਜੀਵਨ ਨਾਟਕ ਦਾ ਅੰਤਿਮ ਦ੍ਰਿਸ਼ ਹੈ ਪਰ ਸਤਿਗੁਰਾਂ ਦਾ ਸਮੁੱਚਾ ਸੰਸਾਰੀ ਜੀਵਨ ਬੰਦਗੀ, ਤਿਆਗ, ਸੇਵਾ ਅਤੇ ਕੁਰਬਾਨੀ ਨਾਲ ਸਰਸ਼ਾਰ ਹੈ। ਗੁਰੂ ਸਾਹਿਬ ਵੱਲੋਂ ਉਚਾਰੀ ਇਲਾਹੀ ਗੁਰਬਾਣੀ (59 ਸ਼ਬਦ ਅਤੇ 57 ਸਲੋਕ) ਮਨੁੱਖੀ ਜੀਵਨ ਨੂੰ ਇੱਕ ਸਥਿਰ ਅਵਸਥਾ 'ਚ ਜਿਊਣ ਪ੍ਰਤੀ ਗੁਰੂ ਸਾਹਿਬ ਦੇ ਸਿਧਾਂਤ, ਆਦਰਸ਼ ਅਤੇ ਅਮਲ ਨੂੰ ਰੂਪਮਾਨ ਕਰਦੇ ਹਨ।

ਬਾਬਾ ਬਕਾਲਾ ਨਿਵਾਸ ਦੇ ਤਕਰੀਬਨ 26 ਵਰ੍ਹੇ ਗੁਰੂ ਪਾਤਸ਼ਾਹ ਨੇ ਅੰਤਰਮੁਖੀ ਵਿਚਾਰ, ਸ਼ਬਦ ਸੁਰਤ ਸਾਧਨਾ, ਸਿਮਰਨ, ਨਾਮ-ਅਭਿਆਸ ਦੀ ਕਮਾਈ 'ਚ ਗੁਜ਼ਾਰੇ। ਇਸ ਸਮੇਂ ਦੌਰਾਨ ਪਰਿਵਾਰ ਉਨ੍ਹਾਂ ਦੇ ਨਾਲ ਰਿਹਾ। ਆਪ ਨੇ ਸੰਸਾਰ ਨਹੀਂ ਤਜਿਆ, ਮਾਇਆ ਮੋਹ ਤਿਆਗੀ। ਗ੍ਰਹਿਸਥ ਦੀਆਂ ਜ਼ਿੰਮੇਵਾਰੀਆਂ ਨਿਭਾਈਆਂ। ਰਾਖ ਦੀ ਬਿਭੂਤ ਨਹੀਂ ਲਗਾਈ, ਨਾਮ ਦੀ ਬਿਭੂਤ ਲਗਾਈ। ਉਨ੍ਹਾਂ ਨਾਮ ਸਿਮਰਨ ਦੀ ਅੱਟਕ ਸਮਾਧੀ ਲਗਾਈ। ਗੁਰਿਆਈ ਦੀ ਗੱਦੀ 'ਵਡ ਜੋਧਾ ਬਹੁ ਪਰਉਪਕਾਰੀ" ਪਿਤਾ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ (ਗੁਰੂ) ਹਰਿ ਰਾਇ ਜੀ ਨੂੰ ਬਖ਼ਸ਼ੀ। ਉਪਰੰਤ ਸ੍ਰੀ ਗੁਰੂ ਹਰਕ੍ਰਿਸ਼ਨ ਜੀ ਨੇ ਗੁਰਤਾ ਦੀ ਜ਼ਿੰਮੇਵਾਰੀ ਨਿਭਾਈ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕਦੇ ਰੋਸ ਨਹੀਂ ਜਤਾਇਆ, ਕਦੀ ਗੁਰਤਾ-ਗੱਦੀ ਦੀ ਲਾਲਸਾ ਨਹੀਂ ਦਿਖਾਈ। ਪਿਤਾ ਗੁਰੂ ਦੇ ਹੁਕਮ 'ਚ ਪਿੰਡ ਬਕਾਲਾ ਨਿਵਾਸ ਕੀਤਾ ਅਤੇ ਇਹ ਸਮਾਂ ਆਉਣ ਵਾਲੇ ਬਿਖਮ ਹਾਲਾਤ ਦਾ ਮੁਕਾਬਲਾ ਕਰਨ ਲਈ, ਆਤਮਿਕ ਸ਼ਕਤੀ ਗ੍ਰਹਿਣ ਕਰਨ 'ਚ ਲਾਇਆ। ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਜੋਤੀ-ਜੋਤਿ ਸਮਾਉਣ ਤੋਂ ਬਾਅਦ 22 ਮੰਜੀਆਂ ਡਾਹ ਕੇ ਗੁਰਤਾ ਦੇ ਨਕਲੀ ਦਾਅਵੇਦਾਰ ਬਣ ਬੈਠੇ ਸਨ ਪਰ ਤਿਆਗ ਦੀ ਮੂਰਤ ਸ੍ਰੀ (ਗੁਰੂ) ਤੇਗ ਬਹਾਦਰ ਜੀ ਨੇ ਗੁਰਤਾ-ਗੱਦੀ ਦਾ ਦਾਅਵਾ ਪ੍ਰਗਟ ਕਰਨ ਤੋਂ ਸਪੱਸ਼ਟ ਇਨਕਾਰ ਕਰਕੇ, ਕਿਸੇ ਕਿਸਮ ਦੇ ਲਾਲਚ, ਲਾਲਸਾ ਅਤੇ ਪਕੜ ਤੋਂ ਉਚੇਰਾ ਆਚਰਣ ਪ੍ਰਗਟਾਇਆ। ਜਦ ਭਾਈ ਮੱਖਣ ਸ਼ਾਹ ਵਣਜਾਰਾ ਨੇ ਸਾਰੇ ਨਕਲੀ ਦਾਅਵੇਦਾਰਾਂ ਨੂੰ ਦੋ-ਦੋ ਮੋਹਰਾਂ ਦੇ ਲਾਲਚ ਵਿੱਚ ਫ਼ਸੇ, ਦੂਸਰਿਆਂ ਦੀ ਨਿੰਦ-ਬਖ਼ੀਲੀ ਕਰਦਿਆਂ ਤੱਕਿਆ ਅਤੇ ਗੁਰੂ ਤੇਗ ਬਹਾਦਰ ਜੀ ਦੀ ਅੰਤਰਯਾਤਮਾ ਤੋਂ ਗੁਰਤਾ ਪ੍ਰਤੱਖ ਦਿਸ ਆਈ ਤਾਂ 'ਗੁਰੂ ਲਾਧੋ ਰੇ' ਦਾ ਨਾਅਰਾ ਬੁਲੰਦ ਕਰ ਗੁਰਤਾ ਦਾ ਸੱਚ ਪ੍ਰਗਟ ਕਰ ਦਿੱਤਾ। ਆਪਣੀ ਗੁਰਗੱਦੀ ਖ਼ਤਰੇ 'ਚ ਪੈਂਦੀ ਦੇਖ ਕੇ ਧੀਰ ਮੱਲ ਨੇ ਗੁਰੂ ਜੀ 'ਤੇ ਗੋਲੀ ਚਲਵਾ ਦਿੱਤੀ ਸੀ। ਇਸ ਗੱਲ ਦੀ ਖ਼ਬਰ ਗੁਰੂ ਸਾਹਿਬ ਦੇ ਅਨਿਨ ਸਿੱਖ ਭਾਈ ਮੱਖਣ ਸ਼ਾਹ ਲੁਬਾਣੇ ਨੂੰ ਮਿਲੀ ਤਾਂ ਉਨ੍ਹਾਂ ਕਰਤਾਰਪੁਰ ਜਾ ਕੇ ਹੱਲਾ ਬੋਲ ਦਿੱਤਾ। ਧੀਰ ਮੱਲ ਤੇ ਸਾਥੀਆਂ ਨੂੰ ਫ਼ੜ ਕੇ, ਧੀਰ ਮੱਲ ਕੋਲ ਪਿਆ ਗੁਰੂ ਦਰਬਾਰ ਦਾ ਸਾਰਾ ਧਨ-ਮਾਲ ਤੇ ਹਥਿਆਰ ਤੇ ਜਿਹੜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਉਸ ਨੇ ਆਪਣੇ ਕਬਜ਼ੇ ਵਿੱਚ ਕੀਤੀ ਹੋਈ ਸੀ, ਉਹ ਵੀ ਅਦਬ ਸਹਿਤ ਲੈ ਕੇ ਬਾਬਾ ਬਕਾਲਾ ਪਹੁੰਚ ਗਏ। ਜਦੋਂ ਉਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਕੋਲ ਪਹੁੰਚੇ ਤਾਂ ਗੁਰੂ ਜੀ ਨੇ ਸਿੱਖਾਂ ਨੂੰ ਕਿਹਾ ਕਿ ਧੀਰ ਮੱਲ ਨੂੰ ਛੱਡ ਦਿਓ ਤੇ ਸਾਰਾ ਖੋਹਿਆ ਧਨ-ਮਾਲ ਵੀ ਵਾਪਸ ਕਰ ਦਿਓ। ਗੁਰੂ ਸਾਹਿਬ ਨੇ ਸਿੱਖਾਂ ਨੂੰ ਫ਼ਰਮਾਇਆ ਕਿ ਖਿਮਾ ਸਭ ਤੋਂ ਵੱਡਾ ਧਰਮ ਹੈ। ਖਿਮਾ ਕਰਨ ਬਰਾਬਰ ਹੋਰ ਕੋਈ ਗੁਣ ਨਹੀਂ।

'ਦਰਬ ਕੇ ਕਾਰਨੇ, ਗੁਰੂ ਮਹਾਰਾਜ ਨੇ, ਨਹੀਂ ਬੈਠ ਇਹ ਦੁਕਾਨ ਪਾਈ।'

ਸ੍ਰੀ ਗੁਰੂ ਤੇਗ ਬਹਾਦਰ ਜੀ ਜਦੋਂ ਸ੍ਰੀ ਅੰਮ੍ਰਿਤਸਰ ਆਏ ਤਾਂ ਪ੍ਰਿਥੀ ਚੰਦ ਦੇ ਵਾਰਸਾਂ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਉਢੀ ਦਾ ਦਰਵਾਜ਼ਾ ਬੰਦ ਕਰ ਦਿੱਤਾ, ਪਰ ਗੁਰੂ ਜੀ ਮਸੰਦਾਂ ਨਾਲ ਝਗੜਾ ਕਰਨ ਦੀ ਥਾਂ ਅੰਮ੍ਰਿਤ ਸਰੋਵਰ ਵਿੱਚ ਇਸ਼ਨਾਨ ਕਰਨ ਤੋਂ ਬਾਅਦ ਬਾਹਰੋਂ ਹੀ ਸ੍ਰੀ ਹਰਿਮੰਦਰ ਸਾਹਿਬ ਵੱਲ ਨਮਸਕਾਰ ਕਰਕੇ ਪਰਤ ਗਏ।

'ਧਨੁ ਦਾਰਾ ਸੰਪਤਿ ਸਗਲ' ਪ੍ਰਤੀ ਗੁਰੂ ਸਾਹਿਬ ਦੀ ਉਦਾਸੀਨਤਾ ਅਤੇ ਤਿਆਗ ਸਪੱਸ਼ਟ ਦਿਖਾਈ ਦਿੰਦਾ ਹੈ, ਪਰ ਉਨ੍ਹਾਂ ਦੇ ਤਿਆਗ ਅਤੇ ਵੈਰਾਗ ਦੀ ਵਿਲੱਖਣਤਾ ਸਿਖਰ 'ਤੇ ਉਦੋਂ ਪ੍ਰਗਟ ਹੁੰਦੀ ਹੈ, ਜਦ ਉਹ ਸੱਚ ਦੇ ਪ੍ਰਕਾਸ਼ ਲਈ, ਜ਼ੁਲਮ ਦੀ ਚੱਕੀ 'ਚ ਪਿਸ ਰਹੀ ਪਰਜਾ 'ਚ ਆਤਮਿਕ ਬਲ, ਆਤਮ-ਵਿਸ਼ਵਾਸ ਦਾ ਸੰਚਾਰ ਕਰਨ ਲਈ ਅਤੇ ਦੇਸ਼ ਵਿੱਚ ਦੂਰ-ਦੂਰ ਤੱਕ ਫ਼ੈਲੀਆਂ ਗੁਰਸਿੱਖ ਸੰਗਤਾਂ ਦੀ ਮੁੜ ਸੰਭਾਲ ਕਰਦਿਆਂ ਹੋਇਆਂ ਨਾਮ-ਬਾਣੀ ਦੀ ਦੌਲਤ ਵੰਡਦਿਆਂ, ਆਉਣ ਵਾਲੇ ਬਿਖਮ ਸਮਿਆਂ ਦੀ ਚੁਣੌਤੀ ਲਈ ਸੰਗਤਾਂ ਦੀ ਜਥੇਬੰਦਕ ਸ਼ਕਤੀ ਮਜ਼ਬੂਤ ਕਰਨ ਦੇ ਮਨੋਰਥ ਨਾਲ ਪ੍ਰਚਾਰ ਦੌਰੇ 'ਤੇ ਨਿਕਲੇ। ਬਾਬੇ ਬਕਾਲੇ ਦੀ ਇਕਾਂਤ ਸਮਾਧੀ 'ਚੋਂ ਨਿਕਲ ਸ਼ਬਦ ਉਚਾਰਿਆ: 'ਅਬ ਮੈ ਕਉਨੁ ਉਪਾਉ ਕਰਉ ...ਜਨਮੁ ਪਾਇ ਕਛੁ ਭਲੋ ਨ ਕੀਨੋ ਤਾ ਤੇ ਅਧਿਕ ਡਰਉ' (ਅੰਗ: 685) ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਵੈਰਾਗਮਈ ਗੁਰਬਾਣੀ 'ਗਿਆਨੀ' ਨੂੰ ਪਰਿਭਾਸ਼ਤ ਕਰਦੀ ਦਰਸਾਉਂਦੀ ਹੈ ਕਿ ਗਿਆਨੀ ਦਾ ਰੂਪ ਰੰਗ ਅਤੇ ਰਸ ਅਲੌਕਿਕ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਗੁਰਬਾਣੀ ਦਾ ਫ਼ਲਸਫ਼ਾ, 'ਬਾਂਹ ਜਿਨ੍ਹਾਂ ਦੀ ਪਕੜੀਐ, ਸਿਰ ਦੀਜੈ ਬਾਂਹਿ ਨ ਛੋੜੀਐ' ਦਾ ਵਾਅਦਾ ਕਰਦਾ ਹੈ ਅਤੇ 'ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ' ਦਾ ਐਲਾਨਨਾਮਾ ਕਰਦਾ ਹੈ। ਇਹ ਨਿਡਰਤਾ ਇਸ ਗਿਆਨ ਤੋਂ ਉਪਜਦੀ ਹੈ ਕਿ ਸੰਸਾਰ ਤੇ ਉਸ ਦੇ ਪਦਾਰਥ, ਪਦ-ਪਦਵੀ ਮਾਣ-ਅਪਮਾਨ ਸਦਾ ਨਹੀਂ ਰਹਿਣੇ। ਇਨ੍ਹਾਂ ਦਾ ਜਾਣਾ ਮਨੁੱਖ ਦੀ ਹੋਣੀ ਅਤੇ ਇਲਾਹੀ ਸੱਚ ਹੈ, ਜਿਸ ਨੂੰ ਪਹਿਲਾਂ ਹੀ ਪ੍ਰਵਾਨ ਕਰ ਲੈਣ ਨਾਲ ਮਨੁੱਖ ਚਿੰਤਾ ਮੁਕਤ ਹੋ ਜਾਂਦਾ ਹੈ: 'ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ। ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ।' (ਅੰਗ: 1426)

ਧਰਤੀ 'ਤੇ ਪਾਪ-ਗ੍ਰਸੀ ਅਤੇ ਗਿਆਨ ਵਿਹੂਣੀ ਪਰਜਾ ਨੂੰ ਮਜ਼੍ਹਬੀ ਪਾਖੰਡ ਦੇ ਮੱਕੜ-ਜਾਲ ਵਿੱਚ ਫ਼ਸੀ, ਸਮਾਜਿਕ ਅਸਮਾਨਤਾ ਦੇ ਵਖਰੇਵਿਆਂ 'ਚ ਉਲਝੀ ਅਤੇ ਰਾਜਸੀ ਜ਼ੁਲਮ ਦੀ ਚੱਕੀ 'ਚ ਪਿਸਦੀ ਹੋਈ ਦੇਖ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਗੁਰਬਾਣੀ ਨਿਰਾਸ਼ਤਾ ਅਤੇ ਨਿਰਬਲਤਾ ਪੈਦਾ ਨਹੀਂ ਹੋਣ ਦਿੰਦੀ, ਬਲਕਿ ਅਕਾਲ ਪੁਰਖ ਕੋਲੋਂ ਇਸ ਤਰ੍ਹਾਂ ਦੇ ਹਾਲਾਤਾਂ ਦਾ ਆਸ਼ਾਵਾਦੀ ਅਤੇ ਦਲੇਰੀ ਨਾਲ ਮੁਕਾਬਲਾ ਕਰਨ ਦੀ ਜੁਗਤ ਤੇ ਉਲਟ ਹਾਲਾਤਾਂ ਨੂੰ ਬਦਲਣ ਲਈ ਹਿੰਮਤ ਬਖ਼ਸ਼ਦੀ ਹੈ: 'ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ॥ ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ॥' (ਅੰਗ : 1429)

ਜਿਸ ਤਰ੍ਹਾਂ ਦੇ ਹਾਲਾਤ ਅੱਜ ਵਿਸ਼ਵ ਵਿੱਚ ਬਣੇ ਹੋਏ ਹਨ, ਮਨੁੱਖਤਾ ਦਾ ਇੱਕ ਵੱਡਾ ਹਿੱਸਾ ਉਹ ਹੈ, ਜੋ ਪਦਾਰਥਕ ਸੁੱਖਾਂ ਦੀ ਹੋੜ 'ਚ ਦੁਖੀ ਹੋ ਰਿਹਾ ਹੈ ਅਤੇ ਦੂਜਾ ਵੱਡਾ ਹਿੱਸਾ ਉਹ ਹੈ, ਜੋ ਜੀਵਨ ਦੀ ਸਮੁੱਚਤਾ ਤੋਂ ਆਕੀ ਹੋ ਕੇ ਘੋਰ ਨਿਰਾਸ਼ਾ ਕਾਰਨ ਆਤਮਘਾਤੀ ਰਾਹ 'ਤੇ ਤੁਰ ਰਿਹਾ ਹੈ। ਇਹੋ ਜਿਹੇ ਹਾਲਾਤਾਂ 'ਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ, ਫ਼ਲਸਫ਼ੇ ਅਤੇ ਗੁਰਬਾਣੀ ਨੂੰ ਨਵੀਆਂ ਅੰਤਰ-ਦ੍ਰਿਸ਼ਟੀਆਂ ਤੋਂ ਵਿਸ਼ਵ ਭਾਈਚਾਰੇ ਸਾਹਮਣੇ ਰੱਖਣ ਦੀ ਲੋੜ ਹੈ, ਜੋ ਕਿ ਮਨੁੱਖ ਨੂੰ ਦੁੱਖ ਅਤੇ ਸੁੱਖ ਦੋਵਾਂ ਅਵਸਥਾਵਾਂ ਤੋਂ ਵੱਖਰੀ ਸਦਾ ਸਥਿਰ ਅਤੇ ਸੁਖਦਾਈ ਰਹਿਣ ਵਾਲੀ ਵਿਸਮਾਦੀ ਅਵਸਥਾ ਦਾ ਧਾਰਨੀ ਬਣਨਾ ਸਿਖਾਉਂਦੀ ਹੈ।

***ਕੁਲਪਤੀ, ਦੇਸ਼ ਭਗਤ ਯੂਨੀਵਰਸਿਟੀ, ਮੰਡੀ ਗੋਬਿੰਦਗੜ੍ਹ**





ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਸ੍ਰੀ ਅਕਾਲ ਤਖ਼ਤ ਸਾਹਿਬ

ਸਿੱਖ ਧਰਮ ਸੰਸਾਰ ਦੇ ਪ੍ਰਸਿੱਧ ਧਰਮਾਂ ਵਿੱਚੋਂ ਹੈ। ਜਿਸ ਦੀ ਜ਼ੁਲਮ ਵਿਰੁੱਧ ਜੂਝ ਕੇ ਸ਼ਹੀਦ ਹੋਣ ਦੀ ਮਿਸਾਲ ਕਿਧਰੇ ਨਹੀਂ ਮਿਲਦੀ। ਸਿੱਖ ਗੁਰੂਆਂ ਨੇ ਗੁਰਬਾਣੀ ਦੇ ਉਪਦੇਸ਼ ਰਾਹੀਂ ਮਨੁੱਖਤਾ ਨੂੰ ਜ਼ੁਲਮ ਵਿਰੁੱਧ ਡਟ ਜਾਣ ਦਾ ਉਤਸ਼ਾਹ ਬਖ਼ਸ਼ਿਆ, ਫਿਰ ਭਾਵੇਂ ਜਾਨ ਵੀ ਚਲੀ ਜਾਵੇ। ਸਥਾਪਤ ਪ੍ਰਥਾਵਾਂ ਸੰਸਥਾਵਾਂ ਰਾਹੀਂ ਮਨੁੱਖ ਨੂੰ ਪੂਰਨ ਆਜ਼ਾਦੀ ਵਾਸਤੇ ਸੰਘਰਸ਼ ਕਰਨ ਲਈ ਖ਼ਾਲਸਾ ਫ਼ੌਜੀ ਤਿਆਰ ਕੀਤਾ। ਸੱਚਖੰਡ ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਅਧਿਆਤਮਕ ਅਤੇ ਸੰਸਾਰਕ ਸ਼ਕਤੀ ਦੇ ਕੇਂਦਰ ਸਥਾਪਤ ਹੋਏ। ਜਿਨ੍ਹਾਂ ਦੀ ਬਰਾਬਰ ਦੀ ਮਹੱਤਤਾ ਅਤੇ ਲੋੜ ਹੈ। ਜੋ ਸਿੱਖੀ ਦੀ ਚੜ੍ਹਦੀਕਲਾ, ਸਵੈ ਮਾਣ ਅਤੇ ਸਵੈ ਰੱਖਿਆ ਦੇ ਗਵਾਹ ਹਨ। ਇੱਕੋ ਜਗ੍ਹਾ ਦੋਵੇਂ ਪਾਵਨ ਅਸਥਾਨਾਂ ਦੀ ਸਿੱਖ ਕੌਮ ਦੇ ਮਨਾਂ ਵਿੱਚ ਬਰਾਬਰ ਦੀ ਸ਼ਰਧਾ ਅਤੇ ਸਤਿਕਾਰ ਹੈ।

ਸਿੱਖ ਧਰਮ ਦੇ ਸਾਂਝੀਵਾਲਤਾ ਦੇ ਉਪਦੇਸ਼ ਵਿੱਚ ਦੂਸਰੇ ਧਰਮਾਂ ਦੇ ਲੋਕ ਵੀ ਆਪਣੀ ਮਰਜ਼ੀ ਨਾਲ ਸਿੱਖ ਧਰਮ ਅਪਨਾਉਣ ਲੱਗੇ। ਇਸ ਵਧਦੀ ਹਰਮਨਪਿਆਰਤਾ ਵੇਖ ਕੇ ਸਮੇਂ ਦੀਆਂ ਜਾਲਮ ਹਕੂਮਤਾਂ ਨੂੰ ਈਰਖਾ ਹੋਣ ਲਗੀ। ਰਾਜਸੀ ਤਾਕਤਾਂ ਸਿੱਖ ਧਰਮ ਦੇ ਖ਼ਿਲਾਫ਼ ਹੋਣ ਲੱਗੀਆਂ। ਜਿਸ ਵਿੱਚ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹੀਦੀ ਹੋਈ। ਜਦੋਂ ਗੁਰੂ ਸਾਹਿਬ ਜੀ ਨੂੰ ਬਾਦਸ਼ਾਹ ਜਹਾਂਗੀਰ ਨੇ ਤਲਬ ਕੀਤਾ ਤਾਂ ਸਮਰੱਥ ਗੁਰੂ ਜਾਣ ਗਏ ਸਨ ਕਿ ਉਨ੍ਹਾਂ ਮੁੜ ਕੇ ਨਹੀਂ ਆਉਣਾ। ਉਹਨਾਂ ਨੇ ਗੁਰੂ ਹਰਿਗੋਬਿੰਦ ਜੀ ਨੂੰ ਗੁਰਗੱਦੀ ਦੀ ਬਖਸ਼ਿਸ਼ ਕਰਦਿਆਂ ਸੁਚੇਤ ਕੀਤਾ ਕਿ ਆਉਣ ਵਾਲੇ ਸਮੇਂ ਵਿੱਚ ਜ਼ੁਲਮ ਵਿਰੁੱਧ ਸ਼ਸਤਰ ਚੁੱਕਣ ਦੀ ਲੋੜ ਹੋਵੇਗੀ। ਸ਼ਸਤਰਧਾਰੀ ਹੋ ਕੇ ਗੁਰਗੱਦੀ ’ਤੇ ਬਿਰਾਜਮਾਨ ਹੋਣਾ ਹੈ। ਸਵੈ ਰਖਿਆ ਲਈ ਫ਼ੌਜ ਰੱਖਣੀ ਹੈ। ਧਾਰਮਿਕ ਰਹੁ-ਰੀਤਾਂ ਗੁਰੂਆਂ ਵੱਲੋਂ ਚਲਾਈਆਂ ਨੂੰ ਉਸ ਤਰ੍ਹਾਂ ਜਾਰੀ ਰੱਖਣੀਆਂ ਹਨ। ਇਹ ਸਿੱਖ ਕੌਮ ਦੇ ਸ਼ਸਤਰਧਾਰੀ ਹੋਣ ਦਾ ਬਕਾਇਦਾ ਐਲਾਨ ਸੀ। ਇਸੇ ਰੋਸ਼ਨੀ ਵਿੱਚ ਜਦੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਦੋ ਤਲਵਾਰਾਂ ਧਾਰਨ ਕੀਤੀਆਂ, ਇਹ ਸਿੱਖ ਕੌਮ ਦਾ ਮੀਰੀ ਪੀਰੀ ਵਿੱਚ ਵਿਸ਼ਵਾਸ ਅਤੇ ਸਿਆਸੀ ਟੱਕਰ ਦਾ ਬਕਾਇਦਾ ਅਮਲ ਜਾਰੀ ਸੀ।

ਮੀਰੀ ਪੀਰੀ ਦੀਆਂ ਤਲਵਾਰਾਂ, ਭਗਤੀ ਅਤੇ ਸ਼ਕਤੀ ਦੇ ਸੁਮੇਲ ਵਿੱਚ ਭਵਿੱਖ ਦੀ ਨੀਤੀ ਤਹਿ ਕਰਦੀਆਂ ਹਨ। ਅਧਿਆਤਮਕ ਅਤੇ ਸੰਸਾਰਕ ਦੇ ਇਸ ਸਿਧਾਂਤ ਵਿੱਚ ਸੱਚਖੰਡ ਹਰਿਮੰਦਰ ਸਾਹਿਬ ਜੀ ਦੇ ਨਾਲ 15 ਜੂਨ, 1606 ਨੂੰ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਕੀਤੀ। ਜਿਸ ਨੇ ਸਿੱਖ ਪੰਥ ਦੀ ਚੜ੍ਹਦੀ ਕਲਾ ਦੇ ਇਤਿਹਾਸ ਨੂੰ ਨਵਾਂ ਮੋੜ ਦਿੱਤਾ।

ਜਾਰੀ ਮਰਯਾਦਾ ਅਨੁਸਾਰ ਦਰਬਾਰ ਸਾਹਿਬ ਵਿਖੇ ਅੰਮ੍ਰਿਤ ਵੇਲੇ ਪੋਥੀ ਸਾਹਿਬ ਜੀ ਦੇ ਪਾਠ ਹੁੰਦੇ। ਗੁਰਬਾਣੀ ਕੀਰਤਨ,ਕਥਾ, ਧਾਰਮਿਕ ਉਪਦੇਸ਼ ਹੁੰਦੇ। ਬਾਅਦ ਦੁਪਹਿਰ ਗੁਰੂ ਜੀ ਆਪਣੀ ਨਿਗਰਾਨੀ ਹੇਠ ਨੌਜਵਾਨਾਂ ਦੀਆਂ ਕਸਰਤਾਂ ਦਾ ਅਭਿਆਸ ਕਰਵਾਉਂਦੇ। ਸੂਰਬੀਰਾਂ ਦੀ ਕੌਮ ਬਨ੍ਹਾਉਣ ਲਈ ਵੱਡਾ ਕਦਮ ਸੀ। ਜੰਗੀ ਕਰਤਬਾਂ ਦਾ ਵੀ ਅਭਿਆਸ ਹੁੰਦਾ। ਢਾਡੀਆਂ ਵੱਲੋਂ ਸੂਰਬੀਰਾਂ ਦੇ ਪ੍ਰਸੰਗ ਗਾਏ ਜਾਂਦੇ। ਗੁਰੂ ਜੀ ਸੰਗਤਾਂ ਦਾ ਉਪਦੇਸ਼ ਲਈ ਦਰਬਾਰ ਸਜਾਉਂਦੇ। ਸੰਗਤਾਂ ਦੇ ਮਸਲੇ ਹਲ਼ ਕਰਵਾਉਂਦੇ, ਜਿਸ ਨਾਲ ਆਪਸੀ ਮੇਲ ਮਿਲਾਪ ਵਿੱਚ ਵਾਧਾ ਹੋਇਆ। ਗੁਰੂ ਜੀ ਅਨੁਸਾਰ ਨਿਜੀ ਮਸਲਿਆਂ ਕਰਕੇ ਸਰਕਾਰੇ ਦਰਬਾਰੇ ਜਾਣ ਦੀ ਲੋੜ ਨਹੀਂ ਹੈ। ਇਸ ਨਾਲ ਸਿੱਖਾਂ ਦਾ ਗੁਰੂ ਜੀ ਦੇ ਨਿਆਂ ਤੇ ਉਤਸ਼ਾਹ ਵਧਿਆ ਕੌਮ ਦੀ ਏਕਤਾ ਮਜ਼ਬੂਤ ਹੋਈ। ਇਹ ਸਿੱਖ ਕੌਮ ਦੀ ਚੜ੍ਹਦੀ ਕਲਾ ਦਾ ਪ੍ਰਤੀਕ ਸੀ।

ਰਾਜੇ ਮਹਾਰਾਜਿਆਂ ਦੇ ਚਲੰਤ ਰਾਜਸੀ ਠਾਠ ਬਾਠ ਦੇ ਮੁਕਾਬਲੇ ਸਿੱਖ ਕੌਮ ਵਿਚੋਂ ਡਰ ਅਤੇ ਝਿਜਕ ਖਤਮ ਕਰਨ ਲਈ ਗੁਰੂ ਜੀ ਨੇ ਆਪ ਸ਼ਾਹੀ ਵਸਤਰ ਧਾਰਨ ਕੀਤੇ ਜਿਵੇਂ ਛਤਰ, ਕਲਗੀ, ਸ਼ਸਤਰ ਅਤੇ ਬਾਜ਼ ਆਦਿ ਸ਼ਖਸੀਅਤ ਦਾ ਹਿੱਸਾ ਬਣਾ ਲਏ। ਸੰਗਤਾਂ ਗੁਰੂ ਜੀ ਨੂੰ ਸੱਚਾ ਪਾਤਸ਼ਾਹ ਕਹਿਣ ਲੱਗੀਆਂ। ਗੁਰੂ ਜੀ ਦੀ ਸ਼ਖਸੀਅਤ ਵਿੱਚ ਅੰਤਰ- ਮੁੱਖੀ ਸਾਧੂ ਬਾਹਰ ਮੁੱਖੀ ਰਾਜੇ। ਗੁਰੂ ਜੀ ਨੇ ਸਪਸ਼ਟ ਕੀਤਾ ਕਿ ਸ਼ਸਤਰ ਗਰੀਬ ਦੀ ਰਾਖੀ ਲਈ ਹਨ। ਜ਼ੁਲਮਾਂ ਦਾ ਨਾਸ ਕਰਨ ਲਈ ਸ਼ਸਤਰ ਚੁੱਕਣ ਦੀ ਲੋੜ ਹੈ। ਸਿੱਖ ਕੌਮ ਵਿੱਚ ਸ਼ਸਤਰਾਂ ਦਾ ਸਤਿਕਾਰ ਅਤੇ ਪ੍ਰਯੋਗ ਕਰਨ ਲਈ ਉਤਸ਼ਾਹ ਉਤਪੰਨ ਕਰਨਾ ਸੀ।

ਗੁਰੂ ਜੀ ਨੇ ਸੰਗਤਾਂ ਕੋਲੋਂ ਰਸਦ, ਮਾਇਆ ਦੇ ਨਾਲ ਨਾਲ ਵਧੀਆ ਸ਼ਸਤਰ , ਵਧੀਆ ਘੋੜੇ ਅਤੇ ਜਵਾਨਾਂ ਦੀ ਮੰਗ ਰੱਖੀ। ਬਾਬਾ ਬਿਧੀ ਚੰਦ ਜੀ ਘੋੜਿਆਂ ਦੀ ਖਰੀਦ ਅਤੇ ਸਾਂਭਣ ਦਾ ਪ੍ਰਬੰਧ ਕਰਦੇ ਸਨ। ਗੁਰੂ ਜੀ ਕੋਲ ਮਾਲਵਾ, ਮਾਝਾ ਤੇ ਦੋਆਬਾ ਤੋਂ ਆਏ 500 ਸਿਰਲੱਥ ਯੋਧਿਆਂ ਦੀ ਫ਼ੌਜ ਸੀ। ਜਿਨ੍ਹਾਂ ਦੀ ਗੁਰੂ ਜੀ ਕੋਲ ਕੋਈ ਮੰਗ ਨਹੀਂ ਸੀ। ਉਹਨਾਂ ਵਿੱਚ ਸਿਰਫ਼ ਗੁਰੂ ਲਈ ਆਪਾ ਵਾਰਨ ਦਾ ਜਜ਼ਬਾ ਸੀ। ਪ੍ਰਮੁੱਖ ਯੋਧਿਆਂ ਵਿੱਚ ਭਾਈ ਬਿਧੀ ਚੰਦ, ਭਾਈ ਪਿਰਾਣ, ਭਾਈ ਜੇਠਾ, ਭਾਈ ਪੈੜਾ ਅਤੇ ਭਾਈ ਲੰਗਾਹ ਜੀ ਆਦਿ। ਪਠਾਣਾਂ ਸਮੇਤ ਗੁਰੂ ਜੀ ਕੋਲ ਸੰਤ ਸਿਪਾਹੀ ਜਜ਼ਬੇ ਵਾਲੀ ਫ਼ੌਜ ਤਿਆਰ ਸੀ। ਜਿੰਨਾਂ ਨੇ ਗੁਰੂ ਜੀ ਦੇ ਨਾਲ ਜੰਗਾਂ ਵਿੱਚ ਹਿੱਸਾ ਲਿਆ। ਉਹਨਾਂ ਜਿੱਤਾਂ ਪ੍ਰਾਪਤ ਕੀਤੀਆਂ। ਇਹ ਸ਼ਕਤੀ ਰੂਹਾਨੀ ਵੀ ਤੇ ਸੰਸਾਰਕ ਵੀ , ਜਿਸ ਦਾ ਕੇਂਦਰ ਅਕਾਲ ਤਖ਼ਤ ਸਾਹਿਬ ਹੀ ਸੀ।

ਅੰਮ੍ਰਿਤਸਰ ਨੂੰ ਫ਼ੌਜ ਪੱਖੋਂ ਸੁਰੱਖਿਅਤ ਬਣਾਉਣ ਲਈ ਲੋਹਗੜ੍ਹ ਦਾ ਕਿਲਾ ਬਣਾਇਆ। ਬੀਰ ਨਗਾਰੇ ਵੱਜਣ ਲੱਗੇ, ਨਿਸ਼ਾਨ ਸਾਹਿਬ ਝੂਲਣ ਲੱਗੇ। ਯੋਧੇ ਇਕੱਠੇ ਹੋਣ ਲੱਗੇ। ਹਥਿਆਰਬੰਦ ਦਸਤੇ ਰਾਤਾਂ ਨੂੰ ਮਿਸ਼ਾਲਾਂ ਬਾਲ ਕੇ ਗਸ਼ਤ ਕਰਨ ਲੱਗੇ। ਗੁਰੂ ਜੀ ਕੋਲ ਆਪਣੇ 52 ਅੰਗ ਰਖ਼ਸ਼ਕ ਸਨ। ਜਾਲਮ ਹਕੂਮਤਾਂ ਵੱਲੋਂ ਸਿੱਖਾਂ ਦੀ ਤਾਕਤ ਖ਼ਤਮ ਕਰਨ ਲਈ ਇਸ ਕੇਂਦਰੀ ਸੰਸਥਾ ਨੂੰ ਬਰਬਾਦ ਕਰਨ ਦੇ ਇਰਾਦੇ ਨਾਲ ਬਰੂਦ ਨਾਲ ਉਡਾਇਆ ਗਿਆ। ਦੁਸ਼ਮਣ ਜਾਣਦੇ ਸਨ ਕਿ ਸਿੱਖ ਕੌਮ ਅਤੇ ਫ਼ੌਜ ਦੇ ਰੂਹਾਨੀ ਅਤੇ ਸੰਸਾਰਕ ਜਜ਼ਬਾਤ ਅਕਾਲ ਤਖ਼ਤ ਸਾਹਿਬ ਨਾਲ ਜੁੜੇ ਹੋਏ ਹਨ, ਜਿਥੋਂ ਇਹਨਾਂ ਨੂੰ ਸ਼ਕਤੀ ਦੀ ਪ੍ਰੇਰਣਾ ਮਿਲਦੀ ਹੈ। ਕੌਮ ਨੇ ਕੁਰਬਾਨੀਆਂ ਦੇ ਕੇ ਇਸ ਨੂੰ ਮੁੜ ਮੁੜ ਉਸਾਰਿਆ ਅਤੇ ਇਸ ਦੀ ਪਰੰਪਰਾ ਸ਼ਾਨ ਨੂੰ ਬਰਕਰਾਰ ਰੱਖਿਆ। ਜੂਨ 1984 ਵਿੱਚ ਭਾਰਤੀ ਫ਼ੌਜ ਵੱਲੋਂ ਵੀ ਇਸ ’ਤੇ ਹਮਲਾ ਕਰਕੇ ਡੇਗ ਦਿੱਤਾ। ਸਿੱਖ ਕੌਮ ਨੇ ਇਸ ਨੂੰ ਫਿਰ ਉਸਾਰਿਆ। ਇਸ ਸਰਵ ਉੱਚ ਸੰਸਥਾ ਨੂੰ ਮਿਟਾਇਆ ਨਹੀਂ ਜਾ ਸਕਦਾ। ਇਹ ਸਿੱਖ ਕੌਮ ਦੀ ਅਗਵਾਈ ਦਾ ਧੁਰਾ ਹੈ।



ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖੀ ਹੋਂਦ ਨੂੰ ਬਰਕਰਾਰ ਰੱਖਣ ਦਾ ਚਾਨਣ ਮੁਨਾਰਾ ਹੈ। ਧਰਮ ਦੀ ਸਥਾਪਤੀ ਲਈ ਜਬਰ, ਜ਼ੁਲਮ, ਅਨਿਆਂ ਵਿਰੁੱਧ ਸੰਘਰਸ਼ ਦਾ ਬੀਰ ਰਸ ਉਤਸ਼ਾਹ ਹੈ। ਅਕਾਲ ਤਖ਼ਤ ਸਾਹਿਬ ਤੋਂ ਪੰਥਕ ਮਰਯਾਦਾ ਅਨੁਸਾਰ ਜਾਰੀ ਹੋਏ ਹਰ ਹੁਕਮ ਅਤੇ ਗੁਰਮਤੇ ਨੂੰ ਸਮੂਹ ਸਿੱਖਾਂ ਵੱਲੋਂ ਇਲਾਹੀ ਹੁਕਮ ਵਜੋਂ ਮੰਨਿਆ ਜਾਂਦਾ ਹੈ।

ਅਕਾਲ ਤਖ਼ਤ ਸਾਹਿਬ ਹਰ ਸਿੱਖ ਦੇ ਹਿਰਦੇ ਵਿੱਚ ਸਰਵ ਉੱਚ ਸਥਾਨ ਰੱਖਦਾ ਹੈ। ਚਾਰ ਤਖ਼ਤ ਹੋਰ ਹਨ

ਪਟਨਾ ਸਾਹਿਬ, ਬਿਹਾਰ
ਕੇਸਗੜ੍ਹ ਸਾਹਿਬ, ਅਨੰਦਪੁਰ ਸਾਹਿਬ
ਹਜ਼ੂਰ ਸਾਹਿਬ, ਨੰਦੇੜ ਮਹਾਰਾਸ਼ਟਰ
ਦਮਦਮਾ ਸਾਹਿਬ ਤਲਵੰਡੀ ਸਾਬੋ

ਅੰਤਿਕਾ : ਭਗਤੀ ਅਤੇ ਸ਼ਕਤੀ ਦੇ ਸੁਮੇਲ ਦੀ ਅਗਵਾਈ ਗੁਰਬਾਣੀ ਵਿੱਚ ਮਿਲਦੀ ਹੈ ਕਿ ਹੇ ਭਾਈ! ਜੇ ਤੈਨੂੰ ਪ੍ਰਭੂ ਪ੍ਰੇਮ ਦੀ ਖੇਡ ਖੇਡਣ ਦਾ ਸ਼ੌਂਕ ਹੈ ਤਾਂ ਆਪਣਾ ਸਿਰ ਤਲੀ ਉੱਤੇ ਰੱਖ ਕੇ ਮੇਰੀ ਗਲੀ ਵਿੱਚ ਆ। ਲੋਕ ਲਾਜ ਛੱਡ ਕੇ ਹਉਮੇ ਦੂਰ ਕਰਕੇ ਆ। ਪ੍ਰਭੂ ਪ੍ਰੀਤ ਦੇ ਰਸਤੇ ਉੱਤੇ ਤਦੋਂ ਹੀ ਪੈਰ ਧਰਿਆ ਜਾ ਸਕਦਾ ਹੈ, ਜਦੋਂ ਸਿਰ ਭੇਂਟ ਕੀਤਾ ਜਾਵੇ ਪਰ ਕੋਈ ਝਿਜਕ ਨਾ ਕੀਤੀ ਜਾਵੇ। ਜਦੋਂ ਬਿਨਾਂ ਕਿਸੇ ਝਿਜਕ ਦੇ ਲੋਕ ਲਾਜ ਅਤੇ ਹਉਮੇ ਛੱਡੀ ਜਾਵੇ। ਅੰਗ - 1412

# ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਮਨੁੱਖੀ ਅਧਿਕਾਰ ਅੰਦੋਲਨ ਦੀ ਸ਼ੁਰੂਆਤ

ਡਾ. ਸੰਦੀਪ ਘੰਡ

ਗੁਰੂ ਤੇਗ ਬਹਾਦਰ ਜੀ ਨੂੰ ਮਨੁੱਖੀ ਅਧਿਕਾਰਾਂ ਦੀ ਵਿਸ਼ਵਵਿਆਪੀ ਧਾਰਨਾ ਦੇ ਸੰਸਥਾਪਕਾਂ ’ਚੋਂ ਇੱਕ ਮੰਨਿਆ ਜਾ ਸਕਦਾ ਹੈ। ਗੁਰੂ ਤੇਗ਼ ਬਹਾਦਰ (1621-75) ਨੂੰ ਵਿਸ਼ਵਵਿਆਪੀ ਮਨੁੱਖੀ ਅਧਿਕਾਰਾਂ ਦੇ ਇਤਿਹਾਸ ’ਚ ਵਿਲੱਖਣ ਸਥਾਨ ਪ੍ਰਾਪਤ ਹੈ। ਭਾਰਤ ਦੇ ਮੱਧਕਾਲੀ ਇਤਿਹਾਸ ਦੀਆਂ ਘਟਨਾਵਾਂ ਵਿੱਚ ਨਵੰਬਰ 1675 ਵਿੱਚ ਦਿੱਲੀ ਦੇ ਚਾਂਦਨੀ ਚੌਂਕ ਵਿੱਚ ਨੌਵੇਂ ਗੁਰੂ ਤੇਗ਼ ਬਹਾਦਰ ਜੀ ਦੀ ਉਨ੍ਹਾਂ ਦੇ ਤਿੰਨ ਸਾਥੀਆਂ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲ ਦਾਸ ਵੱਲੋਂ ਦਿੱਤੀ ਗਈ ਸ਼ਹਾਦਤ ਨੂੰ ਜਿੱਥੇ ਬਹੁਤ ਸਤਿਕਾਰ ਦਿੱਤਾ ਜਾਂਦਾ ਹੈ, ਉਥੇ ਇਨ੍ਹਾਂ ਸ਼ਹਾਦਤਾਂ ਨੂੰ ਮੁਗਲ ਰਾਜ ਦੀ ਦਮਨਕਾਰੀ ਸ਼ਕਤੀ ਦਾ ਵਿਰੋਧ ਕਰਨ ਅਤੇ ਵਿਸ਼ਵ ਪੱਧਰ ’ਤੇ ਮਨੁੱਖੀ ਅਧਿਕਾਰ ਅੰਦੋਲਨ ਦੀ ਸ਼ੁਰੂਆਤ ਕਿਹਾ ਜਾ ਸਕਦਾ ਹੈ।

ਗੁਰੂ ਤੇਗ ਬਹਾਦਰ ਜੀ ਨੂੰ ਹਿੰਦ ਦੀ ਚਾਦਰ ਕਹਿ ਕੇ ਸਨਮਾਨਿਆ ਜਾਂਦਾ ਹੈ। ਗੁਰੂ ਤੇਗ ਬਹਾਦਰ ਦੀ ਕੁਰਬਾਨੀ ਨਾਲ ਭਾਰਤ ਦੇ ਲੋਕ ਹਾਕਮਾਂ ਨਾਲ ਟੱਕਰ ਲੈਣ ਤੇ ਕੁਰਬਾਨੀਆਂ ਦੇਣ ਲਈ ਤਿਆਰ ਬਰ ਤਿਆਰ ਹੋ ਗਏ।

ਗੁਰੂ ਤੇਗ ਬਹਾਦਰ ਦਾ ਜਨਮ ਪਹਿਲੀ ਅਪਰੈਲ 1621 ਈਸਵੀ ਨੂੰ ਅੰਮ੍ਰਿਤਸਰ ਵਿੱਚ ਹੋਇਆ। ਉਨ੍ਹਾਂ ਦੇ ਪਿਤਾ ਦਾ ਨਾਂ ਗੁਰੂ ਹਰਿਗੋਬਿੰਦ ਸਾਹਿਬ ਅਤੇ ਮਾਤਾ ਦਾ ਨਾਂ ਨਾਨਕੀ ਸੀ। ਉਨ੍ਹਾਂ ਦਾ ਵਿਆਹ ਭਾਈ ਲਾਲ ਚੰਦ ਦੀ ਪੁੱਤਰੀ ਮਾਤਾ ਗੁਜਰੀ ਨਾਲ 1634 ਨੂੰ ਹੋਇਆ। ਉਨ੍ਹਾਂ ਨੂੰ ਵਿਆਹ ਤੋ 32 ਸਾਲ ਮਗਰੋਂ ਪੁੱਤ ਦੀ ਦਾਤ ਪ੍ਰਾਪਤ ਹੋਈ। ਉਹ ਆਪਣੇ ਪੁੱਤਰ ਗੋਬਿੰਦ ਰਾਏ ਨੂੰ 5 ਸਾਲ ਬਾਅਦ ਗੁਰੂ ਕੇ ਬਾਗ ਅਸਥਾਨ ’ਤੇ ਪਹਿਲੀ ਵਾਰ ਮਿਲੇ।

ਗੁਰੂ ਤੇਗ ਬਹਾਦਰ ਜੀ ਨਿਮਰਤਾ ਦੇ ਪੁੰਜ ਤੇ ਮਨ ਨੀਵਾਂ ਤੇ ਮਤ ਉੱਚੀ ਦੇ ਧਾਰਨੀ ਸਨ। ਇਤਿਹਾਸ ਮੁਤਾਬਕ ਜਦੋਂ ਗੁਰੂ ਤੇਗ ਬਹਾਦਰ ਆਪਣੇ ਪਿਤਾ ਦੇ ਸਾਹਮਣੇ ਬੈਠਦੇ ਤਾਂ ਅੱਖਾਂ ਨੀਵੀਆਂ ਕਰ ਲੈਂਦੇ। ਇੱਕ ਵਾਰ ਦਰਬਾਰ ਅੰਦਰ ਬੈਠੀ ਸੰਗਤ ਨੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਪੁੱਛਿਆ, ‘ਗੁਰੂ ਜੀ ਕੀ ਆਪ ਦੇ ਲਾਲ ਆਪ ਜੀ ਦੇ ਸਾਹਮਣੇ ਹਮੇਸ਼ਾ ਅੱਖਾਂ ਨੀਵੀਆਂ ਕਰ ਕੇ ਬੈਠ ਜਾਂਦੇ ਹਨ?’ ਤਾਂ ਗੁਰੂ ਤੇਗ ਬਹਾਦਰ ਸਾਹਿਬ ਨੇ ਉਤਰ ਦਿੱਤਾ, ‘ਜਿਸ ਨੂੰ ਅੰਦਰ ਦੇ ਸਾਰੇ ਔਗੁਣਾਂ ਦਾ ਪਤਾ ਹੋਵੇ ਉਸ ਦੇ ਸਾਹਮਣੇ ਨੇਤਰ ਨਹੀਂ ਚੁੱਕੇ ਜਾਂਦੇ।’

ਮਨੁੱਖੀ ਅਧਿਕਾਰਾਂ ਸਬੰਧੀ ਦੋ ਨਜ਼ਰੀਏ ਮੰਨੇ ਜਾਂਦੇ ਹਨ। ਪਹਿਲੀ ਸਾਧਨਵਾਦੀ ਨਜ਼ਰੀਆ ਤੇ ਦੂਜਾ ਅੰਦਰੂਨੀ ਮੁੱਲ। ਸਾਧਨਵਾਦੀ ਦ੍ਰਿਸ਼ਟੀਕੋਣ ਮਨੁੱਖੀ ਅਧਿਕਾਰਾਂ ਨੂੰ ਪਹਿਲਾਂ ਤੋਂ ਤੈਅ ਕੀਤੇ ਗਏ ਰਾਜਨੀਤਿਕ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਸਾਧਨ ਵਜੋਂ ਦੇਖਦਾ ਹੈ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਨਾਲ ਨਜਿੱਠਣ ਵਿੱਚ ਸੰਪਰਦਾਇਕਤਾ ਨੂੰ ਜਨਮ ਦਿੰਦਾ ਹੈ।

ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਅੰਦਰੂਨੀ ਮੁੱਲ ਅਤੇ ਨਤੀਜੇ ਵਜੋਂ ਮਨੁੱਖੀ ਅਧਿਕਾਰਾਂ ਦੀ ਸਰਬਵਿਆਪੀ ਧਾਰਨਾ ਨੂੰ ਸ਼ਕਤੀ ਦਿੰਦੀ ਹੈ। ਉਨ੍ਹਾਂ ਹਾਲਾਤ ’ਤੇ ਵਿਚਾਰ ਕਰਨਾ ਅਹਿਮ ਹੈ, ਜਿਨ੍ਹਾਂ ਕਰਕੇ ਗੁਰੂ ਜੀ ਨੇ ਆਪਣੀ ਜਾਨ ਕੁਰਬਾਨ ਕਰਨ ਦਾ ਅਹਿਮ ਫ਼ੈਸਲਾ ਲਿਆ। ਕਸ਼ਮੀਰੀ ਬ੍ਰਾਹਮਣ, ਜਿਨ੍ਹਾਂ ਨੂੰ ਉਸ ਸਮੇਂ ਦੇ ਮੁਗਲ ਸਮਰਾਟ ਵੱਲੋਂ ਸਤਾਇਆ ਜਾ ਰਿਹਾ ਸੀ, ਗੁਰੂ ਜੀ ਕੋਲ ਸਹਾਇਤਾ ਲੈਣ ਲਈ ਆਏ ਸਨ। ਉਹ ਇਸ ਉਮੀਦ ਨਾਲ ਆਏ ਸਨ ਕਿ ਗੁਰੂ ਜੀ ਮਹਾਨ ਪ੍ਰਤਿਸ਼ਠਾ ਵਾਲੇ ਅਧਿਆਤਮਕ ਆਗੂ ਹਨ ਅਤੇ ਉਹ ਮੁਗਲ ਸਮਰਾਟ ਕੋਲ ਉਨ੍ਹਾਂ ਲਈ ਵਿਚੋਲਗੀ ਕਰਨਗੇ। ਅਸੀਂ ਕਲਪਨਾ ਕਰ ਸਕਦੇ ਹਾਂ ਕਿ ਕਸ਼ਮੀਰੀ ਬ੍ਰਾਹਮਣਾਂ ਲਈ ਗੁਰੂ ਜੀ ਦਾ ਸਮਰਥਨ ਲੈਣ ਦਾ ਫੈਸਲਾ ਲੈਣਾ ਮੁਸ਼ਕਿਲ ਰਿਹਾ ਹੋਵੇਗਾ।

ਕਸ਼ਮੀਰੀ ਬ੍ਰਾਹਮਣ ਗੁਰੂ ਤੇਗ ਬਹਾਦਰ ਦੇ ਵਿਚਾਰਧਾਰਕ ਵਿਰੋਧੀ ਸਨ। ਬ੍ਰਾਹਮਣਾਂ ਦੇ ਧਾਰਮਿਕ ਅਧਿਕਾਰਾਂ ਦੀ ਰੱਖਿਆ ਕਰਨ ਦੇ ਆਪਣੇ ਫੈਸਲੇ ਵਿੱਚ ਗੁਰੂ ਸਾਹਿਬ ਆਪਣੇ ਵਿਚਾਰਧਾਰਕ ਵਿਰੋਧੀਆਂ ਦੇ ਅਧਿਕਾਰਾਂ ਦੀ ਰੱਖਿਆ ਕਰ ਰਹੇ ਸਨ। ਉਨ੍ਹਾਂ ਦੇ ਵਿਚਾਰਧਾਰਕ ਵਿਰੋਧੀਆਂ ਦੀ ਇਹ ਰੱਖਿਆ ਆਖਰਕਾਰ ਉਨ੍ਹਾਂ ਦੀ ਸ਼ਹਾਦਤ ਦਾ ਕਾਰਨ ਬਣੀ।

ਗੁਰੂ ਗ੍ਰੰਥ ਸਾਹਿਬ ਵਿੱਚ ਉਨ੍ਹਾਂ ਦੀ ਬਾਣੀ 15 ਰਾਗਾਂ ਵਿੱਚ ਦਰਜ ਹੈ। ਜਿਨ੍ਹਾਂ ਰਾਗਾਂ ਵਿੱਚ ਗੁਰੂ ਸਾਹਿਬ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ, ਉਨ੍ਹਾਂ ਵਿੱਚ ਬਿਹਾਗੜਾ, ਗਉੜੀ, ਆਸਾ, ਦੇਵਗੰਧਾਰ, ਸੋਰਠਿ, ਧਨਾਸਰੀ, ਟੋਡੀ, ਤਿਲੰਗ, ਬਿਲਾਵਲ, ਰਾਮਕਲੀ, ਮਾਰੂ ਬਸੰਤ, ਬਸੰਤ ਹਿੰਡੋਲ, ਸਾਰੰਗ ਅਤੇ ਜੈਜੈਵੰਤੀ ਵਿਸ਼ੇਸ਼ ਹਨ। ਗੁਰੂ ਸਾਹਿਬ ਨੇ ਸਾਰੀ ਬਾਣੀ ਮਨ ਨੂੰ ਸੰਬੋਧਨ ਕਰਕੇ ਉਚਾਰਨ ਕੀਤੀ। ਗੁਰੂ ਸਾਹਿਬ ਫੁਰਮਾਉਂਦੇ ਹਨ:

ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ। (ਤਿਲੰਗ ਮਹਲਾ ਨੌਵਾਂ)

ਗੁਰੂ ਜੀ ਬਚਪਨ ਤੋਂ ਹੀ ਸੰਤ ਸਰੂਪ, ਅਡੋਲ ਚਿੱਤ, ਗੰਭੀਰ ਤੇ ਨਿਰਭੈ ਸੁਭਾਅ ਦੇ ਮਾਲਕ ਸਨ। ਗੁਰੂ ਹਰਿਗੋਬਿੰਦ ਸਾਹਿਬ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਉਹ ਪਿੰਡ ਬਕਾਲਾ ਆ ਕੇ 20 ਸਾਲ ਭੋਰੇ ਵਿੱਚ ਬੈਠ ਕੇ ਸਿਮਰਨ ਕਰਦੇ ਰਹੇ। ਬਾਬਾ ਬਕਾਲੇ ਤੋਂ ਬਾਅਦ ਉਹ ਕੀਰਤਪੁਰ ਪੁੱਜੇ ਤੇ ਫਿਰ ਕਹਿਲੂਰ ਦੇ ਰਾਜੇ ਤੋਂ ਜ਼ਮੀਨ ਖਰੀਦ ਕੇ ਆਨੰਦਪੁਰ ਸਾਹਿਬ ਸ਼ਹਿਰ ਵਸਾਇਆ। ਫਿਰ ਉਸ ਜਗ੍ਹਾ ’ਤੇ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਾਜਨਾ ਕੀਤੀ।

ਗੁਰੂ ਜੀ ਕਸ਼ਮੀਰੀ ਪੰਡਿਤਾਂ ਦੀ ਰੱਖਿਆ ਲਈ ਸ਼ਹੀਦੀ ਦੇਣ ਵਾਸਤੇ ਤਿਆਰ ਹੋ ਗਏ। ਇਹ ਮਹਾਨ ਬਲੀਦਾਨ ਨਵੰਬਰ 1675 ਵਿੱਚ ਦਿੱਲੀ ਵਿਖੇ ਹੋਇਆ। ਇਥੇ ਅੱਜਕੱਲ੍ਹ ਗੁਰਦੁਆਰਾ ਸ਼ੀਸ਼ਗੰਜ ਸਾਹਿਬ ਸੁਸ਼ੋਭਿਤ ਹੈ। ਗੁਰੂ ਜੀ ਦਾ ਇੱਕ ਸੇਵਕ ਉਨ੍ਹਾਂ ਦਾ ਧੜ ਲੈ ਕੇ ਰਕਾਬ ਗੰਜ ਸਾਹਿਬ ਪਹੁੰਚ ਗਿਆ, ਜਿੱਥੇ ਗੁਰੂ ਜੀ ਦੇ ਧੜ ਦਾ ਸਸਕਾਰ ਹੋਇਆ। ਭਾਈ ਜੈਤਾ ਜੀ ਦਿੱਲੀ ਤੋਂ ਗੁਰੂ ਸਾਹਿਬ ਦਾ ਸੀਸ ਲੈ ਕੇ ਆਨੰਦਪੁਰ ਸਾਹਿਬ ਪਹੁੰਚੇ। ਆਨੰਦਪੁਰ ਸਾਹਿਬ ਵਿੱਚ ਉਨ੍ਹਾਂ ਦੇ ਸੀਸ ਦਾ ਸਸਕਾਰ ਕੀਤਾ ਗਿਆ। ਅੱਜਕੱਲ੍ਹ ਇਨ੍ਹਾਂ ਸਥਾਨਾਂ ’ਤੇ ਗੁਰਦੁਆਰੇ ਸੁਸ਼ੋਭਿਤ ਹਨ। ਗੁਰੂ ਸਾਹਿਬ ਦੀ ਮਹਾਨ ਕੁਰਬਾਨੀ ਤੋਂ ਬਾਅਦ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਾਜਨਾ ਕੀਤੀ ਤੇ ਜ਼ਾਲਮ ਹਕੂਮਤ ਦੀਆਂ ਜੜ੍ਹਾਂ ਹਿਲਾ ਕੇ ਰੱਖ ਦਿੱਤੀਆਂ।

ਗੁਰੂ ਤੇਗ ਬਹਾਦਰ ਸਾਹਿਬ ਹਿੰਦ ਦੀ ਚਾਦਰ ਅਰਥਾਤ ਸਮੂਹ ਕਾਇਨਾਤ ਦੀ ਇੱਜ਼ਤ ਅਤੇ ਅਣਖ ਦੇ ਰਖਵਾਲੇ ਸਨ। ਗੁਰੂ ਤੇਗ ਬਹਾਦਰ ਦੀ ਸ਼ਹਾਦਤ ਮਨੁੱਖੀ ਅਧਿਕਾਰਾਂ ਦੀ ਸੁਰੱਖਿਆ ਦੀ ਤਰਜਮਾਨੀ ਕਰਦੀ ਹੈ। ਗੁਰੂ ਤੇਗ ਬਹਾਦਰ ਦੀ ਇਹ ਸਮਝ ਅਤੇ ਕਦਰ ਹੁਣ ਵਿਸ਼ਵਵਿਆਪੀ ਮਨੁੱਖੀ ਅਧਿਕਾਰਾਂ ਦੇ ਭਾਸ਼ਣ ਨੂੰ ਅਮੀਰ ਬਣਾ ਰਹੀ ਹੈ ਅਤੇ ਉਨ੍ਹਾਂ ਨੂੰ ਵਿਸ਼ਵ ਮਨੁੱਖੀ ਅਧਿਕਾਰ ਲਹਿਰ ਦੇ ਸੰਸਥਾਪਕਾਂ ’ਚੋਂ ਇੱਕ ਵਜੋਂ ਸਵੀਕਾਰ ਕੀਤਾ ਜਾ ਰਿਹਾ ਹੈ। ਗੁਰੂ ਤੇਗ਼ ਬਹਾਦਰ, ਗੁਰੂ ਨਾਨਕ ਤੋਂ ਬਾਅਦ ਦੂਜੇ ਗੁਰੂ ਸਨ, ਜੋ ਗੁਰੂ ਨਾਨਕ ਮਿਸ਼ਨ ਦੇ ਪ੍ਰਚਾਰਕ ਵਜੋਂ ਭਾਰਤ ਦੇ ਸਾਰੇ ਹਿੱਸਿਆਂ ਵਿੱਚ ਗਏ। ਗੁਰੂ ਤੇਗ਼ ਬਹਾਦਰ ਕਦੇ ਵੀ ਲਾਲਚ ਜਾਂ ਧਮਕੀ ਦੇ ਅਧੀਨ ਧਰਮ ਪਰਿਵਰਤਨ ਲਈ ਸਹਿਮਤ ਨਹੀਂ ਹੋਏ। ਗੁਰੂ ਜੀ ਚਾਹੁੰਦੇ ਸਨ ਕਿ ਹਰ ਕੋਈ ਆਪਣੀ ਪੂਜਾ ਦਾ ਤਰੀਕਾ ਚੁਣ ਸਕੇ।

ਗੁਰੂ ਜੀ ਦੀ ਅਦੁੱਤੀ ਸ਼ਹਾਦਤ ਬਾਰੇ ਗੁਰੂ ਗੋਬਿੰਦ ਸਿੰਘ ਨੇ ‘ਬਚਿੱਤਰ ਨਾਟਕ’ ਵਿੱਚ ਲਿਖਿਆ ਹੈ:

ਧਰਮ ਹੇਤ ਸਾਕਾ ਜਿਨਿ ਕੀਆ॥
ਸੀਸੁ ਦੀਆ ਪਰੁ ਸਿਰਰੁ ਨ ਦੀਆ॥

ਵਿਸ਼ਵ-ਇਤਿਹਾਸ ਵਿੱਚ ਗੁਰੂ ਜੀ ਦੀ ਕੁਰਬਾਨੀ ਵਿਲੱਖਣ ਹੈ ਅਤੇ ਵਿਸ਼ੇਸ਼ ਅਰਥਾਂ ਦੀ ਧਾਰਨੀ ਹੈ। ਵਿਲੱਖਣਤਾ ਇਸ ਗੱਲ ਵਿੱਚ ਹੈ ਕਿ ਇਹ ਕੁਰਬਾਨੀ ਆਪਣੇ ਲਈ ਨਹੀਂ, ਆਪਣੇ ਭਾਈਚਾਰੇ ਲਈ ਨਹੀਂ ਬਲਕਿ ਮਨੁੱਖਤਾ ਨੂੰ ਬਚਾਉਣ ਖ਼ਾਤਰ ਦਿੱਤੀ ਗਈ। ਇਸ ਤਰ੍ਹਾਂ ਇਸ ਗੌਰਵਮਈ ਸ਼ਹਾਦਤ ਨੇ ਸਿਰਫ਼ ਸਿੱਖ ਇਤਿਹਾਸ ਨੂੰ ਹੀ ਨਵਾਂ ਮੋੜ ਨਹੀਂ ਦਿੱਤਾ ਸਗੋਂ ਪੂਰੇ ਵਿਸ਼ਵ ਨੂੰ ਹੱਕ, ਸੱਚ, ਇਨਸਾਫ਼ ਅਤੇ ਧਰਮ ਲਈ ਮਰ-ਮਿਟਣ ਦਾ ਜਜ਼ਬਾ ਦਿੱਤਾ।

ਅੱਜ 21ਵੀਂ ਸਦੀ ਦੇ ਸੰਦਰਭ ਵਿੱਚ ਇਸ ਸ਼ਹਾਦਤ ਦੀ ਮਹੱਤਤਾ ਹੋਰ ਵੀ ਦ੍ਰਿੜ੍ਹ ਹੋ ਜਾਂਦੀ ਹੈ ਕਿਉਂਕਿ ਅੱਜ ਫਿਰ ਸਾਡਾ ਸਮਾਜ ਭਾਸ਼ਾ ਅਤੇ ਧਰਮ ਦੇ ਨਾਂ ’ਤੇ ਅਣਗਿਣਤ ਹਿੱਸਿਆਂ ਵਿੱਚ ਵੰਡਿਆ ਹੋਇਆ ਹੈ। ਗੁਰੂ ਜੀ ਦੀ ਲਾਸਾਨੀ ਸ਼ਹਾਦਤ ਦੀ ਰੌਸ਼ਨੀ ਹੀ ਇਨ੍ਹਾਂ ਕੱਟੜਤਾ ਦੇ ਨਸ਼ੇ ਵਿੱਚ ਅੰਨ੍ਹੇ ਹੋਏ ਹਿੰਸਾਵਾਦੀਆਂ ਨੂੰ ਚਾਨਣ ਦੀ ਕਿਰਨ ਪ੍ਰਦਾਨ ਕਰ ਸਕਦੀ ਹੈ।




# ਨੀ ਨਣਦੇ ਮੋਰਨੀਏ.....

## ਸਭ ਰਿਸ਼ਤਿਆਂ 'ਚੋਂ ਅਨੋਖਾ ਹੁੰਦੈ ਨਨਾਣ-ਭਰਜਾਈ ਦਾ ਰਿਸ਼ਤਾ

**ਗਗਨਦੀਪ ਧਾਲੀਵਾਲ**

ਮਨੁੱਖ ਸਮਾਜਿਕ ਪ੍ਰਾਣੀ ਹੋਣ ਕਰਕੇ ਸਮਾਜ ਵਿੱਚ ਵਿਚਰਦਿਆਂ ਕਈ ਰਿਸ਼ਤੇ ਨਿਭਾਉਂਦਾ ਹੈ। ਇੱਕ ਔਰਤ ਵੀ ਕਈ ਰੂਪਾਂ ਵਿੱਚ ਰਿਸ਼ਤੇ ਨਿਭਾਉਂਦੀ ਹੈ ਜਿਵੇਂ ਕਿ ਮਾਂ, ਧੀ, ਭੈਣ, ਪਤਨੀ, ਨੂੰਹ, ਸੱਸ, ਨਨਾਣ, ਭਰਜਾਈ ਆਦਿ। ਇਨ੍ਹਾਂ ਰਿਸ਼ਤਿਆਂ ਵਿੱਚੋਂ ਇੱਕ ਅਨੋਖਾ ਰਿਸ਼ਤਾ ਨਨਾਣ-ਭਰਜਾਈ ਦਾ ਹੁੰਦਾ ਹੈ ਜੋ ਕਿ ਅਪਣੱਤ, ਪਿਆਰ, ਖਟਿਆਸ, ਮਠਿਆਸ ਨਾਲ ਭਰਿਆ ਹੁੰਦਾ ਹੈ। ਪਤੀ ਦੀ ਭੈਣ ਨੂੰ ਨਣਾਨ ਆਖਿਆ ਜਾਂਦਾ ਹੈ। ਜਦੋਂ ਨਵੀਂ ਵਿਆਹੀ ਕੁੜੀ ਸਹੁਰੇ ਘਰ ਆਉਂਦੀ ਹੈ ਤਾਂ ਉਸਨੂੰ ਕਈ ਰਿਸ਼ਤੇ ਨਿਭਾਉਣੇ ਪੈਂਦੇ ਹਨ। ਉਹ ਇੱਕ ਰਿਸ਼ਤਾ ਨਨਾਣ-ਭਰਜਾਈ ਦਾ ਵੀ ਨਿਭਾਉਂਦੀ ਹੈ।

ਨਣਾਨ ਨੂੰ ਮਲਵਈ ਬੋਲੀ ਵਿੱਚ 'ਨਣਦ' ਵੀ ਕਿਹਾ ਜਾਂਦਾ ਹੈ। ਦੇਖਣ ਵਿੱਚ ਆਉਦਾ ਹੈ ਕਿ ਕਈ ਵਾਰ ਕੁੜੀ ਦੇ ਸਹੁਰੇ ਘਰ ਆਉਣ ਤੋਂ ਪਹਿਲਾਂ ਹੀ ਨਣਾਨ ਦਾ ਵਿਆਹ ਕਰ ਦਿੱਤਾ ਜਾਂਦਾ ਹੈ ਜਿਸ ਕਾਰਨ ਵਿਆਹੀਆਂ ਹੋਈਆਂ ਨਣਾਨਾਂ ਦਾ ਭਰਜਾਈ ਨਾਲ ਮੇਲ-ਮਿਲਾਪ ਬਹੁਤ ਘੱਟ ਹੁੰਦਾ ਹੈ ਸਗੋਂ ਖਾਸ ਪ੍ਰੋਗਰਾਮ ਦੇ ਮੌਕੇ 'ਤੇ ਹੀ ਹੁੰਦਾ ਹੈ। ਅੱਜ-ਕੱਲ੍ਹ ਹਰ ਘਰ ਦੀ ਲੜਕੀ ਪੜ੍ਹੀ-ਲਿਖੀ ਹੋਣ ਕਰਕੇ ਨੌਕਰੀ ਕਰਦੀ ਹੈ ਜਿਸ ਕਾਰਨ ਉਸ ਕੋਲ ਆਪਣੀ ਭਰਜਾਈ ਲਈ ਸਮਾਂ ਬਹੁਤ ਥੋੜ੍ਹਾ ਹੁੰਦਾ ਹੈ। ਜਾਂ ਕਈ ਵਾਰ ਭਰਜਾਈ ਨੌਕਰੀ ਕਰਦੀ ਹੈ ਜਿਸ ਕਾਰਨ ਉਸ ਕੋਲ ਸਿਰਫ ਐਤਵਾਰ ਦਾ ਦਿਨ ਹੀ ਹੁੰਦਾ ਹੈ ਰਿਸ਼ਤੇਦਾਰਾਂ ਨੂੰ ਮਿਲਣ ਦਾ। ਭਰਜਾਈ ਕਈ ਵਾਰ ਵੱਡੀ ਹੁੰਦੀ ਹੈ ਜੋ ਮਾਂ ਸਮਾਨ ਹੁੰਦੀ ਹੈ ਜੋ ਕਿ ਬਹੁਤ ਖਿਆਲ ਰੱਖਦੀ ਹੈ। ਕਿਸੇ ਨੇ ਠੀਕ ਹੀ ਕਿਹਾ ਹੈ:-

ਜੱਗ ਜਿਊਣ ਵੱਡੀਆਂ ਭਰਜਾਈਆਂ
ਪਾਣੀ ਮੰਗੇ ਦੁੱਧ ਦਿੰਦੀਆਂ।

ਕਈ ਵਾਰ ਨਣਾਨ ਛੋਟੀ ਹੋਣ ਕਾਰਨ ਕੁਆਰੀ ਹੁੰਦੀ ਹੈ। ਅਕਸਰ ਹੀ ਕੁਆਰੀ



ਨਣਾਨ ਤੇ ਭਾਬੀ ਇੱਕੋ ਉਮਰ-ਹਾਣ ਦੀਆਂ ਹੀ ਹੁੰਦੀਆਂ ਹਨ। ਭਾਬੀ ਦੇ ਆ ਜਾਣ 'ਤੇ ਰਿਸ਼ਤੇ ਵਿੱਚ ਖਟਿਆਸ ਵੀ ਆ ਜਾਂਦੀ ਹੈ। ਕਈ ਵਾਰ ਨਣਾਨ ਭਰਜਾਈ ਦੇ ਹਰ ਕੰਮ ਵਿੱਚ ਟੋਕਾ-ਟਾਕੀ ਕਰਦੀ ਹੈ ਭਰਜਾਈ ਨੂੰ ਪਸੰਦ ਹੀ ਨਹੀਂ ਕਰਦੀ। ਨਣਾਨ ਤੇ ਭਰਜਾਈ ਦਾ ਰਿਸ਼ਤਾ ਕਦੇ ਪਿਆਰ ਭਰਿਆ ਕਦੇ ਕੁੜੱਤਣ ਵਿੱਚ ਦੇਖਿਆ ਜਾ ਸਕਦਾ ਹੈ। ਕਈ ਵਾਰੀ ਤਾਂ ਨਣਾਨ ਆਪਣੇ ਭਰਾ ਨੂੰ ਭਾਬੀ ਖ਼ਿਲਾਫ਼ ਚੁੱਕ ਦਿੰਦੀ ਹੈ ਤੇ ਉਹ ਲੜਾਈ-ਝਗੜਾ ਕਰਦਾ ਹੈ।

ਇਸਦੇ ਉਲਟ ਜੇਕਰ ਸੁਭਾਵਿਕ ਹੀ ਉਸ ਦਾ ਆਪਣੇ ਪਤੀ ਨਾਲ ਕਿਸੇ ਗੱਲ ਤੋਂ ਝਗੜਾ ਹੋ ਜਾਵੇ ਤਾਂ ਉਹ ਸਮਝਦੀ ਹੈ ਕਿ ਜਰੂਰ ਨਣਾਨ ਨੇ ਲੂਤੀ ਲਾਈ ਹੈ।

ਨਨਾਣੇ ਪੁਆੜੇ ਹੱਥੀਏ, ਰਾਤੀਂ ਤੂੰ ਮੈਨੂੰ ਮਾਰ ਪਵਾਈ

ਜੇਕਰ ਨਣਾਨ-ਭਰਜਾਈ ਵਿੱਚ ਆਪਸੀ ਪਿਆਰ ਹੋਵੇ ਤਾਂ ਇਸ ਰਿਸ਼ਤੇ ਦੀ ਕੋਈ ਥਾਂ ਨਹੀਂ ਲੈ ਸਕਦਾ ।

ਭਾਬੀ ਤੇਰੇ ਰੰਗ ਵਰਗਾ,
ਮੈਨੂੰ ਬੇਰੀ ਹੇਠੋਂ ਬੇਰ ਥਿਆਇਆ

ਪਰ ਕਈ ਵਾਰ ਇਹ ਰਿਸ਼ਤਾ ਨਫਰਤ ਦਾ ਰੂਪ ਧਾਰ ਲੈਂਦਾ ਹੈ ਜਿਸ ਨਾਲ ਘਰ ਵਿੱਚ ਕਲੇਸ ਬਣਿਆ ਰਹਿੰਦਾ ਹੈ। ਰਿਸ਼ਤੇ ਵਿੱਚ ਫਿੱਕ ਪੈ ਜਾਂਦੀ ਹੈ। ਜਿੱਥੇ ਨਣਾਨ-ਭਰਜਾਈ ਆਪਸ ਵਿੱਚ ਸਹੇਲੀਆਂ ਭੈਣਾਂ ਵਾਂਗ ਰਹਿੰਦੀਆਂ ਹਨ ਉਸ ਘਰ ਵਿੱਚ ਪਿਆਰ ਦੇ ਫੁੱਲ ਮਹਿਕਦੇ ਹਨ। ਜਿਸ ਘਰ ਵਿੱਚ ਰਿਸ਼ਤਾ ਤਣਾਅਪੂਰਨ ਰਹਿੰਦਾ ਹੈ ਉੱਥੇ ਘਰ ਨਰਕ



ਵਾਂਗ ਜਾਪਦੇ ਹਨ। ਨਣਾਨ-ਭਰਜਾਈ ਦੇ ਰਿਸ਼ਤੇ ਨੂੰ ਲੈ ਕੇ ਬੋਲੀਆਂ ਵੀ ਘੜੀਆਂ ਜਾਂਦੀਆਂ ਹਨ:-

ਉੱਚੇ ਟਿੱਬੇ ਮੈਂ ਤਾਣਾ ਤਣਦੀ,
ਉੱਤੋਂ ਦੀ ਲੰਘ ਗਈ ਵੱਛੀ,
ਨਣਾਨੇ ਮੋਰਨੀਏ ਘਰ ਜਾ ਕੇ ਨਾ ਦੱਸੀ,
ਨਣਾਨੇ

ਨਣਾਨ ਤੇ ਭਰਜਾਈ ਦਾ ਰਿਸ਼ਤਾ ਸਹੇਲੀ ਤੇ ਭੈਣ ਵਰਗਾ ਹੁੰਦਾ ਹੈ ਭਰਜਾਈ ਆਪਣੇ ਦਿਲ ਦੀਆਂ ਗੱਲਾਂ ਦੱਸਦੀ ਹੈ:-

ਇੱਕ ਤਾਂ ਨਣਦੇ ਤੂੰ ਨੀ ਪਿਆਰੀ,
ਦੂਜਾ ਪਿਆਰਾ ਤੇਰਾ ਵੀਰ,
ਨੀ ਜਦ ਰੋਂਦਾ ਨਣਦੇ,
ਅੱਖਾਂ 'ਚੋਂ ਵਗਦਾ ਨੀਰ,
ਨੀ ਜਦ .

ਕਈ ਵਾਰ ਦੇਖਣ ਵਿੱਚ ਆਇਆ ਹੈ ਕਿ ਜਿੱਥੇ ਨਣਾਨ ਦੀ ਮੁਖਤਿਆਰੀ ਹੁੰਦੀ ਹੈ। ਉੱਥੇ ਅਕਸਰ ਹੀ ਘਰ ਬਰਬਾਦ ਹੋ ਜਾਂਦੇ ਹਨ। ਉਹ ਹਮੇਸ਼ਾ ਹੀ ਭਰਜਾਈ ਨੂੰ ਨੀਵਾਂ ਦਿਖਾਉਣ ਵਿੱਚ ਲੱਗੀ ਰਹਿੰਦੀ ਹੈ।

ਸੱਸ ਦਾ ਵੀ ਫਰਜ ਬਣਦਾ ਹੈ ਕਿ ਆਪਣੇ ਬਾਬਲ ਦਾ ਘਰ ਛੱਡ ਕੇ ਆਈ ਨੂੰਹ ਨੂੰ ਆਪਣੀ ਧੀ ਬਣਾਵੇ ਤੇ ਘਰ ਦੀ ਜਿੰਮੇਵਾਰੀ ਸੌਂਪੇ। ਤਾਂ ਜੋ ਆਪਸੀ ਸਾਂਝ-ਪਿਆਰ ਬਣਿਆ ਰਹੇ। ਨਣਾਨ-ਭਰਜਾਈ ਦੇ ਰਿਸ਼ਤੇ ਦੀ ਖਾਸੀਅਤ ਇਹ ਵੀ ਹੈ ਕਿ ਨਣਾਨ ਕਈ ਵਾਰ ਭਰਜਾਈ ਦੀ ਹਿਮਾਇਤ ਵੀ ਕਰਦੀ ਹੈ। ਆਪਣੀ ਮਾਂ ਨੂੰ ਸਮਝਾਉਂਦੀ ਹੈ ਕਿ ਉਹ ਵੀ ਇਸ ਘਰ ਦੀ ਧੀ ਹੈ। ਨਣਾਨ-ਭਰਜਾਈ ਦਾ ਰਿਸ਼ਤਾ ਦੋਸਤੀ ਦਾ ਵੀ ਹੁੰਦਾ ਹੈ ਜੋ ਹਰ ਗੱਲ ਇੱਕ-ਦੂਜੇ ਨੂੰ ਦੱਸਦੀਆਂ ਹਨ।

ਮਾਂ-ਬਾਪ ਦੇ ਤੁਰ ਜਾਣ ਤੋਂ ਬਾਅਦ ਨਣਾਨ ਨੇ ਹਮੇਸ਼ਾ ਭਰਜਾਈ ਦੇ ਮੱਥੇ ਲੱਗਣਾ ਹੁੰਦਾ ਹੈ ਸੋ ਨਣਾਨ ਨੂੰ ਵੀ ਚਾਹੀਦਾ ਹੈ ਕਿ ਉਹ ਪਿਆਰ ਨਾਲ ਰਿਸ਼ਤਾ ਨਿਭਾਵੇ। ਦੇਖਣ ਵਿੱਚ ਆਉਦਾ ਹੈ ਕਿ ਕਈ ਵਾਰ ਕੁੜੀ ਸਹੁਰੇ ਘਰ ਆਉਣ ਸਾਰ ਅੱਡ ਹੋ ਜਾਂਦੀ ਹੈ ਨਿੱਕੀ-ਨਿੱਕੀ ਗੱਲ 'ਤੇ ਨਣਾਨ ਨਾਲ ਖਾਰ ਖਾਂਦੀ ਹੈ। ਜੇਕਰ ਭਰਜਾਈ ਨਣਾਨ ਨੂੰ ਆਪਣੀ ਸਹੇਲੀ ਜਾਂ ਭੈਣ ਬਣਾ ਲਵੇ ਤਾਂ ਰਿਸ਼ਤਾ ਉਮਰਾਂ ਤੀਕ ਨਿਭ ਜਾਵੇਗਾ। ਸੋ ਦੋਵਾਂ ਦਾ ਫਰਜ਼ ਬਣਦਾ ਹੈ ਕਿ ਇਹ ਰਿਸ਼ਤਾ ਦਿਲੋਂ ਪਿਆਰ-ਸਤਿਕਾਰ ਨਾਲ ਨਿਭਾਇਆ ਜਾਵੇ। ਜੇਕਰ ਇੱਕ-ਦੂਜੇ ਦੀ ਕਦਰ ਕੀਤੀ ਜਾਵੇ ਤਾਂ ਹੀ ਰਿਸ਼ਤਾ ਚਿਰ-ਸਥਾਈ ਨਿਭ ਸਕਦਾ ਹੈ।

# ਗਰਮੀਆਂ ਦੇ ਮੌਸਮ ਵਿੱਚ ਮੇਕਅੱਪ ਦਾ ਰੱਖੋ ਵਿਸ਼ੇਸ਼ ਧਿਆਨ

**ਅਨੰਨਿਆ ਮਿਸ਼ਰਾ**

ਗਰਮੀਆਂ ਦੇ ਮੌਸਮ ਵਿੱਚ ਤੁਹਾਨੂੰ ਆਪਣੇ ਮੇਕਅੱਪ ਦਾ ਖਾਸ ਧਿਆਨ ਰੱਖਣਾ ਚਾਹੀਦਾ ਹੈ। ਅੱਜ ਅਸੀਂ ਤੁਹਾਨੂੰ ਕੁਝ ਅਜਿਹੇ ਮੇਕਅੱਪ ਟਿਪਸ ਦੱਸਣ ਜਾ ਰਹੇ ਹਾਂ। ਇਨ੍ਹਾਂ ਨੂੰ ਫਾਲੋ ਕਰਨ ਨਾਲ ਗਰਮੀਆਂ ਦੇ ਮੌਸਮ 'ਚ ਤੁਹਾਡਾ ਮੇਕਅੱਪ ਬਿਲਕੁਲ ਸਹੀ ਦਿਖਾਈ ਦੇਵੇਗਾ।

ਹਰ ਔਰਤ ਮੇਕਅੱਪ ਕਰਨਾ ਪਸੰਦ ਕਰਦੀ ਹੈ। ਮੇਕਅੱਪ ਔਰਤਾਂ ਦਾ ਆਤਮ-ਵਿਸ਼ਵਾਸ ਵੀ ਵਧਾਉਂਦਾ ਹੈ, ਇਸ ਲਈ ਔਰਤਾਂ ਕਿਸੇ ਵੀ ਸਮਾਗਮ ਵਿੱਚ ਹਿੱਸਾ ਲੈਣ ਸਮੇਂ ਮੇਕਅੱਪ ਜ਼ਰੂਰ ਕਰਦੀਆਂ ਹਨ। ਪਰ ਗਰਮੀਆਂ 'ਚ ਮੇਕਅੱਪ ਕਰਨ ਨਾਲ ਅਕਸਰ ਪਸੀਨੇ ਨਾਲ ਮੇਕਅੱਪ ਖਰਾਬ ਹੋ ਜਾਂਦਾ ਹੈ, ਚਾਹੇ ਤੁਸੀਂ ਕਿੰਨਾ ਵੀ ਵਧੀਆ ਮੇਕਅੱਪ ਕਿਉਂ ਨਾ ਕੀਤਾ ਹੋਵੇ।

ਖਰਾਬ ਮੇਕਅੱਪ ਤੁਹਾਡੀ ਪੂਰੀ ਦਿੱਖ ਨੂੰ ਖਰਾਬ ਕਰ ਸਕਦਾ ਹੈ। ਅਜਿਹੇ 'ਚ ਗਰਮੀ ਦੇ ਮੌਸਮ 'ਚ ਤੁਹਾਨੂੰ ਆਪਣੇ ਮੇਕਅੱਪ ਦਾ ਖਾਸ ਧਿਆਨ ਰੱਖਣਾ ਚਾਹੀਦਾ ਹੈ। ਅੱਜ ਇਸ ਲੇਖ ਦੇ ਜ਼ਰੀਏ ਅਸੀਂ ਤੁਹਾਨੂੰ ਕੁਝ ਅਜਿਹੇ ਮੇਕਅੱਪ ਟਿਪਸ ਦੱਸਣ ਜਾ ਰਹੇ ਹਾਂ। ਇਨ੍ਹਾਂ ਨੂੰ ਫਾਲੋ ਕਰਨ ਨਾਲ ਗਰਮੀਆਂ ਦੇ ਮੌਸਮ 'ਚ ਤੁਹਾਡਾ ਮੇਕਅੱਪ ਬਿਲਕੁਲ ਸਹੀ ਦਿਖਾਈ ਦੇਵੇਗਾ।

**ਬਰਫ਼ ਦੀ ਵਰਤੋਂ**

ਸੰਪੂਰਨ ਮੇਕਅੱਪ ਦਿੱਖ ਲਈ, ਪਹਿਲਾਂ ਆਪਣੀ ਚਮੜੀ 'ਤੇ ਬਰਫ਼ ਲਗਾਓ। ਇਸ ਨਾਲ ਤੁਹਾਡੇ ਚਿਹਰੇ ਨੂੰ ਠੰਡਕ ਮਿਲੇਗੀ, ਜਿਸ ਨਾਲ ਚਮੜੀ ਦੇ ਪੋਰਸ ਛੋਟੇ ਹੋ ਜਾਂਦੇ ਹਨ। ਇਸ ਕਾਰਨ ਪਸੀਨਾ ਘੱਟ ਆਉਂਦਾ ਹੈ ਪਰ ਜੇਕਰ ਤੁਹਾਡੀ ਚਮੜੀ ਤੇਲਯੁਕਤ ਹੈ ਤਾਂ ਚਿਹਰੇ 'ਤੇ ਬਰਫ਼ ਰਗੜਨ ਨਾਲ ਤੇਲ ਦਾ ਅਸਰ ਘੱਟ ਜਾਵੇਗਾ। ਬਰਫ਼ ਲਗਾਉਣ ਨਾਲ ਪਸੀਨਾ ਘੱਟ ਜਾਵੇਗਾ। ਇਸ ਤੋਂ ਇਲਾਵਾ ਤੁਸੀਂ ਪਾਣੀ ਦੀ ਬਜਾਏ ਠੰਡੇ ਪਾਣੀ ਦੀ ਵੀ ਵਰਤੋਂ ਕਰ ਸਕਦੇ ਹੋ।





**ਵਾਟਰਪ੍ਰੂਫ਼ ਮੇਕਅਪ**

ਜੇਕਰ ਤੁਸੀਂ ਵੀ ਗਰਮੀਆਂ ਦੇ ਮੌਸਮ 'ਚ ਹੈਵੀ ਮੇਕਅੱਪ ਕਰਨਾ ਚਾਹੁੰਦੇ ਹੋ ਤਾਂ ਤੁਸੀਂ ਆਪਣੇ ਚਿਹਰੇ 'ਤੇ ਵਾਟਰਪਰੂਫ ਮੇਕਅੱਪ ਪ੍ਰੋਡਕਟਸ ਦੀ ਵਰਤੋਂ ਕਰ ਸਕਦੇ ਹੋ। ਵਾਟਰਪ੍ਰੂਫ ਮੇਕਅੱਪ ਨਾ ਸਿਰਫ਼ ਲੰਬੇ ਸਮੇਂ ਤੱਕ ਚੱਲੇਗਾ ਸਗੋਂ ਇਸ ਨਾਲ ਤੁਹਾਨੂੰ ਕਿਸੇ ਤਰ੍ਹਾਂ ਦੀ ਸਮੱਸਿਆ ਵੀ ਨਹੀਂ ਹੋਵੇਗੀ।



**ਫਾਊਂਡੇਸ਼ਨ ਦੀ ਬਜਾਏ ਕੰਸੀਲਰ ਦੀ ਵਰਤੋਂ ਕਰੋ**

ਚਿਹਰੇ 'ਤੇ ਚਮਕ ਲਿਆਉਣ ਲਈ ਔਰਤਾਂ ਫਾਊਂਡੇਸ਼ਨ ਦੀ ਵਰਤੋਂ ਕਰਦੀਆਂ ਹਨ ਪਰ ਗਰਮੀਆਂ 'ਚ ਚਿਹਰੇ 'ਤੇ ਘੱਟ ਤੋਂ ਘੱਟ ਫਾਊਂਡੇਸ਼ਨ ਜ਼ਰੂਰ ਲਗਾਉਣੀ ਚਾਹੀਦੀ ਹੈ ਕਿਉਂਕਿ ਗਰਮੀਆਂ ਦੇ ਮੌਸਮ 'ਚ ਪਸੀਨੇ ਕਾਰਨ ਇਹ ਪਿਘਲ ਸਕਦੀ ਹੈ। ਤੁਸੀਂ ਚਾਹੋ ਤਾਂ ਫਾਊਂਡੇਸ਼ਨ ਦੀ ਬਜਾਏ ਕੰਸੀਲਰ ਦੀ ਵਰਤੋਂ ਕਰ ਸਕਦੇ ਹੋ।


TRANS-ALLIANCE
TOGETHER WE SAVE
FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS
FUEL CARDS
NO CREDIT - NO PROBLEM
BEST CUSTOMER SERVICE
TOGETHER WE SAVE
FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE
YOU BREAK DOWN
WE SHOW UP
24-HOUR ROADSIDE ASSISTANCE
TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST
TA TRUCK SERVICE
FUEL MANAGEMENT
DAILY FUEL RATES IN PHONE APP
CALL FOR MORE INFO
(855)641-6955, (888)795-7035

# ਕੀ ਨਾਂ ਦਿਆਂ ਇਸ ਬਾਤ ਨੂੰ!

-ਚਰਨਜੀਤ ਸਿੰਘ ਰਾਜੌਰ



ਘਰ ਵਿੱਚ ਸੋਗ ਦਾ ਮਾਹੌਲ ਹੈ। ਹਰ ਕੋਈ ਚੁੱਪਚਾਪ ਇਕੱਲਾ-ਇਕੱਲਾ ਬੈਠਾ ਹੈ। ਕੱਲ੍ਹ ਰਾਤ ਤੱਕ ਤਾਂ ਸਭ ਠੀਕ-ਠਾਕ ਸੀ। ਫਿਰ ਸਵੇਰ ਹੁੰਦਿਆਂ ਕੀ ਹੋ ਗਿਆ। ਅਜੇ ਕੱਲ੍ਹ ਸਰਦ ਰਾਤ ਦੇ ਹਨੇਰੇ ਵਿੱਚ ਕੋਈ ਪਰਛਾਵਾਂ ਮੇਰੀਆਂ ਅੱਖਾਂ ਅੱਗੇ ਚਹਿਲਕਦਮੀ ਕਰਦਿਆਂ ਪਿੱਛੇ ਨੂੰ ਮੁੜ ਗਿਆ। ਮੈਂ ਕਾਹਲੀ ਵਿੱਚ ਕੰਬਲ ਵਿੱਚੋਂ ਮੂੰਹ ਕੱਢਿਆ ਤਾਂ ਇਹ ਚਹਿਲਕਦਮੀ ਹੁਣ ਸ਼ਾਂਤ ਹੋ ਗਈ ਸੀ, ਸ਼ਾਇਦ ਉਹ ਮੈਨੂੰ ਮਿਲਣ ਆਇਆ ਸੀ। ਮੈਂ ਕਿਉਂ ਇਹ ਮਹਿਸੂਸ ਕਰ ਰਹੀ ਹਾਂ? ਮੈਨੂੰ ਕਿਉਂ ਵਾਰ-ਵਾਰ ਇਹ ਲੱਗਦਾ ਹੈ ਕਿ ਉਹ ਮੈਨੂੰ ਮਿਲਣ ਦੀ ਕੋਸ਼ਿਸ਼ ਕਰ ਰਿਹਾ ਹੈ। ਮੇਰੇ ਨਾਲ ਜਮਾਤ ਵਿੱਚ ਪੜ੍ਹਦਾ ਮਨਜੋਤ ਵਿਹੜੇ ਵਾਲਿਆਂ ਦਾ ਮੁੰਡਾ ਸੀ। ਪੜ੍ਹਨ ਵਿੱਚ ਬਹੁਤ ਹੁਸ਼ਿਆਰ ਮਨਜੋਤ ਛੋਟੇ ਹੁੰਦਿਆਂ ਹੀ ਮਾਂ ਮਹਿੱਟਰ ਹੋ ਚੁੱਕਿਆ ਸੀ। ਪਿਤਾ ਸ਼ਰਾਬ ਦਾ ਆਦੀ, ਮਾਂ ਨਾਲ ਰੋਜ਼ ਲੜਦਾ-ਝਗੜਦਾ ਅਤੇ ਕੁੱਟਮਾਰ ਕਰਦਾ। ਇੱਕ ਦਿਨ ਇਸੇ ਲੜਾਈ ਨੇ ਮਾਂ ਨੂੰ ਮਨਜੋਤ ਤੋਂ ਹਮੇਸ਼ਾ-ਹਮੇਸ਼ਾ ਲਈ ਖੋਹ ਲਿਆ।

ਛੋਟੇ ਹੁੰਦਿਆਂ ਮੇਰੀ ਮਾਂ ਅਤੇ ਚਾਚੀ ਤੋਂ ਅਕਸਰ ਮੈਂ ਇਹ ਗੱਲਾਂ ਸੁਣਦੀ। ਬਸ ਉਦੋਂ ਤੋਂ ਹੀ ਮੇਰੇ ਮਨ ਵਿੱਚ ਮਨਜੋਤ ਲਈ ਇੱਕ ਅਲੱਗ ਥਾਂ ਬਣ ਗਈ। ਉਹ ਮੇਰੇ ਲਈ ਤਰਸ ਦਾ ਪਾਤਰ ਹੁੰਦਿਆਂ ਪਤਾ ਹੀ ਨਾ ਲੱਗਾ ਕਦੋਂ ਦਿਲ ਵਿੱਚ ਵੱਸ ਗਿਆ। ਪੜ੍ਹਨ ਵਿੱਚ ਤਾਂ ਮਨਜੋਤ ਹੁਸ਼ਿਆਰ ਹੀ ਸੀ ਸਗੋਂ ਦਿੱਖ ਪੱਖੋਂ ਵੀ ਸੋਹਣਾ-ਸੁਨੱਖਾ ਸੀ। ਮਨਜੋਤ ਹਮੇਸ਼ਾ ਜਮਾਤ ਵਿੱਚ ਪਹਿਲੇ ਨੰਬਰ 'ਤੇ ਆਉਂਦਾ। ਮੈਂ ਇਹ ਸੋਚ-ਸੋਚ ਬੜੀ ਹੈਰਾਨ ਹੁੰਦੀ ਕਿ ਉਨ੍ਹਾਂ ਦਾ ਇੱਕ ਕਮਰੇ ਵਾਲਾ ਘਰ ਕੱਚਾ ਸੀ ਅਤੇ ਬਰਸਾਤ ਦੇ ਦਿਨਾਂ ਵਿੱਚ ਚੋਂਦਾ ਵੀ ਸੀ, ਬਿਨਾਂ ਦਰਵਾਜ਼ੇ ਤੋਂ ਪੋਹ-ਮਾਘ ਦੀ ਠੰਡ ਅਤੇ ਬਿਨਾਂ ਪੱਖੇ ਤੋਂ ਜੇਠ-ਹਾੜ ਦੀ ਗਰਮੀ ਵਿੱਚ ਮਤਰੇਈ ਮਾਂ ਵੱਲੋਂ ਰੋਜ਼ ਦੀ ਕੁੱਟ, ਖਾਣ ਨੂੰ ਰੋਟੀ ਨਾ ਦੇਣ, ਘਰ ਦਾ ਸਾਰਾ ਕੰਮ ਕਰਾਉਣ ਦੇ ਬਾਵਜੂਦ ਮਨਜੋਤ ਪੜ੍ਹਨ ਵਿੱਚ ਏਨਾ ਹੁਸ਼ਿਆਰ ਕਿਵੇਂ ਸੀ। ਕਈ ਵਾਰ ਮੈਨੂੰ ਮਨਜੋਤ ਤੋਂ ਈਰਖਾ ਵੀ ਹੁੰਦੀ ਕਿਉਂਕਿ ਬਹੁਤ ਕੋਸ਼ਿਸ਼ ਕਰਨ ਤੋਂ ਬਾਅਦ ਵੀ ਲਗਾਤਾਰ ਕਈ ਸਾਲਾਂ ਤੋਂ ਮੈਂ ਜਮਾਤ ਵਿੱਚ ਦੂਜੇ ਨੰਬਰ 'ਤੇ ਹੀ ਆ ਰਹੀ ਸੀ। ਕਈ ਵਾਰ ਜਮਾਤ ਵਿੱਚ ਮਨਜੋਤ ਨੂੰ ਵੇਖ ਕੇ ਮੇਰਾ ਰੋਣਾ ਵੀ ਨਿਕਲ ਆਉਂਦਾ। ਕੜਾਕੇ ਦੀ ਠੰਡ ਵਿੱਚ ਵੀ ਸਿਰਫ਼ ਪੈਂਟ-ਕਮੀਜ਼ ਅਤੇ ਚੱਪਲਾਂ ਵਿੱਚ ਉਸ ਨੂੰ ਵੇਖ ਕੇ ਮੈਨੂੰ ਕਾਂਬਾ ਛਿੜ ਜਾਂਦਾ। ਕਈ ਵਾਰ ਉਸ ਦੇ ਮੂੰਹ ਅਤੇ ਹੱਥਾਂ 'ਤੇ ਜ਼ਖ਼ਮ ਹੋਏ ਹੁੰਦੇ ਕਈ ਵਾਰ ਮਤਰੇਈ ਮਾਂ ਨੇ ਭੁੱਖਾ ਹੀ ਉਸ ਨੂੰ ਘਰੋਂ ਤੋਰ ਦੇਣਾ ਪਰ ਮਨਜੋਤ ਸਭ ਨੂੰ ਹੱਸ ਕੇ ਹੀ ਮਿਲਦਾ।

ਜਿਵੇਂ ਉਸ ਨੂੰ ਮਤਰੇਈ ਮਾਂ ਤੋਂ ਕੋਈ ਪ੍ਰੇਸ਼ਾਨੀ ਹੀ ਨਹੀਂ ਸੀ ਪਰ ਸਾਰਾ ਪਿੰਡ ਜਾਣਦਾ ਸੀ ਕਿ ਰਾਣੀ ਮਨਜੋਤ ਨਾਲ ਕਿਹੋ ਜਿਹਾ ਵਰਤਾਅ ਕਰਦੀ ਸੀ। ਉਂਝ ਤਾਂ ਮਨਜੋਤ ਦਾ ਪਿਓ ਸ਼ਿੰਦਾ ਸਾਡੇ ਸੀਰੀ ਰਲਿਆ ਹੋਇਆ ਸੀ ਪਰ ਉਹ ਨਸ਼ੇ ਦਾ ਆਦੀ ਸੀ। ਇਸ ਲਈ ਪਿਤਾ ਜੀ ਉਸ ਨੂੰ ਘਰ ਵਿੱਚ ਘੱਟ ਹੀ ਵਾੜਦੇ ਅਤੇ ਖੇਤਾਂ ਵਿੱਚ ਹੀ ਕੰਮ ਲਾਈ ਰੱਖਦੇ। ਗੋਹੇ-ਕੂੜੇ ਦਾ ਕੰਮ ਕਦੇ ਰਾਣੀ ਅਤੇ ਕਦੇ ਮਨਜੋਤ ਆ ਕੇ ਕਰ ਜਾਂਦਾ। ਉਦੋਂ ਕਈ ਵਾਰ ਤਾਂ ਮਨਜੋਤ ਮੈਨੂੰ ਸਰ੍ਹੋਂ ਦੇ ਉਸ ਫੁੱਲ ਵਰਗਾ ਲੱਗਦਾ ਜਿਸ ਨੂੰ ਹਿੱਕ ਨਾਲ ਲਾਉਣ ਨੂੰ ਦਿਲ ਕਰਦਾ, ਪਰ ਫਿਰ ਮਨਜੋਤ ਮੈਨੂੰ ਕੰਢਿਆਂ ਵਿੱਚ ਖਿੜੇ ਗੁਲਾਬ ਵਰਗਾ ਲੱਗਣ ਲਗਦਾ, ਜਿਸ ਨੂੰ ਤੋੜ ਕੇ ਆਪਣੇ ਕੋਲ ਸਾਂਭ ਕੇ ਰੱਖਣ ਨੂੰ ਦਿਲ ਤਾਂ ਕਰਦਾ ਪਰ ਹਰ ਵਾਰੀ ਕੰਢਿਆਂ ਵੱਲ ਵੇਖ ਕੇ ਰੂਹ ਕੰਬ ਉੱਠਦੀ। ਮਨਜੋਤ ਬਾਰੇ ਸੋਚਣਾ ਮੈਨੂੰ ਪਹੁ ਫੁਟਾਲੇ ਤੋਂ ਪਹਿਲਾਂ ਦੀ ਲਾਲੀ ਵਰਗਾ ਲਗਦਾ-ਲਗਦਾ ਅਚਾਨਕ ਢਲਦੇ ਸੂਰਜ ਤੋਂ ਬਾਅਦ ਹੋਏ ਘੁੱਪ ਹਨੇਰੇ ਵਰਗਾ ਲੱਗਣ ਲੱਗਦਾ।

ਪੜ੍ਹਦੇ-ਪੜ੍ਹਦੇ ਅਕਸਰ ਮੈਨੂੰ ਉਸ ਦਾ ਖ਼ਿਆਲ ਆ ਜਾਂਦਾ ਤੇ ਮੈਂ ਉਸ ਖ਼ਿਆਲ ਨੂੰ ਲੈ ਕੇ ਬਹੁਤ ਦੂਰ ਤੱਕ ਦੇ ਸੁਪਨੇ ਲੈਣ ਲੱਗਦੀ। ਲੱਗਦਾ ਸੀ ਕਿ ਮਨਜੋਤ ਪੜ੍ਹ-ਲਿਖ ਕੇ ਚੰਗਾ ਅਫ਼ਸਰ ਬਣ ਜਾਵੇ ਤਾਂ ਫਿਰ ਖੌਰੇ ਕੋਈ ਉਮੀਦ ਜਾਗ ਜਾਵੇ। ਇੱਥੇ ਪਹੁੰਚਦਿਆਂ ਅਕਸਰ ਮੇਰਾ ਖ਼ੁਆਬ ਟੁੱਟ ਜਾਂਦਾ ਅਤੇ ਮੈਂ ਹੜਬੜਾ ਕੇ ਫਿਰ ਪੜ੍ਹਨ ਬੈਠ ਜਾਂਦੀ। ਦਸਵੀਂ ਜਮਾਤ ਬੋਰਡ ਦੀ ਸੀ। ਸ਼ਹਿਰ ਦੇ ਸਕੂਲ ਵਿੱਚ ਪ੍ਰੀਖਿਆ ਕੇਂਦਰ ਬਣਿਆ ਸੀ। ਮੈਨੂੰ ਕਦੇ ਵੀਰਾ ਤੇ ਕਦੇ ਪਿਤਾ ਜੀ ਪੇਪਰ ਦੇਣ ਲਈ ਲੈ ਜਾਂਦੇ। ਰਸਤੇ ਵਿੱਚ ਬਾਕੀ ਵਿਦਿਆਰਥੀ ਸਾਈਕਲਾਂ 'ਤੇ ਸ਼ਰਾਰਤਾਂ ਕਰਦੇ ਜਾ ਰਹੇ ਹੁੰਦੇ ਪਰ ਉਹ ਤੁਰ ਕੇ ਹੀ ਜਾਂਦਿਆਂ ਸਕੂਲ ਦੇ ਨਜ਼ਦੀਕ ਰੋਜ਼ ਸਾਨੂੰ ਮਿਲਦਾ। ਜਿੱਥੇ ਨਾਲ ਦੇ ਵਿਦਿਆਰਥੀ ਉਸ ਨੂੰ ਟਿੱਚਰਾਂ ਕਰਦੇ, ਉੱਥੇ ਮੇਰੇ ਪਿਤਾ ਜੀ ਉਸ ਵਿਚਾਰੇ ਦੀ ਲਾਚਾਰੀ ਦਾ ਜ਼ਿਕਰ ਕਰਕੇ ਚੁੱਪ ਕਰ ਜਾਂਦੇ। ਮੈਂ ਉਨ੍ਹਾਂ ਦੀ ਕਿਸੇ ਗੱਲ ਦਾ ਕੋਈ ਹੁੰਗਾਰਾ ਨਾ ਭਰਦੀ। ਪਰ ਮੈਨੂੰ ਉਦੋਂ ਬਹੁਤ ਗੁੱਸਾ ਆਉਂਦਾ ਜਦੋਂ ਵੀਰਾ ਉਸ ਨੂੰ ਉਸ ਦੀ ਜਾਤੀ ਦਾ ਨਾਂ ਲੈ ਕੇ ਗਾਲ੍ਹਾਂ ਕੱਢਦਾ ਤੇ ਉਸ ਕੋਲੋਂ ਗੱਡੀ ਤੇਜ਼ ਕੱਢ ਕੇ ਲੈ ਕੇ ਜਾਂਦਾ। ਮੈਂ ਡਰ ਜਾਂਦੀ ਕਿ ਵੀਰੇ ਨੂੰ ਕਿਸੇ ਗੱਲ ਦਾ ਕੋਈ ਸ਼ੱਕ ਤਾਂ ਨਹੀਂ। ਪਰ ਫਿਰ ਸੋਚਦੀ ਕਿ ਵੀਰੇ ਦੀ ਤਾਂ ਇਹ ਆਦਤ ਹੀ ਸੀ, ਘਰ ਆਏ ਕਿਸੇ ਵੀ ਗ਼ਰੀਬ-ਗੁਰਬੇ ਨਾਲ ਉਹ ਠੀਕ ਵਰਤਾਅ ਨਹੀਂ ਸੀ ਕਰਦਾ। ਪਿਤਾ ਜੀ ਦੇ ਕਈ ਵਾਰ ਸਮਝਾਉਣ 'ਤੇ ਵੀ ਵੀਰੇ ਨੇ ਆਪਣਾ ਸੁਭਾਅ ਨਹੀਂ ਸੀ ਬਦਲਿਆ। ਦਸਵੀਂ ਦੇ ਪੇਪਰ ਨਿਬੜੇ ਤਾਂ ਮਨਜੋਤ ਸ਼ਹਿਰ ਗੱਡੀਆਂ ਦਾ ਕੰਮ ਸਿੱਖਣ ਲੱਗਿਆ। ਦੋ ਮਹੀਨੇ ਬਾਅਦ ਨਤੀਜਾ ਆਇਆ ਤਾਂ ਨਤੀਜੇ ਨੇ ਸਭ ਨੂੰ ਹੈਰਾਨ ਅਤੇ ਪੱਬਾਂ ਭਾਰ ਕਰ ਦਿੱਤਾ। ਮਨਜੋਤ ਜਮਾਤ, ਸਕੂਲ ਜਾਂ ਜ਼ਿਲ੍ਹੇ ਵਿੱਚੋਂ ਹੀ ਨਹੀਂ ਸਗੋਂ ਪੂਰੇ ਸੂਬੇ ਵਿੱਚ ਪਹਿਲੇ ਨੰਬਰ 'ਤੇ ਆਇਆ ਸੀ। ਇਹ ਗੱਲ ਜੰਗਲ ਵਿੱਚ ਅੱਗ ਦੀ ਤਰ੍ਹਾਂ ਫੈਲ ਗਈ। ਮਨਜੋਤ ਦੇ ਘਰ ਲੋਕਾਂ ਦਾ ਤਾਂਤਾ ਲੱਗ ਗਿਆ। ਸ਼ਿੰਦੇ ਨੇ ਖ਼ੁਸ਼ੀ ਵਿੱਚ ਏਨੀ ਸ਼ਰਾਬ ਪੀ ਲਈ ਸੀ ਕਿ ਉਸ ਨੂੰ ਆਪਣਾ ਕੋਈ ਹੋਸ਼ ਨਹੀਂ ਸੀ। ਓਧਰ ਰਾਣੀ ਦੀ ਤਾਂ ਜਿਵੇਂ ਮਾਂ ਹੀ ਮਰ ਗਈ ਹੋਵੇ, ਆਪਣੇ ਘਰ ਰੱਖਿਆ ਰਾਣੀ ਦਾ ਭਾਣਜਾ ਜਿਹੜਾ ਸ਼ਹਿਰ ਦੇ ਪ੍ਰਾਈਵੇਟ ਸਕੂਲ ਵਿੱਚ ਪੜ੍ਹਦਾ ਸੀ ਸਾਰੇ ਪੇਪਰਾਂ ਵਿੱਚੋਂ ਫੇਲ ਹੋ ਗਿਆ। ਇਨ੍ਹਾਂ ਸਭ ਗੱਲਾਂ ਤੋਂ ਅਣਜਾਣ ਮਨਜੋਤ ਹਨੇਰੇ ਹੋਏ ਕੰਮ ਤੋਂ ਘਰ ਆਇਆ ਤਾਂ ਰਾਣੀ ਅਤੇ ਉਸ ਦੇ ਭਾਣਜੇ ਬਿੱਟੂ ਨੇ ਮਨਜੋਤ ਨੂੰ ਕਮਰੇ ਵਿੱਚ ਲਿਜਾ ਕੇ ਉਸ ਦਾ ਚੰਗਾ ਕੁਟਾਪਾ ਚਾੜ੍ਹਿਆ ਅਤੇ ਨਕਲ ਮਾਰ ਕੇ ਪਾਸ ਹੋਣ ਦੇ ਇਲਜ਼ਾਮ ਉਸ 'ਤੇ ਲਾਉਣ ਲੱਗੇ। ਆਂਢ-ਗੁਆਂਢ ਦੇ ਸਭ ਲੋਕ ਇਹ ਵੇਖ ਕੇ ਬਹੁਤ ਨਿਰਾਸ਼ ਹੋ ਰਹੇ ਸਨ ਪਰ ਉਹ ਵਿਚਾਰੇ ਲੜਾਕੂ ਰਾਣੀ ਦੇ ਡਰੋਂ ਬੋਲ ਵੀ ਕੁਝ ਨਹੀਂ ਸਨ ਸਕਦੇ। ਉਸ ਰਾਤ ਮਨਜੋਤ ਰੋਂਦਾ-ਰੋਂਦਾ ਭੁੱਖਾ ਹੀ ਸੌਂ ਗਿਆ। ਸਵੇਰ ਹੋਈ ਤਾਂ ਮਨਜੋਤ ਬਿਨਾਂ ਨਾਹਤੇ-ਧੋਤੇ, ਬਿਨਾਂ ਕੁਝ ਖਾਧੇ-ਪੀਤੇ ਸੂਰਜ ਨਿਕਲਣ ਤੋਂ ਪਹਿਲਾਂ ਹੀ ਘਰੋਂ ਨਿਕਲ ਗਿਆ। ਤੁਰਦਾ-ਤੁਰਦਾ ਉਹ ਸ਼ਹਿਰ ਪਹੁੰਚਿਆ ਤਾਂ ਦਿਨ ਨਿਕਲ ਚੁੱਕਾ ਸੀ। ਦੁਕਾਨ ਮੂਹਰੇ ਝਾੜੂ ਮਾਰਦੇ ਮਨਜੋਤ ਨੂੰ ਮਾਸਟਰ ਕਿਸ਼ੋਰੀ ਲਾਲ ਜੀ ਨੇ ਜੋਤ ਕਹਿ ਕੇ ਆਵਾਜ਼ ਮਾਰੀ ਤਾਂ ਉਹ ਹਰ ਵਾਰ ਦੀ ਤਰ੍ਹਾਂ ਬਹੁਤ ਖ਼ੁਸ਼ ਹੋ ਕੇ ਉਨ੍ਹਾਂ ਨੂੰ ਮਿਲਿਆ। ਮਨਜੋਤ ਨੇ ਮਾਸਟਰ ਜੀ ਦੇ ਪੈਰੀਂ ਹੱਥ ਲਾਏ ਤਾਂ ਉਸ ਦੀ ਹਾਲਤ ਵੇਖ ਕੇ ਮਾਸਟਰ ਜੀ ਦਾ ਦਿਲ ਭਰ ਆਇਆ। ਜਦੋਂ ਮਾਸਟਰ ਜੀ ਨੇ ਮਨਜੋਤ ਅਤੇ ਉਸ ਦੇ ਉਸਤਾਦ ਨੂੰ ਮਨਜੋਤ ਦੇ ਪੂਰੇ ਸੂਬੇ ਵਿੱਚ ਪਹਿਲੇ ਨੰਬਰ 'ਤੇ ਆਉਣ ਵਾਲੀ ਗੱਲ ਦੱਸੀ ਤਾਂ ਮਨਜੋਤ ਦਾ ਉਸਤਾਦ ਬਹੁਤ ਖ਼ੁਸ਼ ਹੋਇਆ ਪਰ ਮਨਜੋਤ ਨੂੰ ਇਸ ਗੱਲ ਦਾ ਬਹੁਤਾ ਫ਼ਰਕ ਨਾ ਪਿਆ। ਉਹ ਝਾੜੂ ਚੁੱਕ ਕੇ ਮੁੜ ਸਫ਼ਾਈ ਕਰਨ ਲੱਗ ਪਿਆ। ਇਹ ਵੇਖ ਕੇ ਮਾਸਟਰ ਜੀ ਅਤੇ ਉਸਤਾਦ ਉਸ ਦੇ ਤਾਜ਼ੇ ਜ਼ਖ਼ਮਾਂ ਅਤੇ ਪਾਟੇ ਕੱਪੜਿਆਂ ਵੱਲ ਵੇਖ ਕੇ ਸਭ ਸਮਝਦਿਆਂ ਮਾਯੂਸ ਹੋ ਗਏ। ਸਾਰੇ ਸ਼ਹਿਰ ਅਤੇ ਪਿੰਡ ਲਈ ਇਹ ਬਹੁਤ ਮਾਣ ਵਾਲੀ ਗੱਲ ਸੀ ਪਰ ਮਨਜੋਤ ਨੇ ਇਸ ਗੱਲ ਵੱਲ ਬਹੁਤਾ ਧਿਆਨ ਨਾ ਦਿੱਤਾ। ਕੁਝ ਸਮਾਂ ਲੰਘਣ ਤੋਂ ਬਾਅਦ ਸਭ ਇਹ ਗੱਲ ਭੁੱਲ ਗਏ। ਹਾਂ, ਮੈਂ ਜ਼ਿਲ੍ਹੇ ਵਿੱਚ ਅਤੇ ਆਪਣੇ ਸਕੂਲ ਵਿੱਚ ਦੂਜੇ ਨੰਬਰ 'ਤੇ ਆਈ ਸਾਂ, ਜਿਸ ਦਾ ਮੇਰੇ ਪਿਤਾ ਜੀ ਨੇ ਮਜ਼ਾਕ ਅਤੇ ਮੇਰੇ ਵੀਰੇ ਨੇ ਗੁੱਸਾ ਮਨਾਇਆ ਸੀ। ਉਨ੍ਹਾਂ ਨੂੰ ਸ਼ਾਇਦ ਮੇਰੀ ਦੂਜੀ ਪੁਜ਼ੀਸ਼ਨ ਦੀ ਏਨੀ ਖ਼ੁਸ਼ੀ ਨਹੀਂ ਸੀ ਜਿੰਨਾ ਮਨਜੋਤ ਦੇ ਅੱਵਲ ਆਉਣ 'ਤੇ ਗੁੱਸਾ ਸੀ। ਵੀਰੇ ਨੇ ਮਨਜੋਤ ਦੀ ਜਾਤ ਦਾ ਨਾਂ ਲੈ ਕੇ ਉਸ ਨੂੰ ਬਹੁਤ ਗਾਲ੍ਹਾਂ ਕੱਢੀਆਂ। ਇਸ ਵਾਰ ਮਾਂ ਜਾਂ ਪਿਤਾ ਜੀ ਨੇ ਵੀ ਵੀਰੇ ਨੂੰ ਇਹ ਸਭ ਕਰਨ 'ਤੇ ਬਿਲਕੁਲ ਨਾ ਝਿੜਕਿਆ। ਦਿਨ ਲੰਘਦੇ ਗਏ। ਮੈਂ ਹੁਣ ਗਿਆਰਵੀਂ ਜਮਾਤ ਵਿੱਚ ਦਾਖਲਾ ਲੈਣਾ ਸੀ। ਪਿੰਡ ਵਾਲਾ ਸਕੂਲ ਸਿਰਫ਼ ਦਸਵੀਂ ਜਮਾਤ ਤੱਕ ਦਾ ਸੀ। ਇਸ ਲਈ ਪਿਤਾ ਜੀ ਮੇਰਾ ਦਾਖਲਾ ਸ਼ਹਿਰ ਦੇ ਸਰਕਾਰੀ ਸਕੂਲ ਵਿੱਚ ਮੈਡੀਕਲ ਵਿੱਚ ਕਰਵਾ ਆਏ ਕਿਉਂਕਿ ਉਨ੍ਹਾਂ ਦਾ ਸੁਪਨਾ ਮੈਨੂੰ ਡਾਕਟਰ ਬਣਾਉਣ ਦਾ ਸੀ ਅਤੇ ਮੇਰਾ ਵੀ ਇਹੋ ਸੁਪਨਾ ਸੀ। ਪਿਤਾ ਜੀ ਨੇ ਮੈਨੂੰ ਸਕੂਲ ਛੱਡਣ ਅਤੇ ਘਰ ਆਉਣ ਲਈ ਰਿਕਸ਼ਾ ਲਵਾ ਦਿੱਤਾ ਸੀ, ਜਿਸ ਵਿੱਚ ਅਸੀਂ ਪਿੰਡ ਦੀਆਂ ਤਿੰਨ ਕੁੜੀਆਂ ਇਕੱਠੀਆਂ ਜਾਂਦੀਆਂ। ਮੈਂ ਬਹੁਤ ਆਸ ਨਾਲ ਅੱਜ ਤਿਆਰ ਹੋ ਕੇ ਸਕੂਲ ਜਾਣ ਲਈ ਨਿਕਲੀ ਕਿ ਅੱਜ ਮਨਜੋਤ ਨਾਲ ਰੱਜ ਕੇ ਗੱਲਾਂ ਕਰਾਂਗੀ ਕਿਉਂਕਿ ਉੱਥੇ ਸਾਨੂੰ ਜਾਨਣ ਵਾਲਾ ਕੋਈ ਨਹੀਂ ਹੋਵੇਗਾ। ਅੱਜ ਗੱਲਾਂ-ਗੱਲਾਂ ਵਿੱਚ ਉਸ ਅੱਗੇ ਆਪਣੇ ਪਿਆਰ ਦਾ ਇਜ਼ਹਾਰ ਵੀ ਕਰ ਦਿਆਂਗੀ। ਮੈਨੂੰ ਸੀ ਕਿ ਮੈਂ ਦੂਜੇ ਨੰਬਰ 'ਤੇ ਆਈ ਹਾਂ ਤੇ ਮੈਡੀਕਲ ਲਿਆ ਹੈ, ਫਿਰ ਮਨਜੋਤ ਤਾਂ ਪਹਿਲੇ ਨੰਬਰ 'ਤੇ ਆਇਆ ਹੈ ਉਸ ਨੇ ਵੀ ਮੈਡੀਕਲ ਹੀ ਲਿਆ ਹੋਵੇਗਾ। ਮੈਂ ਰਾਹ ਵਿੱਚ ਸੋਚਦੀ-ਸੋਚਦੀ ਉੱਥੇ ਪਹੁੰਚ ਗਈ ਜਿਸ ਹਸਪਤਾਲ ਵਿੱਚ ਮੈਂ ਤੇ ਮਨਜੋਤ ਡਾਕਟਰ ਹਾਂ ਅਤੇ ਅਸੀਂ ਇਕੱਠੇ ਹੀ ਗੱਡੀ ਵਿੱਚ ਪਿੰਡੋਂ ਹਸਪਤਾਲ ਆਉਂਦੇ ਹਾਂ। ਮੇਰੇ ਬਾਹੀਂ ਚੂੜਾ ਅਤੇ ਮਨਜੋਤ ਨੇ ਸੂਹੇ ਰੰਗ ਦੀ ਪੱਗ ਬੰਨ੍ਹੀ ਹੋਈ ਹੈ। ਮੇਰਾ ਧਿਆਨ ਉਦੋਂ ਟੁੱਟਿਆ ਜਦੋਂ ਮੈਨੂੰ ਮਨਜੋਤ ਦਿਸਿਆ। ਉਹ ਸੜਕ ਦੇ ਨਾਲ-ਨਾਲ ਕੱਚੇ ਰਸਤੇ 'ਤੇ ਸ਼ਹਿਰ ਵੱਲ ਨੂੰ ਤੁਰਿਆ ਜਾ ਰਿਹਾ ਸੀ। ਉਸ ਨੇ ਉਹੀ ਮੈਲੇ ਜਿਹੇ ਕੱਪੜੇ ਪਾਏ ਹੋਏ ਸਨ। ਇਸ ਤੋਂ ਮੈਨੂੰ ਪਤਾ ਲੱਗ ਗਿਆ ਕਿ ਉਹ ਸਕੂਲ ਤਾਂ ਨਹੀਂ ਸੀ ਜਾ ਰਿਹਾ। ਮੇਰਾ ਦਿਲ ਰੋ ਰਿਹਾ ਸੀ। ਉਸ ਦਿਨ ਮੇਰਾ ਸਕੂਲ ਦਾ ਪਹਿਲਾ ਦਿਨ ਸੀ ਪਰ ਮੇਰਾ ਸਕੂਲ ਵਿੱਚ ਦਿਲ ਨਾ ਲੱਗਾ। ਹਰ ਕੋਈ ਅਧਿਆਪਕ ਹਰ ਕੋਈ ਵਿਦਿਆਰਥੀ ਬੜੀ ਹੈਰਾਨੀ ਨਾਲ ਮਨਜੋਤ ਦੀਆਂ ਹੀ ਗੱਲਾਂ ਕਰ ਰਿਹਾ ਸੀ। ਮੇਰਾ ਹੁਣ ਪੜ੍ਹਾਈ ਵਿੱਚ ਦਿਲ ਨਾ ਲੱਗਦਾ, ਨਾ ਕਿਸੇ ਨਾਲ ਕੋਈ ਗੱਲ ਕਰਨ ਨੂੰ ਦਿਲ ਕਰਦਾ, ਨਾ ਕੁਝ ਖਾਣ ਨੂੰ ਦਿਲ ਕਰਦਾ। ਮੈਂ ਬਸ ਮਨਜੋਤ ਬਾਰੇ ਹੀ ਸੋਚੀ ਜਾਂਦੀ ਕਿ ਉਸ ਵਰਗਾ ਹੁਸ਼ਿਆਰ ਮੁੰਡਾ ਅੱਗੇ ਪੜ੍ਹਾਈ ਕਿਉਂ ਨਹੀਂ ਕਰ ਰਿਹਾ, ਕੀ ਕਾਰਨ ਹੋ ਸਕਦਾ ਹੈ? ਫਿਰ ਮੈਨੂੰ ਮਾਤਾ ਜੀ ਅਤੇ ਚਾਚੀ ਜੀ ਦੀਆਂ ਗੱਲਾਂ ਤੋਂ ਪਤਾ ਲੱਗਾ ਕਿ ਸ਼ਰਾਬ ਪੀ-ਪੀ ਕੇ ਸ਼ਿੰਦੇ ਦੇ ਗੁਰਦੇ ਖ਼ਰਾਬ ਹੋ ਗਏ ਅਤੇ ਉਹ ਮਰਨ ਕੰਢੇ ਪਿਆ ਹੈ। ਇਸ ਕਰਕੇ ਘਰ ਦੀ ਸਾਰੀ ਜ਼ਿੰਮੇਵਾਰੀ ਹੁਣ ਮਨਜੋਤ ਸਿਰ ਪੈ ਗਈ। ਉੱਤੋਂ ਰਾਣੀ ਨੇ ਵੀ ਕੰਮ ਛੱਡ ਦਿੱਤਾ ਸੀ ਅਤੇ ਘਰ ਵੀ ਚੋਰੀਓਂ ਆਪਣੇ ਨਾਂ ਕਰਵਾ ਲਿਆ ਸੀ। ਉਹ ਸ਼ਿੰਦੇ ਨੂੰ ਛੱਡ ਕੇ ਆਪਣੇ ਭਾਣਜੇ ਨਾਲ ਕਿਤੇ ਚਲੀ ਗਈ ਸੀ। ਹੁਣ ਮਨਜੋਤ ਘਰ ਦਾ ਸਾਰਾ ਕੰਮ ਵੀ ਕਰਦਾ, ਆਪਣੇ ਬਾਪੂ ਦੀ ਦੇਖਭਾਲ ਵੀ ਕਰਦਾ ਅਤੇ ਕੰਮ 'ਤੇ ਵੀ ਜਾਂਦਾ। ਹੌਲੀ-ਹੌਲੀ ਉਸ ਨੇ ਕੰਮ 'ਤੇ ਜਾਣਾ ਵੀ ਬੰਦ ਕਰ ਦਿੱਤਾ। ਹੁਣ ਉਹ ਮੈਨੂੰ ਕਦੇ ਹੀ ਰਾਹ ਵਿੱਚ ਦਿਸਦਾ। ਹੁਣ ਉਹ ਸੋਹਣਾ ਵੀ ਨਹੀਂ ਸੀ ਰਿਹਾ। ਰੰਗ ਪਹਿਲਾਂ ਨਾਲੋਂ ਬਹੁਤ ਕਾਲਾ ਹੋ ਗਿਆ ਸੀ ਜਿਵੇਂ ਉਸ ਦਾ ਖ਼ੂਨ ਹੀ ਸੁੱਕ ਗਿਆ ਹੋਵੇ। ਸਰੀਰ ਵੀ ਜਮ੍ਹਾਂ ਮਰੀਅਲ ਜਿਹਾ ਹੋ ਗਿਆ ਸੀ। ਹੁਣ ਕਦੇ-ਕਦਾਈਂ ਰਾਹ ਵਿੱਚ ਜਾਂਦਾ ਉਹ ਵੀ ਮੇਰੇ ਵੱਲ ਵੇਖ ਲੈਂਦਾ ਸੀ। ਉਹ ਮੈਨੂੰ ਤਰਸੀ ਜਿਹੀ ਨਿਗ੍ਹਾ ਨਾਲ ਵੇਖਦਾ, ਜਿਵੇਂ ਮੇਰੇ ਤੋਂ ਕੁਝ ਮੰਗਣਾ ਚਾਹੁੰਦਾ ਹੋਵੇ। ਮੈਂ ਡਰ ਜਾਂਦੀ ਤੇ ਡਰ ਕੇ ਮੂੰਹ ਪਰ੍ਹਾਂ ਕਰ ਲੈਂਦੀ। ਮੇਰਾ ਦਿਲ ਜ਼ੋਰ-ਜ਼ੋਰ ਨਾਲ ਧੜਕਣ ਲੱਗਦਾ। ਮੈਂ ਸੋਚਦੀ ਕਿ ਜਿਸ ਮੁੰਡੇ ਨੇ ਦਸ ਸਾਲ ਇਕੱਠਿਆਂ ਪੜ੍ਹਦਿਆਂ ਮੈਨੂੰ ਕਦੇ ਚੱਜ ਨਾਲ ਬੁਲਾਇਆ ਨਹੀਂ, ਉਹ ਹੁਣ ਮੇਰੇ ਵੱਲ ਐਵੇਂ ਤਰਸੀ ਜਿਹੀ ਨਿਗ੍ਹਾ ਨਾਲ ਕਿਉਂ ਵੇਖਦਾ ਹੈ। ਸਾਰਾ ਦਿਨ ਮੇਰੇ ਮਨ ਵਿੱਚ ਇਹੋ ਖ਼ਿਆਲ ਚਲਦੇ ਰਹਿੰਦੇ। ਦਿਨ ਬੀਤਦੇ ਗਏ, ਸਾਲ ਬੀਤਦੇ ਗਏ ਅਤੇ ਹੁਣ ਮਨਜੋਤ ਮੈਨੂੰ ਦਿਸਣੋਂ ਹਟ ਗਿਆ ਅਤੇ ਮੇਰਾ ਦਾਖਲਾ ਮੈਡੀਕਲ ਕਾਲਜ ਵਿੱਚ ਡਾਕਟਰੀ ਦੀ ਪੜ੍ਹਾਈ ਲਈ ਹੋ ਗਿਆ। ਮੇਰਾ ਧਿਆਨ ਹੁਣ ਪੜ੍ਹਾਈ ਵਿੱਚ ਹੋਣ ਕਰਕੇ ਮਨਜੋਤ ਵੱਲ ਨਾ ਜਾਂਦਾ। ਕਦੇ ਕਦਾਈਂ ਸੌਣ ਦਾ ਵੇਲਾ ਹੁੰਦਾ ਜਾਂ ਸਕੂਲ ਮੂਹਰੋਂ ਲੰਘਦੀ ਤਾਂ ਉਹ ਯਾਦ ਆ ਜਾਂਦਾ। ਫਿਰ ਇੱਕ ਦਿਨ ਮੈਂ ਕਾਲਜੋਂ ਵਾਪਸ ਆਈ ਤਾਂ ਮਾਂ ਤੋਂ ਪਤਾ ਲੱਗਿਆ ਕਿ ਉਹ ਇਸ ਦੁਨੀਆ ਤੋਂ ਜਾ ਚੁੱਕਿਆ ਸੀ। ਮਾਂ ਨੇ ਦੱਸਿਆ ਕਿ ਪਿਤਾ ਦੇ ਗੁਰਦੇ ਖ਼ਰਾਬ ਹੋਣ 'ਤੇ ਮਨਜੋਤ ਨੇ ਆਪਣੇ ਪਿਤਾ ਨੂੰ ਆਪਣਾ ਇੱਕ ਗੁਰਦਾ ਦੇ ਦਿੱਤਾ ਸੀ।

ਗੁਰਦਾ ਦੇ ਤਾਂ ਦਿੱਤਾ ਪਰ ਸ਼ਰਾਬੀ ਪਿਓ ਫਿਰ ਵੀ ਸ਼ਰਾਬ ਪੀਣੋਂ ਨਾ ਹਟਿਆ। ਇੱਧਰ ਜ਼ਖ਼ਮ ਦੀ ਸਫ਼ਾਈ ਦਾ ਧਿਆਨ ਨਾ ਰੱਖਣ ਕਰਕੇ ਮਨਜੋਤ ਦੀ ਸਿਹਤ ਵੀ ਜ਼ਿਆਦਾ ਖ਼ਰਾਬ ਰਹਿਣ ਲੱਗੀ। ਅੰਤ ਇਨਫੈਕਸ਼ਨ ਜ਼ਿਆਦਾ ਫੈਲਣ ਕਰਕੇ ਉਸ ਦਾ ਦੂਜਾ ਗੁਰਦਾ ਖਰਾਬ ਹੋ ਗਿਆ। ਫਿਰ ਵੀ ਉਹ ਆਪਣੀ ਗੰਭੀਰ ਹਾਲਤ ਨੂੰ ਅਣਗੌਲਿਆਂ ਕਰਦਾ ਰਿਹਾ ਅਤੇ ਇਲਾਜ ਵੀ ਕੋਈ ਨਾ ਲਿਆ। ਇਸ ਦੇ ਸਿੱਟੇ ਵਜੋਂ ਉਹ ਤੜਫਦਾ-ਤੜਫਦਾ ਦੁਨੀਆ ਛੱਡ ਗਿਆ। ਇਸ ਗੱਲ ਨੂੰ ਮਹੀਨਾ ਹੋ ਗਿਆ ਸੀ ਅਤੇ ਮੈਨੂੰ ਅੱਜ ਪਤਾ ਲੱਗਿਆ। ਮੇਰੀਆਂ ਅੱਖਾਂ ਅੱਗੇ ਸਾਰਾ ਉਹ ਸਕੂਲ ਦਾ ਸਮਾਂ ਆ ਗਿਆ, ਉਹ ਸੋਹਣਾ ਸੁਨੱਖਾ ਮਨਜੋਤ ਆ ਗਿਆ। ਮੈਂ ਬਹੁਤ ਹੈਰਾਨ ਸੀ ਕਿ ਜੇਕਰ ਮਨਜੋਤ ਨੂੰ ਪੂਰੇ ਹੋਏ ਨੂੰ ਮਹੀਨੇ ਤੋਂ ਵੀ ਵੱਧ ਹੋ ਗਿਆ ਤਾਂ ਪਿਛਲੇ ਇੱਕ ਮਹੀਨੇ ਤੋਂ ਰੋਜ਼ ਰਾਤ ਨੂੰ ਮੇਰੇ ਨਾਲ ਗੱਲਾਂ ਕਰਨ ਵਾਲਾ ਉਹ ਸ਼ਖ਼ਸ ਕੌਣ ਸੀ। ਮੈਨੂੰ ਜਾਪਦਾ ਕਿ ਰੋਜ਼ ਰਾਤ ਨੂੰ ਪਤਾ ਨਹੀਂ ਕਿਹੜੇ ਵਕਤ ਉਹ ਮੇਰੇ ਪੈਰਾਂ ਕੋਲ ਆ ਕੇ ਬਹਿ ਜਾਂਦਾ, ਕੁਝ ਕਹਿਣਾ ਚਾਹੁੰਦਾ ਪਰ ਕਹਿੰਦਾ ਨਾ। ਮੈਂ ਹੀ ਬੋਲੀ ਜਾਂਦੀ। ਉਹ ਹਮੇਸ਼ਾ ਵਾਂਗੂ ਮੂੰਹ ਥੱਲੇ ਕਰਕੇ ਸੁਣਦਾ ਰਹਿੰਦਾ। ਮੇਰੀ ਅਚਾਨਕ ਚੀਕ ਨਿਕਲ ਗਈ, ਜਦੋਂ ਅੱਜ ਵੀ ਉਹ ਮੇਰੇ ਕੋਲ ਆਇਆ ਤੇ ਮੈਂ ਉੱਠ ਕੇ ਉਸ ਨਾਲ ਚੱਲ ਪਈ।

## ਮਿੰਨੀ ਕਹਾਣੀ

# ਸਟੈਂਡ

ਪ੍ਰਗਟ ਢਿੱਲੋਂ

"ਫਰਿੱਜਾਂ ਦੇ, ਟੀਵੀ ਦੇ, ਕੂਲਰਾਂ ਦੇ, ਵਾਸ਼ਿੰਗ ਮਸ਼ੀਨਾਂ ਦੇ, ਇਨਵਰਟਰਾਂ ਦੇ ਸਟੈਂਡ ਲਓ ਭਾਈ!!" ਹੋਕਾ ਲਾਉਂਦਿਆਂ ਜਦੋਂ ਸੱਥ ਵਿਚਦੀ ਸਟੈਂਡ ਵੇਚਣ ਵਾਲਾ ਲੰਘਿਆ ਤਾਂ ਬਾਬਿਆਂ ਵਿੱਚ ਬੈਠੇ ਕਾਮਰੇਡ ਦਲੀਪ ਸਿਹੁੰ ਨੇ ਸਟੈਂਡ ਵੇਚਣ ਵਾਲੇ ਨੂੰ ਆਵਾਜ਼ ਮਾਰ ਕੇ ਰੋਕਦਿਆਂ ਪੁੱਛਿਆ, "ਜਵਾਨਾ ਕੀ ਵੇਚਦੈਂ?" ਤਾਂ ਸਟੈਂਡ ਵੇਚਣ ਵਾਲੇ ਨੇ ਕਿਹਾ, "ਬਾਬਾ ਜੀ, ਸਾਰੇ ਤਰ੍ਹਾਂ ਦੇ ਸਟੈਂਡ ਵੇਚਦਾ ਹਾਂ।" ਹੁਣ ਕਾਮਰੇਡ ਦਲੀਪ ਸਿਹੁੰ ਆਪਣੇ ਹੱਥ ਵਿੱਚ ਫੜੇ ਖੂੰਡੇ 'ਤੇ ਠੋਡੀ ਰੱਖ ਕੇ ਸੋਚਣ ਲੱਗ ਪਿਆ ਸੀ। ਸੋਚਾਂ ਸੋਚਦੇ ਨੂੰ ਵੇਖ ਸਟੈਂਡ ਵਾਲਾ ਬੋਲਿਆ, "ਬਾਬਾ ਜੀ, ਕੀ ਸੋਚਣ ਲੱਗ ਪਏ ਹੋ? ਦੱਸੋ ਕਿਹੜਾ ਸਟੈਂਡ ਦੇਵਾਂ?"

ਕਾਮਰੇਡ ਦਲੀਪ ਸਿੰਹੁੰ ਸਟੈਂਡ ਵੇਚਣ ਵਾਲੇ ਨੂੰ ਕਹਿਣ ਲੱਗਾ ਕਿ "ਜਿਹੜੇ ਸਟੈਂਡ ਮੈਂ ਭਾਲਦਾਂ ਹਾਂ ਉਹ ਤੇਰੇ ਕੋਲ ਇੱਕ ਵੀ ਨਹੀਂ ਹੈ।" ਸਟੈਂਡ ਵੇਚਣ ਵਾਲਾ ਫਿਰ ਕਾਮਰੇਡ ਨੂੰ ਕਹਿਣ ਲੱਗਾ, "ਬਾਬਾ ਜੀ, ਤੁਸੀਂ ਦੱਸੋ ਤਾਂ ਸਹੀ ਤੁਹਾਨੂੰ ਕਿਹੜਾ ਸਟੈਂਡ ਚਾਹੀਦਾ ਹੈ।" ਕਾਮਰੇਡ ਨੇ ਕਿਹਾ, "ਮੈਨੂੰ ਤਾਂ ਘੱਟੋ ਘੱਟ ਚਾਲੀ ਪੰਜਾਹ ਸਟੈਂਡ ਚਾਹੀਦੇ ਹਨ ਜਿਨ੍ਹਾਂ ਵਿੱਚ ਦਸ ਪੰਦਰਾਂ ਛੋਟੇ ਤੇ ਤੀਹ ਪੈਂਤੀ ਵੱਡੇ ਸਟੈਂਡ ਹੋਣ।" ਸਟੈਂਡ ਵਾਲਾ ਬੋਲਿਆ, "ਬਾਬਾ ਜੀ, ਸ਼ਾਇਦ ਤੁਸੀਂ ਦੁਕਾਨਦਾਰ ਹੋਵੋਗੇ ਤੇ ਤੁਹਾਡੇ ਨਾਲ ਰੇਟ ਵੀ ਥੋੜ੍ਹਾ ਬਹੁਤਾ ਘੱਟ ਕਰ ਲਵਾਂਗੇ। ਇਹ ਵੀ ਦੱਸੋ ਕਿ ਤੁਸੀਂ ਸਟੈਂਡ ਕਾਹਦੇ ਕਾਹਦੇ ਲੈਣੇ ਹਨ।" ਹੁਣ ਕਾਮਰੇਡ ਨੇ ਆਪਣੇ ਮੋਢੇ 'ਤੇ ਰੱਖੇ ਦੁਪੱਟੇ ਨਾਲ ਆਪਣੀ ਐਨਕ ਦੇ ਸ਼ੀਸ਼ੇ ਸਾਫ਼ ਕਰਦਿਆਂ ਕਿਹਾ,, ਜਵਾਨਾ, ਮੈਂ ਕੋਈ ਦੁਕਾਨਦਾਰ ਨਹੀਂ। ਲੈ ਜੇ ਤੂੰ ਪੁੱਛ ਹੀ ਬੈਠਾ ਤਾਂ



ਤੈਨੂੰ ਮੈਂ ਦੱਸ ਦਿੰਦਾ ਹਾਂ ਕਿ ਮੈਂ ਇਹ ਸਟੈਂਡ ਉਨ੍ਹਾਂ ਲੋਕਾਂ ਲਈ ਲੈਣੇ ਹਨ ਜੋ ਦੋਧੀ ਦੇ ਮੋਟਰਸਾਈਕਲ ਵਰਗੇ ਹੁੰਦੇ ਹਨ ਜਿਸ ਨੂੰ ਜਿਧਰ ਮਰਜ਼ੀ ਟੇਢਾ ਕਰ ਲਵੋ। ਵੱਡੇ ਤੀਹ ਪੈਂਤੀ ਸਟੈਂਡ ਮੰਤਰੀਆਂ ਤੇ ਵਿਧਾਇਕਾਂ ਵਾਸਤੇ ਲੈਣੇ ਹਨ ਜਿਹੜੇ ਹਰ ਚੋਣਾਂ ਵਿੱਚ ਪਾਰਟੀ ਬਦਲ ਲੈਂਦੇ ਹਨ ਤੇ ਬਾਕੀ ਛੋਟੇ ਦਸ ਪੰਦਰਾਂ ਸਟੈਂਡ ਆਪਣੇ ਪਿੰਡ ਵਾਲੇ ਉਨ੍ਹਾਂ ਲੋਕਾਂ ਲਈ ਵੀ ਲੈਣੇ ਹਨ ਜਿਹੜੇ ਹਰ ਵਾਰ ਜਿੱਤੀ ਹੋਈ ਪਾਰਟੀ ਵਿੱਚ ਰਲ ਜਾਂਦੇ ਹਨ। ਕਿਉਂ ਹੈ ਕੋਈ ਇਹੋ ਜਿਹੇ ਤੇਰੇ ਕੋਲ ਸਟੈਂਡ?"

ਹੁਣ ਸਟੈਂਡ ਵੇਚਣ ਵਾਲਾ ਵੀ ਕਾਮਰੇਡ ਦਲੀਪ ਸਿਹੁੰ ਦੀਆਂ ਗੁੱਝੀਆਂ ਰਮਜ਼ਾਂ ਤੇ ਲੀਡਰਾਂ ਤੇ ਪਿੰਡ ਦੇ ਲੋਕਾਂ ਦੇ ਹੱਥ ਛੱਡ ਕੇ ਮਾਰੀਆਂ ਕੈਂਚੀਆਂ ਨੂੰ ਸਮਝਣ ਲੱਗ ਪਿਆ ਸੀ। ਅਖੀਰ ਖਚਰੀ ਜਿਹੀ ਹਾਸੀ ਹੱਸਦਿਆਂ ਕਹਿਣ ਲੱਗਾ, "ਬਾਬਾ ਜੀ, ਉਨ੍ਹਾਂ ਲੋਕਾਂ ਵਾਸਤੇ ਤਾਂ ਰੱਬ ਹੀ ਸਟੈਂਡ ਬਣਾ ਸਕਦੈ," ਕਹਿ ਕੇ ਜੁਗਾੜੂ ਰੇਹੜੀ ਵਾਲੇ ਰੇਹੜੀ ਨੂੰ ਕਿੱਕ ਮਾਰੀ ਤੇ ਤੁਰਨ ਲੱਗਿਆ। ਸੱਥ ਵਿੱਚ ਬੈਠੇ ਵੈਲੀਆਂ ਦੇ ਅਰਜਨ ਨੇ ਹੱਸ ਕੇ ਸਟੈਂਡ ਵਾਲੇ ਨੂੰ ਕਿਹਾ, "ਓ ਭਾਈ, ਦੇ ਜਾਂਦਾ ਸਮਾਨ ਸਾਡੇ ਕਾਮਰੇਡ ਨੂੰ ਜਿਹੜਾ ਮੰਗਦਾ ਸੀ। ਤੁਰਿਆ ਜਾਂਦਾ ਸਟੈਂਡ ਵਾਲਾ ਕਹਿੰਦਾ "ਜਿਹੜਾ ਸਮਾਨ ਬਾਬਾ ਜੀ ਮੰਗਦੇ ਨੇ ਉਹ ਮੇਰੇ ਵੱਸ ਦਾ ਰੋਗ ਨਹੀਂ। ਇਹ ਸਮਾਨ ਤਾਂ ਕਿਸੇ ਬਜ਼ਾਰ 'ਚੋਂ ਵੀ ਨਹੀਂ ਮਿਲਣਾ।"





## ਸ਼ਰੀਂਹ ਦੇ ਫ਼ੁੱਲ

ਸ਼ਿਵ ਕੁਮਾਰ ਬਟਾਲਵੀ



ਦਿਲ ਦੇ ਝੱਲੇ ਮਿਰਗ ਨੂੰ ਲੱਗੀ ਹੈ ਤੇਹ ,
ਪਰ ਨੇ ਦਿਸਦੇ ਹਰ ਤਰਫ਼ ਵੀਰਾਨ ਥੇਹ ।
ਕੀ ਕਰਾਂ ? ਕਿਥੋਂ ਬੁਝਾਵਾਂ ਮੈਂ ਪਿਆਸ,
ਹੋ ਗਏ ਬੰਜਰ ਜਿਹੇ ਦੋ ਨੈਣ ਇਹ ।
ਥਲ ਹੋਏ ਦਿਲ ’ਚੋਂ ਗ਼ਮਾਂ ਦੇ ਕਾਫ਼ਲੇ,
ਰੋਜ਼ ਲੰਘਦੇ ਨੇ ਉਡਾ ਜਾਂਦੇ ਨੇ ਖੇਹ ।
ਦੁਆਰ ਦਿਲ ਦੇ ਖਾ ਗਈ ਹਠ ਦੀ ਸਿਉਂਕ,
ਖਾ ਗਈ ਚੰਦਨ ਦੀ ਦੇਹ ਬਿਰਹੋਂ ਦੀ ਲੇਹ ।
ਰਤਨ ਖ਼ੁਸ਼ੀਆਂ ਦੇ ਮਣਾਂ ਮੂੰਹ ਪੀਹ ਲਏ,
ਇਕ ਪਰਾਗਾ ਰੋੜ ਪਰ ਹੋਏ ਨਾ ਪੀਹ ।
ਮਨ ਮੋਏ ਦਾ ਗਾਹਕ ਨਾ ਮਿਲਿਆ ਕੋਈ,
ਤਨ ਦੀ ਡੋਲੀ ਦੇ ਮਿਲੇ ਪਰ ਰੋਜ਼ ਵੀਹ ।
ਚਿਰ ਹੋਇਆ ਮੇਰੇ ਮੁਹਾਣੇ ਡੁੱਬ ਗਏ,
ਹੁਣ ਸਹਾਰੇ ਖ਼ਿਜ਼ਰ ਦੇ ਦੀ ਲੋੜ ਕੀਹ ?
ਜਾਣਦੇ ਬੁਝਦੇ ਯਸੂ ਦੇ ਰਹਿਨੁਮਾ,
ਚਾੜ੍ਹ ਆਏ ਬੇ-ਗੁਨਾਹ ਸੂਲੀ ਮਸੀਹ ।
ਮੇਰਿਆਂ ਗੀਤਾਂ ਦੀ ਮੈਨਾਂ ਮਰ ਗਈ,
ਰਹਿ ਗਿਆ ਪਾਂਧੀ ਮੁਕਾ ਪਹਿਲਾ ਹੀ ਕੋਹ ।
ਆਖ਼ਰੀ ਫ਼ੁੱਲ ਵੀ ਸ਼ਰੀਂਹ ਦਾ ਡਿੱਗ ਪਿਆ,
ਖਾ ਗਿਆ ਸਰਸਬਜ਼ ਜੂਹਾਂ ਸਰਦ ਪੋਹ ।
ਚੰਨ ਦੀ ਰੋਟੀ ਪਕਾਈ ਤਾਰਿਆਂ,
ਬਦਲੀਆਂ ਮਰ ਜਾਣੀਆਂ ਗਈਆਂ ਲੈ ਖੋਹ ।
ਗੋਂਦਵੀਂ ਆਸਾਂ ਦੀ ਡੋਰੀ ਟੁੱਟ ਗਈ,
ਧਾਣ ਚਿੜੀਆਂ ਠੂੰਗ ਲਏ ਥੋਥੇ ਨੇ ਤੋਹ ।
ਪੈ ਗਈਆਂ ਫ਼ੁੱਲਾਂ ਦੇ ਮੂੰਹ ’ਤੇ ਝੁਰੜੀਆਂ,
ਤਿਤਲੀਆਂ ਦੀ ਹੋ ਗਈ ਧੁੰਦਲੀ ਨਿਗਾਹ ।
ਫ਼ੂਕ ਘੱਤੇ ਪਰ ਕਿਸੇ ਅੱਜ ਮੋਰ ਦੇ,
ਹਫ਼ ਗਏ ਕਿਸੇ ਭੌਰ ਦੇ ਉੱਡ-ਉੱਡ ਕੇ ਸਾਹ ।
ਵਗ ਰਹੀ ਹੈ ਓਪਰੀ ਜਿਹੀ ਅੱਜ ਹਵਾ,
ਲੌਂਗ ਊਸ਼ਾ ਦੇ, ਦੀ ਹੈ ਕੁਝ ਹੋਰ ਭਾਹ ।
ਫ਼ੂਕ ਲੈਣੇ ਨੇ ਮੈਂ ਢਾਰੇ ਆਪਣੇ,
ਭੁੱਲ ਜਾਣੇ ਨੇ ਮੈਂ ਆਪਣੇ ਆਪ ਰਾਹ ।
ਦੂਰ ਹੋ ਕੇ ਬਹਿ ਦਿਲ ਦੀਏ ਹਸਰਤੇ,
ਛੂਹ ਨਾ ਪੀੜਾਂ ਮਾਰੀਏ ਮੈਨੂੰ ਨਾ ਛੂਹ ।
ਖਾਣ ਦੇ ਜਿੰਦੂ ਨੂੰ ਕੱਲਰ ਸੋਗ ਦੇ,
ਮਹਿਕੀਆਂ ਰੋਹੀਆਂ ਦੇ ਵੱਲ ਇਹਨੂੰ ਨਾ ਧੂਹ ।
ਥੱਕ ਗਈ ਮੂੰਹ-ਜ਼ੋਰ ਜਿੰਦ ਲਾਹ ਲੈ ਲਗਾਮ,
ਨਰੜ ਕੇ ਬੰਨ੍ਹ ਲੈ ਮੇਰੀ ਬੇਚੈਨ ਰੂਹ ।
ਪੀਣ ਦੇ ਆਡਾਂ ਨੂੰ ਪਾਣੀ ਪੀਣ ਦੇ,
ਭਰ ਨਸਾਰਾਂ ਵਹਿਣ ਦੇ ਨੈਣਾਂ ਦੇ ਖੂਹ ।



ਹਨ੍ਹੇਰੀ ਵੀ ਜਗਾ ਸਕਦੀ ਹੈ ਦੀਵੇ
ਕਦੀ ਮੈਨੂੰ ਪਤਾ ਲੱਗਣਾ ਨਹੀਂ ਸੀ
ਜੇ ਸਾਰੇ ਹੋਰ ਦੀਵੇ ਬੁਝ ਨ ਜਾਂਦੇ
ਤਾਂ ਦੀਵਾ ਦਿਲ ਦਾ ਇਉਂ ਜਗਣਾ ਨਹੀਂ ਸੀ

ਜੇ ਮੇਰੇ ਸਿਰ ’ਤੇ ਇਉਂ ਸੂਰਜ ਨਾ ਤਪਦਾ
ਮੈਂ ਝੂਠੀ ਸ਼ਾਨ ਵਿੱਚ ਰਹਿੰਦਾ ਚਮਕਦਾ
ਕਿਸੇ ਚੋਟੀ ਤੇ ਠਹਿਰੀ ਬਰਫ਼ ਹੁੰਦਾ
ਮੈਂ ਬਣ ਕੇ ਨੀਰ ਇਉਂ ਵਗਣਾ ਨਹੀਂ ਸੀ

ਹਵਾ ਮੇਰੇ ਮੁਖਾਲਿਫ਼ ਜੇ ਨ ਵਗਦੀ
ਜੇ ਮੇਰੇ ਘਰ ਨੂੰ ਵੀ ਅਗਨੀ ਨ ਲਗਦੀ
ਕਿਹੀ ਫ਼ਿਤਰਤ ਤਮਾਸ਼ਾਈ ਹੈ ਜੱਗ ਦੀ
ਕਦੀ ਮੈਨੂੰ ਪਤਾ ਲੱਗਣਾ ਨਹੀਂ ਸੀ

ਅਜਬ ਸੀਨੇ ’ਚ ਅੱਜ ਵੀਰਾਨਗੀ ਹੈ
ਜੋ ਸੀਨੇ ਨਾਲ ਲੱਗੀ ਸਾਨਗੀ ਹੈ
ਜੇ ਇਸ ਦੇ ਦਿਲ ’ਚ ਸੁੰਨਾਪਨ ਨ ਹੁੰਦਾ
ਤਾਂ ਇਸ ਤੋਂ ਮੇਰਾ ਸੁਰ ਲੱਗਣਾ ਨਹੀਂ ਸੀ

ਜੇ ਮੁੱਕਦੀ ਚਾਰ ਦਿਨ ਦੀ ਚਾਨਣੀ ਨਾ
ਕਲੇਜਾ ਇੰਜ ਹੁੰਦਾ ਛਾਨਣੀ ਨਾ
ਤਾਂ ਮੈਨੂੰ ਚਾਨਣਾ ਹੋਣਾ ਨਹੀਂ ਸੀ
ਕਦੇ ਸੱਚ ਦਾ ਪਤਾ ਲੱਗਣਾ ਨਹੀਂ ਸੀ

## ਬੱਦਲਾਂ ਮੰਨੀ ਕੂੰਜ ਦੀ ਗੱਲ


ਮਨਮੋਹਨ ਸਿੰਘ ਦਾਊਂ



ਬੱਦਲਾਂ ਰਲ-ਮਿਲ ਕੀਤੀ ਗੱਲ,
ਚੱਲੋ ਭੱਜ ਚੱਲੀਏ ਵੱਲ ਥਲ।
ਨੀਲਾ ਅੰਬਰ ਹੁਣ ਸੁੰਨਾ ਲੱਗਦਾ,
ਦਿਨ ਵੇਲੇ ਨਾ ਤਾਰਾ ਜਗਦਾ।
ਉੱਡ-ਉੱਡ ਅਸੀਂ ਹੰਭ ਗਏ ਹਾਂ,
ਕਿੰਨੇ ਉੱਚੇ ਲੰਘ ਗਏ ਹਾਂ।
ਬਿਜਲੀ ਕੜਕੇ ਡਰ ਹੈ ਆਉਂਦਾ,
ਹੁਣ ਨਾ ਅੰਬਰ ਸਾਨੂੰ ਭਾਉਂਦਾ।
ਘੁੱਪ-ਹਨੇਰਾ ਕਦੇ ਡਰਾਏ,
ਧੱਕ-ਧੱਕ ਕਰਦਾ ਦਿਲ ਘਬਰਾਏ।
ਦੇਖੀਏ ਚੱਲ ਕੇ ਧਰਤੀ ਮਾਂ,
ਰੁੱਖਾਂ ਦੀ ਹੈ ਜਿੱਥੇ ਛਾਂ।
ਉੱਥੇ ਕੁਦਰਤ ਹੈ ਬਲਿਹਾਰੀ,
ਰੰਗ-ਬਰੰਗੀ ਦੁਨੀਆਂ ਪਿਆਰੀ।
ਸੋਚਣ ਲੱਗੇ ਬੱਦਲ ਭਾਰੇ,
ਥੱਲੇ ਚੱਲੀਏ ਰਲ-ਮਿਲ ਸਾਰੇ।
ਧੁਰ ਟੰਗਿਆ ਸਾਨੂੰ ਅਸਮਾਨੀ,
ਨਾ ਕੋਈ ਸਾਡਾ ਦਰਦੀ ਜਾਨੀ।
ਕੂੰਜ ਨੇ ਸੁਣ ਲਈ ਬੱਦਲਾਂ ਦੀ ਗੱਲ,
ਮਸਲਾ ਕਿੰਜ ਕਰਾਂ ਮੈਂ ਹੱਲ।
ਨਹੀਂ, ਨਹੀਂ ਤੁਸੀਂ ਅੰਬਰੀਂ ਸੋਂਹਦੇ,
ਤੁਸੀਂ ਤਾਂ ਸਭ ਦੇ ਮਨਾਂ ਨੂੰ ਮੋਂਹਦੇ।
ਇੱਥੇ ਭੀੜ-ਭੜੱਕਾ ਹੋਇਆ,
ਪ੍ਰਦੂਸ਼ਣ ਕਾਰਨ, ਨਾ ਜਾਏ ਖਲੋਇਆ।
ਤੁਹਾਡਾ ਕੰਮ ਹੈ ਵਰਖਾ ਕਰਨਾ,
ਧਰਤੀ ਉੱਤੇ ਰਹਿੰਦੇ ਵਰ੍ਹਨਾ।
ਕੂੰਜ ਨੇ ਨੁਕਤਾ ਇਹ ਸਮਝਾਇਆ,
ਬੱਦਲਾਂ ਨੂੰ ਮੁੜ ਕੰਮੀਂ ਲਾਇਆ।
ਬੱਦਲ ਲੱਗੇ ਛਮ-ਛਮ ਵੱਸਣ,
ਨਾਲ ਖ਼ੁਸ਼ੀ ਦੇ ਲੱਗੇ ਹੱਸਣ।

## ਜੰਗ ਦੇ ਬੁਰੇ ਨਤੀਜੇ

ਹਰਪ੍ਰੀਤ ਪੱਤੋ



ਕਈ ਮੁਲਕਾਂ ਨੇ ਹੁਣ ਜੰਗ ਛੇੜੀ,
ਕਈ ਬੈਠੇ ਨੇ ਨਾਲ ਆਰਾਮ ਲੋਕੋ।
ਜਿਨ੍ਹਾਂ ਜੰਗ ਛੇੜੀ, ਉਹ ਉੱਜੜ ਚੱਲੇ,
ਹੋਈ ਜਾਂਦੇ ਨੇ ਬੜੇ ਬਦਨਾਮ ਲੋਕੋ।
ਸਦੀਆਂ ਤੱਕ ਨਾ ਘਾਟੇ ਹੋਣ ਪੂਰੇ,
ਬਹੁਤੇ ਹੋ ਜਾਂਦੇ ਨੇ ਗੁੰਮਨਾਮ ਲੋਕੋ।
ਔਰਤ, ਬੱਚੇ, ਬੁੱਢੇ ਦੁੱਖ ਝੱਲਦੇ,
ਜਵਾਨੀ ਹੋ ਜਾਂਦੀ ਹੈ ਗ਼ੁਲਾਮ ਲੋਕੋ।
ਭੁੱਖਮਰੀ, ਗ਼ਰੀਬੀ, ਕਈ ਚੀਜ਼ਾਂ,
ਨੱਚਦੀਆਂ ਫਿਰਦੀਆਂ ਸ਼ਰ੍ਹੇਆਮ ਲੋਕੋ।
ਮਿੰਟਾਂ ਵਿੱਚ ਨੇ ਮਹਿਲ ਢਹਿ ਜਾਂਦੇ ,
ਲੱਗੇ ਜਿਨ੍ਹਾਂ ’ਤੇ ਅਰਬਾਂ ਦਾਮ ਲੋਕੋ।
ਥਾਂ ਖ਼ੁਸ਼ੀਆਂ ਦੀ ਘਰ ਘਰ ਵੈਣ ਪੈਂਦੇ,
ਚਿੱਟੇ ਦਿਨ ਪੈ ਜਾਂਦੀ ਹੈ ਸ਼ਾਮ ਲੋਕੋ।
ਬਚੋ ! ਜੰਗ ਦੇ ਬੁਰੇ ਨਤੀਜਿਆਂ ਤੋਂ,
ਰੱਖੋ ਕਸ ਕੇ ਆਪਣੀ ਲਗਾਮ ਲੋਕੋ।
ਕਈ ਮੁਲਕ ਵਪਾਰ ਨੇ ਕਰੀ ਜਾਂਦੇ,
ਹੋਈ ਜਾਂਦੇ ਨੇ ਕਈ ਨਿਲਾਮ ਲੋਕੋ।
ਹਉਮੈਂ ਲੜਦੀ, ਮਰਨ ਬੇਦੋਸ਼ ਲੋਕੀਂ,
ਕਰਦੀ ਹੈ ਅੰਨ੍ਹਾ ਕਤਲੇਆਮ ਲੋਕੋ।

## ਦੋਹੇ

ਦਲਜੀਤ ਰਾਏ ਕਾਲੀਆ

ਜਾਗੋ ਧਰਤੀ ਪੁੱਤਰੋ, ਕੁਝ ਤਾਂ ਕਰੋ ਖ਼ਿਆਲ।
ਜਲ ਜੰਗਲ ਸਭ ਭਸਮ ਨੇ, ਕੀਤੇ ਮੰਦੜੇ ਹਾਲ।
ਵਾਤਾਵਰਨ ਪਲੀਤ ਹੈ, ਪੌਣਾਂ ਦੇ ਵਿੱਚ ਜ਼ਹਿਰ।
ਕਿਧਰੇ ਆਉਣ ਸੁਨਾਮੀਆਂ, ਕਿਧਰੇ ਸੋਕੇ ਕਹਿਰ।
ਜਲ ਜੰਗਲ ਸੰਭਾਲ਼ ਕੇ, ਕਰ ਜ਼ਰਖ਼ੇਜ਼ ਜ਼ਮੀਨ।
ਧਰਤੀ ਬਣੇ ਸੁਹਾਵਣੀ, ਮੌਸਮ ਬਣਨ ਹੁਸੀਨ।
ਨੰਗੀ ਧਰਤੀ ਹੋ ਗਈ, ਹਰ ਥਾਂ ਰੁੱਖ ਅਲੋਪ।
ਮੌਸਮ ਕੀ ਤੋਂ ਕੀ ਬਣੇ, ਕੁਦਰਤ ਕਰੇ ਕਰੋਪ।
ਰੰਗਲਾ ਕਿੱਥੇ ਰਹਿ ਗਿਆ, ਸਾਡਾ ਦੇਸ਼ ਪੰਜਾਬ।
ਨਾਲ ਸਮੇਂ ਦੇ ਵੀਰਨੋ, ਜ਼ਹਿਰੀ ਕਰਤੇ ਆਬ।
ਰੁੱਖਾਂ ਦੀ ਥਾਂ ਹਰ ਤਰਫ਼, ਸੜਕਾਂ ਦੇ ਨੇ ਜਾਲ਼।
ਕਿਵੇਂ ਟਰੈਫ਼ਿਕ ਨਾਲ ਹੀ, ਘੁੰਮੇ ਹਰ ਥਾਂ ਕਾਲ।
ਨਾ ਹੁਣ ਕੋਇਲ ਕੂਕਦੀ, ਨਾ ਹੀ ਬੋਲਣ ਮੋਰ।
ਕੰਨਾਂ ਨੂੰ ਬੋਲ਼ੇ ਕਰੇ, ਪੈਣ ਚੁਫ਼ੇਰੇ ਸ਼ੋਰ।
ਬਦਲੋ ਸਿਸਟਮ ਦੇਸ਼ ਦਾ, ਹੋਇਆ ਬੇਤਰਤੀਬ।
ਜਾਗੋ ਕਿਰਤੀ ਕਾਮਿਓ,ਅਪਣੇ ਘੜੋ ਨਸੀਬ।
ਪੈਸਾ ਮਾਈ ਬਾਪ ਹੈ, ਪੈਸੇ ਦੇ ਸਭ ਪੀਰ।
ਪੈਸੇ ਖ਼ਾਤਰ ਵੇਚਦੇ, ਹਰ ਥਾਂ ਲੋਕ ਜ਼ਮੀਰ।

## ਮਾਂ ਦੀ ਲੋਰੀ ਪੁੱਤ ਲਈ

ਰਸੂਲ ਹਮਜ਼ਾਤੋਵ



1

ਮੇਰੇ ਲਾਲ ਤੂੰ ਵੱਡਾ ਹੋ ਕੇ ਸ਼ਕਤੀਵਾਨ ਹੋ ਜਾਵੇਂਗਾ ।
ਖ਼ੂਨੀ ਬਘਿਆੜਾਂ ਦੇ ਦੰਦੋਂ ਕੱਢ ਕੇ ਮਾਸ ਲਿਆਵੇਂਗਾ ।
ਹੋਵੇਂਗਾ ਜਦ ਲਾਲ ਤੂੰ ਵੱਡਾ, ਫ਼ੁਰਤੀ ਐਸੀ ਆਏਗੀ,
ਚੀਤੇ ਦੇ ਪੰਜਿਆਂ ਦੇ ਵਿਚੋਂ ਪੰਛੀ ਕੱਢ ਲਿਆਏਗੀ ।
ਹੋਵੇਂਗਾ ਜਦ ਲਾਲ ਤੂੰ ਵੱਡਾ, ਫ਼ਨ ਤੈਨੂੰ ਸਭ ਆਵਣਗੇ,
ਵੱਡਿਆਂ ਦੀ ਗੱਲ ਮੰਨੇਗਾ ਤੂੰ, ਮੀਤ ਬਹੁਤ ਬਣ ਜਾਵਣਗੇ ।
ਹੋਵੇਂਗਾ ਜਦ ਲਾਲ ਤੂੰ ਵੱਡਾ, ਸਮਝਦਾਰ ਬਣ ਜਾਵੇਂਗਾ,
ਤੰਗ ਪੰਘੂੜਾ ਹੋ ਜਾਵਣ ਤੇ, ਲਾ ਕੇ ਖੰਭ ਉੱਡ ਜਾਵੇਂਗਾ ।
ਮੈਂ ਹੀ ਜਨਮ ਏ ਦਿੱਤਾ ਤੈਨੂੰ, ਮੇਰਾ ਪੁੱਤ ਰਹੇਂਗਾ ਤੂੰ,
ਜਿਹਦਾ ਬਣੇਂਗਾ ਤੂੰ ਜੁਆਈ, ਉਹਨੂੰ ਸੱਸ ਕਹੇਂਗਾ ਤੂੰ ।
ਜਦੋਂ ਜੁਆਨ ਹੋਵੇਂਗਾ ਪੁੱਤਰਾ, ਸੋਹਣੀ ਵਹੁਟੀ ਲਿਆਵੇਂਗਾ,
ਪਿਆਰੇ ਦੇਸ਼, ਵਤਨ ਦੀ ਖਾਤਰ, ਮਧੁਰ ਤਰਾਨੇ ਗਾਵੇਂਗਾ ।

2

ਖੁਸ਼ਕ, ਗਰਮ ਮੌਸਮ ਵਿੱਚ ਬਰਖਾ - ਮੇਰੇ ਬੱਚੇ, ਤੂੰ ਏਂ ਉਹ ।
ਬਰਸਾਤੀ ਗਰਮੀ ਵਿੱਚ ਸੂਰਜ - ਮੇਰੇ ਬੱਚੇ, ਤੂੰ ਏਂ ਉਹ ।
ਬੁਲ੍ਹ ਸ਼ਹਿਦੋਂ ਵੀ ਮਿੱਠੇ ਮਿੱਠੇ - ਮੇਰੇ ਬੱਚੇ, ਤੂੰ ਏਂ ਉਹ ।
ਸਿਆਹ ਅੰਗੂਰਾਂ ਜਿਹੀਆਂ ਅੱਖਾਂ - ਮੇਰੇ ਬੱਚੇ, ਤੂੰ ਏਂ ਉਹ ।
ਨਾਂਅ ਵੀ ਸ਼ਹਿਦ ਤੋਂ ਵਧ ਕੇ ਮਿੱਠਾ - ਮੇਰੇ ਬੱਚੇ, ਤੂੰ ਏਂ ਉਹ ।
ਚੈਨ ਨੈਣਾਂ ਨੂੰ ਜੋ ਮੁੱਖ ਦੇਵੇ - ਮੇਰੇ ਬੱਚੇ, ਤੂੰ ਏਂ ਉਹ ।
ਜਿਉਂਦਾ ਦਿਲ ਜੋ ਧੜਕ ਰਿਹਾ ਏ - ਮੇਰੇ ਬੱਚੇ, ਤੂੰ ਏਂ ਉਹ ।
ਧੜਕੇ ਦਿਲ ਦੀ ਚਾਬੀ ਵਾਂਗੂੰ - ਮੇਰੇ ਬੱਚੇ, ਤੂੰ ਏਂ ਉਹ ।
ਸੰਦੂਕ ਜੋ ਚਾਂਦੀ ਨਾਲ ਏ ਮੜ੍ਹਿਆ - ਮੇਰੇ ਬੱਚੇ, ਤੂੰ ਏਂ ਉਹ ।
ਸੰਦੂਕ ਜੋ ਸੋਨੇ ਨਾਲ ਏ ਭਰਿਆ - ਮੇਰੇ ਬੱਚੇ, ਤੂੰ ਏਂ ਉਹ ।

3

ਅਜੇ ਨਿਰਾ ਧਾਗੇ ਦਾ ਗੋਲਾ, ਇੱਕ ਦਿਨ ਗੋਲੀ ਬਣ ਜਾਵੇਂਗਾ ।
ਤੋੜੇਂਗਾ ਤੂੰ ਪਰਬਤ, ਪੱਥਰ, ਭਾਰੀ ਹਥੌੜਾ ਬਣ ਜਾਵੇਂਗਾ ।
ਤੀਰ ਬਣੇਂਗਾ ਇੱਕ ਦਿਨ ਐਸਾ, ਐਨ ਨਿਸ਼ਾਨੇ ਜਾਵੇਂਗਾ ।
ਨਾਚ ਹੋਵੇਗਾ ਤੇਰਾ ਦਿਲਕਸ਼, ਮਧੁਰ ਤਰਾਨੇ ਗਾਵੇਂਗਾ ।
ਆਪਣੇ ਹਰ ਇਕ ਹਾਣੀ ਨਾਲੋਂ, ਦੌੜਾਂ ਤੇਜ਼ ਲਗਾਵੇਂਗਾ ।
ਘੁੜ ਦੌੜਾਂ ਵਿੱਚ ਹਰ ਇਕ ਤਾਈਂ, ਪਿੱਛੇ ਛੱਡ ਤੂੰ ਜਾਵੇਂਗਾ ।
ਵਾਦੀ ਵਿਚੋਂ ਤੇਜ਼ ਦੌੜਾਂਦਾ, ਘੋੜਾ ਤੂੰ ਲੈ ਜਾਵੇਂਗਾ ।
ਬਣ ਕੇ ਬੱਦਲ ਅੰਬਰ ਪਹੁੰਚੇ, ਐਸੀ ਧੂੜ ਉਡਾਵੇਂਗਾ ।

## ਗ਼ਜ਼ਲ

ਬਲਵਿੰਦਰ ਬਾਲਮ ਗੁਰਦਾਸਪੁਰ

ਦਰਿਆ ਕੋਲ ਪਿਆਸ ਖੜ੍ਹੀ ਸੀ ਨਿੰਮੋਝੂਣੀ ਹੋ ਕੇ।
ਲਹਿਰਾਂ ਏਨਾ ਸ਼ੋਰ ਮਚਾਇਆ ਹੱਸ-ਹੱਸ ਕੇ ਰੋ-ਰੋ ਕੇ।
ਨੇਰ੍ਹਾ ਫਿਰ ਵੀ ਨੇਰ੍ਹੇ ਜੋਗਾ ਨੇਰ੍ਹੇ ਦੇ ਗੁਣ ਗਾਏ,
ਜੁਗਨੂੰ ਐਵੇਂ ਕਾਲਖ਼ ਲਾਹਵੇ ਮਲ-ਮਲ ਕੇ ਧੋ-ਧੋ ਕੇ।
ਬੱਦਲ ਦੀ ਬੇਰਹਿਮੀ ਨੇ ਐਸਾ ਕਹਿਰ ਕਮਾਇਆ,
ਛੱਤ ਹਾਲੋ-ਬੇਹਾਲ ਸੀ ਹੋਈ ਬਾਰਿਸ਼ ਵਿੱਚ ਚੋ-ਚੋ ਕੇ।
ਬੱਤੀ ਨੇ ਮਜ਼ਬੂਤੀ ਦੇ ਨਾਲ ਲੋਅ ਨਾ ਬੁਝਣ ਦਿੱਤੀ,
ਤੇਜ਼ ਹਵਾਵਾਂ ਦੀਵੇ ਉੱਪਰ ਆਈਆਂ ਨੇ ਹੋ-ਹੋ ਕੇ।
ਉਜਰਤ ਦੇ ਨਾਲ ਤਨ ਦੇ ਉੱਤੋਂ ਮੁੜ੍ਹਕਾ ਵੀ ਨਾ ਸੁੱਕਾ,
ਸਾਰੇ ਕਾਮੇ ਪੱਥਰ ਰੋੜੇ ਮਰ ਗਏ ਨੇ ਢੋਹ-ਢੋਹ ਕੇ।
ਪ੍ਰਸ਼ਾਸਨ ਤਕ ਆਏ ਸੀ ਜੋ ਲੋਕ ਸ਼ਿਕਾਇਤ ਕਰਤਾ,
ਝੂਠੇ ਇੱਕ ਮੁਕਦਮੇ ਅੰਦਰ ਮਾਰੇ ਨੇ ਕੋਹ-ਕੋਹ ਕੇ।
ਝੁੱਗੀਆਂ ਦੇ ਵਿੱਚ ਭੁੱਖ ਵਿਚਾਰੀ ਤੜਪ-ਤੜਪ ਕੇ ਮੋਈ,
ਰੱਜੇ ਲੋਕੀਂ ਲੈ ਗਏ ਰਾਸ਼ਨ ਹੱਥੋਂ-ਹੱਥੀਂ ਖੋਹ ਕੇ।
ਪੀੜ ਪਿਆਰੀ ਨੇ ਤਾਂ ਬਿਲਕੁਲ ਉੱਘ-ਸੁੱਘ ਵੀ ਨਾ ਕੱਢੀ,
ਹੰਝੂਆਂ ਆਤਮ-ਹੱਤਿਆ ਕੀਤੀ ਅੱਖਾਂ ਵਿੱਚ ਸਮੋ ਕੇ।
ਬਾਲਮ ਕਿਧਰੇ ਦੱਸ ਨਾ ਬੈਠੀਂ ਲੋਕੀਂ ਵਿੱਚੋਂ ਖਚਰੇ,
ਅਪਣੇ ਦਿਲ ਦੇ ਅੰਦਰ ਰੱਖੀਂ ਖ਼ੁਸ਼ੀਆਂ ਜ਼ਖ਼ਮ ਲੁਕੋ ਕੇ।
* * *

# ਆਧੁਨਿਕ ਖੇਡ ਸਹੂਲਤਾਂ ਨੂੰ ਤਰਸਦੇ ਪੇਂਡੂ ਖ਼ਿਡਾਰੀ

## ਪਿੰਡਾਂ ਦੇ ਬਾਲ ਖਿਡਾਰੀਆਂ ਨੂੰ ਤਰਾਸ਼ਣ ਦੀ ਲੋੜ



ਪੰਜਾਬ ਦੇ ਖਿਡਾਰੀ ਭਾਵੇਂ ਦੁਨੀਆਂ ਵਿੱਚ ਆਪਣੀ ਯੋਗਤਾ ਰਾਹੀਂ ਛਾਏ ਹੋਏ ਹਨ ਪਰ ਅਜੇ ਵੀ ਖੇਡ ਖੇਤਰ ਵਿੱਚ ਬਹੁਤ ਕੁਝ ਅਜਿਹਾ ਹੈ, ਜੋ ਕਿ ਕਾਫ਼ੀ ਸੁਧਾਰ ਮੰਗਦਾ ਹੈ। ਭਾਵੇਂਕਿ ਪੰਜਾਬ ਵਿਰੋਧੀ ਮੀਡੀਆ ਅਕਸਰ ਪੰਜਾਬ ਦੇ ਨੌਜਵਾਨਾਂ ਨੂੰ ਨਸ਼ੇੜੀ ਦਸਦਾ ਰਹਿੰਦਾ ਹੈ ਪਰ ਅਸਲੀਅਤ ਇਹ ਵੀ ਹੈ ਕਿ ਪੰਜਾਬ ਨੇ ਦੇਸ਼ ਨੂੰ ਬਹੁਤ ਸਾਰੇ ਚੰਗੇ ਖਿਡਾਰੀ ਵੀ ਦਿੱਤੇ ਹਨ। ਇਸ ਸਮੇਂ ਵੀ ਪੰਜਾਬ ਦੇ ਵੱਖ- ਵੱਖ ਇਲਾਕਿਆਂ ਵਿੱਚ ਅਨੇਕਾਂ ਖਿਡਾਰੀ ਨਿੱਤ ਨਵੀਆਂ ਮੱਲਾਂ ਮਾਰ ਰਹੇ ਹਨ।

ਕਿਹਾ ਤਾਂ ਇਹ ਵੀ ਜਾ ਰਿਹਾ ਹੈ ਕਿ ਪੰਜਾਬ ਦੇ ਪੇਂਡੂ ਖੇਤਰਾਂ ਵਿੱਚ ਅਨੇਕਾਂ ਉਭਰਦੇ ਖਿਡਾਰੀ ਹਨ ਪਰ ਉਹਨਾਂ ਨੂੰ ਆਧੁਨਿਕ ਖੇਡ ਸਹੂਲਤਾਂ ਨਹੀਂ ਮਿਲ ਰਹੀਆਂ, ਜਿਸ ਕਾਰਨ ਉਹ ਆਪਣੀ ਖੇਡ ਯੋਗਤਾ ਦਾ ਚੰਗੀ ਤਰ੍ਹਾਂ ਪ੍ਰਗਟਾਵਾ ਨਹੀਂ ਕਰ ਸਕਦੇ। ਮੌਜੂਦਾ ਪੰਜਾਬ ਸਰਕਾਰ ਭਾਂਵੇਂ ਇਹ ਦਾਅਵਾ ਕਰ ਰਹੀ ਹੈ ਕਿ ਉਸ ਨੇ ਪੰਜਾਬ ਦੇ ਹਰ ਇਲਾਕੇ ਵਿੱਚ ਖੇਡ ਸਹੂਲਤਾਂ ਮੁਹੱਈਆ ਕਰਵਾਈਆਂ ਹਨ ਪਰ ਅਸਲੀਅਤ ਇਹ ਵੀ ਹੈ ਕਿ ਵੱਡੀ ਗਿਣਤੀ ਪੇਂਡੂ ਖਿਡਾਰੀਆਂ ਤੇ ਖਿਡਾਰਨਾਂ ਤੱਕ ਇਹ ਖੇਡ ਸਹੂਲਤਾਂ ਪੂਰੀ ਤਰਾਂ ਨਹੀਂ ਪਹੁੰਚ ਰਹੀਆਂ। ਇਸ ਦਾ ਕਾਰਨ ਇਹ ਵੀ ਹੋ ਸਕਦਾ ਹੈ ਕਿ ਭਾਵੇਂ ਪੰਜਾਬ ਵਿੱਚ ਵੱਖ ਵੱਖ ਸਮੇਂ ਸਰਕਾਰ ਬਦਲ ਜਾਂਦੀ ਹੈ ਪਰ ਲਾਲਫੀਤਾਸ਼ਾਹੀ ਤਾਂ ਉਹੀ ਰਹਿੰਦੀ ਹੈ। ਇਸੇ ਕਾਰਨ ਅਕਸਰ ਸਰਕਾਰ ਦੀਆਂ ਖੇਡ ਨੀਤੀਆਂ ਨੂੰ ਪੂਰੀ ਤਰਾਂ ਲਾਗੂ ਨਹੀਂ ਕੀਤਾ ਜਾ ਜਾਂਦਾ ਜਾਂ ਇਹਨਾਂ ਨੀਤੀਆਂ ਦਾ ਵਧੇਰੇ ਲਾਭ ਪਹੁੰਚ ਵਾਲੇ ਖਿਡਾਰੀ ਲੈ ਜਾਂਦੇ ਹਨ ਅਤੇ ਆਮ ਖਿਡਾਰੀ ਇਹਨਾਂ ਖੇਡ ਸਹੂਲਤਾਂ ਦਾ ਲਾਭ ਲੈਣ ਤੋਂ ਰਹਿ ਜਾਂਦੇ ਹਨ।

ਪੇਂਡੂ ਖੇਤਰਾਂ ਵਿੱਚ ਖਿਡਾਰੀਆਂ ਦੇ ਨਾਲ ਅਨੇਕਾਂ ਖਿਡਾਰਨਾਂ ਵੀ ਚੰਗੀਆਂ ਖੇਡ ਸਹੂਲਤਾਂ ਤੋਂ ਵਾਂਝੀਆਂ ਰਹਿ ਜਾਂਦੀਆਂ ਹਨ। ਕਈ ਸਕੂਲਾਂ ਵਾਲਿਆਂ ਨੇ ਤਾਂ ਕ੍ਰਿਕਟ ਤੋਂ ਬਿਨਾ ਕਿਸੇ ਹੋਰ ਖੇਡ ਦੀ ਟੀਮ ਹੀ ਨਹੀਂ ਬਣਾਈ ਹੁੰਦੀ, ਜਿਸ ਕਰਕੇ ਹੋਰਨਾਂ ਖੇਡਾਂ ਦੇ ਖਿਡਾਰੀ ਆਪਣੀ ਯੋਗਤਾ ਦਿਖਾਉਣ ਤੋਂ ਵਾਂਝੇ ਰਹਿ ਜਾਂਦੇ ਹਨ। ਇਸ ਤੋਂ ਇਲਾਵਾ ਕਈ ਟੀਮਾਂ ਵਿੱਚ ਖਿਡਾਰੀਆਂ ਦੀ ਚੋਣ ਸਹੀ ਤਰੀਕੇ ਨਾਲ ਨਹੀਂ ਕੀਤੀ ਜਾਂਦੀ। ਖੇਡਾਂ ਵਿੱਚ ਭਾਈਭਤੀਜਾਵਾਦ ਵੀ ਹੋਣ ਦੀ ਚਰਚਾ ਅਕਸਰ ਹੁੰਦੀ ਰਹਿੰਦੀ ਹੈ। ਜਿਸ ਕਾਰਨ ਚੰਗੇ ਖਿਡਾਰੀ ਉਭਰ ਕੇ ਸਾਹਮਣੇ ਆਉਣ ਤੋਂ ਰਹਿ ਜਾਂਦੇ ਹਨ। ਇਸ ਤੋਂ ਇਲਾਵਾ ਅਨੇਕਾਂ ਖਿਡਾਰੀਆਂ ਨੂੰ ਯੋਗ ਅਗਵਾਈ ਨਾ ਮਿਲਣ ਕਾਰਨ ਵੀ ਉਹ ਪਿੱਛੇ ਰਹਿ ਜਾਂਦੇ ਹਨ।

ਦੂਜੇ ਪਾਸੇ ਇਹ ਵੀ ਅਸਲੀਅਤ ਹੈ ਕਿ ਪੰਜਾਬ ਦੇ ਕਈ ਪਿੰਡਾਂ ਵਿੱਚ ਖਿਡਾਰੀਆਂ ਅਤੇ ਉਭਰਦੇ ਬਾਲ ਖਿਡਾਰੀਆਂ ਨੂੰ ਅਨੇਕਾਂ ਤਰ੍ਹਾਂ ਦੀਆਂ ਖੇਡ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ।

ਇਸ ਤੋਂ ਇਲਾਵਾ ਵੱਖ ਵੱਖ ਪਿੰਡਾਂ ਵਿੱਚ ਕਰਵਾਏ ਜਾਂਦੇ ਖੇਡ ਮੁਕਾਬਲੇ ਵੀ ਖਿਡਾਰੀਆਂ ਵਿੱਚ ਜੋਸ਼ ਭਰ ਦਿੰਦੇ ਹਨ। ਕਈ ਐਨ.ਆਰ.ਆਈ. ਪੰਜਾਬੀ ਵੀ ਆਪਣੇ ਪਿੰਡਾਂ ਵਿੱਚ ਖਿਡਾਰੀਆਂ ਨੂੰ ਸਹੂਲਤਾਂ ਮੁਹੱਈਆਂ ਕਰਵਾਉਂਦੇ ਹਨ, ਜੋ ਕਿ ਚੰਗੀ ਗੱਲ ਹੈ।

ਖੇਡਾਂ ਵਿੱਚ ਸੁਧਾਰ ਲਈ ਚਾਹੀਦਾ ਤਾਂ ਇਹ ਹੈ ਕਿ ਸਭ ਤੋਂ ਪਹਿਲਾਂ ਪੰਜਾਬ ਵਿੱਚ ਖੇਡ ਸਿਸਟਮ ਨੂੰ ਸੁਧਾਰਿਆ ਜਾਵੇ। ਇਸ ਤੋਂ ਇਲਾਵਾ ਤਜਰਬੇਕਾਰ ਅਤੇ ਸਾਬਕਾ ਖਿਡਾਰੀਆਂ ਦੀਆਂ ਸੇਵਾਵਾਂ ਲੈ ਕੇ ਉਭਰਦੇ ਖਿਡਾਰੀਆਂ ਨੂੰ ਨਵੀਂ ਸੇਧ ਦਿੱਤੀ ਜਾਵੇ। ਇਸ ਤੋਂ ਇਲਾਵਾ ਹਰ ਇਲਾਕੇ ਦੇ ਹਰ ਖਿਡਾਰੀ ਤੱਕ ਸਰਕਾਰੀ ਖੇਡ ਸਹੂਲਤਾਂ ਪਹੁੰਚਾਈਆਂ ਜਾਣੀਆਂ ਚਾਹੀਦੀਆਂ ਹਨ। ਪੰਜਾਬ ਦੀ ਨਵੀਂ ਖੇਡ ਨੀਤੀ ਬਣਾਉਣਾ ਸ਼ਲਾਘਾਯੋਗ ਉਪਰਾਲਾ ਹੈ ਪਰ ਇਸ ਨੀਤੀ ਨੂੰ ਸਹੀ ਤਰੀਕੇ ਨਾਲ ਲਾਗੂ ਕਰਨ ਲਈ ਯਤਨ ਕਰਨੇ ਚਾਹੀਦੇ ਹਨ। ਲੋੜ ਤਾਂ ਬਾਲ ਖਿਡਾਰੀਆਂ ਨੂੰ ਤਰਾਸ਼ ਕੇ ਉਹਨਾਂ ਨੂੰ ਚੰਗੇ ਖਿਡਾਰੀ ਬਣਾਉਣ ਦੀ ਹੈ। ਇਸ ਪਾਸੇ ਵੀ ਸਰਕਾਰ ਅਤੇ ਖੇਡ ਸੰਸਥਾਵਾਂ ਨੂੰ ਧਿਆਨ ਦੇਣ ਦੀ ਲੋੜ ਹੈ।

# ਰੋਲਰ ਸਕੇਟਿੰਗ ਹਾਕੀ ਫੈਡਰੇਸ਼ਨ ਕੱਪ 2025 ’ਤੇ ਚੰਡੀਗੜ੍ਹ ਦਾ ਕਬਜ਼ਾ



ਚੰਡੀਗੜ੍ਹ/ਏ.ਟੀ.ਨਿਊਜ਼: ਰੋਲਰ ਸਕੇਟਿੰਗ ਹਾਕੀ ਫੈਡਰੇਸ਼ਨ ਕੱਪ 2025 ਦੇ ਫਾਈਨਲ ਵਿੱਚ ਚੰਡੀਗੜ੍ਹ ਦੀ ਟੀਮ ਨੇ ਪੁਰਸ਼ ਤੇ ਮਹਿਲਾ (ਸੀਨੀਅਰ) ਦੋਵਾਂ ਵਰਗਾਂ ਵਿੱਚ ਜਿੱਤ ਦਰਜ ਕਰਕੇ ਸੋਨ ਤਗ਼ਮਾ ਜਿੱਤਿਆ ਹੈ। ਮਹਿਲਾ ਵਰਗ ਦੇ ਖਿਤਾਬੀ ਮੁਕਾਬਲੇ ਵਿੱਚ ਚੰਡੀਗੜ੍ਹ ਦੀ ਟੀਮ ਨੇ ਹਰਿਆਣਾ ਨੂੰ 11-0 ਨਾਲ ਹਰਾਇਆ।

ਇਥੇ 10 ਸੈਕਟਰ ਦੇ ਸਕੇਟਿੰਗ ਰਿੰਕ ਵਿਚ ਖੇਡੇ ਗਏ ਮੁਕਾਬਲਿਆਂ ਦੌਰਾਨ ਫਾਈਨਲ ਵਿੱਚ ਮੰਨਤਜੋਤ ਕੌਰ ਭੁੱਲਰ ਨੇ ਆਪਣੀ ਟੀਮ ਲਈ ਦੋ ਗੋਲ ਕੀਤੇ। ਚੰਡੀਗੜ੍ਹ ਦੀਆਂ ਟੀਮਾਂ ਨੇ ਪੂਰੇ ਟੂਰਨਾਮੈਂਟ ਦੌਰਾਨ ਆਪਣੇ ਜੇਤੂ ਲੈਅ ਨੂੰ ਕਾਇਮ ਰੱਖਿਆ।

ਕੁੜੀਆਂ ਨੇ ਫਾਈਨਲ ਤੱਕ ਦੇ ਆਪਣੇ ਸਫ਼ਰ ਦੌਰਾਨ ਜੰਮੂ ਕਸ਼ਮੀਰ ਨੂੰ 14-0 ਤੇ ਪੰਜਾਬ ਨੂੰ 6-2 ਨਾਲ ਹਰਾਇਆ। ਪੁਰਸ਼ ਟੀਮ ਨੇ ਫਾਈਨਲ ਵਿੱਚ ਯੂ.ਪੀ. ਨੂੰ 5-0 ਨਾਲ ਹਰਾਇਆ।

# ਸਾਲ 2029 ਦੌਰਾਨ ਭਾਰਤ ’ਚ ਪਹਿਲੀ ਵਾਰ ਹੋਣਗੀਆਂ ਵਿਸ਼ਵ ਪੁਲਿਸ ਖੇਡਾਂ

ਨਵੀਂ ਦਿੱਲੀ/ਏ.ਟੀ.ਨਿਊਜ਼: ਭਾਰਤ 2029 ਵਿੱਚ ਪਹਿਲੀ ਵਾਰ ਵਿਸ਼ਵ ਪੁਲਿਸ ਅਤੇ ਫਾਇਰ ਖੇਡਾਂ ਦੀ ਮੇਜ਼ਬਾਨੀ ਕਰੇਗਾ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਭਾਰਤ ਵੱਲੋਂ ਇਨ੍ਹਾਂ ਖੇਡਾਂ ਦੀ ਮੇਜ਼ਬਾਨੀ ਕੀਤੇ ਜਾਣ ਨੂੰ ਹਰ ਨਾਗਰਿਕ ਲਈ ਮਾਣ ਵਾਲੀ ਗੱਲ ਦੱਸਿਆ ਹੈ।

1985 ਤੋਂ ਹਰ ਦੂਜੇ ਸਾਲ ਕਰਵਾਈਆਂ ਜਾਂਦੀਆਂ ਇਹ ਖੇਡਾਂ ਐਤਕੀਂ ਗੁਜਰਾਤ ਦੇ ਅਹਿਮਦਾਬਾਦ ਵਿੱਚ ਕਰਵਾਈਆਂ ਜਾਣਗੀਆਂ। ਅਧਿਕਾਰਤ ਬਿਆਨ ਅਨੁਸਾਰ ਭਾਰਤੀ ਪੁਲਿਸ ਟੁਕੜੀ ਨੇ ਪਹਿਲੀ ਵਾਰ 2007 ’ਚ ਐਡੀਲੇਡ ਵਿਸ਼ਵ ਪੁਲਿਸ ਅਤੇ ਫਾਇਰ ਖੇਡਾਂ ਵਿੱਚ ਹਿੱਸਾ ਲਿਆ ਸੀ।

2007 ’ਚ ਆਪਣੀ ਹਿੱਸੇਦਾਰੀ ਤੋਂ ਬਾਅਦ ਭਾਰਤੀ ਪੁਲਿਸ ਟੁਕੜੀ ਨੇ ਖੇਡਾਂ ਦੇ ਅੱਠ ਐਡੀਸ਼ਨਾਂ ਵਿੱਚ 1,400 ਤੋਂ ਵੱਧ ਤਗਮੇ ਜਿੱਤੇ ਹਨ। ਇਹ ਖੇਡਾਂ ਪੁਲਿਸ, ਫਾਇਰ ਬ੍ਰਿਗੇਡ, ਐਮਰਜੈਂਸੀ ਅਤੇ ਆਫਤ ਪ੍ਰਬੰਧਨ ਸੇਵਾਵਾਂ ਦੇ ਮੌਜੂਦਾ ਅਤੇ ਸੇਵਾਮੁਕਤ ਕਰਮਚਾਰੀਆਂ ਲਈ ਹਨ।

# ਟੀ.ਵੀ. ਅਤੇ ਇੰਟਰਨੈਟ ਨੇ ਖੋਹ ਲਈਆਂ ਬਾਲ ਉਮਰ ਦੀਆਂ ਖੇਡਾਂ

## ਕੰਪਿਊਟਰ ਜਾਂ ਫੋਨ ’ਤੇ ਖੇਡਾਂ ਖੇਡ ਕੇ ਬੱਚਿਆਂ ਦੀ ਬੁੱਧੀ ਤਾਂ ਵਿਕਸਤ ਹੋ ਸਕਦੀ ਹੈ ਪਰ ਸਿਹਤ ਨਹੀਂ

**ਬਲਜਿੰਦਰ ਮਾਨ**



ਸਮੇਂ ਦੀ ਤੋਰ ਨਾਲ ਸਾਡੀਆਂ ਬਾਲ ਖੇਡਾਂ ਟੀ.ਵੀ. ਤੇ ਇੰਟਰਨੈੱਟ ਨੇ ਖੋਹ ਲਈਆਂ। ਅੱਜ ਬਹੁਤੇ ਬੱਚੇ ਵਿਹਲੇ ਸਮੇਂ ਵਿੱਚ ਇਨ੍ਹਾਂ ਸਾਧਨਾਂ ਨਾਲ ਜੁੜ ਕੇ ਆਪਣੇ ਸਮੇਂ ਤੇ ਸਿਹਤ ਦਾ ਨਾਸ਼ ਕਰਦੇ ਹਨ। ਵਿਗਿਆਨੀਆਂ ਦਾ ਕਹਿਣਾ ਹੈ ਕਿ ਟੀ.ਵੀ. ਜਾਂ ਫੋਨ ’ਤੇ ਖੇਡਾਂ ਖੇਡ ਕੇ ਬੱਚਿਆਂ ਦੀ ਬੁੱਧੀ ਤਾਂ ਵਿਕਸਤ ਹੋ ਸਕਦੀ ਹੈ ਪਰ ਸਿਹਤ ਨਹੀਂ। ਕੋਟਲਾ ਛਪਾਕੀ, ਬਾਂਦਰ ਕੀਲਾ, ਬਾਰਾਂ ਟਾਹਣੀ, ਖਿੱਦੋ ਖੂੰਡੀ, ਗੁੱਲੀ ਡੰਡਾ, ਛੂਹ ਛੁਆਈ, ਲੁਕਣ ਮੀਟੀ, ਪਿੱਠੂ ਕਾਇਮ, ਅੱਡਾ ਖੱਡਾ, ਬਾਂਟੇ ਆਦਿ ਜਿਹੀਆਂ ਅਨੇਕਾਂ ਖੇਡਾਂ ਸਨ ਜਿਹੜੀਆਂ ਅਸੀਂ ਬਾਲ ਉਮਰੇ ਖੇਡਦੇ ਰਹੇ ਸਾਂ।

ਬਾਲੜੀਆਂ ਦੀਆਂ ਪੁਰਾਤਨ ਖੇਡਾਂ ਵਿੱਚ ਪੀਚੋ ਬੱਕਰੀ, ਬੁੱਢੀ ਮਾਈ, ਕਿੱਕਲੀ, ਲੰਗਾ ਲੋਰੀਆ, ਸਮੁੰਦਰ ਤੇ ਮੱਛੀ, ਗੀਟੇ, ਗੁੱਡੀਆਂ ਪਟੋਲੇ, ਰੰਗਣੀਏ ਨੀਂ ਰੰਗ ਬੋਲ, ਵੰਗਾਂ ਦੀ ਖੇਡ, ਬਿੱਲੀਏ ਨੀਂ ਬਿਲੀਏ, ਟੱਲੀਆਂ ਮਟੱਲੀਆਂ, ਰੱਸੀ ਟੱਪਣਾ, ਭੰਡਾ ਭੰਡਾਰੀਆ ਆਦਿ ਬੜੀਆਂ ਹਰਮਨ ਪਿਆਰੀਆਂ ਰਹੀਆਂ ਹਨ। ਅਜੋਕੇ ਸਮੇਂ ਨੇ ਸਾਡੇ ਸਾਰੇ ਜੀਵਨ ਫ਼ਲਸਫ਼ੇ ਨੂੰ ਹੀ ਬਦਲ ਦਿੱਤਾ ਹੈ। ਕਿਸੇ ਬੱਚੇ ਕੋਲ ਵਿਹਲ ਹੀ ਨਹੀਂ ਰਿਹਾ। ਤੜਕੇ ਹੀ ਸਕੂਲ ਬੱਸ ਬੱਚਿਆਂ ਨੂੰ ਸਕੂਲ ਵੱਲ ਲੈ ਜਾਂਦੀ ਹੈ ਤੇ ਸ਼ਾਮ ਨੂੰ ਘਰ ਛੱਡ ਦਿੰਦੀ ਹੈ। ਬਾਅਦ ਵਿੱਚ ਟਿਊਸ਼ਨ ਦਾ ਭਾਰ ਬਸਤੇ ਦੇ ਭਾਰ ਨਾਲ ਬੱਚਿਆਂ ਨੂੰ ਦੱਬੀ ਫਿਰ ਰਿਹਾ ਹੈ। ਹਰ ਮਾਪੇ ਦੀ ਇਹ ਇੱਛਾ ਹੁੰਦੀ ਹੈ ਕਿ ਉਨ੍ਹਾਂ ਦਾ ਬੱਚਾ ਪੜ੍ਹਕੇ ਵੱਡਾ ਅਫ਼ਸਰ ਬਣੇ ਪਰ ਉਸ ਦੀ ਮਾਨਸਿਕਤਾ ਦੀ ਕਿਸੇ ਨੂੰ ਪਰਵਾਹ ਨਹੀਂ ਹੈ। ਇਸੇ ਕਰਕੇ ਨੌਜਵਾਨ ਪੀੜ੍ਹੀ ਮਾਪਿਆਂ ਤੇ ਅਧਿਆਪਕਾਂ ਤੋਂ ਬਾਗੀ ਹੋ ਰਹੀ ਹੈ। ਇਸ ਲਈ ਸਾਨੂੰ ਆਪਣੇ ਬੱਚਿਆਂ ਨੂੰ ਖੇਡਾਂ ਨਾਲ ਜੋੜਨਾ ਚਾਹੀਦਾ ਹੈ। ਭਾਵੇਂ ਅੱਜ ਕੱਲ੍ਹ ਆਧੁਨਿਕ ਸਾਧਨਾਂ ਨੇ ਸਾਨੂੰ ਪੂਰੀ ਤਰ੍ਹਾਂ ਘੇਰਿਆ ਹੋਇਆ ਹੈ। ਫਿਰ ਵੀ ਸਾਡੀ ਜ਼ਿੰਮੇਵਾਰੀ ਬਣਦੀ ਹੈ ਕਿ ਅਸੀਂ ਬਾਲਾਂ ਨੂੰ ਉਨ੍ਹਾਂ ਦੀ ਮਾਨਸਿਕਤਾ ਅਤੇ ਸਰੀਰ ਨੂੰ ਵਿਕਸਤ ਕਰਨ ਵਾਲੀਆਂ ਬਾਲ ਖੇਡਾਂ ਖੇਡਣ ਦਾ ਮੌਕਾ ਦੇਈਏ।

ਸਕੂਲ ਕਾਲਜਾਂ ਵਿੱਚ ਜਾ ਕੇ ਤਾਂ ਫੁੱਟਬਾਲ, ਕਬੱਡੀ, ਖੋ- ਖੋ, ਅਥਲੈਟਿਕਸ, ਹਾਕੀ, ਕ੍ਰਿਕਟ ਆਦਿ ਅਨੇਕਾਂ ਪ੍ਰਕਾਰ ਦੀਆਂ ਖੇਡਾਂ ਖੇਡਣ ਦਾ ਮੌਕਾ ਮਿਲ ਜਾਂਦਾ ਹੈ। ਬਸ ਲੋੜ ਹੈ ਤਾਂ ਬਚਪਨ ਦੀਆਂ ਖੇਡਾਂ ਨੂੰ ਸੰਭਾਲਣ ਦੀ। ਇਨ੍ਹਾਂ ਖੇਡਾਂ ਰਾਹੀਂ ਹੀ ਉਨ੍ਹਾਂ ਦਾ ਹਰ ਪੱਖੋਂ ਵਿਕਾਸ ਹੋਵੇਗਾ। ਮਨ ਦੀ ਖ਼ੁਸ਼ੀ ਨਾਲ ਹੀ ਤਨ ’ਤੇ ਟਹਿਕ ਆਉਂਦੀ ਹੈ। ਜਦੋਂ ਬੱਚੇ ਮਨ ਚਾਹੀਆਂ ਖੇਡਾਂ ਖੇਡਦੇ ਹਨ ਤਾਂ ਉਨ੍ਹਾਂ ਦਾ ਮਨ ਫੁੱਲ ਵਾਂਗ ਖਿੜ ਜਾਂਦਾ ਹੈ। ਸੋ ਆਓ ਆਪਾਂ ਸਾਰੇ ਰਲਕੇ ਬੱਚਿਆਂ ਦੇ ਬਚਪਨ ਨੂੰ ਮੋੜ ਲਿਆਈਏ। ਪਿੰਡਾਂ ਦੀਆਂ ਬੋਹੜਾਂ ਥੱਲੇ ਅਤੇ ਥੜਿਆਂ ਲਾਗੇ ਉਨ੍ਹਾਂ ਨੂੰ ਬਾਲ ਖੇਡਾਂ ਖੇਡਣ ਦੇ ਮੌਕੇ ਪ੍ਰਦਾਨ ਕਰੀਏ। ਇਹ ਮੌਕੇ ਉਨ੍ਹਾਂ ਦੇ ਜੀਵਨ ਸੰਘਰਸ਼ ਨੂੰ ਹਿੰਮਤ, ਲਗਨ, ਹੌਸਲੇ, ਦ੍ਰਿੜਤਾ, ਇਮਾਨਦਾਰੀ, ਇੱਛਾ ਸ਼ਕਤੀ ਆਦਿ ਗੁਣਾਂ ਨਾਲ ਭਰਪੂਰ ਕਰਨਗੇ। ਜਿਸ ਬਾਲ ਅੰਦਰ ਇਨ੍ਹਾਂ ਗੁਣਾਂ ਦੇ ਬੀਜ ਪੁੰਗਰ ਪੈਣ ਉਹ ਵੱਡਾ ਹੋ ਕੇ ਵਧੀਆ ਤੇ ਮਜ਼ਬੂਤ ਇਨਸਾਨ ਬਣਦਾ ਹੈ।




ਪੂਰੇ ਮਾਨਸਿਕ ਢਾਂਚੇ ਨੂੰ ਖੇਡਾਂ ਦੇ ਮਨੋਰੰਜਨ ਨਾਲ ਹੀ ਸ਼ਿੰਗਾਰਿਆ ਤੇ ਸੰਵਾਰਿਆ ਜਾ ਸਕਦਾ ਹੈ। ਮਨੋਰੰਜਕ ਢੰਗ ਨਾਲ ਉਸਰਿਆ ਬਚਪਨ ਚੰਗੀ ਜੁਆਨੀ ਦੀ ਉਮੀਦ ਬੰਨ੍ਹਦਾ ਹੈ। ਮਾਨਸਿਕ ਤੇ ਸਰੀਰਕ ਤੌਰ ’ਤੇ ਤੰਦਰੁਸਤ ਨਾਗਰਿਕ ਹੀ ਦੇਸ਼ ਕੌਮ ਦੀ ਰਾਖੀ ਅਤੇ ਸੰਚਾਲਨ ਸੁਚੱਜੇ ਢੰਗ ਨਾਲ ਕਰ ਸਕਦੇ ਹਨ। ਖੇਡ ਰੁਚੀ ਨਾਲ ਅਸੀਂ ਹੋਰ ਅੱਗੇ ਵਧ ਕੇ ਜੀਵਨ ਸਫ਼ਰ ਦੀਆਂ ਅਨੇਕਾਂ ਮੰਜ਼ਿਲਾਂ ਨੂੰ ਸਰ ਕਰ ਸਕਦੇ ਹਾਂ। ਇਸ ਖੇਤਰ ਵਿੱਚ ਵਧੀਆ ਕੈਰੀਅਰ ਦੀਆਂ ਸੰਭਾਵਨਾਵਾਂ ਵੀ ਮੌਜੂਦ ਹਨ। ਖੇਡ ਕੋਟੇ ਰਾਹੀਂ ਅਸੀਂ ਆਪਣੀਆਂ ਰਾਜ ਪੱਧਰੀ ਜਾਂ ਕੌਮੀ ਪੱਧਰੀ ਪ੍ਰਾਪਤੀਆਂ ਨਾਲ ਉੱਚ ਅਹੁਦਿਆਂ ’ਤੇ ਵੀ ਬਿਰਾਜਮਾਨ ਹੋ ਸਕਦੇ ਹਾਂ। ਲੋੜ ਹੈ ਬਾਲਾਂ ਨੂੰ ਉਨ੍ਹਾਂ ਦੀ ਮਨ ਚਾਹੀ ਖੇਡ ਖੇਡਣ ਦਾ ਮੌਕਾ ਪ੍ਰਦਾਨ ਕਰਨ ਦੀ।

ਅਸੀਂ ਬਚਪਨ ਵਿੱਚ ਪਹਿਲੀ ਜ਼ਿੰਮੇਵਾਰੀ ਮਾਂ ਤੇ ਫਿਰ ਪਰਿਵਾਰ ਸਿਰ ਪਾਉਂਦੇ ਹਾਂ। ਉਸ ਤੋਂ ਬਾਅਦ ਸਾਰੇ ਅਧਿਆਪਕਾਂ ਨੇ ਇਨ੍ਹਾਂ ਰੁਚੀਆਂ ਨੂੰ ਪ੍ਰਫੁੱਲਿਤ ਕਰਨ ਵਿੱਚ ਯੋਗਦਾਨ ਪਾਉਣਾ ਹੁੰਦਾ ਹੈ। ਸਰਕਾਰ ਨੂੰ ਵੀ ਚਾਹੀਦਾ ਹੈ ਕਿ ਹਰ ਸਕੂਲ ਵਿੱਚ ਇੱਕ ਸਰੀਰਕ ਸਿੱਖਿਆ ਅਧਿਆਪਕ ਜ਼ਰੂਰ ਮੁਹੱਈਆ ਕਰੇ। ਸਰੀਰਕ ਤੌਰ ’ਤੇ ਕਮਜ਼ੋਰ ਪੀੜ੍ਹੀ ਕਿਸੇ ਦਾ ਵੀ ਭਲਾ ਨਹੀਂ ਕਰ ਸਕਦੀ। ਇਸ ਲਈ ਆਓ ਆਪਾਂ ਸਾਰੇ ਰਲਕੇ ਬਾਲ ਉਮਰ ਦੀਆਂ ਖੇਡਾਂ ਨੂੰ ਮੁੜ ਸੁਰਜੀਤ ਕਰੀਏ। ਅਜਿਹਾ ਕਰਨ ਨਾਲ ਵੀ ਅਸੀਂ ਸੋਹਣੇ ਤੇ ਸੁਚੱਜੇ ਸਮਾਜ ਦੀ ਸਿਰਜਣਾ ਕਰ ਸਕਾਂਗੇ।

ਫ਼ਿਲਮ ਨਗਰੀ ਦੇ ਦਿਲਚਸਪ ਕਿੱਸੇ




# ਜਦੋਂ ਸਲੀਮ-ਜਾਵੇਦ ਵਿਚਾਲੇ ਟੁੱਟ ਗਈ ਸੀ ਤੜੱਕ ਕਰਕੇ...



ਸੱਤਰ ਦੇ ਦਹਾਕੇ ਵਿੱਚ ਜਾਵੇਦ ਅਖਤਰ ਅਤੇ ਸਲੀਮ ਖ਼ਾਨ ਦੀ ਜੋੜੀ ਬਹੁਤ ਮਸ਼ਹੂਰ ਹੋਈ ਸੀ। ਸਲੀਮ-ਜਾਵੇਦ ਨੇ ਮਿਲ ਕੇ ਕਈ ਬਲਾਕਬਸਟਰ ਫ਼ਿਲਮਾਂ ਦੀਆਂ ਕਹਾਣੀਆਂ ਲਿਖੀਆਂ ਅਤੇ ਅਮਿਤਾਭ ਬੱਚਨ ਦੀ 'ਐਂਗਰੀ ਯੰਗ ਮੈਨ' ਇਮੇਜ ਨੂੰ ਵੀ ਜਨਮ ਦਿੱਤਾ। ਉਨ੍ਹਾਂ ਨੇ ਹੀ ਰਾਜੇਸ਼ ਖੰਨਾ ਦੇ ਕੈਰੀਅਰ ਨੂੰ ਬਦਲ ਦਿੱਤਾ ਸੀ। ਦੋਵਾਂ ਨੇ ਮਿਲ ਕੇ ਦੀਵਾਰ, ਜ਼ੰਜੀਰ, ਸ਼ੋਲੇ, ਡੌਨ ਅਤੇ ਯਾਦੋਂ ਕੀ ਬਾਰਾਤ ਵਰਗੀਆਂ ਬਲਾਕਬਸਟਰ ਕਹਾਣੀਆਂ ਦਿੱਤੀਆਂ। ਪਰ ਬਾਅਦ ਵਿੱਚ ਸਲੀਮ-ਜਾਵੇਦ ਦੀ ਇਹ ਸੁਪਰਹਿੱਟ ਜੋੜੀ ਟੁੱਟ ਗਈ। ਸਲੀਮ ਖ਼ਾਨ ਅਤੇ ਜਾਵੇਦ ਅਖਤਰ ਵੱਖ ਹੋ ਗਏ ਪਰ ਅਜਿਹਾ ਕੀ ਹੋਇਆ ਜਿਸ ਕਾਰਨ ਭਾਰਤੀ ਸਿਨੇਮਾ ਦੀ ਇਹ ਮਹਾਨ ਜੋੜੀ ਟੁੱਟ ਗਈ ? ਜਾਵੇਦ ਅਖਤਰ ਨੇ ਇੱਕ ਇੰਟਰਵਿਊ 'ਚ ਇਸ ਬਾਰੇ ਗੱਲ ਕੀਤੀ।

ਜਾਵੇਦ ਅਖਤਰ ਨੇ ਦੱਸਿਆ ਕਿ ਸਲੀਮ ਖ਼ਾਨ ਨਾਲ ਉਨ੍ਹਾਂ ਦੀ ਸਾਂਝੇਦਾਰੀ ਕਿਉਂ ਟੁੱਟ ਗਈ ਅਤੇ ਕਿਵੇਂ ਸਮੇਂ ਦੇ ਨਾਲ ਉਨ੍ਹਾਂ ਦੀ ਸਾਂਝੇਦਾਰੀ ਕਮਜ਼ੋਰ ਹੋ ਗਈ ਅਤੇ ਫ਼ਿਰ ਸਾਂਝੇਦਾਰੀ ਦੀ ਮੌਤ ਹੋ ਗਈ। ਜਾਵੇਦ ਅਖਤਰ ਅਤੇ ਸਲੀਮ ਖ਼ਾਨ ਦੀ ਸਾਂਝੇਦਾਰੀ 12 ਸਾਲ ਬਾਅਦ 1982 ਵਿੱਚ ਟੁੱਟ ਗਈ।

ਇੰਟਰਵਿਊ 'ਚ ਜਾਵੇਦ ਅਖਤਰ ਨੇ ਸਲੀਮ ਖ਼ਾਨ ਨਾਲ ਬ੍ਰੇਕਅੱਪ ਦਾ ਕਾਰਨ ਦੱਸਦੇ ਹੋਏ ਕਿਹਾ, ਸੀਮਿੰਟ ਫ਼ੈਕਟਰੀ 'ਚ ਸਾਂਝੇਦਾਰੀ ਕਰਨਾ ਆਸਾਨ ਹੈ, ਕਿਉਂਕਿ ਤੁਸੀਂ ਜਾਣਦੇ ਹੋ ਕਿ ਸੀਮਿੰਟ ਬਣਾਉਣ ਦੀ ਕੀਮਤ ਕਿੰਨੀ ਹੈ ਮਾਰਕੀਟ ਵਿੱਚ ਅਤੇ ਜੇਕਰ ਤੁਸੀਂ ਇੱਕ ਸੱਭਿਅਕ ਵਿਅਕਤੀ ਹੋ, ਤਾਂ ਤੁਸੀਂ ਆਪਣੇ ਸਾਥੀ ਨਾਲ ਇੱਕ ਰਸਮੀ ਰਿਸ਼ਤਾ ਸਥਾਪਤ ਕਰ ਸਕਦੇ ਹੋ ਅਤੇ ਕਾਰੋਬਾਰ ਜਾਰੀ ਰਹੇਗਾ। ਪਰ ਇਸ ਦੇ ਉਲਟ, ਲਿਖਣ ਦਾ ਕਾਰੋਬਾਰ



ਇੱਕ ਵੱਖਰੀ ਖੇਡ ਹੈ, ਤੁਹਾਡੇ ਕੋਲ ਕੋਈ ਵੀ ਪੈਮਾਨਾ ਜਾਂ ਤੋਲਣ ਵਾਲੀ ਮਸ਼ੀਨ ਨਹੀਂ ਹੈ ਜਿਸ 'ਤੇ ਤੁਸੀਂ ਕੋਈ ਸੀਨ ਲਗਾ ਸਕੋ ਅਤੇ ਉਸ ਦਾ ਭਾਰ ਤੈਅ ਕਰ ਸਕੋ। ਇਹ ਸਿਰਫ਼ ਅਹਿਸਾਸ ਦੀ ਗੱਲ ਹੈ। ਇੱਕ ਦ੍ਰਿਸ਼ ਨੂੰ ਲੈਣ ਅਤੇ ਇਸਨੂੰ ਆਪਸ ਵਿੱਚ ਵਿਕਸਤ ਕਰਨ ਅਤੇ ਸਿੱਟੇ 'ਤੇ ਪਹੁੰਚਣ ਲਈ ਤੁਹਾਡੇ ਕੋਲ ਜ਼ਬਰਦਸਤ ਮਾਨਸਿਕ ਰਸਾਇਣ ਹੋਣਾ ਚਾਹੀਦਾ ਹੈ। ਜਿੰਨਾ ਚਿਰ ਤੁਹਾਡੇ ਕੋਲ ਇਹ ਹੈ, ਤੁਸੀਂ ਇਕੱਠੇ ਕੰਮ ਕਰ ਸਕਦੇ ਹੋ। ਜਿਸ ਪਲ ਤਾਲਮੇਲ ਟੁੱਟ ਜਾਂਦਾ ਹੈ ਜਾਂ ਕਮਜ਼ੋਰ ਹੋ ਜਾਂਦਾ ਹੈ, ਤੁਸੀਂ ਇਕੱਠੇ ਕੰਮ ਨਹੀਂ ਕਰ ਸਕਦੇ।

ਜਾਵੇਦ ਅਖਤਰ ਨੇ ਕਿਹਾ ਕਿ ਉਨ੍ਹਾਂ ਦੀ ਅਤੇ ਸਲੀਮ ਖ਼ਾਨ ਦੀ ਕਦੇ ਲੜਾਈ ਨਹੀਂ ਹੋਈ। ਪਰ ਜਦੋਂ ਉਹ ਸਫ਼ਲ ਹੋ ਗਏ ਅਤੇ ਹੋਰ ਲੋਕ ਉਹਨਾਂ ਦੋਵਾਂ ਦੇ ਵਿਚਾਲੇ ਆ ਗਏ ਤਾਂ ਉਨ੍ਹਾਂ ਅਤੇ ਸਲੀਮ ਖ਼ਾਨ ਵਿਚਕਾਰ ਦੂਰੀ ਵਧਦੀ ਗਈ। ਜਾਵੇਦ ਅਖਤਰ ਨੇ ਇਹ ਵੀ ਕਿਹਾ ਕਿ ਉਨ੍ਹਾਂ ਅਤੇ ਸਲੀਮ ਖ਼ਾਨ ਵਿਚਾਲੇ ਕਰਜ਼ੇ ਜਾਂ ਪੈਸੇ ਨੂੰ ਲੈ ਕੇ ਕਦੇ ਕੋਈ ਲੜਾਈ ਨਹੀਂ ਹੋਈ। ਉਸ ਨੇ ਕਿਹਾ, 'ਜਦੋਂ ਅਸੀਂ ਸ਼ੁਰੂਆਤ ਕੀਤੀ ਤਾਂ ਅਸੀਂ ਦੋਵੇਂ ਕੁਝ ਵੀ ਨਹੀਂ ਸੀ। ਅਸੀਂ ਦੋਵੇਂ ਹੀ ਇੱਕ ਦੂਜੇ ਲਈ ਸੀ। ਇਸ ਲਈ, ਅਸੀਂ ਬਹੁਤ ਸਾਰਾ ਸਮਾਂ ਇਕੱਠੇ ਬਿਤਾਉਂਦੇ ਸੀ। ਸਲੀਮ ਖ਼ਾਨ ਸਮੁੰਦਰ ਕੰਢੇ ਬੈਠ ਕੇ ਕਹਾਣੀਆਂ ਸੁਣਾਉਂਦਾ। ਸਲੀਮ ਖ਼ਾਨ ਮੇਰੇ ਕਮਰੇ ਵਿੱਚ ਆਉਂਦਾ ਸੀ। ਮੇਰੇ ਕੋਲ ਪੇਇੰਗ ਗੈਸਟ ਰੂਮ ਸੀ। ਮੈਂ ਉਸ ਦੇ ਘਰ ਜਾਂਦਾ ਸੀ, ਜੋ ਛੋਟਾ ਸੀ। ਪਰ ਜਿਵੇਂ-ਜਿਵੇਂ ਤੁਸੀਂ ਵੱਡੇ ਹੁੰਦੇ ਜਾਂਦੇ ਹੋ, ਵਧੇਰੇ ਸਫ਼ਲ ਹੁੰਦੇ ਜਾਂਦੇ ਹੋ, ਤੁਹਾਡੀ ਜ਼ਿੰਦਗੀ ਵਿੱਚ ਹੋਰ ਬਹੁਤ ਸਾਰੇ ਲੋਕ ਆਉਂਦੇ ਹਨ। ਫ਼ਿਰ ਉਹ ਸਾਰੀਆਂ ਇੱਛਾਵਾਂ ਅਤੇ ਰੁਚੀਆਂ ਜੋ ਲੰਬੇ ਸਮੇਂ ਤੋਂ ਸੁਸਤ ਅਤੇ ਸ਼ਾਂਤ ਸਨ, ... ਜਿਸ ਪਲ ਤੁਸੀਂ ਕੁਝ ਅਜਿਹਾ ਕਰਦੇ ਹੋ ਜੋ ਕਦੇ ਤੁਹਾਡੇ ਜੀਵਨ ਦਾ ਮੁੱਖ ਬਿੰਦੂ ਜਾਂ ਮੁੱਖ ਦਿਲਚਸਪੀ ਸੀ, ਤੁਸੀਂ ਇੱਕ ਸੰਤੁਸ਼ਟੀਜਨਕ ਅਵਸਥਾ ਵਿੱਚ ਪਹੁੰਚ ਜਾਂਦੇ ਹੋ ਅਤੇ ਫ਼ਿਰ ਹੋਰ ਸਾਰੀਆਂ ਇੱਛਾਵਾਂ ਸ਼ੁਰੂ ਹੋ ਜਾਂਦੀਆਂ ਹਨ। ਜਾਵੇਦ ਅਖਤਰ ਨੇ ਅੱਗੇ ਕਿਹਾ, ਇਸ ਲਈ, ਤੁਸੀਂ ਵੱਖ-ਵੱਖ ਤਰ੍ਹਾਂ ਦੇ ਲੋਕਾਂ ਨੂੰ ਮਿਲਣਾ ਸ਼ੁਰੂ ਕਰ ਦਿੰਦੇ ਹੋ ਅਤੇ ਫ਼ਿਰ ਹੌਲੀ-ਹੌਲੀ ਤੁਸੀਂ ਕੁਝ ਵੱਖਰਾ ਹੋ ਜਾਂਦੇ ਹੋ, ਅਤੇ ਅਜਿਹਾ ਹੀ



ਹੋਇਆ। ਅਸੀਂ ਲੜਾਈ ਨਹੀਂ ਕੀਤੀ, ਕ੍ਰੈਡਿਟ ਬਾਰੇ ਕੋਈ ਮੁੱਦਾ ਨਹੀਂ ਸੀ, ਪੈਸੇ ਦੇ ਸਬੰਧ ਵਿੱਚ ਕਦੇ ਕੋਈ ਮੁੱਦਾ ਨਹੀਂ ਸੀ, ਕੁਝ ਵੀ ਨਹੀਂ ਸੀ ਪਰ ਅਸੀਂ ਵੱਖ ਹੋ ਗਏ। ਅਹਿਸਾਸ ਹੋਇਆ ਕਿ ਰਿਸ਼ਤਾ ਹੁਣ ਮੌਜੂਦ ਨਹੀਂ ਹੈ। ਹੁਣ ਅਸੀਂ ਸ਼ਾਮ ਨੂੰ ਇਕੱਠੇ ਨਹੀਂ ਬੈਠਦੇ, ਸਾਡੇ ਆਪਣੇ ਦੋਸਤ ਹਨ. ਹੌਲੀ-ਹੌਲੀ ਅਜਿਹਾ ਹੁੰਦਾ ਗਿਆ ਅਤੇ ਤਾਲਮੇਲ ਕਮਜ਼ੋਰ ਹੁੰਦਾ ਗਿਆ ਅਤੇ ਇਸ ਦਾ ਅਸਰ ਸਾਡੇ ਕੰਮ 'ਤੇ ਵੀ ਪੈ ਰਿਹਾ ਸੀ।

ਇਸ ਦੇ ਨਾਲ ਹੀ ਸਲੀਮ ਖ਼ਾਨ ਨੇ ਇੱਕ ਹੋਰ ਇੰਟਰਵਿਊ 'ਚ ਇਸ ਬਾਰੇ 'ਚ ਦੱਸਿਆ ਸੀ ਕਿ ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਜਾਵੇਦ ਅਖਤਰ ਉਨ੍ਹਾਂ ਨਾਲ ਰਿਸ਼ਤਾ ਤੋੜਨਾ ਚਾਹੁੰਦੇ ਹਨ।

ਸਲੀਮ ਖ਼ਾਨ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਸੀ ਕਿ ਇੱਕ ਦਿਨ ਜਦੋਂ ਉਹ ਅਤੇ ਜਾਵੇਦ ਅਖਤਰ ਨਾਲ ਉਨ੍ਹਾਂ ਦੇ ਘਰ ਦੇ ਬਾਹਰ ਸਨ ਤਾਂ ਜਾਵੇਦ ਨੇ ਉਨ੍ਹਾਂ ਨੂੰ ਕਿਹਾ ਸੀ ਕਿ ਉਹ ਉਨ੍ਹਾਂ ਤੋਂ ਵੱਖ ਹੋਣਾ ਚਾਹੁੰਦੇ ਹਨ। ਉਹ ਕਾਫ਼ੀ ਸਮੇਂ ਤੋਂ ਇਸ ਬਾਰੇ ਸੋਚ ਰਿਹਾ ਸੀ। ਫ਼ਿਰ ਸਲੀਮ ਖ਼ਾਨ ਉੱਠਿਆ ਅਤੇ ਜਾਵੇਦ ਅਖਤਰ ਨਾਲ ਹੱਥ ਮਿਲਾਇਆ ਅਤੇ ਆਪਣੀ ਕਾਰ ਵੱਲ ਵਧਿਆ। ਸਲੀਮ ਖ਼ਾਨ ਨੇ ਦੱਸਿਆ ਸੀ ਕਿ ਜਾਵੇਦ ਅਖਤਰ ਵੀ ਉਨ੍ਹਾਂ ਦੇ ਨਾਲ ਆਉਣ ਲੱਗੇ ਪਰ ਉਸਨੇ ਉਸਨੂੰ ਰੋਕਿਆ ਅਤੇ ਕਿਹਾ ਕਿ ਉਹ ਆਪਣਾ ਧਿਆਨ ਰੱਖ ਸਕਦਾ ਹੈ।

# ਰੂਹ ਦੀ ਖ਼ੁਰਾਕ ਹੁੰਦਾ ਹੈ ਸੰਗੀਤ



ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ



ਮਹਾਨ ਦਾਰਸ਼ਨਿਕ ਪਲੈਟੋ ਨੇ ਕਿਹਾ ਸੀ, 'ਸੰਗੀਤ ਇਸ ਬ੍ਰਹਿਮੰਡ ਦੀ ਆਤਮਾ ਹੈ। ਇਹ ਮਨ ਨੂੰ ਖੰਭ, ਚੇਤਨਾ ਨੂੰ ਉਡਾਣ ਅਤੇ ਸੰਸਾਰ ਦੀ ਹਰ ਸ਼ੈਅ ਨੂੰ ਜੀਵਨ ਪ੍ਰਦਾਨ ਕਰਦਾ ਹੈ।' ਪਲੈਟੋ ਦੇ ਇਹ ਬੋਲ ਨਿਰੋਲ ਅਤੇ ਪੂਰਨ ਸੱਚ ਬੋਲਦੇ ਹਨ। ਇਸੇ ਤਰ੍ਹਾਂ ਵਿਸ਼ਵ ਦੇ ਮਹਾਨ ਸਾਹਿਤਕਾਰ ਵਿਕਟਰ ਹਿਊਗੋ ਨੇ ਵੀ ਸੰਗੀਤ ਦੀ ਉਸਤਤ ਕਰਦਿਆਂ ਆਖਿਆ ਸੀ, 'ਸੰਗੀਤ ਤਾਂ ਮਨੁੱਖ ਦੇ ਉਹ ਜਜ਼ਬਾਤ ਹਨ ਜੋ ਸ਼ਬਦਾਂ 'ਚ ਬਿਆਨ ਨਹੀਂ ਕੀਤੇ ਜਾ ਸਕਦੇ ਹਨ ਤੇ ਜਿਨ੍ਹਾਂ ਨੂੰ ਖ਼ਾਮੋਸ਼ੀ ਵੀ ਬਿਆਨ ਨਹੀਂ ਕਰ ਸਕਦੀ।'

ਵਿਗਿਆਨੀਆਂ ਦਾ ਤਾਂ ਇੱਥੋਂ ਤੱਕ ਵੀ ਮੰਨਣਾ ਹੈ ਕਿ ਕੇਵਲ ਮਨੁੱਖ ਹੀ ਨਹੀਂ ਸਗੋਂ ਜਲ, ਥਲ ਅਤੇ ਆਕਾਸ਼ ਵਿੱਚ ਵਿਚਰਨ ਵਾਲੇ ਸਮੂਹ ਪਸ਼ੂ, ਪੰਛੀ ਅਤੇ ਹੋਰ ਜੀਵ ਵੀ ਸੰਗੀਤ ਦਾ ਹਾਂ-ਪੱਖੀ ਪ੍ਰਭਾਵ ਕਬੂਲਦੇ ਹਨ। ਸੰਗੀਤ ਦੀ ਲੜੀ ਦਾ ਹੀ ਇੱਕ ਹੋਰ ਮਣਕਾ ਭਾਰਤੀ ਫ਼ਿਲਮ ਸੰਗੀਤ ਤਾਂ ਭਾਰਤੀ ਜਨਜੀਵਨ ਦਾ ਅਨਿਖੜਵਾਂ ਅੰਗ ਬਣ ਚੁੱਕਾ ਹੈ। ਸਾਡਾ ਰੇਡੀਓ, ਟੈਲੀਵਿਜ਼ਨ ਅਤੇ ਸਿਨੇਮਾ ਤਾਂ ਬਿਨਾਂ ਸੰਗੀਤ ਤੋਂ ਇੱਕ ਪਲ ਵੀ ਨਹੀਂ ਕੱਢ ਸਕਦਾ।

ਮਹਾਨ ਵਿਦਵਾਨ ਹੈਨਰੀ ਲੌਂਗਫ਼ੈਲੋ ਦਾ ਕਥਨ ਹੈ, 'ਸੰਗੀਤ ਇੱਕ ਅਜਿਹੀ ਭਾਸ਼ਾ ਹੈ ਜਿਸ ਨੂੰ ਸਮੁੱਚੀ ਲੋਕਾਈ ਆਸਾਨੀ ਨਾਲ ਸਮਝ ਸਕਦੀ ਹੈ।" ਅੱਜ ਦੇ ਦਿਨ ਦੁਨੀਆ ਭਰ ਵਿੱਚ ਸਿਖਾਂਦਰੂ ਤੇ ਉਸਤਾਦ ਸੰਗੀਤਕਾਰ 'ਮੇਕ ਮਿਊਜ਼ਿਕ' ਦੇ ਉਦੇਸ਼ ਨਾਲ ਗਲੀਆਂ-ਬਾਜ਼ਾਰਾਂ ਵਿੱਚ ਇਕੱਤਰ ਹੁੰਦੇ ਹਨ ਜਾਂ ਵੱਡੇ ਮੈਦਾਨਾਂ ਵਿੱਚ ਵੱਡੇ ਸੰਗੀਤਕ ਸਮਾਗਮ ਕਰਦੇ ਹਨ ਤੇ ਆਮ ਲੋਕਾਂ ਨੂੰ ਹਰ ਪ੍ਰਕਾਰ ਦੇ ਸੰਗੀਤ ਨਾਲ ਸਰਾਬੋਰ ਕਰ ਦਿੰਦੇ ਹਨ, ਪਰ ਇਸ ਗੱਲ ਦਾ ਧਿਆਨ ਜ਼ਰੂਰ ਰੱਖਦੇ ਹਨ ਕਿ ਸੰਗੀਤ ਅਨੰਦ ਦੇਵੇ ਤੇ ਸ਼ੋਰ ਨਾ ਬਣ ਜਾਵੇ ਜਿਸ ਨਾਲ ਕਿਸੇ ਵਿਅਕਤੀ ਨੂੰ ਪਰੇਸ਼ਾਨੀ ਨਾ ਮਹਿਸੂਸ ਹੋਵੇ।

ਅੱਜ ਆਲਮ ਇਹ ਹੈ ਕਿ ਦਿਲਜੀਤ ਦੁਸਾਂਝ ਸਮੇਤ ਹੋਰ ਪੰਜਾਬੀ ਗਾਇਕਾਂ ਵੱਲੋਂ ਗਾਏ ਗਏ ਅਨੇਕਾਂ ਪੰਜਾਬੀ ਗੀਤਾਂ 'ਤੇ ਦੁਨੀਆ ਦੇ ਹਰੇਕ ਮੁਲਕ ਦੇ ਲੋਕ ਝੂਮ ਉੱਠਦੇ ਹਨ ਤੇ ਪੰਜਾਬੀ ਜ਼ੁਬਾਨ ਨਾ ਜਾਣਨ ਵਾਲੇ ਮੁਲਕਾਂ ਦੇ 'ਬਿਲਬੋਰਡਾਂ' ਅਤੇ ਮਕਬੂਲੀਅਤ ਦੇ ਹੋਰ ਪੈਮਾਨਿਆਂ 'ਤੇ ਪੰਜਾਬੀ ਗੀਤ ਸਿਖਰਲੇ ਸਥਾਨ ਛੂੰਹਦੇ ਹਨ। ਕੋਈ ਵੇਲਾ ਅਜਿਹਾ ਵੀ ਸੀ ਜਦੋਂ ਭਾਰਤੀ ਫ਼ਿਲਮ ਜਗਤ ਦੇ ਵੱਡੇ ਗਾਇਕਾਂ ਦੇ ਗਾਏ ਨਗ਼ਮੇ ਰੂਸ, ਜਪਾਨ, ਅਮਰੀਕਾ, ਇੰਗਲੈਂਡ ਅਤੇ ਅਫ਼ਰੀਕਾ ਜਿਹੇ ਮੁਲਕਾਂ ਵਿੱਚ ਵੱਡੀ ਗਿਣਤੀ ਵਿੱਚ ਸੁਣੇ ਜਾਂਦੇ ਸਨ। ਮੁਹੰਮਦ ਰਫ਼ੀ, ਮੁਕੇਸ਼, ਕਿਸ਼ੋਰ ਕੁਮਾਰ, ਮਹਿੰਦਰ ਕਪੂਰ, ਮੰਨਾ ਡੇ, ਆਸ਼ਾ ਭੌਸਲੇ ਅਤੇ ਲਤਾ ਮੰਗੇਸ਼ਕਰ ਆਦਿ ਜਿਹੇ ਫ਼ਨਕਾਰਾਂ ਦੇ ਸੰਗੀਤਕ ਸ਼ੋਅ ਜਦੋਂ ਵਿਦੇਸ਼ੀ ਮੁਲਕਾਂ ਵਿੱਚ ਹੁੰਦੇ ਸਨ ਤਾਂ ਉੱਥੇ ਤਿਲ ਧਰਨ ਨੂੰ ਵੀ ਥਾਂ ਨਹੀਂ ਮਿਲਦੀ ਸੀ। ਇਹ ਸਾਰਾ ਕਮਾਲ ਸੁਰੀਲੇ ਤੇ ਦਿਲਕਸ਼ ਸੰਗੀਤ ਦਾ ਹੀ ਸੀ। ਦਰਅਸਲ, ਸੰਗੀਤ ਦੀ ਕੋਈ ਜ਼ੁਬਾਨ ਹੁੰਦੀ ਹੀ ਨਹੀਂ ਹੈ। ਇਹ ਤਾਂ ਹੱਦਾਂ-ਸਰਹੱਦਾਂ ਪਾਰ ਕਰ ਕੇ ਦਿਲਾਂ ਤੱਕ ਪੁੱਜ ਜਾਣ ਵਾਲੀ ਉਹ ਖ਼ੁਸ਼ਬੂ ਹੈ ਜੋ ਸਰੋਤੇ ਨੂੰ ਵਜਦ ਵਿੱਚ ਲਿਆ ਦਿੰਦੀ ਹੈ। ਸੁੱਚੇ ਸੰਗੀਤ ਦੀ ਲੋਰ 'ਚ ਆ ਕੇ ਕੋਈ ਬੁੱਲ੍ਹੇ ਵਾਂਗ ਨੱਚਣ ਲੱਗ ਜਾਂਦਾ ਹੈ ਤੇ ਕੋਈ ਬੁੱਧ ਵਾਂਗ ਸ਼ਾਂਤ ਹੋ ਜਾਦਾ ਹੈ।

ਕਿੰਨੀ ਹੈਰਾਨੀ ਦੀ ਗੱਲ ਹੈ ਕਿ ਸਾਰੇ ਧਰਮ ਗ੍ਰੰਥ ਇਹ ਮੰਨਦੇ ਹਨ ਕਿ ਪਰਮਾਤਮਾ ਨਿਰਾਕਾਰ ਹੈ, ਅਬਿਨਾਸ਼ੀ ਹੈ, ਪਰਮਾਨੰਦ ਹੈ। ਹਰੇਕ ਮਨੁੱਖ ਜਦੋਂ ਆਪਣੀਆਂ ਗਿਆਨ ਇੰਦਰੀਆਂ ਦੇ ਨੌਂ ਦੁਆਰੇ ਬੰਦ ਕਰਕੇ ਸੁਰਤ ਨੂੰ ਇਕਾਗਰ ਕਰਦਾ ਹੈ ਤਾਂ ਫ਼ਿਰ ਉਸ ਦੇ ਧੁਰ ਅੰਦਰ ਦਸਵਾਂ ਦੁਆਰ ਖੁੱਲ੍ਹ ਜਾਂਦਾ ਹੈ ਜਿੱਥੇ ਨਿਰੰਤਰ ਵੱਜ ਰਹੇ 'ਅਨਹਦ' ਨਾਦ ਦੀਆਂ ਅਨੰਦਮਈ ਧੁਨਾਂ ਉਸ ਨੂੰ ਸੁਣਦੀਆਂ ਹਨ ਤੇ ਅਨਹਦ ਨਾਦ ਦੀਆਂ ਇਹੋ ਧੁਨਾਂ ਉਸ ਨੂੰ ਪਰਮੇਸ਼ਰ ਅਤੇ ਉਸ ਦੀ ਬਣਾਈ ਪ੍ਰਕਿਰਤੀ ਵਿੱਚ ਇਕਮਿਕ ਕਰ ਦਿੰਦੀਆਂ ਹਨ। ਕੁਝ ਭਾਰਤੀ ਧਰਮ ਤਾਂ 'ਅਨਹਦ ਨਾਦ' ਨੂੰ ਸੁਣਨਾ ਹੀ ਜਨਮ-ਮਰਨ ਦੇ ਕੁਚੱਕਰ ਤੋਂ 'ਮੁਕਤੀ' ਦਾ ਸਾਧਨ ਐਲਾਨਦੇ ਹਨ।

ਕਾਸ਼ ! ਭਾਰਤ ਵਿੱਚ ਵੀ ਅਜਿਹਾ ਹੁੰਦਾ ਕਿ ਇਸ ਦਿਨ ਦੇਸ਼ ਦੇ ਹਰ ਗਲੀ-ਮੋੜ 'ਤੇ ਭਾਰਤੀ ਲੋਕ ਸੰਗੀਤ ਅਤੇ ਖੇਤਰੀ ਸੰਗੀਤ ਦੀਆਂ ਵੱਖ-ਵੱਖ ਵੰਨ੍ਹਗੀਆਂ ਦੀ ਗੂੰਜ ਸੁਣਾਈ ਦਿੰਦੀ ਤੇ ਸਾਡੀ ਅਜੋਕੀ ਨੌਜਵਾਨ ਪੀੜ੍ਹੀ ਸਾਡੇ ਬੇਸ਼ਕੀਮਤੀ ਤੇ ਵਿਰਾਸਤੀ ਸੰਗੀਤ ਦੇ ਰੂਬਰੂ ਹੋ ਕੇ ਉਸ ਦਾ ਅਨੰਦ ਲੈਂਦੀ ਅਤੇ ਉਸ ਤੋਂ ਪ੍ਰਭਾਵਿਤ ਹੋ ਕੇ ਉਸ ਨੂੰ ਰੂਹ ਨਾਲ ਸਾਂਭਦੀ, ਸੁਆਰਦੀ ਤੇ ਹਿਰਦੇ ਵਿੱਚ ਵਸਾਉਂਦੀ।

## ਮਜੀਠੀਆ ਮਾਮਲਾ: ਕਾਨੂੰਨੀ ਕਾਰਵਾਈ...

ਇਸ ਕਰਕੇ ਅਕਾਲੀ ਦਲ ਦਾ ਪੰਜਾਬ ਵਿੱਚ ਸਰਕਾਰ ਬਣਾਉਣ ਦਾ ਸੁਪਨਾ ਟੁੱਟ ਸਕਦਾ ਹੈ। ਸੁਖਬੀਰ ਬਾਦਲ ਕਈ ਵਾਰ ਦਾਅਵਾ ਕਰ ਚੁੱਕੇ ਹਨ ਕਿ ਪੰਜਾਬ ਵਿੱਚ ਅਗਲੀ ਸਰਕਾਰ ਅਕਾਲੀ ਦਲ ਬਾਦਲ ਦੀ ਹੀ ਬਣੇਗੀ। ਉਹ ਇਹ ਦਾਅਵਾ ਕਿਸ ਆਧਾਰ ’ਤੇ ਕਰ ਰਹੇ ਹਨ, ਇਸ ਦਾ ਕਿਸੇ ਨੂੰ ਕੁਝ ਪਤਾ ਨਹੀਂ ਪਰ ਇਸ ਸਮੇਂ ਬਾਦਲ ਦਲ ਦੀ ਹਾਲਤ ਇਹ ਹੈ ਕਿ ਲੁਧਿਆਣਾ ਜ਼ਿਮਨੀ ਚੋਣ ਵਿੱਚ ਅਕਾਲੀ ਉਮੀਦਵਾਰ ਚੌਥੇ ਸਥਾਨ ’ਤੇ ਆਇਆ ਹੈ ਤੇ ਉਸ ਦੀ ਜ਼ਮਾਨਤ ਵੀ ਜ਼ਬਤ ਹੋ ਗਈ। ਸਿਆਸੀ ਮਾਹਿਰ ਕਹਿ ਰਹੇ ਹਨ ਕਿ ਅਕਾਲੀ ਦਲ ਨੂੰ ਅਜੇ ਵੀ ਪੰਜਾਬ ਦੇ ਲੋਕਾਂ ਨੇ ਮਾਫ਼ ਨਹੀਂ ਕੀਤਾ ਹੈ। ਅਸਲ ਵਿੱਚ ਬੇਅਦਬੀਆਂ ਦਾ ਮੁੱਦਾ ਅਕਾਲੀ ਦਲ ਬਾਦਲ ਦੀਆਂ ਜੜ੍ਹਾਂ ਵਿੱਚ ਬੈਠ ਗਿਆ ਹੈ। ਪੰਜਾਬ ਵਿੱਚ ਬਾਦਲ ਸਰਕਾਰ ਸਮੇਂ ਪਵਿੱਤਰ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀ ਘਟਨਾ ਵਾਪਰੀ ਸੀ। ਜਿਸ ਕਰਕੇ ਪੰਜਾਬ ਦੇ ਵੱਡੀ ਗਿਣਤੀ ਲੋਕ ਅਜੇ ਵੀ ਬਾਦਲ ਨਾਲ ਨਾਰਾਜ਼ ਹਨ। ਕੁਝ ਸਿਆਸੀ ਮਾਹਿਰ ਦੱਬੀ ਜੁਬਾਨ ਵਿੱਚ ਦਾਅਵਾ ਕਰ ਰਹੇ ਹਨ ਕਿ ਪੰਜਾਬ ਦੇ ਲੋਕ ਅਕਾਲੀ ਦਲ ਨਾਲ ਨਹੀਂ ਸਗੋਂ ਸਿਰਫ਼ ਬਾਦਲ ਪਰਿਵਾਰ ਨਾਲ ਨਾਰਾਜ਼ ਹਨ ਪਰ ਬਾਦਲ ਦਲ ਇਸ ਗੱਲ ਨੂੰ ਸਮਝ ਨਹੀਂ ਰਿਹਾ। ਕਾਰਨ ਭਾਵੇਂ ਕੋਈ ਵੀ ਹੋਵੇ ਪਰ ਇਸ ਸਮੇਂ ਪੰਜਾਬ ਵਿੱਚ ਅਕਾਲੀ ਦਲ ਬਾਦਲ ਦਾ ਪਹਿਲਾਂ ਜਿੰਨਾ ਆਧਾਰ ਨਹੀਂ ਰਿਹਾ।

ਜੇ ਹੁਣ ਨਸ਼ੇ ਦੀ ਗੱਲ ਕੀਤੀ ਜਾਵੇ ਤਾਂ ਕਈ ਕਾਂਗਰਸੀ ਆਗੂਆਂ ਦੀਆਂ ਵੀ ਸ਼ਰਾਬ ਦੀਆਂ ਫੈਕਟਰੀਆਂ ਹਨ। ਨਸ਼ਾ ਤਾਂ ਨਸ਼ਾ ਹੀ ਹੁੰਦਾ ਹੈ, ਉਹ ਭਾਵੇਂ ਸ਼ਰਾਬ ਦਾ ਹੀ ਕਿਉਂ ਨਾ ਹੋਵੇ। ਇਸ ਤਰ੍ਹਾਂ ਨਸ਼ੇ ਦੇ ਵਪਾਰ ਵਿੱਚ ਕੁਝ ਸਿਆਸੀ ਆਗੂਆਂ ਦਾ ਨਾਮ ਕਾਫੀ ਸਮੇਂ ਤੋਂ ਬੋਲਦਾ ਆ ਰਿਹਾ ਹੈ। ਨਸ਼ੇ ਦੀ ਵਿਕਰੀ ਲਈ ਨਸ਼ਾ ਕਰਨ ਵਾਲੇ ਵੀ ਜ਼ਿੰਮੇਵਾਰ ਮੰਨੇ ਜਾਣੇ ਚਾਹੀਦੇ ਹਨ, ਕਿਉਂਕਿ ਜੇ ਉਹ ਨਸ਼ਾ ਖਰੀਦਦੇ ਹਨ ਤਾਂ ਹੀ ਤਾਂ ਨਸ਼ਾ ਤਸਕਰ ਨਸ਼ਾ ਵੇਚਦੇ ਹਨ। ਨਸ਼ਾ ਤਸਕਰ ਜਬਰਦਸਤੀ ਕਿਸੇ ਦੇ ਘਰ ਜਾ ਕੇ ਨਸ਼ਾ ਨਹੀਂ ਵੇਚਦੇ, ਸਗੋਂ ਜੇ ਨਸ਼ਾ ਕਰਨ ਦੇ ਆਦੀ ਲੋਕ ਉਨ੍ਹਾਂ ਨੂੰ ਬੁਲਾਉਂਦੇ ਹਨ ਤਾਂ ਹੀ ਉਹ ਨਸ਼ਾ ਵੇਚਣ ਇਲਾਕਿਆਂ ’ਚ ਜਾਂਦੇ ਹਨ। ਅਸਲ ਵਿੱਚ ਅੱਜ ਦੇ ਵੱਡੀ ਗਿਣਤੀ ਲੋਕਾਂ ਵਿੱਚ ਸਹਿਣ ਸ਼ਕਤੀ ਖ਼ਤਮ ਹੁੰਦੀ ਜਾ ਰਹੀ ਹੈ ਅਤੇ ਉਹ ਆਪਣੀ ਹਰ ਚਿੰਤਾ ਨਸ਼ੇ ਰਾਹੀਂ ਦੂਰ ਕਰਨਾ ਚਾਹੁੰਦੇ ਹਨ। ਜੇ ਨਸ਼ੇ ਦੀ ਮੰਗ ਖਤਮ ਹੋ ਜਾਵੇਗੀ ਤਾਂ ਨਸ਼ੇ ਦੀ ਸਪਲਾਈ ਆਪਣੇ ਆਪ ਬੰਦ ਹੋ ਜਾਵੇਗੀ।

ਇਸ ਸਮੇਂ ਬਿਕਰਮ ਸਿੰਘ ਮਜੀਠੀਆ ਪੁਲਿਸ ਰਿਮਾਂਡ ’ਤੇ ਹਨ। ਆਉਣ ਵਾਲੇ ਦਿਨਾਂ ਦੌਰਾਨ ਉਹਨਾਂ ਨਾਲ ਕੀ ਬੀਤਦੀ ਹੈ, ਇਹ ਤਾਂ ਆਉਣ ਵਾਲਾ ਸਮਾਂ ਦੱਸੇਗਾ ਪਰ ਏਨਾ ਜ਼ਰੂਰ ਹੈ ਕਿ ਇਸ ਮਾਮਲੇ ਨੇ ਪੰਜਾਬ ਦੀ ਸਿਆਸਤ ਵਿੱਚ ਉਬਾਲ ਲਿਆ ਦਿੱਤਾ ਹੈ। ਇਸ ਸਮੇਂ ਪੰਜਾਬ ਦੇ ਸਿਆਸੀ ਗਲਿਆਰਿਆਂ ਤੋਂ ਲੈ ਕੇ ਪਿੰਡਾਂ ਦੀਆਂ ਸੱਥਾਂ ਵਿੱਚ ਮਜੀਠੀਆ ਮਾਮਲੇ ਦੀ ਹੀ ਸਭ ਤੋਂ ਵਧੇਰੇ ਚਰਚਾ ਹੋ ਰਹੀ ਹੈ।

***

## ਟਰੰਪ ਨੇ ਵੀਜ਼ਾ-ਗਰੀਨ ਕਾਰਡ ’ਤੇ ਸਖ਼ਤ ਰੁੱਖ...

ਸੋਸ਼ਲ ਮੀਡੀਆ ’ਤੇ ਆਪਣੀਆਂ ਗਤੀਵਿਧੀਆਂ ਨੂੰ ਸੰਭਾਲਕੇ ਪਾਉਣਾ ਪਵੇਗਾ। ਭਾਰਤੀਆਂ ਲਈ ਇਸ ਦਾ ਅਸਰ ਗੰਭੀਰ ਹੋ ਸਕਦਾ ਹੈ। ਵੀਜ਼ਾ ਅਰਜ਼ੀਆਂ ਦੀ ਜਾਂਚ ਪ੍ਰਕਿਰਿਆ ਹੁਣ ਹੋਰ ਸਖਤ ਹੋਵੇਗੀ ਅਤੇ ਸੋਸ਼ਲ ਮੀਡੀਆ ’ਤੇ ਕੀਤੀ ਕੋਈ ਵੀ ਗਲਤ ਪੋਸਟ ਜਾਂ ਟਿੱਪਣੀ ਵੀਜ਼ਾ ਰੱਦ ਹੋਣ ਦਾ ਕਾਰਨ ਬਣ ਸਕਦੀ ਹੈ। ਇਸ ਨਾਲ ਖਾਸਕਰ ਵਿਦਿਆਰਥੀਆਂ ਅਤੇ ਐਚ-1ਬੀ ਵੀਜ਼ਾ ਅਰਜ਼ੀਕਾਰਾਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

**ਭਾਰਤ ਸਰਕਾਰ ਦਾ ਪ੍ਰਤੀਕਰਮ: ਯੋਗਤਾ ਦੇ ਅਧਾਰ ’ਤੇ ਵੀਜ਼ਾ ਦੀ ਮੰਗ**

ਭਾਰਤ ਸਰਕਾਰ ਨੇ ਅਮਰੀਕੀ ਦੂਤਘਰ ਦੇ ਇਨ੍ਹਾਂ ਨਿਰਦੇਸ਼ਾਂ ’ਤੇ ਸੰਜਮ ਨਾਲ ਪ੍ਰਤੀਕਰਮ ਦਿੱਤਾ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜਾਇਸਵਾਲ ਨੇ ਕਿਹਾ ਕਿ ਵੀਜ਼ਾ ਅਤੇ ਇਮੀਗ੍ਰੇਸ਼ਨ ਮਾਮਲੇ ਕਿਸੇ ਵੀ ਦੇਸ਼ ਦੇ ਅਧਿਕਾਰ ਖੇਤਰ ਵਿੱਚ ਆਉਂਦੇ ਹਨ, ਪਰ ਭਾਰਤੀ ਨਾਗਰਿਕਾਂ ਦੀਆਂ ਵੀਜ਼ਾ ਅਰਜ਼ੀਆਂ ਦਾ ਮੁਲਾਂਕਣ ਯੋਗਤਾ ਦੇ ਅਧਾਰ ’ਤੇ ਹੋਣਾ ਚਾਹੀਦਾ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਭਾਰਤ ਅਮਰੀਕੀ ਅਧਿਕਾਰੀਆਂ ਨਾਲ ਗੱਲਬਾਤ ਜਾਰੀ ਰੱਖੇਗਾ, ਤਾਂ ਜੋ ਭਾਰਤੀ ਨਾਗਰਿਕਾਂ ਦੇ ਹਿੱਤਾਂ ਦੀ ਰਾਖੀ ਕੀਤੀ ਜਾ ਸਕੇ। ਜਾਇਸਵਾਲ ਨੇ ਅਮਰੀਕੀ ਐਡਵਾਇਜ਼ਰੀ ਨੂੰ ਲੈਵਲ 2 ’ਤੇ ਸਥਿਰ ਦੱਸਿਆ ਅਤੇ ਕਿਹਾ ਕਿ ਇਸ ਵਿੱਚ ਕੋਈ ਬਦਲਾਅ ਨਹੀਂ ਹੋਇਆ। ਉਨ੍ਹਾਂ ਨੇ ਭਾਰਤ-ਅਮਰੀਕਾ ਸਬੰਧਾਂ ਨੂੰ 21ਵੀਂ ਸਦੀ ਦੀ ਸਭ ਤੋਂ ਮਹੱਤਵਪੂਰਨ ਸਾਂਝੇਦਾਰੀ ਕਰਾਰ ਦਿੱਤਾ, ਜੋ ਦੋਹਾਂ ਦੇਸ਼ਾਂ ਦੇ ਸਾਂਝੇ ਹਿੱਤਾਂ ’ਤੇ ਅਧਾਰਿਤ ਹੈ।

***

## ਅਮਰੀਕੀ ਅਦਾਲਤ ’ਚ ਪੇਸ਼ ਨਵੇਂ ਦਸਤਾਵੇਜ਼ਾਂ...

ਅਕਤੂਬਰ 2024 ਵਿੱਚ, ਕੈਨੇਡਾ ਨੇ ਛੇ ਭਾਰਤੀ ਡਿਪਲੋਮੈਟਾਂ ਨੂੰ ਨਿਕਾਲਾ ਦਿੱਤਾ, ਜਿਨ੍ਹਾਂ ਨੂੰ ਨਿੱਝਰ ਦੇ ਕਤਲ ਨਾਲ ਜੋੜਿਆ ਗਿਆ। ਕੈਨੇਡੀਅਨ ਪੁਲਿਸ ਨੇ ਦਾਅਵਾ ਕੀਤਾ ਕਿ ਉਹਨਾਂ ਕੋਲ ਪੁਖਤਾ ਸਬੂਤ ਹਨ ਜੋ ਭਾਰਤੀ ਏਜੰਟਾਂ ਨੂੰ ਇਹਨਾਂ ਅਪਰਾਧਾਂ ਨਾਲ ਜੋੜਦੇ ਹਨ। ਭਾਰਤ ਨੇ ਇਹਨਾਂ ਦੋਸ਼ਾਂ ਨੂੰ ਬੇਹੂਦਾ ਕਰਾਰ ਦਿੱਤਾ ਅਤੇ ਜਵਾਬੀ ਕਾਰਵਾਈ ਵਜੋਂ ਛੇ ਕੈਨੇਡੀਅਨ ਡਿਪਲੋਮੈਟਾਂ ਨੂੰ ਨਿਕਾਲਾ ਦਿੱਤਾ। ਪੰਨੂ ਨੇ ਕਿਹਾ ਕਿ ਉਹ ਖ਼ਾਲਿਸਤਾਨ ਰੈਫ਼ਰੈਂਡਮ ਮੁਹਿੰਮ ਨੂੰ ਜਾਰੀ ਰੱਖਣਗੇ, ਜਿਸ ਦਾ ਅਗਲਾ ਪੜਾਅ 17 ਅਗਸਤ ਨੂੰ ਵਾਸ਼ਿੰਗਟਨ ਡੀ.ਸੀ. ਵਿੱਚ ਹੋਵੇਗਾ। ਇਹ ਸਾਜ਼ਿਸ਼ਾਂ ਸਾਨੂੰ ਨਹੀਂ ਰੋਕ ਸਕਦੀਆਂ। ਸਿੱਖ ਭਾਈਚਾਰੇ ਦੀ ਹੋਂਦ ਨੂੰ ਖਤਰਾ ਹੈ ਅਤੇ ਅਸੀਂ ਆਪਣੀ ਆਵਾਜ਼ ਬੁਲੰਦ ਕਰਦੇ ਰਹਾਂਗੇ।

ਇਹਨਾਂ ਦੋਸ਼ਾਂ ਦੀ ਅਦਾਲਤ ਵਿੱਚ ਅਜੇ ਪੁਸ਼ਟੀ ਨਹੀਂ ਹੋਈ। ਕੈਨੇਡੀਅਨ ਪੁਲਿਸ ਅਤੇ ਐਫ਼.ਬੀ.ਆਈ. ਦੀ ਜਾਂਚ ਜਾਰੀ ਹੈ, ਜਿਸ ਵਿੱਚ ਹੋਰ ਸੰਭਾਵੀ ਟਾਰਗੇਟਸ ਦੀ ਪਛਾਣ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

***

## ਕੈਨੇਡਾ ਦਾ ਕਿਰਤ ਬਾਜ਼ਾਰ ਮੰਦੀ

ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਕਿਹਾ ਕਿ ਕੈਨੇਡਾ ਵੱਲੋਂ ਅਮਰੀਕੀ ਡਿਜੀਟਲ ਕੰਪਨੀਆਂ ਉੱਤੇ ਡਿਜੀਟਲ ਟੈਕਸ ਲਗਾਉਣ ਦੀ ਯੋਜਨਾ ਰੱਦ ਕਰਨ ਮਗਰੋਂ ਅਮਰੀਕਾ ਨਾਲ ਵਪਾਰਕ ਗੱਲਬਾਤ ਬਹਾਲ ਹੋ ਗਈ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬੀਤੇ ਦਿਨੀਂ ਕਿਹਾ ਸੀ ਕਿ ਉਹ ਤਕਨਾਲੋਜੀ ਕੰਪਨੀਆਂ ’ਤੇ ਟੈਕਸ ਲਗਾਉਣ ਦੀ ਕੈਨੇਡਾ ਦੀ ਯੋਜਨਾ ਨੂੰ ਲੈ ਕੇ ਵਪਾਰਕ ਗੱਲਬਾਤ ਨੂੰ ਮੁਅੱਤਲ ਕਰ ਰਹੇ ਹਨ। ਉਨ੍ਹਾਂ ਕੈਨੇਡਾ ਵੱਲੋਂ ਲਾਏ ਇਸ ਟੈਕਸ ਨੂੰ ‘ਅਮਰੀਕਾ ’ਤੇ ਸਿੱਧਾ ਤੇ ਸਪੱਸ਼ਟ ਹਮਲਾ’ ਦੱਸਿਆ ਸੀ।

ਕੈਨੇਡੀਅਨ ਸਰਕਾਰ ਨੇ ਕਿਹਾ ਕਿ ਉਹ ਇੱਕ ਵਪਾਰਕ ਸਮਝੌਤੇ ਦੀ ‘ਉਮੀਦ’ ਰੱਖਦੀ ਹੈ ਇਸ ਲਈ ਇਹ ‘ਡਿਜੀਟਲ ਸੇਵਾਵਾਂ ਟੈਕਸ ਨੂੰ ਰੱਦ’ ਕਰ ਦੇਵੇਗੀ। ਕਾਰਨੀ ਦੇ ਦਫ਼ਤਰ ਨੇ ਕਿਹਾ ਕਿ ਕਾਰਨੀ ਅਤੇ ਟਰੰਪ ਗੱਲਬਾਤ ਮੁੜ ਸ਼ੁਰੂ ਕਰਨ ਲਈ ਸਹਿਮਤ ਹੋਏ ਹਨ।

ਪੋਲੀਵਰ ਦੀ ਮੰਗ ਅਤੇ ਸਰਕਾਰੀ ਨੀਤੀਆਂ: ਘਰਾਂ ਦੀ ਘਾਟ ਦਾ ਸੰਕਟ

ਕੰਜ਼ਰਵੇਟਿਵ ਪਾਰਟੀ ਦੇ ਨੇਤਾ ਪੀਅਰ ਪੋਲੀਵਰ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ’ਤੇ ਤੁਰੰਤ ਪਾਬੰਦੀ ਦੀ ਮੰਗ ਕਰਦਿਆਂ ਕਿਹਾ ਸੀ ਕਿ ਕੈਨੇਡਾ ਵਿੱਚ ਘਰ, ਨੌਕਰੀਆਂ ਅਤੇ ਸਿਹਤ ਸੰਭਾਲ ਦੀ ਸਮਰੱਥਾ ਸੀਮਤ ਹੈ। ਸਰਕਾਰ ਦੀਆਂ ਗਲਤ ਨੀਤੀਆਂ ਨੇ ਆਬਾਦੀ ਵਿੱਚ ਅਚਾਨਕ ਵਾਧਾ ਕੀਤਾ, ਜਿਸ ਨੇ ਸੰਕਟ ਨੂੰ ਹੋਰ ਡੂੰਘਾ ਕਰ ਦਿੱਤਾ। 2024 ਵਿੱਚ ਸਰਕਾਰ ਨੇ ਸਟੂਡੈਂਟ ਵੀਜ਼ਾ ਕੋਟਾ ਘਟਾਇਆ ਸੀ ਅਤੇ ਪੀ.ਆਰ. ਨਿਯਮ ਸਖਤ ਕੀਤੇ ਸਨ, ਜਿਸ ਨਾਲ ਵਿਦਿਆਰਥੀਆਂ ਦੀ ਆਮਦ ਵਿੱਚ ਕਮੀ ਆਈ ਹੈ। ਕੈਨੇਡਾ ਵਿੱਚ ਘਰਾਂ ਦੀ ਘਾਟ ਸਭ ਤੋਂ ਵੱਡੀ ਚੁਣੌਤੀ ਹੈ। ਮਹਿੰਗਾਈ ਦੀ ਗੱਲ ਕਰੀਏ ਤਾਂ, 2024 ਵਿੱਚ ਮਹਿੰਗਾਈ ਦਰ 3.2% ਸੀ, ਜੋ ਜੂਨ 2025 ਵਿੱਚ ਵਧ ਕੇ 3.8% ’ਤੇ ਪਹੁੰਚ ਗਈ। ਇਸ ਨੇ ਜੀਵਨ ਦੀ ਲਾਗਤ ਨੂੰ ਅਸਮਾਨ ’ਤੇ ਪਹੁੰਚਾ ਦਿੱਤਾ। ‘ਟੋਰਾਂਟੋ ਸਟਾਰ’ ਦੀ 30 ਜੂਨ 2025 ਦੀ ਰਿਪੋਰਟ ਮੁਤਾਬਕ, ਮਹਿੰਗਾਈ ਅਤੇ ਘਰਾਂ ਦੀ ਘਾਟ ਨੇ ਮੱਧ ਵਰਗ ਅਤੇ ਪਰਵਾਸੀਆਂ ਨੂੰ ਸਭ ਤੋਂ ਵੱਧ ਮਾਰਿਆ ਹੈ।

***

## ਕੈਨੇਡਾ ਸਰਕਾਰ ਨੇ 178 ਗ਼ੈਰ-ਡਿਗਰੀ...

ਕੈਨੇਡਾ ਵਿੱਚ ਰਹਿਣ ਦੀ ਸੰਭਾਵਨਾ ਗੁਆ ਬੈਠਣਗੇ। 2024 ਵਿੱਚ ਕੈਨੇਡਾ ਵਿੱਚ 4,27,000 ਭਾਰਤੀ ਵਿਦਿਆਰਥੀ ਪੜ੍ਹ ਰਹੇ ਸਨ, ਪਰ 2025 ਵਿੱਚ ਸਟੱਡੀ ਪਰਮਿਟਾਂ ਵਿੱਚ 31% ਦੀ ਗਿਰਾਵਟ ਦਰਜ ਕੀਤੀ ਗਈ ਹੈ। ਇਸ ਦਾ ਮੁੱਖ ਕਾਰਨ ਸਖ਼ਤ ਨਿਯਮ ਅਤੇ ਵੀਜ਼ਾ ਪ੍ਰਕਿਰਿਆ ਵਿੱਚ ਵਧੀਆਂ ਹੋਈ ਰੁਕਾਵਟਾਂ ਹਨ। ਭਾਰਤ ਅਤੇ ਕੈਨੇਡਾ ਵਿਚਕਾਰ ਕੂਟਨੀਤਕ ਤਣਾਅ ਨੇ ਵੀ ਵਿਦਿਆਰਥੀਆਂ ਦੀਆਂ ਮੁਸ਼ਕਿਲਾਂ ਵਿੱਚ ਵਾਧਾ ਕੀਤਾ ਹੈ। 2024 ਵਿੱਚ, ਸਟੂਡੈਂਟ ਡਾਇਰੈਕਟ ਸਟ੍ਰੀਮ ਪ੍ਰੋਗਰਾਮ, ਜੋ ਭਾਰਤ ਸਮੇਤ 14 ਦੇਸ਼ਾਂ ਦੇ ਵਿਦਿਆਰਥੀਆਂ ਲਈ ਤੇਜ਼ ਅਤੇ ਸਰਲ ਵੀਜ਼ਾ ਪ੍ਰਕਿਰਿਆ ਪ੍ਰਦਾਨ ਕਰਦਾ ਸੀ, ਨੂੰ 8 ਨਵੰਬਰ, 2024 ਨੂੰ ਬੰਦ ਕਰ ਦਿੱਤਾ ਗਿਆ। ਇਸ ਸਕੀਮ ਦੇ ਖ਼ਤਮ ਹੋਣ ਨਾਲ ਵੀਜ਼ਾ ਪ੍ਰਕਿਰਿਆ ਹੁਣ ਲੰਬੀ ਅਤੇ ਗੁੰਝਲਦਾਰ ਹੋ ਗਈ ਹੈ, ਜਿਸ ਕਾਰਨ ਵੀਜ਼ਾ ਸਵੀਕਾਰ ਕਰਨ ਦੀ ਦਰ ਵਿੱਚ ਕਮੀ ਆਈ ਹੈ। ਇਸ ਤੋਂ ਇਲਾਵਾ, ਕੈਨੇਡਾ ਸਰਕਾਰ ਨੇ ਵਿਦਿਆਰਥੀਆਂ ਨੂੰ ਸਕੂਲ ਜਾਂ ਕਾਲਜ ਬਦਲਣ ਲਈ ਨਵਾਂ ਸਟੱਡੀ ਪਰਮਿਟ ਲੈਣਾ ਲਾਜ਼ਮੀ ਕਰ ਦਿੱਤਾ ਹੈ, ਜੋ ਪਹਿਲਾਂ ਸਿਰਫ਼ ਆਈ.ਆਰ.ਸੀ.ਸੀ. ਪੋਰਟਲ ’ਤੇ ਜਾਣਕਾਰੀ ਅਪਡੇਟ ਕਰਨ ਨਾਲ ਸੰਭਵ ਸੀ। ਇਸ ਨਵੇਂ ਨਿਯਮ ਨੇ ਵੀ ਵਿਦਿਆਰਥੀਆਂ ਦੀਆਂ ਮੁਸ਼ਕਿਲਾਂ ਵਧਾਈਆਂ ਹਨ, ਕਿਉਂਕਿ ਇਸ ਪ੍ਰਕਿਰਿਆ ਵਿੱਚ ਸਮਾਂ ਅਤੇ ਪੈਸੇ ਦੀ ਬਰਬਾਦੀ ਹੁੰਦੀ ਹੈ। ਕੈਨੇਡੀਅਨ ਅਖ਼ਬਾਰਾਂ ਅਤੇ ਰਿਪੋਰਟਾਂ ਮੁਤਾਬਕ, ਸਰਕਾਰ ਦਾ ਮੁੱਖ ਮਕਸਦ ਵੀਜ਼ਾ ਧੋਖਾਧੜੀ ਅਤੇ ਨਕਲੀ ਕਾਲਜਾਂ ਨੂੰ ਰੋਕਣਾ ਹੈ। ਸਰਕਾਰ ਦਾ ਕਹਿਣਾ ਹੈ ਕਿ ਇਹ ਬਦਲਾਅ ਵਿਦਿਆਰਥੀਆਂ ਦੀ ਸੁਰੱਖਿਆ ਅਤੇ ਸਿੱਖਿਆ ਸੰਸਥਾਵਾਂ ਦੀ ਭਰੋਸੇਯੋਗਤਾ ਬਣਾਈ ਰੱਖਣ ਲਈ ਜ਼ਰੂਰੀ ਹਨ। ਪਰ ਇਸ ਦੇ ਨਾਲ ਹੀ, ਭਾਰਤੀ ਵਿਦਿਆਰਥੀਆਂ ਨੂੰ ਅਚਾਨਕ ਈ-ਮੇਲਾਂ ਰਾਹੀਂ ਸਟੱਡੀ ਪਰਮਿਟ, ਵੀਜ਼ਾ ਅਤੇ ਵਿਦਿਅਕ ਰਿਕਾਰਡ ਦੁਬਾਰਾ ਜਮ੍ਹਾ ਕਰਨ ਦੀਆਂ ਮੰਗਾਂ ਨੇ ਉਨ੍ਹਾਂ ਦੀ ਚਿੰਤਾ ਵਧਾ ਦਿੱਤੀ ਹੈ। ਕੁਝ ਵਿਦਿਆਰਥੀਆਂ ਨੂੰ ਆਈ.ਆਰ.ਸੀ.ਸੀ. ਦਫਤਰਾਂ ਵਿੱਚ ਵਿਅਕਤੀਗਤ ਤੌਰ ’ਤੇ ਪੇਸ਼ ਹੋਣ ਲਈ ਵੀ ਕਿਹਾ ਜਾ ਰਿਹਾ ਹੈ ਅਤੇ ਨਿਯਮਾਂ ਦੀ ਪਾਲਣਾ ਨਾ ਕਰਨ ’ਤੇ ਵੀਜ਼ਾ ਰੱਦ ਹੋਣ ਦਾ ਖ਼ਤਰਾ ਹੈ।

****

## ਹੜ੍ਹਾਂ ਦਾ ਕਹਿਰ

ਕਿਉਂਕਿ ਮੀਂਹ ਦੀਆਂ ਬੂੰਦਾਂ ਨੂੰ ਬਚਾਉਣ ਦੇ ਆਪਣੇ ਰਵਾਇਤੀ ਗਿਆਨ ਨੂੰ ਭੁੱਲ ਕੇ ਅਸੀਂ ਛੱਪੜਾਂ, ਬਾਉਲੀਆਂ, ਖੂਹਾਂ ਦੀ ਮਹੱਤਤਾ ਨੂੰ ਅਣਗੌਲਿਆ ਕਰਨ ਲੱਗ ਪਏ ਹਾਂ। ਸਮਾਰਟ ਸਿਟੀ ਅਤੇ ਸ਼ਹਿਰਾਂ ਦੇ ਸੁੰਦਰੀਕਰਨ ਦਾ ਕ੍ਰੇਜ਼ ਲਗਾਤਾਰ ਵਧਦਾ ਗਿਆ, ਜਿਸ ਕਾਰਨ ਬਰਸਾਤੀ ਪਾਣੀ ਨੂੰ ਸੰਭਾਲਣ ਵਾਲੇ ਕੁਦਰਤੀ ਸੋਮੇ ਅਲੋਪ ਹੁੰਦੇ ਚਲੇ ਗਏ।

ਇਹ ਕਹਿਣਾ ਵੀ ਠੀਕ ਨਹੀਂ ਹੈ ਕਿ ਸਰਕਾਰ ਵੱਲੋਂ ਹੜ੍ਹਾਂ ਤੋਂ ਬਚਾਓ ਲਈ ਕੁਝ ਵੀ ਨਹੀਂ ਕੀਤਾ ਜਾਂਦਾ। ਪੰਜਾਬ ਦੀ ਮੌਜੂਦਾ ‘ਆਪ’ ਸਰਕਾਰ ਵੱਲੋਂ ਹੜ੍ਹਾਂ ਤੋਂ ਬਚਾਓ ਲਈ ਵਿਸ਼ੇਸ਼ ਯੋਜਨਾ ਉਲੀਕੀ ਗਈ ਹੈ। ਮੋਹਾਲੀ, ਲੁਧਿਆਣਾ, ਹੁਸ਼ਿਆਰਪੁਰ ਤੇ ਗੁਰਦਾਸਪੁਰ ਵਰਗੇ ਜ਼ਿਲ੍ਹਿਆਂ ਨੇ ਸਾਲ 2024 ’ਚ ਹੜ੍ਹ ਗਾਈਡਬੁੱਕ ਜਾਰੀ ਕੀਤੀ, ਜਿਸ ’ਚ ਡਰੇਨੇਜ ਸੁਧਾਰ ਦੀਆਂ ਯੋਜਨਾਵਾਂ ਸ਼ਾਮਲ ਹਨ। ਸਰਕਾਰ ਵੱਲੋਂ ਜ਼ਿਲ੍ਹਾ ਪ੍ਰਸ਼ਾਸਨਾਂ ਨੂੰ ਦਰਿਆਵਾਂ ਤੇ ਨਹਿਰਾਂ ਦੀ ਸਮੇਂ ਸਮੇਂ ’ਤੇ ਸਫ਼ਾਈ ਕਰਵਾਉਣ ਦੀਆਂ ਹਦਾਇਤਾਂ ਜਾਰੀ ਕੀਤੀਆਂ ਹੋਈਆਂ ਹਨ। ਮੌਸਮ ਵਿਭਾਗ ਨੇ ਅਗਾਊਂ ਚਿਤਾਵਨੀ ਪ੍ਰਣਾਲੀ ਨੂੰ ਮਜ਼ਬੂਤ ਬਣਾਇਆ ਹੈ। ਪੰਜਾਬ ਦੇ ਜੰਗਲਾਤ ਵਿਭਾਗ ਵੱਲੋਂ ਪਹਾੜੀ ਖੇਤਰਾਂ ’ਚ ਰੁੱਖਾਂ ਦੀ ਕਟਾਈ ’ਤੇ ਰੋਕ ਲਗਾਈ ਗਈ ਹੈ ਤੇ ਜੰਗਲੀ ਖੇਤਰਾਂ ਦੀ ਸੁਰੱਖਿਆ ਲਈ ਕਈ ਪ੍ਰੋਗਰਾਮ ਸ਼ੁਰੂ ਕੀਤੇ ਹੋਏ ਹਨ। ਜੇ ਸਰਕਾਰੀ ਤੇ ਗੈਰ ਸਰਕਾਰੀ ਪੱਧਰ ’ਤੇ ਸਮਾਜਿਕ ਸਹਿਯੋਗ ਨਾਲ ਸੰਭਾਵੀ ਹੜ੍ਹਾਂ ਤੋਂ ਬਚਾਓ ਲਈ ਪਹਿਲਾਂ ਹੀ ਮਜ਼ਬੂਤ ਪ੍ਰਬੰਧ ਕਰ ਲਏ ਜਾਣ ਤਾਂ ਹੜ੍ਹਾਂ ਦੌਰਾਨ ਹੁੰਦੀ ਤਬਾਹੀ ਨੂੰ ਘੱਟ ਕੀਤਾ ਜਾ ਸਕਦਾ ਹੈ। ਕੁਦਰਤੀ ਆਫ਼ਤਾਂ ਅੱਗੇ ਮਨੁੱਖ ਬੇਬਸ ਹੁੰਦਾ ਹੈ, ਪਰ ਮਨੁੱਖ ਵੱਲੋਂ ਪਹਿਲਾਂ ਤੋਂ ਹੀ ਅਜਿਹੇ ਢੁਕਵੇਂ ਪ੍ਰਬੰਧ ਅਤੇ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ ਕਿ ਹੜ੍ਹਾਂ ਵਰਗੀ ਕੁਦਰਤੀ ਕਰੋਪੀ ਤੋਂ ਬਚਾਓ ਹੋ ਸਕੇ।

***

## ਫ਼ਰਿਜ਼ਨੋ ’ਚ ‘ਜਸਵੰਤ ਸਿੰਘ ਖਾਲੜਾ

ਸਕੂਲ ਬੋਰਡ ਪ੍ਰਧਾਨ ਨੈਂਦੀਪ ਸਿੰਘ ਚੰਨ ਨੇ ਕਿਹਾ ਕਿ ਅੱਜ ਪੰਜਾਬੀ ਭਾਈਚਾਰੇ ਲਈ ਬੜੇ ਮਾਣ ਵਾਲੀ ਗੱਲ ਹੈ ਕਿ ਅਸੀਂ ਜੈਕਾਰਾ ਮੂਵਮੈਂਟ ਦੇ ਸਹਿਯੋਗ ਤੇ ਸੰਗਤ ਦੀ ਹਲਾਸ਼ੇਰੀ ਨਾਲ ਇਹ ਇਤਿਹਾਸਕ ਕਾਰਜ ਕਰ ਸਕੇ ਹਾਂ। ਇਸ ਸਕੂਲ ਦਾ ਨਾਮ ਹੀ ਬੱਚਿਆਂ ਲਈ ਸੱਚ ਦੇ ਰਸਤੇ ’ਤੇ ਚੱਲਣ ਲਈ ਪ੍ਰੇਰਨਾ ਸਰੋਤ ਬਣੇਗਾ।

ਸਕੂਲ ਸੁਪਰਡੈਂਟ ਈਮੇਰੋ ਬਰਾਇਨ ਨੇ ਕਿਹਾ ਕਿ ਇਹ ਸਕੂਲ ਸਿਰਫ਼ ਇੱਕ ਇਮਾਰਤ ਨਹੀਂ, ਸਗੋਂ ਨੈਤਿਕਤਾ, ਇਨਸਾਫ਼ ਅਤੇ ਮਨੁੱਖੀ ਹੱਕਾਂ ਦੀ ਅਧਾਰਸ਼ੀਲ ਥਾਂ ਹੈ ਜੋ ਅਮਰੀਕੀ ਜ਼ਮੀਨ ’ਤੇ ਪੰਜਾਬੀ ਵਿਰਸੇ ਨੂੰ ਜਿੰਦਾ ਰੱਖੇਗੀ।

ਇਸ ਮੌਕੇ ਖਾਲੜਾ ਸਾਹਿਬ ਦੀ ਬੇਟੀ ਨਵਕਿਰਨ ਕੌਰ ਖਾਲੜਾ ਨੇ ਕਿਹਾ ਕਿ ਅੱਜ ਸਾਡੇ ਲਈ ਬੜਾ ਮਾਣ ਵਾਲਾ ਦਿਨ ਹੈ, ਮੇਰੇ ਪਿਤਾ ਦੀ ਕੁਰਬਾਨੀ ਨੂੰ ਯਾਦ ਕਰਦਿਆਂ, ਉਹਨਾਂ ਦੀ ਯਾਦ ਵਿੱਚ ਕੈਲੀਫ਼ੋਰਨੀਆ ਦੇ ਸ਼ਹਿਰ ਫ਼ਰਿਜਨੋ ਵਿਖੇ ਸਕੂਲ ਦਾ ਨਾਮ ਖਾਲੜਾ ਸਾਹਿਬ ਦੇ ਨਾਮ ਤੇ ਰੱਖਿਆ ਗਿਆ। ਉਹਨਾਂ ਕਿਹਾ ਕਿ ਜਦੋਂ ਮੈਂ ਪਹਿਲੀ ਵਾਰ ਅਮਰੀਕਾ ਵਿੱਚ ਆਈ ਸੀ ਤਾਂ ਫ਼ਰਿਜ਼ਨੋ ਸ਼ਹਿਰ ਵਿੱਚ ਆਈ ਸੀ। ਇੱਥੇ ਹੀ ਫ਼ਰਿਜ਼ਨੋ ਸਟੇਟ ਯੂਨੀਵਰਸਿਟੀ ਵਿੱਚ ਮੈਂ ਉਚੇਰੀ ਪੜ੍ਹਾਈ ਕੀਤੀ। ਫ਼ਰਿਜਨੋ ਦੀ ਸਮੂਹ ਸਿੱਖ ਸੰਗਤ ਤੇ ਪੰਜਾਬੀ ਭਾਈਚਾਰੇ ’ਤੇ ਸਾਨੂੰ ਮਾਣ ਹੈ, ਜਿਨ੍ਹਾਂ ਨੇ ਹਿੰਮਤ ਕਰਕੇ ਪਹਿਲਾਂ ਪਾਰਕ ਦਾ ਨਾਮ ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਨਾਮ ’ਤੇ ਰੱਖਿਆ ਤੇ ਹੁਣ ਸਕੂਲ ਦਾ ਨਾਮ ਕਰਨ ਕਰਕੇ ਇਤਿਹਾਸ ਸਿਰਜ ਦਿੱਤਾ। ਉਹਨਾਂ ਸਮੂਹ ਸਕੂਲ ਬੋਰਡ ਮੈਂਬਰਾਂ ਅਤੇ ਪੰਜਾਬੀ ਭਾਈਚਾਰੇ ਦਾ ਸਹਿਯੋਗ ਲਈ ਧੰਨਵਾਦ ਕੀਤਾ।

## ਰੋਪੜ ਦੇ 6 ਸਾਲਾ ਤੇਗਬੀਰ ਨੇ ਯੂਰਪ ਦੀ ਸਭ ਤੋਂ ਉੱਚੀ

। ਉਹ ਅਪਰੈਲ 2024 ਵਿੱਚ ਨੇਪਾਲ ਵਿੱਚ ਮਾਊਂਟ ਐਵਰੈਸਟ ਬੇਸ ਕੈਂਪ ਵੀ ਪਹੁੰਚਿਆ ਸੀ। ਤੇਗਬੀਰ ਦੀ ਨਵੀਂ ਪ੍ਰਾਪਤੀ ਤੋਂ ਬਾਗ਼ੋਬਾਗ਼ ਉਸ ਦੇ ਪਿਤਾ ਸੁਖਿੰਦਰਦੀਪ ਸਿੰਘ ਨੇ ਕਿਹਾ, “ਤੇਗਬੀਰ ਨੇ ਇਸ ਪ੍ਰਾਪਤੀ ਲਈ ਕਰੀਬ ਇੱਕ ਸਾਲ ਪਹਿਲਾਂ ਤਿਆਰੀ ਸ਼ੁਰੂ ਕਰ ਦਿੱਤੀ ਸੀ। ਉਸ ਨੂੰ ਕੋਚ ਬਿਕਰਮਜੀਤ ਸਿੰਘ ਘੁੰਮਣ ਵੱਲੋਂ ਸਿਖਲਾਈ ਦਿੱਤੀ ਗਈ ਸੀ, ਜਿਨ੍ਹਾਂ ਉਸ ਨੂੰ ਦਿਲ ਦੀ ਤੰਦਰੁਸਤੀ ਅਤੇ ਫੇਫੜਿਆਂ ਦੀ ਸਮਰੱਥਾ ਨੂੰ ਉੱਚਾਈ ਦੀ ਬਿਮਾਰੀ ਨਾਲ ਨਜਿੱਠਣ ਲਈ ਵਧਾਉਣ ਵਾਲੀਆਂ ਕਸਰਤਾਂ ਵਿੱਚ ਮਦਦ ਕੀਤੀ ਸੀ। ਉਹ ਮੇਰੇ ਨਾਲ ਹਫਤਾਵਾਰੀ ਟਰੈਕ ’ਤੇ ਜਾਂਦਾ ਸੀ ਅਤੇ ਵੱਖ-ਵੱਖ ਪਹਾੜੀ ਥਾਵਾਂ ’ਤੇ ਕੋਚਿੰਗ ਦਿੰਦਾ ਸੀ।” ਉਨ੍ਹਾਂ ਕਿਹਾ, “ਮਾਊਂਟ ਐਲਬਰਸ ਦੀ ਚੜ੍ਹਾਈ ਮਾਊਂਟ ਕਿਲੀਮੰਜਾਰੋ ਅਤੇ ਉਸ ਤੋਂ ਪਹਿਲਾਂ ਕੀਤੇ ਗਏ ਹੋਰ ਟਰੈਕਾਂ ਦੇ ਮੁਕਾਬਲੇ ਵੱਖਰੀ ਸੀ। ਇਹ ਪਹਿਲੀ ਵਾਰ ਸੀ ਜਦੋਂ ਉਹ ਉੱਚੇ ਬੂਟਾਂ, ਕ੍ਰੈਂਪਨਾਂ, ਹਾਰਨੇਸ ਅਤੇ ਆਕਸੀਜਨ ਸਹਾਇਤਾ ਨਾਲ ਬਰਫ਼ ਵਿੱਚ ਤੁਰ ਰਿਹਾ ਸੀ। ਇਸ ਨਾਲ ਪੈਰਾਂ ਦਾ ਭਾਰ ਕਰੀਬ 4 ਕਿਲੋ ਵਧ ਗਿਆ। ਉਹ ਕਰੀਬ ਇੱਕ ਹਫ਼ਤੇ ਤੱਕ ਉਚਾਈ ’ਤੇ ਘੱਟ ਆਕਸੀਜਨ ਨਾਲ ਮਨਫ਼ੀ ਤਾਪਮਾਨ ਵਿੱਚ ਤੁਰਿਆ ਅਤੇ ਰਿਹਾ।” ਸੁਖਿੰਦਰਦੀਪ ਸਿੰਘ ਆਪਣੇ ਛੋਟੇ ਪੁੱਤਰ ਦੇ ਨਾਲ ਪਹਾੜੀ ਚੋਟੀ ’ਤੇ ਗਿਆ ਸੀ।

ਤੇਗਬੀਰ ਦੀ ਮਾਂ ਡਾ.ਮਨਪ੍ਰੀਤ ਕੌਰ, ਜੋ ਇੱਕ ਗਾਇਨੀਕੋਲੋਜਿਸਟ ਹੈ, ਨੇ ਕਿਹਾ, “ਖੁਰਾਕ ਨੇ ਉਸ ਦੀ ਯਾਤਰਾ ਵਿੱਚ ਬਹੁਤ ਵੱਡੀ ਭੂਮਿਕਾ ਨਿਭਾਈ ਅਤੇ ਉਸ ਨੇ ਆਪਣੇ ਕੋਚ ਵੱਲੋਂ ਦੱਸੇ ਗਏ ਸਖ਼ਤ ਖੁਰਾਕ ਸ਼ਡਿਊਲ ਦੀ ਪਾਲਣਾ ਕੀਤੀ।”

***

## ਸ਼ਤਾਬਦੀ ਸਮਾਗਮਾਂ ਸੰਬਧੀ ਸ਼੍ਰੋਮਣੀ ਕਮੇਟੀ

ਡਾ. ਅਮਰਜੀਤ ਸਿੰਘ, ਡਾ. ਪਰਮਵੀਰ ਸਿੰਘ ਤੇ ਡਾ. ਹਰਭਜਨ ਸਿੰਘ ਦੇਹਰਾਦੂਨ, ਗੁਰਮੀਤ ਸਿੰਘ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਪ੍ਰਿੰਸੀਪਲ ਬਲਜੀਤ ਸਿੰਘ ਸਾਹਿਬਜ਼ਾਦਾ ਜੁਝਾਰ ਸਿੰਘ ਮਿਸ਼ਨਰੀ ਕਾਲਜ ਚੌਂਤਾ ਕਲਾਂ, ਕੁਲਵੰਤ ਸਿੰਘ ਮੰਨਣ ਮੁੱਖ ਸਕੱਤਰ ਸ਼੍ਰੋਮਣੀ ਕਮੇਟੀ ਅਤੇ ਸਕੱਤਰ ਧਰਮ ਪ੍ਰਚਾਰ ਕਮੇਟੀ (ਕੋਆਰਡੀਨੇਟਰ) ਨੂੰ ਸ਼ਾਮਲ ਕੀਤਾ ਗਿਆ ਹੈ। ਧਾਮੀ ਨੇ ਕਿਹਾ ਕਿ ਇਹ ਕਮੇਟੀ ਜਿੱਥੇ ਸ਼ਤਾਬਦੀ ਸਬੰਧੀ ਕੀਤੇ ਜਾਣ ਵਾਲੇ ਵੱਖ-ਵੱਖ ਸਮਾਗਮਾਂ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਆਪਣੇ ਰਾਏ ਦੇਵੇਗੀ, ਉਥੇ ਹੀ ਦੇਸ਼ ਦੁਨੀਆਂ ਦੀ ਪ੍ਰਮੁੱਖ ਸ਼ਖ਼ਸੀਅਤਾਂ ਤੇ ਧਾਰਮਿਕ ਆਗੂਆਂ ਦੀ ਸ਼ਮੂਲੀਅਤ ਲਈ ਵੀ ਕਾਰਜਸ਼ੀਲ ਰਹੇਗੀ। ਸ਼੍ਰੋਮਣੀ ਕਮੇਟੀ ਵੱਲੋਂ ਦੇਸ਼ ਭਰ ਅੰਦਰ ਸ਼ਤਾਬਦੀ ਨੂੰ ਸਮਰਪਿਤ ਸਮਾਗਮਾਂ ਦੀ ਆਰੰਭਤਾ ਕਰ ਦਿੱਤੀ ਗਈ ਹੈ, ਜਿਸ ਤਹਿਤ 5 ਅਤੇ 6 ਜੁਲਾਈ ਨੂੰ ਗੁਰਦੁਆਰਾ ਮੋਤੀ ਬਾਗ ਸਾਹਿਬ ਪਟਿਆਲਾ ਵਿਖੇ ਵਿਸ਼ਾਲ ਸਮਾਗਮ ਹੋਣਗੇ। ਇਸੇ ਤਰ੍ਹਾਂ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਗੁਰਮਤਿ ਸਮਾਗਮ, ਸੈਮੀਨਾਰ ਕਰਨ ਦੇ ਨਾਲ-ਨਾਲ ਨਗਰ ਕੀਰਤਨ ਵੀ ਸਜਾਏ ਜਾਣਗੇ। ਧਾਮੀ ਨੇ ਕਿਹਾ ਕਿ ਮੁੱਖ ਸਮਾਗਮ ਨਵੰਬਰ 2025 ਵਿੱਚ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਵੇਗਾ, ਜਿਸ ਨੂੰ ਇਤਿਹਾਸਕ ਬਣਾਉਣ ਲਈ ਇਹ ਤਾਲਮੇਲ ਕਮੇਟੀ ਦੀ ਭੂਮਿਕਾ ਅਹਿਮ ਰਹੇਗੀ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਭਾਰਤੀ ਸੰਸਕ੍ਰਿਤੀ ਅਤੇ ਧਰਮ ਦੀ ਅਜ਼ਾਦੀ ਨੂੰ ਬਚਾਉਣ ਲਈ ਸ਼ਹਾਦਤ ਦਿੱਤੀ ਸੀ। ਉਨ੍ਹਾਂ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਕੌਮੀ ਪੱਧਰ ’ਤੇ ਮਨਾਉਣ ਲਈ ਹਰ ਇੱਕ ਨੂੰ ਸਹਿਯੋਗ ਕਰਨਾ ਚਾਹੀਦਾ ਹੈ, ਤਾਂ ਜੋ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਮਾਨਵਤਾ ਲਈ ਦਿੱਤੀ ਸ਼ਹਾਦਤ ਦੇ ਸੁਨੇਹੇ ਨੂੰ ਵਿਆਪਕ ਰੂਪ ਵਿੱਚ ਦੁਨੀਆਂ ਅੰਦਰ ਉਭਾਰਿਆ ਜਾ ਸਕੇ।



## ਭਾਰਤ ’ਚ ਕਿਉਂ ਚੱਲ ਰਿਹਾ...

ਸਮਾਂ ਬੀਤਿਆ, ਪਦਾਰਥਵਾਦ ਦਾ ਦੌਰ ਭਾਰੂ ਹੋਇਆ, ਲੋਕਾਂ ਵਿੱਚ ਲਾਲਚ ਵਧਿਆ ਅਤੇ ਫ਼ਿਰ ਹੋਰਨਾਂ ਕਿੱਤਿਆਂ ਦੀ ਤਰ੍ਹਾਂ ਦੁੱਧ ਵੇਚਣ ਵਾਲੇ ਲੋਕਾਂ ਨੇ ਵੀ ਆਪਣੇ ਮੁਨਾਫ਼ੇ ਨੂੰ ਵਧਾਉਣ ਲਈ ਕਈ ਤਰ੍ਹਾਂ ਦੇ ਢੰਗ ਤਰੀਕੇ ਵਰਤਣੇ ਸ਼ੁਰੂ ਕਰ ਦਿੱਤੇ। ਹੁਣ ਦੁੱਧ ਵਿੱਚ ਮਿਲਾਵਟ ਕਰਨ ਲਈ ਬੇਈਮਾਨ ਅਤੇ ਮੁਨਾਫ਼ਾਖੋਰਾਂ ਸ਼ਾਤਰ ਲੋਕ ਦੁੱਧ ਵਿੱਚ ਡਿਟਰਜੈਂਟ, ਯੂਰੀਆ, ਰਿਫ਼ਾਈਂਡ ਤੇਲ, ਸੋਇਆ ਪਾਊਡਰ, ਸਟਾਰਚ, ਗੁਲੂਕੋਜ਼ ਸੋਡੀਅਮ ਕਾਰਬੋਨੇਟ, ਸੋਡੀਅਮ ਬਾਈਕਾਰਬੋਨੇਟ, ਮਾਲਟੋ ਡੈਕਸਟ੍ਰੀਨ ਨਾਂ ਦਾ ਪਦਾਰਥ, ਫ਼ਾਰਮਾਲੀਨ ਅਤੇ ਹਾਈਡਰੋਜਨ ਪਰਆਕਸਾਈਡ ਜਿਹੀਆਂ ਡਾਕਟਰੀ ਦਵਾਈਆਂ ਵੀ ਵਰਤਦੇ ਹਨ। ਇੰਡੀਅਨ ਕੌਂਸਲ ਆਫ਼ ਮੈਡੀਕਲ ਐਂਡ ਰਿਸਰਚ ਦੀ ਰਿਪੋਰਟ ਅਨੁਸਾਰ ਸਿੰਥੈਟਿਕ ਦੁੱਧ ਅਤੇ ਉਸ ਤੋਂ ਬਣੇ ਉਤਪਾਦ ਸਿਹਤ ਲਈ ਹਾਨੀਕਾਰਕ ਹੁੰਦੇ ਹਨ। ਮਿਲਾਵਟੀ ਦੁੱਧ ਅਤੇ ਦੁੱਧ ਉਤਪਾਦਾਂ ਸਦਕਾ ਸਿਹਤਮੰਦ ਲੋਕਾਂ ਨੂੰ ਕਈ ਭਿਅੰਕਰ ਬਿਮਾਰੀਆਂ ਘੇਰ ਲੈਂਦੀਆਂ ਹਨ, ਜਿਨ੍ਹਾਂ ਵਿੱਚ ਜਿਗਰ ਦੀ ਖਰਾਬੀ, ਅੰਤੜੀਆਂ ਅਤੇ ਪੇਟ ਦੇ ਰੋਗ, ਦਿਲ ਦੇ ਰੋਗ, ਅਧਰੰਗ, ਕੈਂਸਰ, ਦਿਮਾਗ ਦੇ ਦੌਰੇ ਸ਼ਾਮਲ ਹਨ। ਵਿਸ਼ਵ ਸਿਹਤ ਸੰਗਠਨ ਨੇ ਭਾਰਤ ਨੂੰ ਕਈ ਸਾਲ ਪਹਿਲਾਂ ਚਿਤਾਵਣੀ ਦਿੱਤੀ ਸੀ ਕਿ ਜੇਕਰ ਦੁੱਧ ਅਤੇ ਦੁੱਧ ਉਤਪਾਦਾਂ ਵਿੱਚ ਮਿਲਾਵਟ ਨੂੰ ਨਾ ਰੋਕਿਆ ਗਿਆ ਤਾਂ 2025 ਤਕ 87% ਭਾਰਤੀ ਕੈਂਸਰ ਦੇ ਸ਼ਿਕਾਰ ਹੋ ਜਾਣਗੇ।

ਮਾਰਕੀਟ ਵਿੱਚ ਸਿੰਥੈਟਿਕ ਦੁੱਧ, ਖੋਇਆ, ਮੱਖਣ, ਪਨੀਰ ਆਮ ਵਿਕਦੇ ਹਨ। ਸਿੰਥੈਟਿਕ ਦੁੱਧ ਦੀਆਂ ਬਣੀਆਂ ਮਠਿਆਈਆ ਬਾਜ਼ਾਰਾਂ ਵਿੱਚ ਸ਼ਰੇਆਮ ਧੜੱਲੇ ਨਾਲ ਵਿਕਦੀਆਂ ਹਨ। ਜੱਗ ਜ਼ਾਹਿਰ ਹੈ ਕਿ ਕੁਝ ਲਾਲਚੀ ਦੁੱਧ ਵਿਕਰੇਤਾ ਪਹਿਲਾਂ ਦੁੱਧ ਵਿੱਚੋਂ ਕਰੀਮ ਕੱਢਦੇ ਹਨ, ਫ਼ਿਰ ਉਸ ਵਿੱਚ ਡਾਲਡਾ ਘਿਓ, ਸੁੱਕਾ ਦੁੱਧ, ਗੁਲੂਕੋਜ਼ ਅਤੇ ਕਈ ਹੋਰ ਪਦਾਰਥ ਦੁੱਧ ਦੀ ਫ਼ੈਟ ਵਧਾਉਣ ਲਈ ਮਿਲਾਉਂਦੇਹਨ ਅਤੇ ਫ਼ਿਰ ਅਜਿਹਾ ਤਿਆਰ ਨਕਲੀ ਦੁੱਧ ਲੋਕਾਂ ਨੂੰ ਵੇਚਦੇ ਹਨ। ਦੇਸ਼ ਦੇ ਹੋਰ ਸੂਬਿਆਂ ਦੀ ਤਰ੍ਹਾਂ ਹੀ ਪੰਜਾਬ ਦੇ ਸ਼ਹਿਰਾਂ ਅਤੇ ਕਸਬਿਆਂ ਵਿੱਚ ਸਮੇਂ-ਸਮੇਂ ’ਤੇ ਨਕਲੀ ਦੁੱਧ ਬਣਾਉਣ ਵਾਲੀਆਂ ਫ਼ੈਕਟਰੀਆਂ ਸਬੰਧੀ ਖੁਲਾਸੇ ਹੁੰਦੇ ਰਹਿੰਦੇ ਹਨ। ਉਹਨਾਂ ਉੱਪਰ ਸਿਹਤ ਵਿਭਾਗ ਵੱਲੋਂ ਛਾਪੇਮਾਰੀ ਵੀ ਕੀਤੀ ਜਾਂਦੀ ਹੈ। ਵੱਡੀ ਮਾਤਰਾ ਵਿੱਚ ਨਕਲੀ ਦੁੱਧ ਜ਼ਬਤ ਕੀਤਾ ਜਾਂਦਾ ਹੈ, ਸੈਂਪਲ ਭਰੇ ਜਾਂਦੇ ਹਨ, ਪਰ ਚਿੱਟੇ ਦੁੱਧ ਦਾ ਕਾਲਾ ਕਾਰੋਬਾਰ ਹਰ ਆਏ ਦਿਨ ਵਧਦਾ ਹੀ ਜਾ ਰਿਹਾ ਹੈ। ਤਿਉਹਾਰੀ ਸੀਜ਼ਨ ਦੌਰਾਨ ਮਿਲਾਵਟੀ ਦੁੱਧ ਅਤੇ ਦੁੱਧ ਉਤਪਾਦਾਂ ਦਾ ਬਜ਼ਾਰ ਸਿਖਰ ’ਤੇ ਪਹੁੰਚਿਆ ਹੁੰਦਾ ਹੈ। ਸਿਹਤ ਵਿਭਾਗ ਦੇ ਫ਼ੂਡ ਸੇਫ਼ਟੀ ਵਿੰਗ ਨੂੰ ਸਿਰਫ਼ ਤਿਉਹਾਰਾਂ ਦੇ ਦਿਨਾਂ ਦੌਰਾਨ ਹੀ ਨਹੀਂ, ਸਗੋਂ ਹਰ ਸਮੇਂ ਲਗਾਤਾਰਤਾ ਨਾਲ ਦੁੱਧ ਦੇ ਹੋ ਰਹੇ ਨਕਲੀ ਕਾਰੋਬਾਰ ਨੂੰ ਠੱਲ੍ਹ ਪਾਉਣ ਲਈ ਆਪਣੀ ਮੁਹਿੰਮ ਜਾਰੀ ਰੱਖਣੀ ਚਾਹੀਦੀ ਹੈ। ਫ਼ੂਡ ਸੇਫ਼ਟੀ ਸੇਫ਼ਟੀ ਐਕਟ 2006 ਅਨੁਸਾਰ ਮਿਲਾਵਟ ਕਰਨ ਦੇ ਦੋਸ਼ੀਆਂ ਨੂੰ ਛੇ ਮਹੀਨੇ ਕੈਦ ਤੇ ਇੱਕ ਲੱਖ ਦੇ ਜੁਰਮਾਨੇ ਤੋਂ ਲੈ ਕੇ 10 ਸਾਲ ਤਕ ਦੀ ਕੈਦ ਅਤੇ 10 ਲੱਖ ਰੁਪਏ ਤਕ ਜੁਰਮਾਨਾ ਲਾਉਣ ਦਾ ਪ੍ਰਾਵਧਾਨ ਰੱਖਿਆ ਗਿਆ ਹੈ। ਇਸ ਐਕਟ ਅਨੁਸਾਰ ਮਿਲਾਵਟਖੋਰੀ ਦੇ ਦੋਸ਼ੀਆਂ ਨੂੰ ਮਿਸਾਲੀ ਸਜ਼ਾ ਚਾਹੀਦੀ ਹੈ, ਪਰ ਅਜਿਹਾ ਦੇਖਣ ਨੂੰ ਨਹੀਂ ਮਿਲਦਾ। ਚੋਰ ਮੋਰੀਆਂ ਸਦਕਾ ਰਜਿਸਟਰਡ ਕੀਤੇ ਕੇਸ ਅਧਵਾਟੇ ਹੀ ਦਮ ਤੋੜ ਜਾਂਦੇ ਹਨ ਜਾਂ ਨਾਂ ਮਾਤਰ ਸਜ਼ਾਵਾਂ ਤਕ ਮੁਸ਼ਕਿਲ ਨਾਲ ਉੱਪੜਦੇ ਹਨ। ਅਸਲ ਵਿੱਚ ਜੋ ਲੋਕ ਮਿਲਾਵਟਖੋਰੀ ਦੇ ਧੰਦੇ ਵਿੱਚ ਲਿਪਤ ਹਨ, ਉਹਨਾਂ ਦੀ ਜ਼ਮੀਰ ਜਾਗਣੀ ਚਾਹੀਦੀ ਹੈ ਕਿ ਉਹ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰਨ ਤੋਂ ਬਾਜ਼ ਆਉਣ। ਉਹਨਾਂ ਨੂੰ ਇਸ ਗੱਲ ਦਾ ਅਹਿਸਾਸ ਹੋਣਾ ਚਾਹੀਦਾ ਹੈ ਕਿ ਕਦੇ ਵੀ ਗਲਤ ਢੰਗ ਤਰੀਕਿਆਂ ਨਾਲ ਬਣਾਇਆ ਹੋਇਆ ਧਨ ਜੀਵਨ ਨੂੰ ਸਕੂਨ ਨਹੀਂ ਬਖਸ਼ ਸਕਦਾ।

***

## ਖੇਤੀ ਸੁਧਾਰਾਂ ਦਾ ਦੇਸੀ ਮਾਡਲ...

ਤਬਦੀਲੀ ਲਿਆਵੇਗਾ। ਇਹ ਬਦਲਾਅ ਯਕੀਨੀ ਤੌਰ ’ਤੇ ਉਸ ਸਮੇਂ ਆਵੇਗਾ, ਜਦੋਂ ਸੱਤਾ ’ਚ ਬੈਠੇ ਲੋਕ ਖੁਦ ਸੱਤਾ ਦੀ ਤਾਕਤ ’ਤੇ ਸਵਾਲ ਉਠਾਉਣ ਲੱਗ ਜਾਣਗੇ। ਜਿਸ ਤਰ੍ਹਾਂ ਉਪ ਰਾਸ਼ਟਰਪਤੀ ਨੇ ਕਿਹਾ ਹੈ ਕਿ ਜੇਕਰ ਸਰਦਾਰ ਪਟੇਲ ਨੇ ਦੇਸ਼ ਨੂੰ ਇਕਜੁੱਟ ਕੀਤਾ ਸੀ ਤਾਂ ਹੁਣ ਸ਼ਿਵਰਾਜ ਸਿੰਘ ਚੌਹਾਨ ਕੋਲ ਵੀ ਅਜਿਹਾ ਕਰਨ ਦਾ ਮੌਕਾ ਹੈ। ਆਪਣੀ ਪ੍ਰਭਾਵਸ਼ਾਲੀ ਸ਼ਖ਼ਸੀਅਤ ਨੂੰ ਵੇਖਦਿਆਂ ਚੌਹਾਨ ਯਕੀਨਨ ਅਜਿਹਾ ਕਰ ਵੀ ਸਕਦੇ ਹਨ। ਉਹ ਸਭ ਤੋਂ ਪਹਿਲਾਂ ਅੰਦੋਲਨਕਾਰੀ ਕਿਸਾਨਾਂ ਅਤੇ ਇਕ ਉਦਾਸੀਨ ਤੇ ਨਾਂਹ-ਪੱਖੀ ਰਾਜਨੀਤੀ ਵਿਚਕਾਰ ਆਪਸੀ ਸਾਂਝ ਦਾ ਪੁਲ ਬਣਾ ਕੇ ਸ਼ੁਰੂਆਤ ਕਰ ਸਕਦੇ ਹਨ। ਇਹ ਓਨਾ ਮੁਸ਼ਕਿਲ ਨਹੀਂ ਹੈ, ਜਿੰਨਾ ਲਗਦਾ ਹੈ। ਯਾਦ ਰੱਖਣਯੋਗ ਹੈ ਕਿ ਇੱਕ ਵਾਰ ਨੈਲਸਨ ਮੰਡੇਲਾ ਨੇ ਕਿਹਾ ਸੀ ‘ਜਦੋਂ ਤੱਕ ਕੋਈ ਕੰਮ ਪੂਰਾ ਨਹੀਂ ਹੋ ਜਾਂਦਾ, ਉਹ ਹਮੇਸ਼ਾ ਅਸੰਭਵ ਜਾਪਦਾ ਹੈ।’

***

## ਤੁਸੀਂ ਚਿੱਠੀਆਂ ਲਿੱਖਣੀਆਂ ...

ਇਸ ਤਰ੍ਹਾਂ ਇਹ ਸਾਧਾਰਨ ਜਿਹੀਆਂ ਚਿੱਠੀਆਂ ਪੰਜਾਬ ਦੇ ਪਿੰਡਾਂ ਵਿੱਚ ਆਪਣੀ ਵਿਸ਼ੇਸ਼ ਪਹਿਚਾਣ ਬਣਾ ਲੈਂਦੀਆਂ ਅਤੇ ਇਨ੍ਹਾਂ ਚਿੱਠੀਆਂ ਦੇ ਮੋਹ ਨੇ ਹੀ ਪੰਜਾਬੀ ਸੱਭਿਆਚਾਰ ਨੂੰ ਇੱਕ ਨਵਾਂ ਰੰਗ ਦੇ ਦਿੱਤਾ। ਅੱਜ ਵਿਗਿਆਨ ਦੇ ਯੁੱਗ ਨੇ ਸਾਡੇ ਪਾਸੋਂ ਉਹ ਬਹੁਤ ਮਨੋਰੰਜਕ ਦ੍ਰਿਸ਼ ਅਤੇ ਸਨੇਹ ਭਰਿਆ ਮਾਹੌਲ ਹੀ ਖੋਹ ਲਿਆ ਹੈ ਅਤੇ ਡਾਕੀਏ ਵੀ ਵਿਰਲੇ-ਵਿਰਲੇ ਦਿਖਾਈ ਦਿੰਦੇ ਹਨ, ਪਰ ਕਦੇ ਸਮਾਂ ਸੀ ਜਦੋਂ ਕੋਈ ਚਿੱਠੀ ਅੱਲ੍ਹੜ ਮੁਟਿਆਰਾਂ ਦਾ ਕਾਲਜਾਂ ਕੱਢ ਕੇ ਲੈ ਜਾਂਦੀ ਸੀ ਅਤੇ ਉਹ ਮੁਟਿਆਰਾਂ ਖ਼ਾਸ-ਖ਼ਾਸ ਚਿੱਠੀਆਂ ਨੂੰ ਸੰਭਾਲ ਕੇ ਸੰਦੂਕਾਂ ਵਿੱਚ ਰੱਖਦੀਆਂ ਜਾਂ ਸ਼ੀਸ਼ਿਆਂ ਵਿੱਚ ਫ਼ਰੇਮ ਕਰਵਾ ਲੈਂਦੀਆਂ। ਇਨ੍ਹਾਂ ਫ਼ਰੇਮ ਕੀਤੀਆਂ ਚਿੱਠੀਆਂ ਵਿੱਚੋਂ ਹੀ ਉਨ੍ਹਾਂ ਨੂੰ ਆਪਣੇ ਢੋਲ ਦਾ ਪਿਆਰ ਝਲਕਦਾ ਨਜ਼ਰ ਆਉਂਦਾ।

***

## ਸਰਕਾਰ ਦੇ ਦਾਅਵੇ...

ਐਡੀ ਵੱਡੀ ਆਬਾਦੀ ਲਈ, ਜੋ ਵਿਸ਼ਵ ਦੀ ਗਿਣਤੀ ਵਿੱਚ ਪਹਿਲੇ ਨੰਬਰ ਦੀ ਆਬਾਦੀ ਹੈ, ਭਾਰਤ ਦਾ ਕਿਸਾਨ ਖ਼ੁਰਾਕ ਪੈਦਾ ਕਰਦਾ ਹੈ, ਪਰ ਆਪ ਭੁਖਿਆਂ ਸੌਂਦਾ ਹੈ ਅਤੇ ਭੈੜੀਆਂ ਸਥਿਤੀਆਂ ’ਚ ਜੀਵਨ ਵਸਰ ਕਰਦਾ ਹੈ। ਸਰਕਾਰ ਦੀ ਕਿਸਾਨਾਂ ਪ੍ਰਤੀ ਬੇਰੁਖੀ ਰੜਕਦੀ ਹੈ। ਸੰਘਰਸ਼ਮਈ ਕਿਸਾਨ ਜ਼ਿੰਦਗੀ, ਲੋੜਾਂ ਅਤੇ ਥੋੜਾਂ ਕਾਰਨ ਕਈ ਹਾਲਾਤਾਂ ’ਚ ਕਰੁਨਾਮਈ ਬਣ ਜਾਂਦੀ ਹੈ, ਜਦੋਂ ਉਸਦੇ ਪਰਿਵਾਰ ਨੂੰ ਸਿੱਖਿਆ, ਸਿਹਤ ਸਹੂਲਤਾਂ ਦੀ ਘਾਟ ਰਹਿੰਦੀ ਹੈ।

ਸਮੁੱਚੇ ਦੇਸ਼ ਵਿੱਚ ਕਿਸਾਨ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੁੰਦਿਆਂ ਸੰਘਰਸ਼ ਕਰ ਰਹੇ ਹਨ। ਉਹਨਾ ਦੇ ਹਾਲਾਤ ਸੁਧਾਰਨ ਲਈ ਬੁਨਿਆਦੀ ਢਾਂਚੇ ਦੇ ਪਸਾਰੇ ਲਈ ਅਤੇ ਪਾਣੀ-ਪ੍ਰਬੰਧਨ ਅਤੇ ਸਿੰਚਾਈ ਯੋਜਨਾਵਾਂ ਦੇ ਸੁਧਾਰ ਦੀ ਤਾਂ ਲੋੜ ਹੈ ਹੀ, ਉਸਦੇ ਜੀਵਨ ਨੂੰ ਸੁਖਾਲਾ ਬਣਾਉਣ ਲਈ ਸਮਾਜਿਕ ਸੁਰੱਖਿਆ ਦੇਣਾ ਵੀ ਜ਼ਰੂਰੀ ਹੈ।

**

## ਜ਼ਿੰਦਗੀ ਭਰ ਦੇ ਜ਼ਖਮ...

ਇੱਥੇ ਹੀ ਬਸ ਨਹੀਂ, 1990 ਵਿੱਚ ਇੰਡੀਅਨ ਏਅਰਲਾਈਨਜ਼ ਦੀ ਉਡਾਨ ਨਾਲ ਵਾਪਰੇ ਹਾਦਸੇ ਵਿੱਚ 92 ਅਤੇ 1993 ਨੂੰ ਮਹਾਰਾਸ਼ਟਰ ਦੇ ਔਰੰਗਾਬਾਦ ਵਿੱਚ ਇੰਡੀਅਨ ਏਅਰਲਾਈਨਜ਼ ਦੀ ਉਡਾਨ ਨਾਲ ਵਾਪਰੇ ਹਾਦਸੇ ਵਿਚ 55, ਬਿਹਾਰ ਦੇ ਪਟਨਾ ਵਿੱਚ 17 ਜੁਲਾਈ ਨੂੰ ਅਲਾਇੰਸ ਏਅਰ ਦੀ ਉਡਾਨ ਨਾਲ ਵਾਪਰੇ ਹਾਦਸੇ ਵਿੱਚ 50, ਸਾਲ 2020 ਨੂੰ ਕੋਜ਼ੀਕੋਡ ਤੋਂ ਦੁਬਈ ਜਾ ਰਹੀ ਏਅਰ ਇੰਡੀਆ ਐਕਸਪ੍ਰੈੱਸ ਦੀ ਉਡਾਨ ਨਾਲ ਵਾਪਰੇ ਹਾਦਸੇ ਵਿੱਚ 18 ਵਿਅਕਤੀ ਮਾਰੇ ਗਏ ਸਨ। ਇਸੇ ਤਰ੍ਹਾਂ 22 ਜੁਲਾਈ 2016 ਨੂੰ ਇੰਡੀਅਨ ਏਅਰ ਫੋਰਸ ਦੇ ਜਹਾਜ਼ ਨਾਲ ਬੰਗਾਲ ਦੀ ਖਾੜੀ ਵਿਚ ਵਾਪਰੇ ਹਾਦਸੇ ਦੌਰਾਨ 29 ਵਿਅਕਤੀ ਮਾਰੇ ਗਏ ਸਨ। ਇਸ ਹਾਦਸੇ ਦੀ ਗੰਭੀਰਤਾ ਨਾਲ ਜਾਂਚ ਹੋਣੀ ਚਾਹੀਦੀ ਹੈ ਤਾਂ ਜੋ ਭਵਿੱਖ ਵਿਚ ਅਜਿਹੀਆਂ ਦੁਰਘਟਨਾਵਾਂ ਤੋਂ ਬਚਿਆ ਜਾ ਸਕੇ। ਲੋੜ ਪੈਣ ’ਤੇ ਭਾਈਵਾਲ ਮੁਲਕਾਂ ਦੀ ਵੀ ਸਹਾਇਤਾ ਜਾਂ ਸੇਧ ਲੈਣ ਤੋਂ ਗੁਰੇਜ਼ ਨਹੀਂ ਕਰਨਾ ਚਾਹੀਦਾ।

***

## ਪੰਜਾਬ ਪੁਨਰਗਠਨ ਐਕਟ ਦੀ ਧਾਰਾ 79...

ਪੰਜਾਬ ਸਰਕਾਰ ਨੇ ਇੱਕ ਵਾਰ ਮੁੜ ਦਫ਼ਾ 78 ਨੂੰ ਸੁਪਰੀਮ ਕੋਰਟ ਵਿੱਚ ਚੈਲੰਜ ਕੀਤਾ ਜਿਸ ਨੂੰ ਹਰਿਆਣੇ ਵੱਲੋਂ ਦਾਇਰ ਡਿਕਰੀ ਕਰਨ ਵਾਲੇ ਕੇਸ ਦੇ ਨਾਲ ਹੀ ਕੋਰਟ ਨੇ ਸੁਣਿਆ। ਸੁਪਰੀਮ ਕੋਰਟ ਵੱਲੋਂ 4 ਜੂਨ 2004 ਨੂੰ ਸੁਣੇ ਫ਼ੈਸਲੇ ’ਚ ਪੰਜਾਬ ਦੀ ਦਰਖਾਸਤ ਨੂੰ ਰੱਦ ਕਰ ਦਿੱਤਾ ਗਿਆ।

ਸੁਪਰੀਮ ਕੋਰਟ ਰੂਲਜ਼ ਦਾ ਹਵਾਲਾ ਦਿੰਦਿਆਂ ਕੋਰਟ ਨੇ ਕਿਹਾ ਕਿਉਂਕਿ ਪੰਜਾਬ ਦਫ਼ਾ 78 ਨੂੰ ਰੱਦ ਕਰਾਉਣ ਦੀ ਪਟੀਸ਼ਨ ਪਹਿਲਾਂ ਦਾਇਰ ਕਰਕੇ ਵਾਪਸ ਲੈ ਚੁੱਕਿਆ ਹੈ, ਸੋ ਰੂਲ ਮੁਤਾਬਿਕ ਇੱਕ ਵਾਰ ਵਾਪਸ ਲਈ ਗਈ ਪਟੀਸ਼ਨ ਦੁਬਾਰਾ ਦਾਇਰ ਨਹੀਂ ਕੀਤੀ ਜਾ ਸਕਦੀ। ਸੋ, 78 ਨੂੰ ਰੱਦ ਕਰਾਉਣ ਵਾਲਾ ਕਾਨੂੰਨੀ ਰਾਹ ਜਿੱਥੇ ਬੰਦ ਹੈ, ਉੱਥੇ ਦਫ਼ਾ 79 ਨੂੰ ਚੈਲੰਜ ਕਰਨ ਵਾਲਾ ਰਾਹ ਖੁੱਲ੍ਹਾ ਹੈ। ਸਿਆਸੀ ਚਾਰਾਜੋਈ ਤਹਿਤ ਪੰਜਾਬ ਵਿਧਾਨ ਸਭਾ ਵੱਲੋਂ ਇੱਕ ਮਤਾ ਪਾਸ ਕਰਕੇ ਕੇਂਦਰ ਸਰਕਾਰ ਨੂੰ ਭੇਜ ਕੇ ਮੰਗ ਕੀਤੀ ਜਾਵੇ ਕਿ ਕੇਂਦਰੀ ਐਕਟ ‘ਪੰਜਾਬ ਪੁਨਰਗਠਨ ਐਕਟ 1966’ ਦੀਆਂ ਗ਼ੈਰ-ਸੰਵਿਧਾਨਿਕ ਧਾਰਾਵਾਂ78, 79, 80 ਰੱਦ ਕੀਤੀਆਂ ਜਾਣ। ਪੰਜਾਬ ਸਰਕਾਰ ਨੇ 1966 ਤੋਂ ਲੈ ਕੇ ਅੱਜ ਤੱਕ ਇਨ੍ਹਾਂ ਧਾਰਾਵਾਂ ਨੂੰ ਰੱਦ ਕਰਾਉਣ ਖਾਤਰ ਕੇਂਦਰ ਸਰਕਾਰ ਨੂੰ ਇੱਕ ਚਿੱਠੀ ਤੱਕ ਨਹੀਂ ਲਿਖੀ। ਭਾਵੇਂ ਪੰਜਾਬ ਦੀ ਇਸ ਮੰਗ ’ਤੇ ਕੇਂਦਰ ਵੱਲੋਂ ਕੰਨ ਧਰਨ ਦੀ ਕੋਈ ਉਮੀਦ ਨਹੀਂ, ਪਰ ਵਿਧਾਨ ਸਭਾ ਦੇ ਇਹ ਮਤੇ ਸਿਆਸੀ ਤੇ ਕਾਨੂੰਨੀ ਕੋਸ਼ਿਸ਼ਾਂ ਦਾ ਰਾਹ ਜ਼ਰੂਰ ਖੋਲ੍ਹਣਗੇ।

***

## ਪੰਜਾਬ ਦੇ ਦਰਿਆਈ ਪਾਣੀਆਂ ...

ਪਾਣੀ ਦੀ ਇਹ ਵਰਤੋਂ ਵੀ ਘਟਾਈ ਨਹੀਂ ਜਾ ਸਕਦੀ ਕਿਉਂਕਿ ਕਿਸਾਨ ਛੋਟੇ ਹਨ, ਉਹ ਫ਼ਸਲੀ ਘਣਤਾ ਘੱਟ ਨਹੀਂ ਕਰ ਸਕਦੇ ਕਿਉਂਕਿ ਮਹਿੰਗਾਈ ਕਾਰਨ ਪਰਿਵਾਰ ਦਾ ਪਹਿਲਾਂ ਹੀ ਗੁਜ਼ਾਰਾ ਮੁਸ਼ਕਿਲ ਨਾਲ ਚੱਲਦਾ ਹੈ।

ਨਿਚੋੜ: ਅੱਜ ਲੋੜ ਹੈ ਕਿ ਨਹਿਰੀ ਪਾਣੀ ਦਾ ਦੁਬਾਰਾ ਮੁਲਾਂਕਣ ਕੀਤਾ ਜਾਵੇ। ਪਾਣੀ ਸਾਰੇ ਦੇਸ਼ ਲਈ ਦੁਰਲੱਭ ਵਸਤੂ ਹੈ ਜੋ ਪੀਣ ਲਈ ਹਰ ਇੱਕ ਨੂੰ ਮਿਲਣਾ ਚਾਹੀਦਾ ਹੈ। ਇਸ ਵੇਲੇ ਇਹ ਸੋਚਣਾ ਪਵੇਗਾ ਕਿ ਮਾਰੂਥਲ ਨੂੰ ਉਪਜਾਊ ਬਣਾਉਣ ਦੀ ਕੋਸ਼ਿਸ਼ ਦੇ ਮੁਕਾਬਲੇ ਵਧੀਆ ਆਬਾਦ ਇਲਾਕੇ ਨੂੰ ਮਾਰੂਥਲ ਬਣਾਉਣਾ ਕਿੰਨੀ ਕੁ ਸਿਆਣਪ ਹੈ। ਪੰਜਾਬ ਦੇ ਸਿਆਸਤਦਾਨ ਅੱਜ ਆਪਣੇ ਮਤਭੇਦ ਭੁਲਾ ਕੇ ਪੰਜਾਬ ਲਈ ਇੱਕਸੁਰ ਆਵਾਜ਼ ਉਠਾਉਣ ਕਿ ਪੰਜਾਬ ਦੀ ਪਾਣੀ ਦੀ ਵੰਡ ਅੱਜ ਦੀ ਸਥਿਤੀ ਨੂੰ ਲੈ ਕੇ ਹੋਵੇ, ਖਾਸ ਕਰ ਕੇ ਰਿਪੇਰੀਅਨ ਐਕਟ ਮੁਤਾਬਿਕ। ਇਸ ਲਈ ਜੋ ਚਾਰਾਜੋਈ ਹੋ ਸਕਦੀ ਹੈ, ਰਲ ਕੇ ਕਰੋ ਕਿਉਂਕਿ ਜਿੰਨਾ ਪਾਣੀ ਉਸ ਵੇਲੇ ਮਿਥਿਆ ਗਿਆ ਸੀ, ਓਨਾ ਪਾਣੀ ਹੁਣ ਹੈ ਹੀ ਨਹੀਂ। ਜੇ ਮੀਂਹ ਹੀ ਤੀਜਾ ਹਿੱਸਾ ਘਟ ਗਏ (65 ਦੇ ਬਜਾਏ 45 ਸੈਂਟੀਮੀਟਰ ਪ੍ਰਤੀ ਸਾਲ) ਰਹਿ ਗਏ ਤਾਂ ਪਾਣੀ ਕਿਥੋਂ ਆਵੇਗਾ ? ਸਿਆਸਤਦਾਨਾਂ ਨੇ ਰਾਜ ਪੰਜਾਬ ’ਤੇ ਕਰਨਾ ਹੈ ਪਰ ਜੇ ਪੰਜਾਬ ਬਚੇਗਾ ਤਾਂ ਹੀ ਰਾਜ ਕਰਨਗੇ।

***

## ਸਿੱਖ ਵਿਰਾਸਤੀ ਇਮਾਰਤਾਂ ...

ਇਸ ਮੌਕੇ ਸੰਗਤ ਨੂੰ ਸੰਬੋਧਨ ਕਰਦਿਆਂ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਅੱਜ ਸਮੇਂ ਦੀ ਲੋੜ ਹੈ ਕਿ ਲਹਿੰਦੇ ਦੇ ਨਾਲ-ਨਾਲ ਚੜ੍ਹਦੇ ਪੰਜਾਬ ਅੰਦਰ ਵੀ ਸਿੱਖ ਵਿਰਾਸਤੀ ਇਮਾਰਤਾਂ ਦੀ ਸਾਂਭ-ਸੰਭਾਲ ਕੀਤੀ ਜਾਵੇ ਤਾਂ ਜੋ ਅਗਲੀਆਂ ਪੀੜ੍ਹੀਆਂ ਲਈ ਇਹ ਇਤਿਹਾਸ ਸੰਭਾਲਿਆ ਜਾ ਸਕੇ। ਉਨ੍ਹਾਂ ਕਿਹਾ ਕਿ ਉਹ ਕੋਸ਼ਿਸ਼ ਕਰਨਗੇ ਕਿ ਭਵਿੱਖ ਵਿੱਚ ਹਰ ਸਾਲ ਮਹਾਰਾਜਾ ਰਣਜੀਤ ਸਿੰਘ ਜੀ ਦੇ ਜਨਮ ਦਿਹਾੜੇ ਤੇ ਬਰਸੀ ਮੌਕੇ ਸ਼੍ਰੋਮਣੀ ਕਮੇਟੀ ਰਾਹੀਂ ਰਾਮਬਾਗ਼ ਹਵਾ ਮਹਿਲ ਵਿਖੇ ਮਹਾਰਾਜਾ ਸਾਹਿਬ ਦੀ ਯਾਦ ਵਿੱਚ ਸਮਾਗਮ ਕਰਵਾਏ ਜਾਣ।

ਸਮਾਗਮ ਉਪਰੰਤ ਪੱਤਰਕਾਰਾਂ ਨਾਲ ਗੱਲ ਕਰਦਿਆਂ ਜਥੇਦਾਰ ਗੜਗੱਜ ਨੇ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਹਮੇਸ਼ਾ ਹੀ ਖ਼ਾਲਸਾ ਪੰਥ, ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸ੍ਰੀ ਗੁਰੂ ਰਾਮਦਾਸ ਜੀ ਨੂੰ ਸਮਰਪਿਤ ਰਹੇ। ਮਹਾਰਾਜਾ ਰਣਜੀਤ ਸਿੰਘ ਨੇ ਜਿੱਥੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਸੇਵਾ ਵਿੱਚ ਸੋਨਾ ਭੇਟ ਕੀਤਾ ਉੱਥੇ ਹੀ ਉਨ੍ਹਾਂ ਨੇ ਕਾਸ਼ੀ ਵਿਸ਼ਵਨਾਥ ਮੰਦਰ ਤੇ ਸੁਨਹਿਰੀ ਮਸੀਤ ਨੂੰ ਵੀ ਸੋਨੇ ਦੀ ਸੇਵਾ ਕੀਤੀ ਤੇ ਸ੍ਰੀ ਅੰਮ੍ਰਿਤਸਰ ਵਿੱਚ ਆਪਣਾ ਮਹਿਲ ਬਣਾਉਣ ਤੋਂ ਬਾਅਦ ਇੱਥੇ ਸਥਿਤ ਬਾਗ ਦਾ ਨਾਮ ਸ੍ਰੀ ਗੁਰੂ ਰਾਮਦਾਸ ਜੀ ਦੇ ਨਾਮ ਪੁਰ ਰਾਮਬਾਗ਼ ਰੱਖਿਆ। ਉਨ੍ਹਾਂ ਕਿਹਾ ਕਿ ਲੰਮੇ ਸਮੇਂ ਬਾਅਦ ਰਾਮਬਾਗ਼ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਕੇ ਇੱਥੇ ਮਹਾਰਾਜਾ ਸਾਹਿਬ ਦੀ ਯਾਦ ਵਿੱਚ ਗੁਰਮਤਿ ਸਮਾਗਮ ਕਰਵਾਇਆ ਗਿਆ ਜੋ ਕਿ ਗੁਰੂ ਸਾਹਿਬ ਦੀ ਬਖ਼ਸ਼ਿਸ਼ ਸਦਕਾ ਹੈ। ਇੱਥੇ ਸਥਿਤ ਨਿਸ਼ਾਨ ਸਾਹਿਬ ਦੀ ਪੋਸ਼ਾਕ ਦੀ ਸੇਵਾ ਵੀ ਸ਼੍ਰੋਮਣੀ ਕਮੇਟੀ ਵੱਲੋਂ ਕੀਤੀ ਗਈ ਹੈ।

ਮਹਾਰਾਜਾ ਰਣਜੀਤ ਸਿੰਘ ਨੇ ਸਾਰੇ ਧਰਮਾਂ ਦੇ ਲੋਕਾਂ ਨੂੰ ਆਪਣੀ ਕੈਬਨਿਟ ਵਿੱਚ ਥਾਂ ਦੇ ਕੇ ਪੰਜਾਬ ਦਾ ਰਾਜ ਚਲਾਇਆ ਤੇ ਲੋਕ ਬਹੁਤ ਹੀ ਸੁਖੀ ਰਹੇ। ਉਨ੍ਹਾਂ ਕਿਹਾ ਕਿ ਸਾਨੂੰ ਅਰਦਾਸ ਕਰਨੀ ਚਾਹੀਦੀ ਹੈ ਕਿ ਸ਼ੇਰ-ਏ-ਪੰਜਾਬ ਮਹਾਰਾਜਾ ਜਿਹਾ ਰਾਜ ਪੰਜਾਬ ਦੇ ਵਿੱਚ ਫਿਰ ਹੋਵੇ ਜਿੱਥੇ ਸਾਰੇ ਭਾਈਚਾਰਿਆਂ ਦੇ ਲੋਕ ਆਪਸੀ ਪ੍ਰੇਮ ਕੇ ਇਤਫ਼ਾਕ ਦੇ ਨਾਲ ਰਹਿਣ। ਉਨ੍ਹਾਂ ਕਿਹਾ ਕਿ ਹਰ ਸਾਲ ਮਹਾਰਾਜਾ ਦਾ ਜਨਮ ਦਿਹਾੜਾ ਤੇ ਬਰਸੀ ਸਮਾਗਮ ਰਾਮਬਾਗ਼ ਵਿਖੇ ਮਨਾਏ ਜਾਣੇ ਚਾਹੀਦੇ ਹਨ। ਚੀਫ਼ ਖ਼ਾਲਸਾ ਦੀਵਾਨ ਦੇ ਸਬੰਧ ਵਿੱਚ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਜਥੇਦਾਰ ਗੜਗੱਜ ਨੇ ਕਿਹਾ ਕਿ ਇਹ ਸਿੱਖਾਂ ਦੀ ਬਹੁਤ ਹੀ ਸ਼ਾਨਦਾਰ ਸੰਸਥਾ ਹੈ ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਵੀ ਪਹਿਲਾਂ ਹੋਂਦ ਵਿੱਚ ਆ ਗਈ ਸੀ। ਇਹ ਪੂਰੀ ਤਰ੍ਹਾਂ ਗੁਰਮਤਿ ਨੂੰ ਪਰਣਾਈ ਹੋਈ ਸੰਸਥਾ ਹੈ, ਜਿਸ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪ੍ਰਵਾਣਿਤ ਸਿੱਖ ਰਹਿਤ ਮਰਯਾਦਾ ਤਿਆਰ ਕਰਨ ਵਿੱਚ ਵੀ ਅਹਿਮ ਭੂਮਿਕਾ ਨਿਭਾਈ ਹੈ।

***

## ਦਿਲਜੀਤ ਦੋਸਾਂਝ ਦੀ ਫ਼ਿਲਮ...

ਮੁਖੀ ਮਨਜੀਤ ਸਿੰਘ ਜੀ.ਕੇ. ਨੇ ਦਿਲਜੀਤ ਨੂੰ ਸਮਰਥਨ ਦਿੰਦਿਆਂ ਕਿਹਾ ਕਿ ਉਸ ਨੂੰ ਚੋਣਵੇਂ ਤੌਰ ’ਤੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਜੋ ਅਘੋਸ਼ਿਤ ਐਮਰਜੈਂਸੀ ਵਰਗਾ ਹੈ।

ਬੀਬੀ ਕਿਰਨਜੋਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ ਦਾ ਕਹਿਣਾ ਹੈ ਕਿ ਇਹ ਬਹੁਤ ਹੀ ਮਜ਼ਾਕੀਆ ਹੈ ਕਿ ਪਾਕਿਸਤਾਨੀ ਅਤੇ ਭਾਰਤੀ ਕਲਾਕਾਰਾਂ ਨੂੰ ਇਕੱਠੇ ਕੰਮ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾ ਰਹੀ। ਮੈਂ ਪੰਜਾਬੀ ਫ਼ਿਲਮਾਂ ਦੀ ਪ੍ਰਸ਼ੰਸਕ ਨਹੀਂ ਹਾਂ ਪਰ ਪਾਕਿਸਤਾਨੀ ਡਰਾਮਾ ਸੀਰੀਅਲਾਂ ਦੀ ਜ਼ਰੂਰ ਪ੍ਰਸ਼ੰਸਕ ਹਾਂ। ਹਾਲ ਹੀ ਵਿੱਚ ਹਾਨੀਆ ਅਮੀਰ ਦੀ ਫ਼ਿਲਮ ‘ਕਭੀ ਮੈਂ ਕਭੀ ਤੁਮ’ ਦੇਖੀ ਹੈ। ਬਹੁਤ ਹੀ ਸੁੰਦਰ ਡਰਾਮਾ! ਜੇਕਰ ਉਹ ਦਿਲਜੀਤ ਦੋਸਾਂਝ ਨਾਲ ਕੰਮ ਕਰਦੀ ਹੈ ਤਾਂ ਕੀ ਸਮੱਸਿਆ ਹੈ ? ਜਸਵੰਤ ਸਿੰਘ ਖਾਲੜਾ ਦੇ ਜੀਵਨ ’ਤੇ ਆਧਾਰਿਤ ਦੋਸਾਂਝ ਦੀ ਫ਼ਿਲਮ ‘ਪੰਜਾਬ 95’ ਨੂੰ ਵੀ ਰਿਲੀਜ਼ ਨਹੀਂ ਹੋਣ ਦਿੱਤਾ ਜਾ ਰਿਹਾ। ਤਾਂ ਕੀ ਸਮੱਸਿਆ ਇੱਕ ਸਫ਼ਲ ਪੰਜਾਬੀ ਮਨੋਰੰਜਨ ਕਰਨ ਵਾਲੀ, ਈਰਖਾ ਤੇ ਸਾੜ੍ਹਾ ਹੈ, ਅਤੇ ਉਸਨੂੰ ਬੇਲੋੜਾ ਪਰੇਸ਼ਾਨ ਕੀਤਾ ਜਾ ਰਿਹਾ ਹੈ ?

ਕੈਨੇਡਾ ਦੇ ਸਿੱਖ ਚਿੰਤਕ ਡਾਕਟਰ ਗੁਰਵਿੰਦਰ ਸਿੰਘ ਧਾਲੀਵਾਲ ਦਾ ਮੰਨਣਾ ਹੈ ਕਿ 1947 ਦੀ ਵੰਡ ਨੇ ਪੰਜਾਬ ਦੀ ਮਿੱਟੀ ਨੂੰ ਦੋ ਹਿੱਸਿਆਂ ਵਿੱਚ ਵੰਡ ਦਿੱਤਾ, ਪਰ ਪੰਜਾਬੀਆਂ ਦੇ ਦਿਲ ਅਜੇ ਵੀ ਇੱਕ ਡੋਰ ਨਾਲ ਬੱਝੇ ਹੋਏ ਹਨ। ਇਹ ਡੋਰ ਪੰਜਾਬੀ ਬੋਲੀ, ਸੱਭਿਆਚਾਰ ਅਤੇ ਸਾਂਝ ਦੀ ਹੈ। ਦਿਲਜੀਤ ਦੋਸਾਂਝ, ਜੋ ਇਸ ਡੋਰ ਦਾ ਮੋਹਰੀ ਹੈ, ਨੇ ਸਰਹੱਦਾਂ ਨੂੰ ਤੋੜਦਿਆਂ ਪੰਜਾਬੀਅਤ ਨੂੰ ਵਿਸ਼ਵ ਦੇ ਹਰ ਕੋਨੇ ਵਿਚ ਪਹੁੰਚਾਇਆ।

***

## ਲੁਧਿਆਣਾ ਪੱਛਮੀ ਉਪ ਚੋਣ ਦੇ ਨਤੀਜਿਆਂ ਬਾਅਦ ...

ਉਹ ਸੁਖਬੀਰ ਬਾਦਲ ਦੀ ਅਗਵਾਈ ਵਾਲੇ ਅਕਾਲੀ ਦਲ ਨਾਲ ਸਮਝੌਤਾ ਕਰਨਗੇ ਜਾਂ ਨਵੇਂ ਬਣੇ ਅਕਾਲੀ ਸਮੂਹਾਂ ਨਾਲ ਹੱਥ ਮਿਲਾਉਣਗੇ। ਸੁਖਬੀਰ ਬਾਦਲ ਦੀ ਪਾਰਟੀ ਦਾ ਵੋਟ ਬੈਂਕ ਭਾਵੇਂ ਸੀਮਤ ਹੋ ਗਿਆ ਹੈ, ਪਰ ਉਸ ਦੀ ਪੰਜਾਬ ਦੇ ਪੇਂਡੂ ਖੇਤਰਾਂ, ਖਾਸ ਕਰਕੇ ਸਿੱਖ ਵੋਟਰਾਂ ਵਿੱਚ ਅਜੇ ਵੀ ਕੁਝ ਪਕੜ ਹੈ। ਦੂਜੇ ਪਾਸੇ, ਨਵੇਂ ਅਕਾਲੀ ਸਮੂਹ ਅਜੇ ਸਿਆਸੀ ਤੌਰ ’ਤੇ ਮਜ਼ਬੂਤ ਨਹੀਂ ਹਨ ਅਤੇ ਉਨ੍ਹਾਂ ਦਾ ਵੋਟ ਬੈਂਕ ਸੀਮਤ ਹੈ।

ਭਾਜਪਾ ਦੇ ਸੀਨੀਅਰ ਨੇਤਾਵਾਂ ਦਾ ਮੰਨਣਾ ਹੈ ਕਿ ਸੁਖਬੀਰ ਬਾਦਲ ਨਾਲ ਸਮਝੌਤਾ ਕਰਨ ਨਾਲ ਪੰਜਾਬ ਦੇ ਸ਼ਹਿਰੀ ਅਤੇ ਪੇਂਡੂ ਵੋਟਰਾਂ ਦਾ ਮਿਸ਼ਰਣ ਮਿਲ ਸਕਦਾ ਹੈ, ਜੋ 2027 ਦੀਆਂ ਚੋਣਾਂ ਵਿੱਚ ‘ਆਪ’ ਅਤੇ ਕਾਂਗਰਸ ਨੂੰ ਟੱਕਰ ਦੇਣ ਲਈ ਜ਼ਰੂਰੀ ਹੈ। ਪਰ, ਅਕਾਲੀ ਦਲ (ਬਾਦਲ) ਦੀ ਅੰਦਰੂਨੀ ਸਿਆਸੀ ਖਿੱਚ-ਧੂ ਅਤੇ ਸੁਖਬੀਰ ਬਾਦਲ ਦੀ ਲੀਡਰਸ਼ਿਪ ’ਤੇ ਸਵਾਲ ਭਾਜਪਾ ਦੀ ਚਿੰਤਾ ਦਾ ਵਿਸ਼ਾ ਹਨ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਲੁਧਿਆਣਾ ਪੱਛਮੀ ਦੀ ਉਪ ਚੋਣ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਪੰਜਾਬ ਦੀ ਸਿਆਸਤ ਵਿੱਚ ‘ਆਪ’ ਅਤੇ ਕਾਂਗਰਸ ਦਾ ਦਬਦਬਾ ਵਧ ਰਿਹਾ ਹੈ। ਪਰ, ਜੇਕਰ ਭਾਜਪਾ ਅਤੇ ਅਕਾਲੀ ਦਲ ਇਕੱਠੇ ਹੁੰਦੇ ਹਨ, ਤਾਂ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਤਿਕੋਣੀ ਮੁਕਾਬਲਾ ਦੇਖਣ ਨੂੰ ਮਿਲ ਸਕਦਾ ਹੈ। ਇਸ ਗਠਜੋੜ ਨਾਲ ਦੋਵਾਂ ਪਾਰਟੀਆਂ ਦੀ ਵੋਟ ਸ਼ੇਅਰ ‘ਆਪ’ ਅਤੇ ਕਾਂਗਰਸ ਦੇ ਬਰਾਬਰ ਜਾਂ ਨੇੜੇ ਹੋ ਸਕਦੀ ਹੈ, ਜਿਸ ਨਾਲ ਕੋਈ ਵੀ ਪਾਰਟੀ ਜਿੱਤ ਦੀ ਦੌੜ ਵਿੱਚ ਅੱਗੇ ਨਿਕਲ ਸਕਦੀ ਹੈ। ਪੰਜਾਬ ਦੇ ਸਿਆਸੀ ਹਾਲਾਤਾਂ ਨੂੰ ਦੇਖਦੇ ਹੋਏ, ਭਾਜਪਾ ਅਤੇ ਅਕਾਲੀ ਦਲ ਦੇ ਸਮਝੌਤੇ ਦੀ ਸੰਭਾਵਨਾ ਨੂੰ ਪੂਰੀ ਤਰ੍ਹਾਂ ਖਾਰਜ ਨਹੀਂ ਕੀਤਾ ਜਾ ਸਕਦਾ। ਪਰ, ਇਸ ਸਮਝੌਤੇ ਲਈ ਦੋਵਾਂ ਪਾਰਟੀਆਂ ਨੂੰ ਆਪਣੇ ਅੜੀਅਲ ਰਵੱਈਏ ਨੂੰ ਛੱਡਣਾ ਹੋਵੇਗਾ ਅਤੇ ਸਾਂਝੇ ਹਿੱਤਾਂ ਨੂੰ ਧਿਆਨ ਵਿੱਚ ਰੱਖਕੇ ਸੀਟਾਂ ਦੀ ਵੰਡ ਅਤੇ ਅਗਵਾਈ ਦਾ ਫਾਰਮੂਲਾ ਤਿਆਰ ਕਰਨਾ ਹੋਵੇਗਾ। ਜੇਕਰ ਇਹ ਸਮਝੌਤਾ ਹੋ ਜਾਂਦਾ ਹੈ, ਤਾਂ ਪੰਜਾਬ ਦੀ ਸਿਆਸਤ ਵਿੱਚ ਨਵਾਂ ਮੋੜ ਆ ਸਕਦਾ ਹੈ ਅਤੇ ‘ਆਪ’ ਦੀ ਸਰਕਾਰ ਨੂੰ 2027 ਵਿੱਚ ਸਖ਼ਤ ਚੁਣੌਤੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਪੰਜਾਬ ਦੇ ਵੋਟਰਾਂ ਦੀ ਮੌਜੂਦਾ ਮਾਨਸਿਕਤਾ ਨੂੰ ਦੇਖਦੇ ਹੋਏ, ਅਕਾਲੀ-ਭਾਜਪਾ ਗਠਜੋੜ ਦੀ ਸਫਲਤਾ ਦੀ ਸੰਭਾਵਨਾ ਵੀ ਇਸ ਗੱਲ ’ਤੇ ਨਿਰਭਰ ਕਰਦੀ ਹੈ ਕਿ ਦੋਵੇਂ ਪਾਰਟੀਆਂ ਸੂਬੇ ਦੇ ਮੁੱਦਿਆਂ, ਜਿਵੇਂ ਕਿ ਕਿਸਾਨਾਂ ਦੀਆਂ ਮੰਗਾਂ, ਬੇਰੁਜ਼ਗਾਰੀ, ਅਤੇ ਸੀਵਰੇਜ ਸਮੱਸਿਆਵਾਂ ਨੂੰ ਕਿਵੇਂ ਸੰਬੋਧਨ ਕਰਦੀਆਂ ਹਨ। ਲੁਧਿਆਣਾ ਪੱਛਮੀ ਦੀ ਉਪ ਚੋਣ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਪੰਜਾਬ ਦੀ ਸਿਆਸਤ ਵਿੱਚ ਵੋਟਰਾਂ ਦੀ ਪਸੰਦ ਬਦਲ ਰਹੀ ਹ, ਅਤੇ ਜੇਕਰ ਭਾਜਪਾ ਅਤੇ ਅਕਾਲੀ ਦਲ ਇਸ ਮੌਕੇ ਨੂੰ ਵਰਤਣ ਵਿੱਚ ਸਫਲ ਹੁੰਦੇ ਹਨ, ਤਾਂ ਸੂਬੇ ਦੀ ਸਿਆਸਤ ਦਾ ਭਵਿੱਖ ਦਿਲਚਸਪ ਹੋ ਸਕਦਾ ਹੈ।

***

## ਕੀ ਭਾਜਪਾ ਤੇ ਸੰਘ ਪਰਿਵਾਰ ਸੰਵਿਧਾਨ...

ਸੰਘ ਦੇ ਬਹੁਤ ਸਾਰੇ ਵਿਚਾਰਕ ਮੰਨਦੇ ਹਨ ਕਿ ‘ਧਰਮ ਨਿਰਪੇਖਤਾ’ ਸ਼ਬਦ ਹਿੰਦੂ ਰਾਸ਼ਟਰ ਦੇ ਏਜੰਡੇ ਵਿੱਚ ਸਭ ਤੋਂ ਵੱਡੀ ਅੜਚਣ ਹੈ। ਸੰਜੇ ਕੁਮਾਰ ਝਾ ਵਰਗੇ ਸੀਨੀਅਰ ਪੱਤਰਕਾਰ ਮੰਨਦੇ ਹਨ, ‘ਸੰਘ ਅਤੇ ਬੀਜੇਪੀ ਸੰਵਿਧਾਨ ਦੀ ਮੂਲ ਭਾਵਨਾ ਨੂੰ ਕਦੇ ਮੰਨਦੇ ਹੀ ਨਹੀਂ ਸਨ। ਉਹ ਚਾਹੁੰਦੇ ਹਨ ਕਿ ਸਮਾਜਵਾਦ ਅਤੇ ਧਰਮ ਨਿਰਪਖਤਾ ਨੂੰ ਸਿਧਾਂਤਕ ਤੌਰ ’ਤੇ ਖਤਮ ਕੀਤਾ ਜਾਵੇ, ਕਿਉਂਕਿ ਇਹ ਸ਼ਬਦ ਉਨ੍ਹਾਂ ਦੇ ਹਿੰਦੂ ਰਾਸ਼ਟਰ ਦੇ ਸੁਪਨੇ ਵਿੱਚ ਅੜਿੱਕਾ ਬਣਦੇ ਹਨ।

***

## ਜਸਟਿਸ ਵਰਮਾ ਦੇ ਘਰੋਂ ਨਕਦੀ ਬਰਾਮਦਗੀ ਦਾ ਹੰਗਾਮਾ...

ਇਹ ਆਮ ਜਾਣਕਾਰੀ ਦੀ ਗੱਲ ਹੈ ਕਿ 1991 ਵਿੱਚ ਜਸਟਿਸ ਕੇ. ਵੀਰਾਸਵਾਮੀ ਮਾਮਲੇ ਵਿੱਚ ਸੁਪਰੀਮ ਕੋਰਟ ਨੇ ਸੇਵਾ ਨਿਭਾਅ ਰਹੇ ਜੱਜਾਂ ਨੂੰ ਐਫ਼.ਆਈ.ਆਰ. ਤੋਂ ਸੁਰੱਖਿਆ ਦਿੰਦੇ ਹੋਏ ਕਿਹਾ ਸੀ ਕਿ ਸੇਵਾ ਨਿਭਾਅ ਰਹੇ ਜੱਜਾਂ ਖ਼ਿਲਾਫ਼ ਐਫ਼.ਆਈ.ਆਰ. ਦਰਜ ਕਰਨ ਤੋਂ ਪਹਿਲਾਂ ਸੁਪਰੀਮ ਕੋਰਟ ਦੀ ਇਜਾਜ਼ਤ ਲੈਣੀ ਪਵੇਗੀ। ਇਸ ਦਾ ਉਦੇਸ਼ ਜੱਜਾਂ ਨੂੰ ਬਿਨਾਂ ਕਿਸੇ ਡਰ ਦੇ ਕੰਮ ਕਰਨ ਦਾ ਮਾਹੌਲ ਪ੍ਰਦਾਨ ਕਰਵਾਉਣਾ ਸੀ। ਇਸੇ ਲਈ ਜਸਟਿਸ ਵਰਮਾ ਦੇ ਮਾਮਲੇ ਵਿੱਚ ਜਸਟਿਸ ਵੀਰਾਸਵਾਮੀ ਦੇ ਫ਼ੈਸਲੇ ਦੀ ਸਮੀਖਿਆ ਕਰਨ ਦੀ ਗੱਲ ਹੋ ਰਹੀ ਹੈ।

ਪਰ ਇੱਥੇ ਸਵਾਲ ਉੱਠਦਾ ਹੈ ਕਿ ਜਦੋਂ ਚੀਫ਼ ਜਸਟਿਸ ਨੂੰ ਖ਼ਬਰ ਸੀ, ਫ਼ਿਰ ਵੀ ਪੁਲਿਸ ਨੂੰ ਨਿਯਮਾਂ ਮੁਤਾਬਕ ਕਾਰਵਾਈ ਦਾ ਹੁਕਮ ਕਿਉਂ ਨਾ ਮਿਲਿਆ ? ਸੰਸਦੀ ਸਮਿਤੀ ਦੀ ਬੈਠਕ ਵਿੱਚ ਵੀ ਇਹ ਮੁੱਦਾ ਚੁੱਕਿਆ ਗਿਆ। ਜਸਟਿਸ ਵਰਮਾ ਨੂੰ ਇਲਾਹਾਬਾਦ ਹਾਈ ਕੋਰਟ ਤਬਦੀਲ ਕੀਤਾ ਗਿਆ, ਪਰ ਸਵਾਲ ਹੈ ਕਿ ਕੀ ਨਿਆਂਇਕ ਸੁਤੰਤਰਤਾ ਦੀ ਰਾਖੀ ਹੋ ਰਹੀ ਹੈ ਜਾਂ ਸਿਆਸੀ ਦਬਾਅ ਹਾਵੀ ਹੈ ?

ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ

# ਜਾਣੋ ਪਲ ਪਲ ਦੀ ਖਬਰ




## Punjabi Super Pack

20 channels for only $25/month on

sling

SCAN ME TO SUBSCRIBE

Get 30% off ANY Pack for the first month! w/code: SLINGER854

To Subscribe Call: +1-718-752-9290

Visit: sling.com/juspunjabi

for advertisement & more information call: +1-718-752-9293

www.jusbroadcasting.com